PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

4th - 11th June 2026 • Issue No. 3133

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai
Immigration Advice Bureau
Tel: 020 8571 6680
www.iabl.co.uk

## ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨਫ਼ਰੰਸ ’ਚ ਬੁਲਾਰਿਆਂ ਨੇ ਇਕਮਤ ਹੋ ਕੇ ਸਰਕਾਰ ਨੂੰ ਐਕਟ ਵਿੱਚੋਂ ਇਤਰਾਜ਼ਯੋਗ ਮੱਦਾਂ ਤੁਰੰਤ ਹਟਾਉਣ ਲਈ ਆਖਿਆ

### ਸ਼ਹੀਦੀ ਹਫ਼ਤੇ ਮਗਰੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਰਕੇ ਲਿਆ ਜਾਵੇਗਾ ਸਖ਼ਤ ਫੈਸਲਾ – ਜਥੇਦਾਰ ਕੁਲਦੀਪ ਸਿੰਘ ਗੜਗੱਜ











## ਪਿੰਡ ਸੀਚੇਵਾਲ ਵਿਖੇ ਹੋਏ ਕੁਸ਼ਤੀ ਮੁਕਾਬਲਿਆਂ ਵਿੱਚ ਅਨਮੋਲ ਸਿੰਘ ਢੰਡੋਵਾਲੀਆ ਜੇਤੂ ਰਿਹਾ





ਹੋਰ ਤਸਵੀਰਾਂ ਅੰਦਰ ਦੇਖੋ

1 ਜੂਨ 2026 ਨੂੰ ਪਿੰਡ ਸੀਚੇਵਾਲ ਵਿਖੇ ‘ਸਿਤਾਰੇ ਪੰਜਾਬ’ ਦੇ ਖ਼ਿਤਾਬ ਲਈ ਹੋਏ ਕੁਸ਼ਤੀ ਮੁਕਾਬਲਿਆਂ ਦੇ ਤੀਹ ਕਿੱਲੋ ਭਾਰ ਵਰਗ ਵਿੱਚ ਅਨਮੋਲ ਸਿੰਘ ਢੰਡੋਵਾਲ ਪਹਿਲੇ ਸਥਾਨ ’ਤੇ ਰਿਹਾ। ਯਾਦ ਰਹੇ ਇਸ ਹੋਣਹਾਰ ਬੱਚੇ ਦੀ ਪਰਵਰਿਸ਼ ਭਾਈ ਪਾਲ ਸਿੰਘ ਫਰਾਂਸ ਵੱਲੋਂ ਕੀਤੀ ਜਾ ਰਹੀ ਹੈ। ਭਾਈ ਪਾਲ ਸਿੰਘ ਨੇ ਕਿਹਾ ਕਿ ਇਸ ਬੱਚੇ ਨੇ ਢੰਡੋਵਾਲ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ। ਪਿੰਡ ਨੂੰ ਇਸ ਤੋਂ ਬਹੁਤ ਉਮੀਦਾਂ ਹਨ। ਉੱਪਰ ਭਾਈ ਪਾਲ ਸਿੰਘ ਫਰਾਂਸ, ਬਲਬੀਰ ਸਿੰਘ ਸੀਚੇਵਾਲ ਅਤੇ ਹੋਰ ਪਤਵੰਤੇ ਸੱਜਣ ਨਜ਼ਰ ਆ ਰਹੇ ਹਨ। ਹੇਠਲੀ ਤਸਵੀਰ ਵਿੱਚ ਜੇਤੂ ਅਨਮੋਲ ਸਿੰਘ ਢੰਡੋਵਾਲੀਆ ਆਪਣਾ ਪਹਿਲਾ ਇਨਾਮ ਲੈਂਦੇ ਹੋਏ।

## ਤਨਮਨਜੀਤ ਸਿੰਘ ਢੇਸੀ ਨੇ ਹੈਨਰੀ ਕਤਲ ਕੇਸ ਬਾਰੇ ਬਰਤਾਨਵੀ ਸੰਸਦ ਵਿੱਚ ਅਵਾਜ਼ ਉਠਾਈ



ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਬਰਤਾਨਵੀ ਸੰਸਦ ਵਿੱਚ ਬੋਲਦਿਆਂ ਕਿਹਾ ਕਿ ਹੈਨਰੀ ਨੋਵਾਕ ਦੇ ਕਤਲ ਦਾ ਉਹਨਾਂ ਨੂੰ ਬਹੁਤ ਦੁੱਖ ਹੈ ਤੇ ਉਹ ਹੈਨਰੀ ਦੇ ਪਰਿਵਾਰ ਅਤੇ ਦੋਸਤਾਂ ਨਾਲ ਡੂੰਘੀ ਹਮਦਰਦੀ ਰੱਖਦੇ ਹਨ। ਇਸ ਕਤਲ ਦੇ ਦੋਸ਼ੀ ਵਿਕਰਮ ਦਿਗਵਾ ਨੂੰ ਅਦਾਲਤ ਨੇ ਸਜ਼ਾ ਦੇ ਦਿੱਤੀ ਹੈ। ਪਰ ਇਸ ਘਟਨਾ ਨੂੰ ਲੈ ਕੇ ਕੁੱਝ ਲੋਕ ਸਿਆਸਤ ਖੇਡ ਰਹੇ ਹਨ। ਪੁਲਿਸ ਵੀ ਆਪਣੀ ਅਣਗਹਿਲੀ ਕਰਕੇ ਬਚਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੇ ਹੈਨਰੀ ਨੂੰ ਹੀ ਹੱਥਕੜੀਆਂ ਲਾ ਦਿੱਤੀਆਂ, ਜਦ ਕਿ ਉਸ ਨੂੰ ਮਦਦ ਦੀ ਲੋੜ ਸੀ। ਉਹਨਾਂ ਸੰਸਦ ਵਿੱਚ ਕਿਹਾ ਕਿ ਕੁੱਝ ਲੋਕ ਇਕ ਵਿਅਕਤੀ ਦੇ ਦੋਸ਼ ਨੂੰ ਸਾਰੀ ਸਿੱਖ ਕੌਮ ਦੇ ਸਿਰ ਮੜ੍ਹ ਰਹੇ ਹਨ। ਸਿੱਖਾਂ ਨੇ ਪਹਿਲੀ ਤੇ ਦੂਜੀ ਸੰਸਾਰ ਜੰਗ ਦੌਰਾਨ ਬਰਤਾਨਵੀ ਫੌਜ ਦੇ ਨਾਲ ਮਿਲ ਕੇ ਜੰਗਾਂ ਲੜੀਆਂ। ਉਹਨਾਂ ਜੰਗਾਂ ਵਿੱਚ ਸਿੱਖ ਫੌਜੀ ਆਪਣੀ ਦਸਤਾਰ ਅਤੇ ਕਿਰਪਾਨ ਪਹਿਨ ਕੇ ਲੜੇ ਤੇ 83 ਹਜ਼ਾਰ ਦੇ ਲੱਗਭੱਗ ਸਿੱਖ ਫੌਜੀ ਸ਼ਹੀਦ ਹੋਏ ਅਤੇ ਲੱਖਾਂ ਦੀ ਗਿਣਤੀ ਵਿੱਚ ਜ਼ਖਮੀ ਹੋਏ ਸਨ। ਸੰਸਾਰ ਜੰਗ ਵਿੱਚ ਲੜਨ ਵਾਲੇ ਸਿੱਖ ਫੌਜੀਆਂ ਬਾਰੇ ਡਰਬੀ ਵਿਖੇ ਸਿੱਖ ਅਜਾਇਬਘਰ ਵਿੱਚੋਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਕਿਹੜੇ ਦੇਸ਼ ਵਿੱਚ ਕਿਸ ਫਰੰਟ ਤੇ ਕਿੰਨੇ ਸਿੱਖ ਫੌਜੀ ਸ਼ਹੀਦ ਹੋਏ, ਇਹ ਸਭ ਜਾਣਕਾਰੀ ਏਸ ਅਜਾਇਬਘਰ ਵਿੱਚ ਮੌਜੂਦ ਹੈ।

# ਨਿਯਮਾਂ ਦੀ ਉਲੰਘਣਾ ਦੇ ਦੋਸ਼ਾਂ ਮਗਰੋਂ ਮਸ਼ਹੂਰ ਮਨੋਰੰਜਨ ਕੇਂਦਰ 'ਤੇ ਪ੍ਰਸ਼ਾਸਨ ਦੀ ਕਾਰਵਾਈ

ਚੰਡੀਗੜ੍ਹ : ਸ਼ਹਿਰ ਦੇ ਸੈਕਟਰ–26 ਸਥਿਤ ਇੱਕ ਪ੍ਰਸਿੱਧ ਮਨੋਰੰਜਨ ਕੇਂਦਰ ਖ਼ਿਲਾਫ਼ ਪ੍ਰਸ਼ਾਸਨ ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਮੰਗਲਵਾਰ ਸਵੇਰੇ ਅਧਿਕਾਰੀਆਂ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅਦਾਰੇ ਨੂੰ ਬੰਦ ਕਰ ਦਿੱਤਾ। ਅਧਿਕਾਰੀਆਂ ਅਨੁਸਾਰ ਇਮਾਰਤ ਨਾਲ ਸਬੰਧਤ ਨਿਯਮਾਂ ਅਤੇ ਮਨਜ਼ੂਰਸ਼ੁਦਾ ਯੋਜਨਾ ਦੀ ਪਾਲਣਾ ਨਾ ਕਰਨ ਦੇ ਮਾਮਲੇ ਨੂੰ ਲੈ ਕੇ ਲੰਬੇ ਸਮੇਂ ਤੋਂ ਕਾਰਵਾਈ ਚੱਲ ਰਹੀ ਸੀ। ਸੰਚਾਲਕਾਂ ਨੂੰ ਕਈ ਵਾਰ ਨੋਟਿਸ ਜਾਰੀ ਕਰਕੇ ਲੋੜੀਂਦੀਆਂ ਕਮੀਆਂ ਦੂਰ ਕਰਨ ਲਈ ਕਿਹਾ ਗਿਆ ਸੀ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਨਿਰਧਾਰਿਤ ਸਮੇਂ ਅੰਦਰ ਨਿਯਮਾਂ ਦੀ ਪਾਲਣਾ ਨਾ ਹੋਣ ਕਾਰਨ ਸਖ਼ਤ ਕਦਮ ਚੁੱਕਣੇ ਪਏ। ਜਾਂਚ ਦੌਰਾਨ ਮਨਜ਼ੂਰਸ਼ੁਦਾ ਨਕਸ਼ੇ ਤੋਂ ਇਲਾਵਾ ਕੀਤੀਆਂ ਕੁਝ ਤਬਦੀਲੀਆਂ ਅਤੇ ਉਸਾਰੀਆਂ ਸਬੰਧੀ ਇਤਰਾਜ਼ ਸਾਹਮਣੇ ਆਏ ਸਨ। ਨੋਟਿਸਾਂ ਦੇ ਬਾਵਜੂਦ ਸੰਤੋਸ਼ਜਨਕ ਜਵਾਬ ਅਤੇ ਲੋੜੀਂਦੀ ਕਾਰਵਾਈ ਨਾ ਹੋਣ ਕਾਰਨ ਅਧਿਕਾਰੀਆਂ ਨੇ ਪੁਲਿਸ ਦੀ ਮੌਜੂਦਗੀ ਵਿੱਚ ਅਦਾਰੇ ਨੂੰ ਬੰਦ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ।










£40 off lens upgrades: Cannot be used with any other offers. The lenses included with the £70-£170 ranges are 1.5 standard single-vision lenses (or 1.6 for £170 Rimless ranges). This offer is for £40 off any lens upgrades but excludes safety eyewear, myopia management lenses and Aspheric 1.5 lenses. All lenses are scratch resistant. Additional charge for extra lens options which cost over £40. For any lens options that cost under £40, any difference in value will not be refunded, discounted off your purchase or provided in cash/vouchers. Subject to suitability.

# ਅਕਾਲ ਤਖ਼ਤ ਸਾਹਿਬ ਦੀ ਸਰਕਾਰ ਨੂੰ ਸਿੱਧੀ ਵੰਗਾਰ

# 'ਗੁਰੂ ਗ੍ਰੰਥ ਸਾਹਿਬ 'ਤੇ ਕਾਨੂੰਨ ਬਣਾਉਣ ਦਾ ਹੱਕ ਵਿਧਾਨ ਸਭਾ ਕੋਲ ਨਹੀਂ; ਮੁੱਖ ਮੰਤਰੀ ਹੰਕਾਰ ਛੱਡਣ'

## ✪ ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨਫ਼ਰੰਸ: 'ਸਤਿਕਾਰ ਸੋਧ ਐਕਟ' ਵਿੱਚੋਂ ਇਤਰਾਜ਼ਯੋਗ ਮੱਦਾਂ ਤੁਰੰਤ ਹਟਾਏ ਸਰਕਾਰ, ਨਹੀਂ ਤਾਂ ਪੰਥ ਲਵੇਗਾ ਸਖ਼ਤ ਫ਼ੈਸਲਾ ✪ ਘੱਲੂਘਾਰਾ ਹਫ਼ਤੇ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਲਿਆ ਜਾਵੇਗਾ ਸਖ਼ਤ ਫ਼ੈਸਲਾ





ਬਾਬਾ ਬਕਾਲਾ ਸਾਹਿਬ / ਅੰਮ੍ਰਿਤਸਰ- ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ-2026' ਖ਼ਿਲਾਫ਼ ਸਿੱਖ ਪੰਥ ਦਾ ਗੁੱਸਾ ਪੂਰੀ ਤਰ੍ਹਾਂ ਭੜਕ ਗਿਆ ਹੈ। ਬਾਬਾ ਬਕਾਲਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਹੋਏ ਇੱਕ ਵਿਸ਼ਾਲ ਪੰਥਕ ਸੰਮੇਲਨ ਵਿੱਚ ਸਰਕਾਰ ਨੂੰ ਦੋ-ਟੂਕ ਚਿਤਾਵਨੀ ਦਿੱਤੀ ਗਈ ਹੈ। ਸੰਮੇਲਨ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸਮੁੱਚੀਆਂ ਸਿੱਖ ਜਥੇਬੰਦੀਆਂ ਨੇ ਇਕਮਤ ਹੋ ਕੇ ਕਿਹਾ ਕਿ ਨਾ ਤਾਂ ਕੋਈ ਸਰਕਾਰ ਗੁਰੂ ਗ੍ਰੰਥ ਸਾਹਿਬ ਉੱਪਰ ਕੋਈ ਕਾਨੂੰਨ ਜਾਂ ਮਰਯਾਦਾ ਬਣਾ ਸਕਦੀ ਹੈ ਅਤੇ ਨਾ ਹੀ ਧਰਮ ਪ੍ਰਚਾਰ ਨੂੰ ਰੋਕ ਸਕਦੀ ਹੈ।

ਸਰਕਾਰ ਦਾ ਐਕਟ 'ਮਿੱਠਾ ਜ਼ਹਿਰ', ਵਿਧਾਨ ਸਭਾ ਪੰਥ ਦੀ ਨੁਮਾਇੰਦਾ ਨਹੀਂ: ਜਥੇਦਾਰ-ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨਵੇਂ ਕਾਨੂੰਨ ਨੂੰ ''ਮਿੱਠਾ ਜ਼ਹਿਰ'' ਕਰਾਰ ਦਿੱਤਾ। ਉਨ੍ਹਾਂ ਕਿਹਾ: ''ਪੰਜਾਬ ਦੀ ਵਿਧਾਨ ਸਭਾ ਗੁਰੂ ਖ਼ਾਲਸਾ ਪੰਥ ਦੀ ਨੁਮਾਇੰਦਗੀ ਨਹੀਂ ਕਰਦੀ ਅਤੇ ਨਾ ਹੀ ਇਸ ਕੋਲ ਸਿੱਖ ਧਰਮ ਦੇ ਨਿਯਮ ਤੈਅ ਕਰਨ ਦਾ ਕੋਈ ਅਧਿਕਾਰ ਹੈ। ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ, ਇਸ ਨਾਲ ਪੰਥ ਸਹਿਮਤ ਹੈ, ਪਰ ਇਸ ਕਾਨੂੰਨ ਦੀ ਆੜ ਹੇਠ ਸਿੱਖ ਰਹਿਤ ਮਰਯਾਦਾ, ਗ੍ਰੰਥੀ ਸਿੰਘਾਂ, ਅਖੰਡ ਪਾਠੀਆਂ ਅਤੇ ਸੇਵਾਦਾਰਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਇਤਰਾਜ਼ਯੋਗ ਮੱਦਾਂ ਬਿਲਕੁਲ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।''

ਜਥੇਦਾਰ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਰਕਾਰ ਨੂੰ ਦਿੱਤਾ 15 ਦਿਨਾਂ ਦਾ ਅਲਟੀਮੇਟਮ ਖ਼ਤਮ ਹੋ ਚੁੱਕਾ ਹੈ, ਪਰ ਸਰਕਾਰ ਗੱਲਬਾਤ ਕਰਨ ਦੀ ਬਜਾਏ ਹੰਕਾਰ ਵਿੱਚ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸੱਤਾ ਦੇ ਹੰਕਾਰ ਵਿੱਚ ਅਕਾਲ ਤਖ਼ਤ ਸਾਹਿਬ ਅਤੇ ਗੁਰੂ ਪੰਥ ਨਾਲ ਸਿੱਧਾ ਟਕਰਾਅ ਪੈਦਾ ਕਰ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਜੂਨ 1984 ਦੇ ਘੱਲੂਘਾਰਾ ਸ਼ਹੀਦੀ ਹਫ਼ਤੇ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਇਸ ਮਾਮਲੇ 'ਤੇ ਖ਼ਾਲਸਾ ਪੰਥ ਵੱਲੋਂ ਸਖ਼ਤ ਫ਼ੈਸਲਾ ਲਿਆ ਜਾਵੇਗਾ।

ਜੈਕਾਰਿਆਂ ਦੀ ਗੂੰਜ ਵਿੱਚ ਮਤਾ ਪਾਸ, ਹੱਠਧਰਮੀ ਛੱਡੇ ਸਰਕਾਰ: ਐਡਵੋਕੇਟ ਧਾਮੀ- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰਦਾ ਇੱਕ ਵਿਸ਼ੇਸ਼ ਮਤਾ ਪੇਸ਼ ਕੀਤਾ, ਜਿਸ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ। ਧਾਮੀ ਨੇ ਦੋਸ਼ ਲਾਇਆ ਕਿ ਸਰਕਾਰ ਨੇ ਇੰਨਾ ਵੱਡਾ ਕਾਨੂੰਨ ਬਣਾਉਣ ਤੋਂ ਪਹਿਲਾਂ ਨਾ ਤਾਂ ਅਕਾਲ ਤਖ਼ਤ ਸਾਹਿਬ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨਾਲ ਕੋਈ ਸਲਾਹ ਕੀਤੀ, ਇੱਥੋਂ ਤੱਕ ਕਿ ਖਰੜਾ ਵੀ ਜਨਤਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲਗਾਤਾਰ ਇਤਰਾਜ਼ਾਂ ਦੇ ਬਾਵਜੂਦ ਸਰਕਾਰ ਦਾ ਅੜੀਅਲ ਰਵੱਈਆ ਉਸ ਦੀ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਸਿੱਖ ਆਪਣੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਕਦੇ ਪ੍ਰਵਾਨ ਨਹੀਂ ਕਰਨਗੇ।

ਸਮੁੱਚੀਆਂ ਪੰਥਕ ਜਥੇਬੰਦੀਆਂ ਇੱਕ ਮੰਚ 'ਤੇ-ਇਸ ਮਹਾ-ਸੰਮੇਲਨ ਵਿੱਚ ਸਿੱਖ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਸਰਕਾਰ ਨੂੰ ਤੁਰੰਤ ਸੋਧ ਕਰਨ ਲਈ ਆਖਿਆ: ਬਾਬਾ ਹਰਨਾਮ ਸਿੰਘ ਖ਼ਾਲਸਾ (ਮੁਖੀ ਦਮਦਮੀ ਟਕਸਾਲ): ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਪਣੀ ਅੜੀ ਛੱਡ ਕੇ ਤੁਰੰਤ ਸੋਧ ਕਰਨੀ ਚਾਹੀਦੀ ਹੈ, ਇਸੇ ਵਿੱਚ ਭਲਾਈ ਹੈ।

ਬਾਕੀ ਹਿਸਾ ਸਫਾ 45 ਤੇ ਪੜ੍ਹੋ →

## ਹੈਨਰੀ ਨੋਵਾਕ ਦੇ ਕਤਲ ਨੂੰ ਲੈ ਕੇ ਸਾਊਥਹੈਂਪਟਨ ਵਿੱਚ ਹੋਏ ਪ੍ਰਦਰਸ਼ਨਾਂ ਦੌਰਾਨ ਹਿੰਸਾ ਭੜਕ ਗਈ, ਜਿਸ ਵਿੱਚ ਕਈ ਪੁਲਿਸ ਅਧਿਕਾਰੀ ਅਤੇ ਇੱਕ ਪੁਲਿਸ ਕੁੱਤਾ ਜ਼ਖ਼ਮੀ ਹੋ ਗਏ



ਸਾਊਥਹੈਂਪਟਨ- ਹੈਨਰੀ ਨੋਵਾਕ ਦੇ ਕਤਲ ਮਾਮਲੇ ਵਿੱਚ ਦੋਸ਼ੀ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਸੈਂਕੜੇ ਲੋਕਾਂ ਨੇ ਪ੍ਰਦਰਸ਼ਨ ਕੀਤਾ।

ਪ੍ਰਦਰਸ਼ਨ ਦੌਰਾਨ ਕੁਝ ਲੋਕਾਂ ਨੇ ਪੁਲਿਸ ਉੱਤੇ ਇੱਟਾਂ, ਕੱਚ ਦੀਆਂ ਬੋਤਲਾਂ, ਪੱਥਰ, ਫਲੇਅਰ ਅਤੇ ਕੂੜੇਦਾਨ ਸੁੱਟੇ। ਹਾਲਾਤ ਬੇਕਾਬੂ ਹੋਣ ਕਾਰਨ ਦੰਗਾ-ਨਿਯੰਤਰਣ ਪੁਲਿਸ ਤਾਇਨਾਤ ਕੀਤੀ ਗਈ। ਪੁਲਿਸ ਦੇ ਅਨੁਸਾਰ 11 ਅਧਿਕਾਰੀ ਅਤੇ ਇੱਕ ਪੁਲਿਸ ਕੁੱਤਾ ਜ਼ਖ਼ਮੀ ਹੋਏ।

ਘੱਟੋ-ਘੱਟ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਉੱਤੇ ਪੁਲਿਸ ਅਧਿਕਾਰੀ ਉੱਤੇ ਹਮਲਾ ਕਰਨ ਦਾ ਦੋਸ਼ ਹੈ।

ਹੈਨਰੀ ਨੋਵਾਕ, ਜੋ 18 ਸਾਲ ਦਾ ਸੀ, ਦੇ ਕਤਲ ਮਾਮਲੇ ਦੀ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਨੂੰ ਲੈ ਕੇ ਲੋਕਾਂ ਵਿੱਚ ਗੁੱਸਾ ਸੀ। ਟ੍ਰਾਇਲ ਤੋਂ ਬਾਅਦ ਜਾਰੀ ਹੋਈ ਬਾਡੀ-ਕੈਮਰਾ ਵੀਡੀਓ ਨੇ ਵੀ ਵਿਵਾਦ ਪੈਦਾ ਕੀਤਾ, ਜਿਸ ਕਾਰਨ ਪੁਲਿਸ ਦੇ ਵਿਵਹਾਰ ਬਾਰੇ ਸਵਾਲ ਉੱਠੇ।

ਅਧਿਕਾਰੀਆਂ ਦੀ ਪ੍ਰਤੀਕਿਰਿਆ-ਪੁਲਿਸ ਨੇ ਹਿੰਸਾ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਕਾਰਨ ਆਮ ਪੁਲਿਸ ਸੇਵਾਵਾਂ ਪ੍ਰਭਾਵਿਤ ਹੋਈਆਂ। ਹੈਨਰੀ ਨੋਵਾਕ ਦੇ ਪਰਿਵਾਰ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਉਸ ਦੀ ਮੌਤ ਨੂੰ ਨਫ਼ਰਤ ਫੈਲਾਉਣ ਲਈ ਨਾ ਵਰਤਣ ਦੀ ਅਪੀਲ ਕੀਤੀ ਹੈ। ਸਰਕਾਰੀ ਅਧਿਕਾਰੀਆਂ ਨੇ ਵੀ ਹਿੰਸਕ ਘਟਨਾਵਾਂ ਦੀ ਨਿੰਦਾ ਕਰਦੇ ਹੋਏ ਸ਼ਾਂਤੀ ਦੀ ਅਪੀਲ ਕੀਤੀ ਹੈ। ਫਿਲਹਾਲ ਪੁਲਿਸ ਜਾਂਚ ਜਾਰੀ ਹੈ ਅਤੇ ਗ੍ਰਿਫ਼ਤਾਰੀਆਂ ਦੀ ਗਿਣਤੀ ਵੱਧ ਸਕਦੀ ਹੈ।

# ਵਿਦਿਆਰਥੀ ਹੈਨਰੀ ਨੋਵਾਕ ਦੇ ਕਤਲ ਮਾਮਲੇ ਵਿੱਚ ਵਿਕਰਮ ਦਿਗਵਾ ਨੂੰ ਉਮਰ ਕੈਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਹੈਂਪਟਨ ਵਿਖੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਦੇ ਮਾਮਲੇ ਵਿੱਚ ਅਦਾਲਤ ਨੇ ਆਪਣਾ ਅਹਿਮ ਫੈਸਲਾ ਸੁਣਾਉਂਦਿਆਂ 23 ਸਾਲਾ ਦੋਸ਼ੀ ਵਿਕਰਮ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਦਾ ਐਲਾਨ ਹੁੰਦੇ ਹੀ ਅਦਾਲਤ ਦੇ ਕਮਰੇ ਵਿੱਚ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ ਅਤੇ ਦੋਵਾਂ ਪੱਖਾਂ ਵਿਚਾਲੇ ਤਿੱਖੀ ਬਹਿਸਬਾਜ਼ੀ ਹੋਈ।**

ਜੱਜ ਵਿਲੀਅਮ ਮੌਸਲੇ ਕੇਸੀ ਨੇ ਵਿਕਰਮ ਦਿਗਵਾ ਨੂੰ ਕਤਲ ਅਤੇ ਜਨਤਕ ਥਾਂ 'ਤੇ ਮਾਰੂ ਹਥਿਆਰ ਰੱਖਣ ਦਾ ਦੋਸ਼ੀ ਮੰਨਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਸਪੱਸ਼ਟ ਕੀਤਾ ਕਿ ਦੋਸ਼ੀ ਨੂੰ ਘੱਟੋ-ਘੱਟ 21 ਸਾਲ ਦੀ ਸਜ਼ਾ ਕੱਟਣੀ ਹੀ ਪਵੇਗੀ।

ਜੱਜ ਮੁਤਾਬਕ, ਦਿਗਵਾ ਵੱਲੋਂ ਪੁਲਿਸ ਅੱਗੇ ਝੂਠ ਬੋਲਣ, ਆਪਣੇ ਗੁਨਾਹ ਨੂੰ ਲੁਕ-ਾਉਣ ਦੀ ਕੋਸ਼ਿਸ਼ ਕਰਨ ਅਤੇ ਇਸ ਅਪਰਾਧ ਦੇ ਸਮਾਜ 'ਤੇ ਪਏ ਗੰਭੀਰ ਪ੍ਰਭਾਵ



ਦੋਸ਼ੀ ਵਿਕਰਮ ਦਿਗਵਾ ਹੈਨਰੀ ਨੋਵਾਕ

ਕਾਰਨ ਸ਼ੁਰੂਆਤੀ ਸਜ਼ਾ ਨੂੰ ਵਧਾ ਕੇ 23 ਸਾਲ ਤੱਕ ਕਰ ਦਿੱਤਾ ਗਿਆ ਸੀ। ਹਾਲਾਂਕਿ, ਦੋਸ਼ੀ ਦੀ ਘੱਟ ਉਮਰ (23 ਸਾਲ) ਅਤੇ ਪੁਰਾਣਾ ਕੋਈ ਅਪਰਾਧਿਕ ਰਿਕਾਰਡ ਨਾ ਹੋਣ ਕਾਰਨ ਇਸ ਨੂੰ ਘਟਾ ਕੇ 21 ਸਾਲ ਨਿਰਧਾਰਿਤ ਕੀਤਾ ਗਿਆ।

ਸਜ਼ਾ ਸੁਣਾਏ ਜਾਣ ਤੋਂ ਬਾਅਦ ਜਿਵੇਂ ਹੀ ਬਿਕਰਮ ਦਿਗਵਾ ਨੂੰ ਕਟਹਿਰੇ ਵਿੱਚੋਂ ਬਾਹਰ ਲਿਜਾਇਆ ਗਿਆ, ਅਦਾਲਤ ਦੇ ਅੰਦਰ ਹੀ ਦਿਗਵਾ ਦੇ ਪਰਿਵਾਰਕ ਮੈਂਬਰਾਂ/ਦੋਸਤਾਂ ਅਤੇ ਮ੍ਰਿਤਕ ਹੈਨਰੀ ਨੋਵਾਕ ਦੇ ਪੱਖ ਵਿਚਾ-ਲੇ ਜ਼ਬਰਦਸਤ ਝਗੜਾ ਸ਼ੁਰੂ ਹੋ ਗਿਆ। ਦੋਵਾਂ ਧਿਰਾਂ ਵੱਲੋਂ ਇੱਕ-ਦੂਜੇ ਨਾਲ ਤਿੱਖੀ ਬਹਿਸ ਕੀਤੀ, ਜਿਸ ਤੋਂ ਬਾਅਦ ਸੁਰੱਖਿਆ ਕਰਮਚਾਰੀਆਂ ਨੇ ਤੁਰੰਤ ਦਖ਼ਲ ਦੇ ਕੇ ਸਥਿਤੀ ਨੂੰ ਸੰਭਾਲਿਆ।

ਜੱਜ ਵਿਲੀਅਮ ਮੌਸਲੇ ਕੇਸੀ ਨੇ ਦੋਸ਼ੀ ਸਿੱਖ ਨੌਜਵਾਨ ਵਿਕਰਮ ਦਿਗਵਾ ਵੱਲੋਂ ਕਿਰਪਾਨ ਅਤੇ ਇੱਕ ਹੋਰ ਵੱਡਾ ਬਲੇਡ (ਜਿਸ ਨਾਲ ਕਤਲ ਹੋਇਆ ਸੀ) ਕੋਲ ਰੱਖਣ ਦੇ ਧਾਰਮਿਕ ਪਹਿਲੂਆਂ 'ਤੇ ਅਹਿਮ ਟਿੱਪਣੀ ਕੀਤੀ ਅਤੇ ਕਿਹਾ ਕਿ ਜਨਤਕ ਥਾਵਾਂ 'ਤੇ ਕਿਰਪਾਨ ਧਾਰਨ ਕਰਨ ਦੀ ਕਾਨੂੰਨੀ ਇਜਾਜ਼ਤ ਮਿਲਣਾ ਇੱਕ "ਵਿਸ਼ੇਸ਼ ਅਧਿਕਾਰ" ਹੈ, ਜੋ ਆਪਣੇ ਨਾਲ ਇੱਕ "ਬਹੁਤ ਵੱਡੀ ਜ਼ਿੰਮੇਵਾਰੀ" ਲੈ ਕੇ ਆਉਂਦਾ ਹੈ। ਕਾਨੂੰਨ ਤਹਿਤ ਕੁਝ ਖਾਸ ਹਾਲਾਤਾਂ ਵਿੱਚ ਹੀ ਇਸ ਨੂੰ ਜਨਤਕ ਤੌਰ 'ਤੇ ਪਹਿਨਣ ਦੀ ਖੁੱਲ੍ਹ ਦਿੱਤੀ ਗਈ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕਿਰਪਾਨ "ਧਾਰਮਿਕ ਆਸਥਾ ਦਾ ਇੱਕ ਪਵਿੱਤਰ ਪ੍ਰਤੀਕ ਹੈ ਅਤੇ ਇਸ ਨੂੰ ਕਦੇ ਵੀ ਕਿਸੇ 'ਤੇ ਹਮਲਾ ਕਰਨ ਜਾਂ ਹਮਲਾਵਰ ਰੁਖ਼ ਅਖਤਿਆਰ ਕਰਨ ਦੇ ਮਨੋਰਥ ਨਾਲ ਕੋਲ ਨਹੀਂ ਰੱਖਿਆ ਜਾਣਾ ਚਾਹੀਦਾ।"

ਜੱਜ ਨੇ ਇਹ ਵੀ ਕਿਹਾ ਕਿ ਸਿੱਖ ਧਰਮ ਵਿੱਚ ਵੱਡਾ ਹਥਿਆਰ ਕੋਲ ਰੱਖਣਾ ਕੋਈ ਜਰੂਰੀ ਨਿਯਮ ਨਹੀਂ ਹੈ। ਵਿਕਰਮ ਦੀ ਮਾਂ ਕਿਰਨ ਕੌਰ ਨੂੰ ਜੁਲਾਈ ਵਿੱਚ ਸਜ਼ਾ ਸੁਣਾਈ ਜਾਵੇਗੀ।

# ਹੈਨਰੀ ਨੋਵਾਕ ਦੇ ਕਤਲ ਦੀ ਬਰਤਾਨੀਆਂ ਦੇ ਸਿੱਖ ਸੰਸਦ ਮੈਂਬਰਾਂ ਵੱਲੋਂ ਨਿੰਦਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਸਾਊਥਹੈਂਪਟਨ ਵਿਖੇ ਸਿੱਖ ਨੌਜਵਾਨ ਵਿਕਰਮ ਦਿਗਵਾ ਵੱਲੋਂ ਕੀਤੇ ਗਏ 18 ਸਾਲਾ ਹੈਨਰੀ ਨੋਵਾਕ ਦੀ ਹੱਤਿਆ ਦੀ ਬਰਤਾਨੀਆਂ ਦੇ ਸਿੱਖ ਸੰਸਦ ਮੈਂਬਰਾਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਸਖ਼ਤ ਨਿੰਦਾ ਕੀਤੀ ਹੈ। ਐਮ ਪੀ ਜਸ ਅਠਵਾਲ ਚੇਅਰਮੈਨ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ, ਐਮ ਪੀ ਸਤਵੀਰ ਕੌਰ, ਐਮ ਪੀ ਕੀਰਥ ਐਂਟਵਿਸਲ, ਐਮ ਪੀ ਵਰਿੰਦਰ ਜੱਸ, ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਹਰਪ੍ਰੀਤ ਕੌਰ ਉੱਪਲ, ਐਮ ਪੀ ਸੋਨੀਆ ਕੁਮਾਰ, ਐਮ ਪੀ ਜੀਵਨ ਸੰਧਰ, ਐਮ ਪੀ ਬਾਗੀ ਸ਼ੰਕਰ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਸਾਂਝਾ ਪੱਤਰ ਜਾਰੀ ਕਰਦਿਆਂ ਕਿਹਾ ਕਿ ਅਸੀਂ ਹੈਨਰੀ ਨੋਵਾਕ ਦੀ ਬੇਵਕਤੀ ਅਤੇ ਦੁਖਦਾਈ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਅਤੇ ਪਿਆਰਿਆਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ।**

ਅਜਿਹੇ ਭਿਆਨਕ ਹਾਲਾਤ ਵਿੱਚ ਇੱਕ ਪੁੱਤਰ,



ਬਰਤਾਨੀਆਂ ਦੇ ਸਿੱਖ ਸੰਸਦ ਮੈਂਬਰ

ਭਰਾ ਅਤੇ ਦੋਸਤ ਨੂੰ ਖੋਹਣ ਦੇ ਦਰਦ ਨੂੰ ਕੋਈ ਵੀ ਚੀਜ਼ ਘੱਟ ਨਹੀਂ ਕਰ ਸਕਦੀ।

ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਮਾਮਲਾ ਵਿਕਰਮ ਦਿਗਵਾ ਦੁਆਰਾ ਹੈਨਰੀ ਨੋਵਾਕ ਦੇ ਕੀਤੇ ਗਏ ਕਤਲ ਬਾਰੇ ਹੈ। ਇਹ ਨਸਲਵਾਦ ਜਾਂ ਧਰਮ ਦਾ ਮਾਮਲਾ ਨਹੀਂ ਸੀ, ਬਲਕਿ ਇੱਕ ਵਿਅਕਤੀ ਦਾ ਅਪਰਾਧਿਕ ਮਾਮਲਾ ਸੀ, ਜੋ ਆਪਣੇ ਕੰਮਾਂ ਲਈ ਖੁਦ ਜ਼ਿੰਮੇਵਾਰ ਹੈ। ਜਿਊਰੀ ਨੇ ਦਿਗਵਾ ਨੂੰ ਕਤਲ ਦਾ ਦੋਸ਼ੀ ਪਾਇਆ ਹੈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕਾਨੂੰਨੀ ਪ੍ਰਕਿਰਿਆ ਦੌਰਾਨ ਉਸ ਨੂੰ ਕੋਈ ਵਿਸ਼ੇਸ਼ ਰਿਆਇਤ ਜਾਂ ਧਾਰਮਿਕ ਛੋਟ ਨਹੀਂ ਦਿੱਤੀ ਗਈ। ਜੱਜ ਨੇ ਸਪੱਸ਼ਟ ਕੀਤਾ ਕਿ ਦਿਗਵਾ ਨੇ ਧਾਰਮਿਕ ਆਜ਼ਾਦੀ ਦਾ ਨਾਜਾਇਜ਼ ਫਾਇਦਾ ਉਠਾਇਆ, ਜਿਸ ਨਾਲ ਨਸਲੀ ਤਣਾਅ ਪੈਦਾ ਹੋਇਆ ਅਤੇ ਖੁਦ ਸਿੱਖ ਭਾਈਚਾਰੇ ਵਿੱਚ ਵੀ ਡਰ ਦਾ ਮਾਹੌਲ ਬਣਿਆ।

ਦੇਸ਼ ਭਰ ਵਿੱਚ ਸਿੱਖ ਜਥੇਬੰਦੀਆਂ, ਗੁਰਦੁ-ਆਰਾ ਪ੍ਰਬੰਧਕ ਕਮੇਟੀਆਂ ਅਤੇ ਆਗੂਆਂ ਨੇ ਤੁਰੰਤ ਅਤੇ ਜਨਤਕ ਤੌਰ 'ਤੇ ਦਿਗਵਾ ਦੇ ਇਸ ਕਾਰੇ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਦਿਗਵਾ ਵੱਲੋਂ ਆਪਣੇ ਗੁਨਾਹ ਤੋਂ ਬਚਣ ਲਈ ਕੀਤੇ ਗਏ ਝੂਠੇ ਦਾਅਵਿਆਂ ਨੂੰ ਵੀ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਸਿੱਖ ਸੰਸਦ ਮੈਂਬਰਾਂ ਨੇ ਕਿਹਾ ਕਿ ਉਹ ਹੈਨਰੀ ਦੀ ਮੌਤ ਦੇ ਆਖਰੀ ਪਲਾਂ ਦੀ ਵੀਡੀਓ ਫੁਟੇਜ ਅਤੇ ਉਸ ਨਾਲ ਹੋਏ ਵਿਵਹਾਰ ਤੋਂ ਡੂੰਘੇ ਦੁਖੀ ਹਨ। ਉੱਠ ਰਹੇ ਸਵਾਲਾਂ ਦੀ ਚੱਲ ਰਹੀ ਪ੍ਰਕਿਰਿਆ ਤਹਿਤ ਸਹੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪਰਿਵਾਰ ਨੂੰ ਜਵਾਬ ਮਿਲ ਸਕੇ।

ਅਜਿਹੇ ਨਾਜ਼ੁਕ ਸਮੇਂ 'ਤੇ, ਸਿੱਖ ਸੰਸਦ ਮੈਂਬਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੱਕ ਕਾਤਲ ਕਾਰਨ ਸਮਾਜ ਵਿੱਚ ਵੰਡੀਆਂ ਨਾ ਪੈਣ ਦੇਣ ਅਤੇ ਨਾ ਹੀ ਬੇਕਸੂਰ ਲੋਕਾਂ ਪ੍ਰਤੀ ਨਫ਼ਰਤ ਨੂੰ ਵਧਣ ਦੇਣ। ਸਿੱਖ ਭਾਈਚਾਰਾ ਇਸ ਦੁੱਖ ਅਤੇ ਗੁੱਸੇ ਵਿੱਚ ਪੂਰੇ ਦੇਸ਼ ਦੇ ਨਾਲ ਖੜ੍ਹਾ ਹੈ।

# ਕ੍ਰਿਪਾਨ ਤੇ ਪਾਬੰਦੀ ਦਾ ਵਿਰੋਧ ਕਰਨ 'ਤੇ ਐਮ ਪੀ ਢੇਸੀ ਨੂੰ ਸਿਆਸੀ ਲੋਕਾਂ ਨੇ ਬਣਾਇਆ ਨਿਸ਼ਾਨਾ-ਪੰਜਾਬ ਚਲੇ ਜਾਣ ਦੀ ਦਿੱਤੀ ਸਲਾਹ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪਹਿਲੇ ਸਿੱਖ ਸੰਸਦ ਐਮ ਪੀ ਤਨਮਨਜੀਤ ਸਿੰਘ ਢੇਸੀ ਆਪਣੀਆਂ ਬੇਬਾਕ ਟਿੱਪਣੀਆਂ ਲਈ ਹਮੇਸ਼ਾਂ ਚਰਚਾ ਵਿੱਚ ਰਹੇ ਹਨ। ਉਹਨਾਂ ਵੱਲੋਂ ਸਾਊਥਹੈਂਪਟਨ ਵਿਖੇ ਵਾਪਰੀ ਘਟਨਾਂ ਤੇ ਚਰਚਾ ਕਰਦਿਆਂ ਸੰਸਦ ਵਿੱਚ ਅੱਜ ਮੁੜ ਕਈ ਸਵਾਲ ਖੜ੍ਹੇ ਕੀਤੇ, ਉਹਨਾਂ ਨੌਜਵਾਨ ਹੈਨਰੀ ਨੋਵਾਕ ਦੀ ਹੱਤਿਆ ਦੀ ਨਿੰਦਾ ਕਰਦਿਆਂ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕੁਝ ਸਿਆਸੀ ਪਾਰਟੀਆਂ ਦੇ ਮੈਂਬਰਾਂ ਵੱਲੋਂ ਕ੍ਰਿਪਾਨ ਤੇ ਪਾਬੰਦੀ ਲਗਾਉਣ ਦੀ ਮੰਗ ਕਰਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਬਿਲੱਕੁਲ ਗਲਤ ਹੈ। ਇਸ ਤੋਂ ਬਾਅਦ ਰੀਸਟੋਰ ਪਾਰਟੀ ਦੇ ਐਮ ਪੀ ਰੂਪਰਟ ਲੋਅ ਨੇ ਸ਼ੋਸ਼ਲ ਮੀਡੀਆਂ ਤੇ ਕਿਹਾ ਕਿ ਲੇਬਰ ਪਾਰਟੀ ਦੇ ਐਮ ਪੀ ਢੇਸੀ ਨੇ ਕ੍ਰਿਪਾਨ ਦੇ ਜਨਤਕ ਥਾਵਾਂ ਤੇ ਪਾਬੰਦੀ ਲਗਾਉਣ ਦਾ ਵਿਰੋਧ ਕੀਤਾ ਹੈ। ਜਦ ਕਿ ਰੀਸਟੋਰ ਬਰਤਾਨਵੀ ਸਰਕਾਰ ਮੌਕੇ ਸਭ ਬਰਾਬਰ ਹੋਣਗੇ। ਗੈਰ-ਬਰਤਾਨਵੀ ਧਰਮਿਕ ਨਿਯਮਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਜਾਂ ਮਾਨਤਾ ਨਹੀਂ ਦਿੱਤੀ ਜਾਵੇਗੀ।

ਇਸੇ ਤਰ੍ਹਾਂ ਐਮ ਪੀ ਕੈਥਰੀਨ ਬਲੇਕਲੌਕ ਨੇ ਸ਼ੋਸ਼ਲ ਮੀਡੀਆ ਤੇ ਐਮ ਪੀ ਢੇਸੀ ਦੇ ਪਿੰਡ ਵਾਲੀ ਤਸਵੀਰ ਸਾਂਝੀ ਕਰਦਿਆਂ ਕਿਹਾ ਢੇਸੀ ਮੈਨੂੰ ਅਤੇ ਹੋਰਾਂ ਨੂੰ ਨਸਲਵਾਦੀ ਕਹਿ ਰਹੇ ਹਨ, ਪਰ ਉਹ ਭਾਰਤ ਦੀ ਬਜਾਏ ਯੂ ਕੇ ਵਿੱਚ ਰਹਿਣ ਦਾ ਫੈਸਲਾ ਕਰਦਾ ਹੈ, ਜਿੱਥੇ ਉਸ ਕੋਲ ਨਾਗਰਿਕਤਾ ਲੈਣ ਦਾ ਅਧਿਕਾਰ ਵੀ ਹੈ। ਉਹਨਾਂ ਕਿਹਾ ਕਿ ਮੈਨੂੰ ਉਮੀਦ ਹੈ ਕਿ ਉਹ ਆਪਣੇ ਪਿੰਡ ਵਾਪਿਸ ਜਾਣਗੇ ਤਾਂ ਉਹਨਾਂ ਦਾ ਸਵਾਗਤ ਹੋਵੇਗਾ।

ਇਹਨਾਂ ਟਿੱਪਣੀਆਂ ਤੋਂ ਬਾਅਦ ਐਮ ਪੀ ਢੇਸੀ ਦੇ ਹੱਕ ਵਿੱਚ ਵੱਡੀ ਗਿਣਤੀ ਵਿੱਚ ਲੋਕ ਆ ਗਏ ਹਨ।

**ਮਜੀਠਾ ਥਾਣਾ ਹੰਗਾਮਾ**

# ਸੀਐਮ ਭਗਵੰਤ ਮਾਨ ਅਤੇ ਮਜੀਠੀਆ ਆਹਮੋ-ਸਾਹਮਣੇ; ਪੁਲਿਸ ਵੱਲੋਂ ਮਜੀਠੀਆ ਦੇ ਘਰ ਰੇਡ

**✪ ਭਗਵੰਤ ਮਾਨ ਬੋਲੇ- 'ਡਰ ਕੇ ਲੁਕ ਗਿਆ ਮਾਝੇ ਦਾ ਜਰਨੈਲ' ✪ ਮਜੀਠੀਆ ਦਾ ਪਲਟਵਾਰ- 'ਜੋ ਕਰਨਾ ਕਰ ਲਵੇ, ਧੱਕੇ ਦਾ ਡਟ ਕੇ ਸਾਹਮਣਾ ਕਰਾਂਗਾ' ✪ ਬਿਕਰਮ ਮਜੀਠੀਆ ਖ਼ਿਲਾਫ਼ ਲੁੱਕ ਆਊਟ ਸਰਕੂਲਰ ਜਾਰੀ; ਅੰਮ੍ਰਿਤਸਰ 'ਚ ਲੱਗੇ ਗੁਮਸ਼ੁਦਗੀ ਦੇ ਪੋਸਟਰ**

ਅੰਮ੍ਰਿਤਸਰ/ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਭੂਚਾਲ ਆਇਆ ਹੋਇਆ ਹੈ। ਅੰਮ੍ਰਿਤਸਰ ਦੇ ਮਜੀਠਾ ਥਾਣੇ ਵਿੱਚ ਹੋਏ ਇੱਕ ਹੰਗਾਮੇ ਤੋਂ ਬਾਅਦ, ਮੁੱਖ ਮੰਤਰੀ ਭਗਵੰਤ ਮਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਚਾਲੇ ਸਿਆਸੀ ਜੰਗ ਪੂਰੀ ਤਰ੍ਹਾਂ ਭਖ ਗਈ ਹੈ। ਪੰਜਾਬ ਪੁਲਿਸ ਵੱਲੋਂ ਮਜੀਠੀਆ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਅੰਮ੍ਰਿਤਸਰ ਅਤੇ ਚੰਡੀਗੜ੍ਹ ਸਮੇਤ 6 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਖ਼ਿਲਾਫ਼ ਦੇਸ਼ ਛੱਡ ਕੇ ਭੱਜਣ ਤੋਂ ਰੋਕਣ ਲਈ ਲੁੱਕ ਆਊਟ ਸਰਕੂਲਰ ਵੀ ਜਾਰੀ ਕਰ ਦਿੱਤਾ ਗਿਆ ਹੈ, ਜਦਕਿ ਅੰਮ੍ਰਿਤਸਰ ਵਿੱਚ ਉਨ੍ਹਾਂ ਦੀ ਗੁਮਸ਼ੁਦਗੀ ਦੇ ਪੋਸਟਰ ਤੱਕ ਲਗਾ ਦਿੱਤੇ ਗਏ ਹਨ।

### ਕੀ ਹੈ ਘਟਨਾ ਦਾ ਸੱਚ ?

ਪੁਲਿਸ ਮੁਤਾਬਕ ਸਥਾਨਕ ਚੋਣਾਂ ਦੀ ਵੋਟਿੰਗ ਵਾਲੇ ਦਿਨ (ਪਿਛਲੇ ਸ਼ੁੱਕਰਵਾਰ) ਮਜੀਠਾ ਦੇ ਇੱਕ ਪੋਲਿੰਗ ਬੂਥ ਦੇ ਬਾਹਰ ਹੰਗਾਮਾ ਹੋਇਆ ਸੀ। ਇਸ ਮਾਮਲੇ ਵਿੱਚ ਸ਼ਨਿਚਰਵਾਰ ਨੂੰ ਪਿੰਡ ਸੋਹੀਆਂ ਕਲਾਂ ਦੇ ਅਕਾਲੀ ਵਰਕਰ ਜੋਬਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਅਕਾਲੀ ਦਲ ਦਾ ਪੱਖ: ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਅਕਾਲੀ ਵਰਕਰ ਐਤਵਾਰ ਨੂੰ ਥਾਣੇ ਪਹੁੰਚੇ। ਮਜੀਠੀਆ ਦਾ ਦੋਸ਼ ਸੀ ਕਿ ਪੁਲਿਸ ਨੇ ਜੋਬਨਪ੍ਰੀਤ ਨੂੰ ਹਵਾਲਾਤ ਵਿੱਚ ਰੱਖਣ ਦੀ ਬਜਾਏ ਗ਼ੈਰ-ਕਾਨੂੰਨੀ ਤੌਰ 'ਤੇ ਐੱਸ. ਐੱਚ.ਓ. ਦੀ ਸਰਕਾਰੀ ਰਿਹਾਇਸ਼ 'ਤੇ ਰੱਖਿਆ ਹੋਇਆ ਸੀ ਅਤੇ ਉਸ ਦਾ ਐਨਕਾਊਂਟਰ ਵੀ ਕੀਤਾ ਜਾ ਸਕਦਾ ਸੀ। ਅਕਾਲੀ ਵਰਕਰਾਂ ਨੇ ਜੋਬਨਪ੍ਰੀਤ ਨੂੰ ਉੱਥੋਂ ਬਾਹਰ ਕੱਢ ਕੇ ਥਾਣੇ ਅੱਗੇ ਧਰਨਾ ਲਾ ਦਿੱਤਾ।

ਪੰਜਾਬ ਪੁਲਿਸ ਦਾ ਪੱਖ: ਅੰਮ੍ਰਿਤਸਰ ਦੇ ਐੱਸ.ਐੱਸ.ਪੀ. ਸੁਹੇਲ ਮੀਰ ਕਾਸਿਮ ਮੁਤਾਬਕ, ਜੋਬਨਪ੍ਰੀਤ ਦੀ ਗ੍ਰਿਫ਼ਤਾਰੀ ਪੂਰੀ ਤਰ੍ਹਾਂ ਕਾਨੂੰਨੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਮਜੀਠੀਆ ਦੀ ਅਗਵਾਈ ਹੇਠ ਆਈ ਭੀੜ ਨੇ ਥਾਣੇ ਅੰਦਰ ਜ਼ਬਰਦਸਤੀ ਵੜ ਕੇ ਸਰਕਾਰੀ ਰਿਕਾਰਡ ਨਾਲ ਛੇੜਛਾੜ ਕੀਤੀ, ਐੱਸ. ਐੱਚ. ਓ. ਦਾ ਮੋਬਾਈਲ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਕਾਨੂੰਨੀ ਹਿਰਾਸਤ ਵਿੱਚੋਂ ਮੁਲਜ਼ਮ ਜੋਬਨਪ੍ਰੀਤ ਨੂੰ ਜ਼ਬਰਦਸਤੀ ਛੁਡਵਾ ਕੇ ਫ਼ਰਾਰ ਕਰ ਦਿੱਤਾ।

ਇਸ ਹੰਗਾਮੇ ਤੋਂ ਬਾਅਦ ਪੁਲਿਸ ਨੇ ਮਜੀਠੀਆ ਸਹਿਤ 60 ਤੋਂ ਵੱਧ ਲੋਕਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਹੈ।

### ਮਾਨ ਬੋਲੇ-"ਡਰ ਕੇ ਲੁਕ ਗਿਆ ਮਾਝੇ ਦਾ ਜਰਨੈਲ", ਮਜੀਠੀਆ ਦਾ ਮੋੜਵਾਂ ਜਵਾਬ




ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ 'ਤੇ ਬਿਕਰਮ ਮਜੀਠੀਆ 'ਤੇ ਤਿੱਖਾ ਸਿਆਸੀ ਵਿਅੰਗ ਕੱਸਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ: "ਖ਼ੁਦ ਨੂੰ 'ਮਾਝੇ ਦਾ ਜਰਨੈਲ' ਦੱਸਣ ਵਾਲਾ ਹੁਣ ਡਰ ਕੇ ਲੁਕ ਗਿਆ ਹੈ। ਉਹ ਸਿਰਫ਼ ਕਾਗਜ਼ਾਂ ਵਾਲਾ ਜਰਨੈਲ (ਸ਼ੇਰ) ਹੈ, ਜੋ ਕੇਸ ਦਰਜ ਹੋਣ 'ਤੇ ਭੱਜ ਗਿਆ। ਜੇਕਰ ਉਹ ਸੱਚਾ ਜਰਨੈਲ ਹੈ ਤਾਂ ਉਸ ਨੂੰ ਸਾਹਮਣੇ ਆਉਣਾ ਚਾਹੀਦਾ ਹੈ। ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।"

### ਮਜੀਠੀਆ ਦਾ ਪਲਟਵਾਰ

ਦੂਜੇ ਪਾਸੇ, ਬਿਕਰਮ ਸਿੰਘ ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਕਾਰਾਂ ਦੇ ਵੱਡੇ ਕਾਫ਼ਲੇ ਦੀ ਵੀਡੀਓ ਸਾਂਝੀ ਕਰਦਿਆਂ ਮੁੱਖ ਮੰਤਰੀ ਨੂੰ ਲਲਕਾਰਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਜੋ ਕਰਨਾ ਹੈ, ਉਹ ਕਰ ਲਵੇ, ਕੋਈ ਕਸਰ ਨਾ ਛੱਡੇ। ਉਹ ਆਮ ਆਦਮੀ ਪਾਰਟੀ ਦੇ ਹਰੇਕ ਧੱਕੇ ਦਾ ਡਟ ਕੇ ਸਾਹਮਣਾ ਕਰਨਗੇ।

### ਹਾਈਕੋਰਟ ਪਹੁੰਚਿਆ ਮਾਮਲਾ; ਲੁੱਕ ਆਊਟ ਸਰਕੂਲਰ 'ਤੇ ਸਵਾਲ

ਸ਼੍ਰੋਮਣੀ ਅਕਾਲੀ ਦਲ ਨੇ ਇਸ ਪੁਲਿਸ ਕਾਰਵਾਈ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਡੀ. ਜੀ. ਪੀ. ਐੱਸ. ਐੱਸ. ਪੀ. ਅਤੇ ਮਜੀਠਾ ਦੇ ਐੱਸ. ਐੱਚ. ਓ. ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ।

ਅਕਾਲੀ ਦਲ ਦੇ ਲੀਗਲ ਵਿੰਗ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਪੁਲਿਸ ਵੱਲੋਂ ਜਾਰੀ ਲੁੱਕ ਆਊਟ ਸਰਕੂਲਰ 'ਤੇ ਸਵਾਲ ਚੁੱਕਦਿਆਂ ਕਿਹਾ ਕਿ "ਬਿਕਰਮ ਮਜੀਠੀਆ ਦਾ ਪਾਸਪੋਰਟ ਪਹਿਲਾਂ ਹੀ ਅਦਾਲਤ ਕੋਲ ਜਮ੍ਹਾਂ ਹੈ, ਇਸ ਲਈ ਲੁੱਕ ਆਊਟ ਸਰਕੂਲਰ ਜਾਰੀ ਕਰਨ ਦਾ ਕੋਈ ਮਤਲਬ ਹੀ ਨਹੀਂ ਬਣਦਾ। ਸਰਕਾਰ ਸਿਰਫ਼ ਸਿਆਸੀ ਡਰਾਮਾ ਕਰ ਰਹੀ ਹੈ।"

### 'ਸਿਆਸੀ ਬਦਲਾਖੋਰੀ' ਦੇ ਦੋਸ਼

ਇਸ ਘਟਨਾਕ੍ਰਮ ਤੋਂ ਬਾਅਦ ਵਿਰੋਧੀ ਧਿਰਾਂ ਨੇ 'ਆਪ' ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ:

ਸੁਖਬੀਰ ਸਿੰਘ ਬਾਦਲ ਪ੍ਰਧਾਨ, ਅਕਾਲੀ ਦਲ ਨੇ ਕਿਹਾ ਕਿ "ਆਮ ਆਦਮੀ ਪਾਰਟੀ ਹਾਰ ਦੀ ਬੌਖਲਾਹਟ ਵਿੱਚ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ ਹੈ। ਮਜੀਠਾ ਹਲਕੇ ਵਿੱਚ ਸਰਕਾਰ ਨੇ ਬੂਥ ਕੈਪਚਰਿੰਗ ਤੱਕ ਕੀਤੀ, ਪਰ ਫਿਰ ਵੀ ਮਜੀਠੀਆ ਜਿੱਤ ਗਏ। ਇਹ ਸਭ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਰਿਹਾ ਹੈ।"

ਹਰਸਿਮਰਤ ਕੌਰ ਬਾਦਲ (ਸੰਸਦ ਮੈਂਬਰ) ਨੇ ਕਿਹਾ ਕਿ "ਸਰਕਾਰ ਮਜੀਠੀਆ ਤੋਂ ਡਰ ਰਹੀ ਹੈ। ਜਦੋਂ ਇੱਕ ਵਰਕਰ ਨੂੰ ਬਿਨਾਂ ਵਾਰੰਟ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਦਾ ਵਿਰੋਧ ਕੀਤਾ ਗਿਆ, ਤਾਂ ਉਲਟਾ ਮਜੀਠੀਆ 'ਤੇ ਹੀ ਪਰਚਾ ਕਰ ਦਿੱਤਾ ਗਿਆ।"

ਕੇਵਲ ਸਿੰਘ ਢਿੱਲੋਂ (ਪ੍ਰਧਾਨ, ਪੰਜਾਬ ਭਾਜਪਾ): ਨੇ ਕਿਹਾ ਕਿ "ਇਹ ਸਭ ਬਦਲਾਖੋਰੀ ਦੀ ਸਿਆਸਤ ਹੈ। ਭਾਰਤੀ ਜਨਤਾ ਪਾਰਟੀ ਪੁਲਿਸ ਵੱਲੋਂ ਕੀਤੀ ਜਾ ਰਹੀ ਇਸ ਛਾਉਣੀਨੁਮਾ ਕਾਰਵਾਈ ਅਤੇ ਛਾਪੇਮਾਰੀ ਦਾ ਜ਼ੋਰਦਾਰ ਵਿਰੋਧ ਕਰਦੀ ਹੈ।"

ਅਗਲਾ ਕਦਮ: ਹਾਈਕੋਰਟ ਵਿੱਚ ਪੰਜਾਬ ਸਰਕਾਰ ਵੱਲੋਂ ਜਵਾਬ ਦਾਖ਼ਲ ਕਰਨ ਲਈ ਸਮਾਂ ਮੰਗਿਆ ਗਿਆ ਹੈ ਅਤੇ ਹੁਣ ਇਸ ਹਾਈ ਪ੍ਰੋਫਾਈਲ ਮਾਮਲੇ ਦੀ ਅਗਲੀ ਸੁਣਵਾਈ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

## ਆਪ ਵਿਧਾਇਕ ਰਮਨ ਅਰੋੜਾ ਤੋਂ ਈਡੀ ਦਫ਼ਤਰ 'ਚ ਪੁੱਛਗਿੱਛ; ਪ੍ਰਾਪਰਟੀ ਨਿਵੇਸ਼ ਮਾਮਲੇ 'ਚ ਘਿਰੇ

ਜਲੰਧਰ-ਮਨੀ ਲਾਂਡਰਿੰਗ ਦੇ ਮਾਮਲੇ ਵਿੱਚ ਘਿਰੇ ਆਮ ਆਦਮੀ ਪਾਰਟੀ ਦੇ ਜਲੰਧਰ ਸੈਂਟਰਲ ਤੋਂ ਵਿਧਾਇਕ ਰਮਨ ਅਰੋੜਾ ਦੀਆਂ ਮੁਸ਼ਕਿਲਾਂ ਇੱਕ ਵਾਰ ਫਿਰ ਵਧਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ। ਮੰਗਲਵਾਰ ਨੂੰ ਵਿਧਾਇਕ ਰਮਨ ਅਰੋੜਾ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸਾਹਮਣੇ ਪੇਸ਼ ਹੋਏ, ਜਿੱਥੇ ਕੇਂਦਰੀ ਏਜੰਸੀ ਵੱਲੋਂ ਉਨ੍ਹਾਂ ਕੋਲੋਂ ਲੰਮੀ ਪੁੱਛਗਿੱਛ ਕੀਤੀ ਜਾ ਰਹੀ ਹੈ।



ਬਿਨਾਂ ਸੁਰੱਖਿਆ ਅਤੇ ਫਾਈਲਾਂ ਸਮੇਤ ਪਹੁੰਚੇ ਈਡੀ ਦਫ਼ਤਰ-ਮਿਲੀ ਜਾਣਕਾਰੀ ਮੁਤਾਬਕ ਵਿਧਾਇਕ ਰਮਨ ਅਰੋੜਾ ਬਿਨਾਂ ਕਿਸੇ ਸੁਰੱਖਿਆ ਦੇ ਨਿੱਜੀ ਤੌਰ 'ਤੇ ਈਡੀ ਦੇ ਦਫ਼ਤਰ ਪਹੁੰਚੇ। ਉਨ੍ਹਾਂ ਦੇ ਹੱਥਾਂ ਵਿੱਚ ਕੁਝ ਅਹਿਮ ਦਸਤਾਵੇਜ਼ ਅਤੇ ਫਾਈਲਾਂ ਸਨ। ਸੂਤਰਾਂ ਅਨੁਸਾਰ, ਏਜੰਸੀ ਵੱਲੋਂ ਵੱਖ-ਵੱਖ ਪ੍ਰਾਪਰਟੀ ਨਿਵੇਸ਼ਾਂ ਵਿੱਚ ਉਨ੍ਹਾਂ ਦੀ ਭੂਮਿਕਾ ਅਤੇ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਸ ਪੁੱਛਗਿੱਛ ਦੌਰਾਨ ਕਈ ਵੱਡੇ ਖੁਲਾਸੇ ਹੋ ਸਕਦੇ ਹਨ।

ਪਹਿਲਾਂ ਵੀ ਕੱਟ ਚੁੱਕੇ ਹਨ ਜੇਲ੍ਹ-ਜ਼ਿਕਰਯੋਗ ਹੈ ਕਿ ਵਿਧਾਇਕ ਰਮਨ ਅਰੋੜਾ ਦਾ ਵਿਵਾਦਾਂ ਨਾਲ ਇਹ ਕੋਈ ਪਹਿਲਾ ਵਾਸਤਾ ਨਹੀਂ ਹੈ:

23 ਮਈ (ਪਿਛਲੇ ਸਾਲ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

6 ਮਹੀਨੇ ਦੀ ਜੇਲ੍ਹ: ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਨੂੰ ਕਰੀਬ ਛੇ ਮਹੀਨੇ ਜੇਲ੍ਹ ਦੀ ਹਵਾ ਖਾਣੀ ਪਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਅਦਾਲਤ ਵੱਲੋਂ ਜ਼ਮਾਨਤ ਮਿਲੀ ਸੀ।

ਸੁਰੱਖਿਆ ਵੀ ਲਈ ਗਈ ਸੀ ਵਾਪਸ: ਕੁਝ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਵਿਧਾਇਕ ਰਮਨ ਅਰੋੜਾ ਨੂੰ ਮਿਲੀ ਸਰਕਾਰੀ ਸੁਰੱਖਿਆ ਵੀ ਵਾਪਸ ਲੈ ਲਈ ਗਈ ਸੀ, ਜਿਸ ਕਾਰਨ ਉਹ ਅੱਜ ਬਿਨਾਂ ਸੁਰੱਖਿਆ ਅਮਲੇ ਦੇ ਹੀ ਈਡੀ ਦੇ ਸਾਹਮਣੇ ਪੇਸ਼ ਹੋਣ ਪਹੁੰਚੇ।

ਕੀ ਹੈ ਪੂਰਾ ਮਾਮਲਾ ?-ਈਡੀ ਦੀ ਇਹ ਕਾਰਵਾਈ ਮਨੀ ਲਾਂਡਰਿੰਗ ਦੇ ਸ਼ੱਕ ਅਤੇ ਪ੍ਰਾਪਰਟੀ ਵਿੱਚ ਕੀਤੇ ਗਏ ਨਿਵੇਸ਼ਾਂ ਦੇ ਸਰੋਤਾਂ ਦੀ ਜਾਂਚ ਨਾਲ ਜੋੜ ਕੇ ਦੇਖੀ ਜਾ ਰਹੀ ਹੈ। ਫਿਲਹਾਲ ਈਡੀ ਦਫ਼ਤਰ ਅੰਦਰ ਉਨ੍ਹਾਂ ਕੋਲੋਂ ਪੁੱਛਗਿੱਛ ਦਾ ਦੌਰ ਜਾਰੀ ਹੈ ਅਤੇ ਆਉਣ ਵਾਲੇ ਘੰਟਿਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਸਥਿਤੀ ਹੋਰ ਸਪੱਸ਼ਟ ਹੋਣ ਦੀ ਉਮੀਦ ਹੈ।

# ਯੂਨੀਵਰਸਿਟੀ ਦੇ ਵਿਦਿਆਰਥੀ ਹੈਨਰੀ ਨੋਵਾਕ ਦੇ ਕਤਲ ਦੀ ਸਿੱਖ ਆਗੂਆਂ ਵੱਲੋਂ ਨਿੰਦਾ

## ਕਿਸੇ ਇੱਕ ਦੇ ਜੁਰਮ ਕਾਰਨ ਸਾਰੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ - ਸਿੰਘ ਸਾਹਿਬ ਗਿਆਨੀ ਮੇਜਰ ਸਿੰਘ, ਰਘਬੀਰ ਸਿੰਘ ਅਤੇ ਰਾਜਿੰਦਰ ਸਿੰਘ ਪੁਰੇਵਾਲ

**ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਸਾਊਥੈਂਪਟਨ ਵਿੱਚ ਇੱਕ ਸਿੱਖ ਨੌਜਵਾਨ ਵਿਕਰਮ ਦਿਗਵਾ ਵੱਲੋਂ ਇੱਕ ਯੂਨੀਵਰਸਿਟੀ ਦੇ ਵਿਦਿਆਰਥੀ ਹੈਨਰੀ ਨੋਵਾਕ ਦਾ ਕਤਲ ਕਰਨ ਦੀ ਸਿੱਖ ਆਗੂਆਂ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ । ਇਸ ਘਟਨਾ ਸਬੰਧੀ ਪੰਜਾਬ ਟਾਈਮਜ਼ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਘਟਨਾ ਵਾਪਰਨੀ ਨਹੀਂ ਚਾਹੀਦੀ ਸੀ ।**

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਪੰਜ ਪਿਆਰਿਆਂ ਵਿੱਚੋਂ ਸਿੰਘ ਸਾਹਿਬ ਗਿਆਨੀ ਮੇਜਰ ਸਿੰਘ, ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਸਿੱਖ ਅਜਾਇਬਘਰ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਪੁਰੇਵਾਲ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਸਾਨੂੰ ਹੈਨਰੀ ਨੋਵਾਕ ਦੇ ਪਰਿਵਾਰ ਨਾਲ ਹਮਦਰਦੀ ਹੈ । ਉਹਨਾਂ ਕਿਹਾ ਕਿ ਸਿੱਖ ਦੀ ਕਿਰ-ਪਾਨ ਗਰੀਬ ਤੇ ਕਮਜ਼ੋਰ ਦੀ ਰੱਖਿਆ ਵਾਸਤੇ ਹੈ, ਇਸ ਦੀ ਦੁਰਵਰਤੋਂ ਕਿਸੇ ਉਤੇ ਹਮਲਾ ਕਰਨ ਲਈ ਨਹੀਂ ਹੋਣੀ ਚਾਹੀਦੀ। ਉਹਨਾਂ ਨੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਸ ਵੀ ਦੇਸ਼ ਵਿੱਚ ਤੁਸੀਂ ਰਹਿੰਦੇ ਹੋ, ਉਥੇ ਚੰਗੇ ਨਾਗਰਿਕ ਬਣੋ ਤੇ ਕਾਨੂੰਨ ਦੀ ਪਾਲਣਾ ਕਰੋ, ਕਾਨੂੰਨ ਨੂੰ ਆਪਣੇ ਹੱਥ ਵਿੱਚ ਨਾ ਲਵੋ । ਉਕਤ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਕੁੱਝ ਇਕ ਗੁਰੂ ਘਰਾਂ ਵਿੱਚ ਇੱਕ ਦੂਜੇ ਵਿਰੁੱਧ ਵੀ ਕਿਰਪਾਨ ਦੀ ਦੁਰਵਰਤੋਂ ਕੀਤੀ ਗਈ ਹੈ ਜਿਸ ਤੋਂ ਸਿੱਖਾਂ ਨੂੰ ਸੰਕੋਚ ਕਰਨਾ ਚਾਹੀ-ਦਾ ਹੈ ।



ਗਿਆਨੀ ਮੇਜਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਉਹਨਾਂ ਹੋਰ ਕਿਹਾ ਕਿ ਅਪਰਾਧ ਕਰਨ ਵਾਲੇ ਵਿਕਰਮ ਦਿਗਵਾ ਨੂੰ ਜੁਰਮ ਦੀ ਸਜ਼ਾ ਮਿਲ ਗਈ ਹੈ, ਪਰ ਇਕ ਵਿਅਕਤੀ ਦੇ ਜੁਰਮ ਕਾਰਨ ਸਮੁੱਚੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ । ਇਥੋਂ ਦਾ ਮੀਡੀਆ ਇਸ ਘਟਨਾ ਨੂੰ ਇਕ ਭਾਈਚਾਰੇ ਦੇ ਖਿਲਾਫ਼ ਬਹੁਤ ਵਧਾ ਚੜਾਅ ਕੇ ਪੇਸ਼ ਕਰ ਰਿਹਾ ਹੈ। ਇਸ ਤੋਂ ਪਹਿਲਾਂ ਪਿਛਲੇ 70 ਸਾਲਾਂ ਵਿੱਚ ਸਿੱਖਾਂ ਦੇ ਬਜ਼ੁਰਗਾਂ ਨਾਲ ਅਤੇ ਹੁਣ ਵੀ ਕਈ ਥਾਂਈਂ ਜੁਰਮਾਂ ਦੀਆਂ ਘਟਨਾਵਾਂ ਵਾਪਰੀਆਂ ਹਨ । ਉਕਤ ਆਗੂਆਂ ਨੇ ਅਪੀਲ ਕੀਤੀ ਕਿ ਸਾਰਿਆਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ।

## ਸਿੰਘ ਸਾਹਿਬ ਗਿਆਨੀ ਮੇਜਰ ਸਿੰਘ ਅਤੇ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਪੰਥਕ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ

ਡਰਬੀ (ਪੰਜਾਬ ਟਾਈਮਜ਼) – ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਬਕਾ ਪੰਜ ਪਿਆਰਿਆਂ 'ਚ ਸੇਵਾ ਕਰਨ ਵਾਲੇ ਗਿਆਨੀ ਮੇਜਰ ਸਿੰਘ ਜੀ ਪਿਛਲੇ ਦਿਨੀਂ ਯੂ ਕੇ ਯਾਤਰਾ ਦੌਰਾਨ ਡਰਬੀ ਵਿਖੇ ਆਏ ਅਤੇ ਇਥੇ ਉਹ ਕੁੱਝ ਸਮੇਂ ਲਈ ਸ: ਰਾਜਿੰਦਰ ਸਿੰਘ ਪੁਰੇਵਾਲ ਦੀ ਸਿਹਤਯਾਬੀ ਦਾ ਪਤਾ ਕਰਨ ਸ: ਪੁਰੇਵਾਲ ਦੇ ਘਰ ਵੀ ਆਏ । ਇਥੇ ਉਹਨਾਂ ਨੇ ਗੱਲਬਾਤ ਦੌਰਾਨ ਪੰਥਕ ਮਸਲਿਆਂ ਬਾਰੇ ਵਿਚਾਰ ਸਾਂਝੇ ਕੀਤੇ । ਦੇਸ਼ ਵਿਦੇਸ਼ ਵਿੱਚ ਸਿੱਖਾਂ ਸਾਹਮਣੇ ਆ ਰਹੇ ਕਈ ਮਾਮਲੇ ਵਿਚਾਰੇ ਗਏ । ਉਹਨਾਂ ਕਿਹਾ ਸਿੱਖਾਂ ਨੂੰ ਗੁਰਬਾਣੀ ਤੋਂ ਸੇਧ ਲੈਂਦੇ ਹੋਏ ਰਹਿਤ ਮਰਯਾਦਾ ਦੀ ਪਾਲਣਾ ਕਰਦਿਆਂ ਵਧੀਆ ਜੀਵਨ ਜਾਚ ਅਪਨਾਉਣੀ ਚਾਹੀਦੀ ਹੈ । ਉਹਨਾਂ ਨੇ ਅਦਾਰਾ ਪੰਜਾਬ ਟਾਈਮਜ਼ ਦੀਆਂ ਪੰਜਾਬ, ਪੰਜਾਬੀ ਅਤੇ ਸਿੱਖੀ ਪ੍ਰਤੀ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ ।



ਸਿੰਘ ਸਾਹਿਬ ਗਿਆਨੀ ਮੇਜਰ ਸਿੰਘ ਜੀ ਅਤੇ ਰਾਜਿੰਦਰ ਸਿੰਘ ਪੁਰੇਵਾਲ ਪੰਜਾਬ ਟਾਈਮਜ਼ ਦੇ ਦਫ਼ਤਰ ਵਿਖੇ

## ਕ੍ਰਿਪਾਨ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ – ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕ੍ਰਿਪਾਨ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ। ਇਸ 'ਤੇ ਪਾਬੰਧੀ ਨਹੀਂ ਲਗਾਈ ਜਾ ਸਕਦੀ। ਇਹ ਵਿਚਾਰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦ-ਾਰ ਸ: ਗੁਰਮੇਲ ਸਿੰਘ ਮੱਲੀ ਅਤੇ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ ਨੇ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਸਾਊਥਹੈਂਪਟਨ ਵਿਖੇ ਵਾਪਰੀ ਘਟਨਾਂ ਤੋਂ ਬਾਅਦ ਸਿਆਸੀ ਲੋਕਾਂ ਵੱਲੋਂ ਕ੍ਰਿਪਾਨ ਨੂੰ ਲੈ ਕੇ ਵਿਵਾਦਿਤ ਪ੍ਰਤੀਕ੍ਰਮ ਦਿੱਤੇ ਗਏ ਹਨ ਅਤੇ ਕੁਝ ਹੋਰ ਲੋਕਾਂ ਵੱਲੋਂ ਵੀ ਸਮੁੱਚੀ ਸਿੱਖ ਕੌਮ ਵਿਰੁੱਧ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਮੁੱਚਾ ਸਿੱਖ ਭਾਈਚਾਰਾ ਹੈਨਰੀ ਨੌਵਾਕ ਨਾਲ ਵਾਪਰੀ ਘਟਨਾਂ ਦੀ ਨਿੰਦਾ ਕਰਦਾ ਹੋਇਆ ਪੀੜਤ ਦੇ ਪ੍ਰੀਵਾਰ ਨਾਲ ਹੈ। ਉਹਨਾਂ ਇਹ ਵੀ ਕਿਹਾ ਕਿ ਹਿੰਸਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਅਤੇ ਸਿੱਖ ਧਰਮ ਵਿੱਚ ਪੰਜ ਕਕਾਰਾਂ ਦੀ ਵੱਡੀ ਮਹੱਤਤਾ ਹੈ ਜਿਸ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਸ: ਮੱਲੀ ਨੇ ਕਿਹਾ ਕਿ ਕਿਸੇ ਵੀ ਇੱਕ ਵਿਅਕਤੀ ਦੇ ਗੁਨਾਹ ਨੂੰ ਸਮੁੱਚੀ ਭਾਈਚਾਰੇ ਨਾਲ ਨਹੀਂ ਜੋੜ੍ਹਨਾ ਚਾਹੀਦਾ। ਸਿੱਖ ਕਾਨੂੰਨ ਦੀ ਪਾਲਣਾ ਕਰਨ ਵਾਲਾ ਭਾਈਚਾਰਾ ਹੈ ਅਤੇ ਇਤਿਹਾਸ ਗਵਾਹ ਹੈ ਕਿ ਸਿੱਖਾਂ ਦਾ ਦੋਵੇਂ ਵਿਸ਼ਵ ਯੁੱਧਾਂ ਤੋਂ ਲੈ ਕੇ ਹੁਣ ਤੱਕ ਬਰਤਾਨੀਆਂ ਲਈ ਹਰ ਖੇਤਰ ਵਿੱਚ ਵੱਡਾ ਯੋਗਦਾਨ ਰਿਹਾ ਹੈ।



ਗੁਰਮੇਲ ਸਿੰਘ ਮੱਲੀ ਅਤੇ ਹਰਜੀਤ ਸਿੰਘ ਸਰਪੰਚ

## ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਸਿੱਖ ਆਗੂਆਂ ਵੱਲੋਂ ਪ੍ਰੈਸ ਕਾਨਫਰੰਸ ਮੌਕੇ ਸਾਊਥਹੈਂਪਟਨ ਘਟਨਾਂ ਦੀ ਨਿੰਦਾ



ਸਿੱਖ ਆਗੂ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਸਿੱਖ ਭਾਈਚਾਰੇ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਸਾਊਥਹੈਂਪਟਨ ਵਿਖੇ ਵਾਪਰੀ ਘਟਨਾਂ ਦੀ ਸਖ਼ਤ ਨਿੰਦਾ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਜਤਿੰਦਰ ਸਿੰਘ ਬਾਸੀ, ਸਿੱਖ ਫੈਡਰੇਸ਼ਨ ਦੇ ਜਸ ਸਿੰਘ, ਸਿੱਖ ਆਗੂ ਕੈਮ ਸਿੰਘ ਅਤੇ ਕੁਲਦੀਪ ਸਿੰਘ ਦਿਓਲ ਸ਼ਾਮਿਲ ਹੋਏ। ਉਹਨਾਂ ਕਿਹਾ ਕਿ ਸਾਊਥਹੈਂਪਟਨ ਵਿਖੇ ਪਿਛਲੇ ਵਾਪਰੀ ਘਟਨਾਂ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ ਹੈ, ਜਦ ਕਿ ਇਸ ਵਿੱਚ ਇੱਕ ਵਿਅਕਤੀ ਦਾ ਵਿਕਰਮ ਸਿੰਘ ਦਿਗਬਾ ਦਾ ਦੋਸ਼ ਹੈ ਜਿਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਸਿੱਖ ਆਗੂਆਂ ਨੇ ਮ੍ਰਿਤਕ ਨੌਜਵਾਨ ਹੈਨਰੀ ਨੋਵਾਕ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਉਹਨਾਂ ਅਦਾਲਤ ਵਿੱਚ ਅਤੇ ਪੁਲਿਸ ਕੋਲ ਨਸਲਵਾਦੀ ਹਮਲੇ ਬਾਰੇ ਗੁੰਮਰਾਹ ਕਰਨ ਦੀ ਵੀ ਨਿੰਦਾ ਕੀਤੀ। ਸਿੱਖ ਆਗੂਆਂ ਨੇ ਕਿਹਾ ਕਿ ਅਜਿਹੇ ਮੌਕੇ ਪੂਰੀ ਸਿੱਖ ਕੌਮ ਪੀੜਤ ਪ੍ਰੀਵਾਰ ਨਾਲ ਹੈ। ਉਹਨਾਂ ਕਿਹਾ ਕਿ ਕ੍ਰਿਪਾਨ ਅਤੇ ਪੰਜ ਕਕਾਰਾਂ ਨੂੰ ਲੈ ਕੇ ਸਿੱਖਾਂ ਨੇ ਬਰਤਾਨੀਆਂ ਵਿੱਚ ਲੰਮਾਂ ਸੰਘਰਸ਼ ਲੜ੍ਹਿਆ ਹੈ, ਪਰ ਅਫਸੋਸ ਕਿ ਇੱਕ ਵਿਅਕਤੀ ਨੇ ਸਮੁੱਚੀ ਕੌਮ ਨੂੰ ਨਿਰਾਸ਼ ਕੀਤਾ ਹੈ। ਸਿੱਖ ਆਗੂਆਂ ਨੇ ਇਹ ਵੀ ਸ੍ਪਸ਼ਟ ਕੀਤਾ ਕਿ ਕਾਨੂੰਨੀ ਤੌਰ ਤੇ ਸਿਰਫ ਗਾਤਰੇ ਵਾਲੀ ਕ੍ਰਿਪਾਨ ਪਹਿਨਣ ਦੀ ਇਜ਼ਾਜ਼ਤ ਹੈ, ਲੇਕਨ ਹੋਰ ਕਿਸੇ ਤਰ੍ਹਾਂ ਦੇ ਹਥਿਆਰ ਨੂੰ ਕੋਲ ਰੱਖਣਾ ਗੈਰਕਾਨੂੰਨੀ ਅਤੇ ਕ੍ਰਿਪਾਨ ਦੀ ਦੁਰਵਰਤੋਂ ਵੀ ਅਪਰਾਧਿਕ ਹੈ।

## ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਹੈਨਰੀ ਨੌਵਾਕ ਦੀ ਹੱਤਿਆ ਦੀ ਨਿੰਦਾ ਪੁਲਿਸ ਅਧਿਕਾਰੀ ਨੇ ਦਿੱਤਾ ਅਸਤੀਫਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੀ ਹੱਤਿਆ ਅਤੇ ਉਸ ਸਮੇਂ ਵਾਪਰੇ ਸਾਰੇ ਘਟਨਾਂਕ੍ਰਮ ਬਾਰੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਪੁਲਿਸ ਤੇ ਬਹੁਤ ਹੀ ਗੰਭੀਰ ਸਵਾਲ ਖੜ੍ਹੇ ਹੋਏ ਹਨ, ਕਿ ਕਿਸ ਤਰ੍ਹਾਂ ਪੀੜਤ ਹੈਨਰੀ ਨੋਵਾਕ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਨਸਲਵਾਦ ਕਿਸ ਤਰ੍ਹਾਂ ਦੱਸਿਆ ਗਿਆ। ਜਾਰੀ ਕੀਤੇ ਵੀਡੀਓ ਵਿੱਚ ਨੌਵਾਕ ਸਾਫ ਕਹਿ ਰਿਹਾ ਹੈ ਕਿ ਵਿਕਰਮ ਸਿੰਘ ਦਿਗਵਾ ਵੱਲੋਂ ਪੱਗ ਉਤਾਰਣ ਅਤੇ ਵਾਲ ਖਿਚਣ ਦੇ ਦਾਅਵੇ ਵਿੱਚ ਕੋਈ ਸਚਾਈ ਨਹੀਂ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਈ ਓ ਪੀ ਸੀ ਨੂੰ ਇਸ ਮਾਮਲੇ ਵਿੱਚ ਦੇਖਣਾ ਹੋਵੇਗਾ, ਇਹਨਾਂ ਬਹੁਤ ਗੰਭੀਰ ਸਵਾਲਾਂ ਦਾ ਪੁਲਿਸ ਨੂੰ ਜਵਾਬ ਦੇਣਾ ਪਵੇਗਾ। ਇਸ ਦੇ ਨਾਲ ਹੀ ਹੈਂਪਸ਼ਾਇਰ ਪੁਲਿਸ ਨੇ ਕਿਹਾ ਹੈ ਕਿ ਘਟਨਾਂ ਵਿੱਚ ਸ਼ਾਮਿਲ ਚਾਰ ਪੁਲਿਸ ਅਧਿਕਾਰੀਆਂ ਵਿੱਚੋਂ ਇੱਕ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਪੁਲਿਸ ਨੇ ਸ੍ਪਸ਼ਟ ਕੀਤਾ ਕਿ ਇਹ ਸਾਰੇ ਗਵਾਹਾਂ ਦੇ ਤੌਰ ਤੇ ਹਨ, ਕਿਸੇ ਤੇ ਕੋਈ ਬੰਦਸ਼ ਨਹੀਂ ਹੈ।



# ਹੈਨਰੀ ਨੋਵਾਕ ਮਾਮਲੇ 'ਤੇ ਬਰਤਾਨੀਆਂ ਦੀ ਸੰਸਦ ਵਿਚ ਬਹਿਸ ਦੌਰਾਨ ਸਿੱਖ ਸਾਂਸਦਾਂ ਵੱਲੋਂ ਘਟਨਾਂ ਦੀ ਨਿੰਦਾ ਗ੍ਰਹਿ ਮੰਤਰੀ ਵੱਲੋਂ ਕ੍ਰਿਪਾਨ ਸਬੰਧੀ ਕੋਈ ਕਾਨੂੰਨੀ ਸਮੀਖਿਆ ਕਰਨ ਤੋਂ ਨਾਂਹ, ਧਾਰਮਿਕ ਕ੍ਰਿਪਾਨ ਨਾਲ ਕਤਲ ਨਹੀਂ ਹੋਇਆ

# ਪੁਲਿਸ ਅਧਿਕਾਰੀ ਵੱਲੋਂ ਪੀੜਤ ਨੂੰ ਲਗਾਈ ਗਈ ਹੱਥਕੜੀ ਦੀ ਜਾਂਚ ਸ਼ੁਰੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੈਨਰੀ ਨੋਵਾਕ ਮਾਮਲੇ 'ਚ ਅੱਜ ਬਰਤਾਨੀਆਂ ਦੀ ਸੰਸਦ ਵਿੱਚ ਬਹਿਸ ਹੋਈ, ਜਿਸ ਦੌਰਾਨ ਸਿੱਖ ਸੰਸਦ ਮੈਂਬਰਾਂ ਨੇ ਘਟਨਾਂ ਦੀ ਸਖ਼ਤ ਨਿੰਦਾ ਕਰਦਿਆਂ ਪੀੜਤ ਹੈਨਰੀ ਨੋਵਾਕ ਦੇ ਪ੍ਰੀਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕ੍ਰਿਪਾਨ ਨੂੰ ਲੇ ਕੇ ਕਿਸੇ ਤਰ੍ਹਾਂ ਦੀ ਸਮੀਖਿਆ ਕਰਨ ਤੋਂ ਨਾਂਹ ਕੀਤੀ ਹੈ। ਇਸ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਜਸ ਅਠਵਾਲ ਸਮੇਤ ਸ ਭਨੇ ਹੈਨਰੀ ਨੋਵਾਕ ਦੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਐਮ ਪੀ ਢੇਸੀ ਨੇ ਕਿਹਾ ਕਿ ਆਖਰੀ ਪਲਾਂ ਦੌਰਾਨ ਹੈਨਰੀ ਨਾਲ ਜੋ ਅਖਰੀ ਪਾਲਾਂ ਦੌਰਾਨ ਹੋਇਆ ਉਹ ਕਦੇ ਦੁਬਾਰਾ ਨਹੀਂ ਹੋਣਾ ਚਾਹੀਦਾ।**

ਉਹਨਾਂ ਕਿਹਾ ਕਿ ਅਫਸੋਸ ਕਿ ਰਿਫਾਰਮ ਯੂ ਕੇ ਅਤੇ ਰੀਸਟੋਰ ਪਾਰਟੀ ਨੇ ਲੋਕਾਂ ਦੇ ਦੁੱਖ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਪਾਰਟੀਆਂ ਧਾਰਮਿਕ ਕ੍ਰਿਪਾਨ ਪਹਿਨਣ ਨੂੰ ਲੈ ਕੇ ਸਿੱਖ ਭਾਈਚਾਰੇ ਤੇ ਨਿਸ਼ਾਨਾ ਸਾਧ ਰਹੀਆਂ ਹਨ, ਜਦੋਂ ਕਿ ਇਸ ਹਮਲੇ ਵਿੱਚ ਕ੍ਰਿਪਾਨ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਗਈ ਸੀ। ਉਹਨਾਂ ਸਿੱਖਾਂ ਦੀ ਸੁਰੱਖਿਆ ਅਤੇ ਭਰੋਸੇ ਦੀ ਮੰਗ ਕੀਤੀ ਅਤੇ ਕਿਹਾ ਕਿ ਸਿੱਖ ਖੁਦ ਇਸ ਕਤਲ ਤੋਂ ਨਿਰਾਸ਼ ਅਤੇ ਸਦਮੇਂ ਵਿੱਚ ਹਨ। ਉਹਨਾਂ ਬਰਤਾਨੀਆਂ ਲਈ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਵੀ ਯਾਦ ਕਰਵਾਇਆ। ਐਮ ਪੀ ਗੁਰਿੰਦਰ ਜੋਸਨ ਨੇ ਕਤਲ ਦੀ ਨਿੰਦਾ ਕਰਦਿਆਂ ਕਿਹਾ ਕਿ ਸਿੱਖ ਧਾਰਮਿਕ ਮਰਿਯਾਦਾ ਅਨੁਸਾਰ 5 ਕਕਾਰ ਧਾਰਨ ਕਰਦੇ ਹਨ। ਜਿਸ ਵਿੱਚ ਕ੍ਰਿਪਾਨ ਵੀ ਸ਼ਾਮਿਲ ਹੈ। ਇਸ ਘਟਨਾਂ ਨੇ ਸਭ ਦੇ ਮਨਾਂ ਤੇ ਪ੍ਰਭਾਵ ਪਾਇਆ ਹੈ। ਇਸ ਘਟਨਾਂ ਲਈ ਕਿਸੇ ਵੀ ਧਾਰਮਿਕ ਦਲੀਲ ਨਹੀਂ ਦਿੱਤੀ ਜਾ ਸਕਦੀ, ਇਹ ਭਾਵਨਾ ਸਮੁੱਚੇ ਸਿੱਖ ਭਾਈਚਾਰੇ ਦੀ ਹੈ।



ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਗੁਰਿੰਦਰ ਜੋਸਨ, ਐਮ ਪੀ ਜਸ ਅਠਵਾਲ, ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ,

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਆਖਰੀ ਸਾਹ ਲੈ ਰਹੇ ਨੋਵਾਕ ਨੂੰ ਪੁਲਿਸ ਅਧਿਕਾਰੀਆਂ ਵੱਲੋਂ ਹੱਥਕੜੀ ਲਗਾਉਣ ਦੀ ਵੀਡੀਓ ਫੁਟੇਜ ਪ੍ਰੇਸ਼ਾਨ ਕਰਨ ਵਾਲੀ ਅਤੇ ਦੁਖਦਾਈ ਹੈ। ਉਨ੍ਹਾਂ ਕਿਹਾ ਕਿ 'ਇੰਡੀਪੈਂਡੈਂਟ ਆਫਿਸ ਫਾਰ ਪੁਲਿਸ ਕੰਡਕਟ' ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਜੇਕਰ ਲੋੜ ਪਈ ਤਾਂ ਜ਼ਿੰਮੇਵਾਰ ਲੋਕਾਂ ਖਿਲਾਫ ਸਖਤ ਕਾਰਵਾਈ ਯਕੀਨੀ ਬਣਾਈ ਜਾਵੇਗੀ।

ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਕਤਲ ਦੇ ਪ੍ਰਤੀਕਰਮ ਵਜੋਂ ਇੱਕ "ਖ਼ਤਰਨਾਕ ਮਾਹੌਲ" ਦੇਖਣ ਨੂੰ ਮਿਲਿਆ ਹੈ, ਜਿਸ ਕਾਰਨ ਇੱਕ ਪੁਲਿਸ ਅਧਿਕਾਰੀ (ਜਿਸ ਦੀ ਗਲਤ ਪਛਾਣ ਕੀਤੀ ਗਈ ਸੀ) ਨੂੰ ਆਪਣੀ ਸੁਰੱਖਿਆ ਲਈ ਦੂਜੀ ਜਗ੍ਹਾ ਜਾਣ ਲਈ ਮਜਬੂਰ ਹੋਣਾ ਪਿਆ। ਚਾਕੂ ਨਾਲ ਹੋਣ ਵਾਲੇ ਅਪਰਾਧਾਂ ਬਾਰੇ ਬੋਲਦਿਆਂ ਕਿਹਾ ਕਿ ਸਾਨੂੰ ਅਜੇ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮਾਮਲਾ ਸਿੱਖ ਧਰਮ ਜਾਂ ਨਸਲਵਾਦ ਦਾ ਨਹੀਂ ਹੈ, ਸਗੋਂ ਇਹ ਸਿੱਧਾ ਕਤਲ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਦੇਸ਼ ਵਿੱਚ ਸਮੂਹਿਕ ਸਜ਼ਾ ਦੇਣ ਵਿੱਚ ਵਿਸ਼ਵਾਸ ਨਹੀਂ ਰੱਖਦੇ। ਉਹਨਾਂ ਨੇ ਕ੍ਰਿਪਾਨ ਨੂੰ ਲੇ ਕੇ ਕਿਸੇ ਤਰ੍ਹਾਂ ਦੀ ਕਾਨੂੰਨੀ ਸਮੀਖਿਆ ਕਰਨ ਤੋਂ ਨਾਂਹ ਕੀਤੀ ਹੈ।

ਮਹਿਮੂਦ ਨੇ ਇਹ ਵੀ ਕਿਹਾ ਕਿ ਦਿਗਵਾ ਦੀ ਮਾਂ ਨੂੰ ਵੀ ਦੋਸ਼ੀ ਦੀ ਮਦਦ ਕਰਨ ਦੇ ਦੋਸ਼ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜਦੋਂ ਕਿ ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਨੇ ਉਸ ਦੇ ਪਰਿਵਾਰ ਦੇ ਹੋਰ ਮੈਂਬਰਾਂ ਖ਼ਿਲਾਫ਼ ਵੀ ਵਾਧੂ ਦੋਸ਼ਾਂ ਨੂੰ ਮਨਜ਼ੂਰੀ ਦਿੱਤੀ ਹੈ।

# ਹੈਨਰੀ ਨੋਵਾਕ ਦੇ ਦਰਦਨਾਕ ਕਤਲ ਮਾਮਲੇ ਵਿੱਚ ਆਏ ਫੈਸਲੇ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਸਾਂਝਾ ਬਿਆਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅੱਜ ਸਾਊਥੈਂਪਟਨ ਅਦਾਲਤ ਨੇ ਵਿਕਰਮ ਦਿਗਵਾ ਨੂੰ ਹੈਨਰੀ ਨੋਵਾਕ ਦੇ ਕਤਲ ਦਾ ਅਤੇ ਉਸਦੀ ਮਾਂ ਨੂੰ ਅਪਰਾਧੀ ਦੀ ਮਦਦ ਕਰਨ ਦਾ ਦੋਸ਼ੀ ਕਰਾਰ ਦਿੱਤਾ ਹੈ।ਇੱਕ ਵਿਅਕਤੀ ਦੀ ਹਰਕਤ ਕਾਰਨ ਹੈਨਰੀ ਦੀ ਜ਼ਿੰਦਗੀ ਦਰਦ-ਨਾਕ ਤਰੀਕੇ ਨਾਲ ਖ਼ਤਮ ਹੋ ਗਈ, ਜਿਸ ਲਈ ਕੋਈ ਵੀ ਬਹਾਨਾ ਜਾਂ ਮੁਆਫ਼ੀ ਨਹੀਂ ਹੋ ਸਕਦੀ।**

ਜਿਊਰੀ ਨੇ ਸੁਣਵਾਈ ਦੌਰਾਨ ਇਹ ਸਬੂਤ ਸੁਣੇ ਕਿ ਇਸ ਘਟਨਾ ਤੋਂ ਪਹਿਲਾਂ ਆਪਸੀ ਝਗੜਾ ਹੋਇਆ ਸੀ ਅਤੇ ਨਸਲੀ ਵਿਤਕਰੇ ਦੇ ਦੋਸ਼ ਲਗਾਏ ਗਏ ਸਨ, ਪਰ ਅਖੀਰ ਜਿਊਰੀ ਨੇ ਵਿਕਰਮ ਦਿਗਵਾ ਦੇ ਆਤਮ-ਰੱਖਿਆ ਵਾਲੇ ਦਾਅਵੇ ਨੂੰ ਖਾਰਜ ਕਰ ਦਿੱਤਾ।ਸਰਕਾਰੀ ਪੱਖ ਦੇ ਵਕੀਲ ਨੇ ਜਿਊਰੀ ਨੂੰ ਸਪੱਸ਼ਟ ਕੀਤਾ ਕਿ ਇਹ ਮਾਮਲਾ ਸਿੱਖ ਧਰਮ ਜਾਂ ਨਸਲਵਾਦ ਨਾਲ ਨਹੀਂ, ਸਗੋਂ ਹੈਨਰੀ ਦੇ ਗੈਰ-ਕਾਨੂੰਨੀ ਕਤਲ ਨਾਲ ਜੁੜਿਆ ਹੋਇਆ ਹੈ।

ਇਸ ਦੇ ਬਾਵਜੂਦ, ਸੁਣਵਾਈ ਦੌਰਾਨ ਸਮੁੱਚੇ ਸਿੱਖ ਭਾਈਚਾਰੇ ਨੂੰ ਅਸਵੀਕਾਰਨਯੋਗ ਰੂਪ ਵਿੱਚ ਭਾਰੀ ਦੁਰਵਿਹਾਰ ਅਤੇ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਹੈ, ਕਿਉਂਕਿ ਬਹੁਤ ਸਾਰੇ ਲੋਕ ਕਾਨੂੰਨ, ਕਿਰਪਾਨ ਦੀ ਮਹੱਤਤਾ ਜਾਂ ਕਿਰਪਾਨ ਧਾਰਨ ਕਰਨ ਨਾਲ ਜੁੜੀ ਜ਼ਿੰਮੇਵਾਰੀ ਨੂੰ ਨਹੀਂ ਸਮਝਦੇ। ਪੁਲਿਸ ਅਧਿਕਾਰੀਆਂ ਵੱਲੋਂ ਪੀੜਤ ਦੀ ਮੌਤ ਤੋਂ ਠੀਕ ਪਹਿਲਾਂ ਉਸ ਨੂੰ ਹੱਥਕੜੀ ਲਗਾਉਣ ਦੀ ਕਾਰਵਾਈ ਨੇ ਵੀ ਸਥਿਤੀ ਨੂੰ ਵਿਗਾੜਿਆ ਹੈ। ਇਸ ਨਾਲ ਨਾ ਸਿਰਫ਼ ਲੋਕਾਂ ਨੂੰ ਪੁਲਿਸ ਦੀ ਆਲੋਚਨਾ ਕਰਨ ਦਾ ਮੌਕਾ ਮਿਲਿਆ, ਸਗੋਂ ਇਸ ਨੇ ਬਿਨਾਂ ਵਜ੍ਹਾ ਭਾਈਚਾਰਕ ਨਫ਼ਰਤ ਨੂੰ ਵੀ ਭੜਕਾਇਆ।

ਸਿੱਖ ਫੈਡਰੇਸ਼ਨ ਯੂ ਕੇ ਨੇ ਕਿਹਾ ਕਿ ਹੁਣ ਜਦੋਂ ਕਿ ਅਦਾਲਤੀ ਸੁਣਵਾਈ ਖ਼ਤਮ ਹੋ ਚੁੱਕੀ ਹੈ, ਅਸੀਂ ਇਹ ਬਿਲਕੁਲ ਸਾਫ਼ ਕਰਨਾ ਚਾਹੁੰਦੇ ਹਾਂ ਕਿ ਕਾਨੂੰਨ ਸਿਰਫ਼ ਪੂਰਨ ਤੌਰ 'ਤੇ ਅੰਮ੍ਰਿਤਧਾਰੀ (ਰਹਿਤਵਾਨ) ਸਿੱਖਾਂ ਨੂੰ ਹੀ ਧਾਰਮਿਕ ਕਾਰਨਾਂ ਕਰਕੇ ਕਿਰਪਾਨ ਪਹਿਨਣ ਦੀ ਇਜਾਜ਼ਤ (ਕਾਨੂੰਨੀ ਬਚਾਅ) ਦਿੰਦਾ ਹੈ। ਹਿੰਸਾ ਲਈ ਵਰਤੋਂ ਗੈਰ-ਕਾਨੂੰਨੀ ਹੈ। ਜੇਕਰ ਕਿਸੇ ਕਿਰਪਾਨ ਦੀ ਵਰਤੋਂ ਹਿੰਸਕ ਜਾਂ ਹਮਲਾਵਰ ਤਰੀਕੇ ਨਾਲ ਕੀਤੀ ਜਾਂਦੀ ਹੈ, ਤਾਂ ਕਿਰਪਾਨ ਨਾਲ ਜੁੜੀ ਕਾਨੂੰਨੀ ਛੋਟ ਲਾਗੂ ਨਹੀਂ ਹੁੰਦੀ ਅਤੇ ਉਸ ਨੂੰ ਇੱਕ ਘਾਤਕ ਹਥਿਆਰ ਮੰਨਿਆ ਜਾਂਦਾ ਹੈ।

ਫੈਡਰੇਸ਼ਨ ਨੇ ਕਿਹਾ ਕਿ ਇਸ ਮਾਮਲੇ ਵਿੱਚ ਜਿਸ ਹਥਿਆਰ ਦੀ ਵਰਤੋਂ ਕੀਤੀ ਗਈ ਸੀ, ਉਹ ਆਮ ਕਿਰਪਾਨ ਨਹੀਂ ਸੀ ਜੋ ਪੂਰਨ ਰਹਿਤਵਾਨ ਸਿੱਖਾਂ ਵੱਲੋਂ ਧਾਰਨ ਕੀਤੀ ਜਾਂਦੀ ਹੈ। ਇਹ ਬਾਰੀਕੀ ਬਹੁਤ ਮਹੱਤਵਪੂਰਨ ਹੈ, ਜਿਸ ਨੂੰ ਸ਼ਾਇਦ ਅਦਾਲਤ ਵਿੱਚ ਗਵਾਹੀ ਦੇਣ ਵਾਲਿਆਂ ਵੱਲੋਂ ਸਹੀ ਤਰੀਕੇ ਨਾਲ ਸਮਝਾਇਆ ਜਾਂ ਸਮਝਿਆ ਨਹੀਂ ਗਿਆ।


# ਕ੍ਰਿਪਾਨ ਦੀ ਦੁਰਵਰਤੋਂ ਕਰਕੇ ਕਤਲ ਕਰਨ ਵਾਲੇ ਸਿੱਖ ਨੌਜਵਾਨ ਵਿਕਰਮ ਦਿਗਵਾ ਦੇ ਪ੍ਰੀਵਾਰ ਨੇ ਮੰਗੀ ਮੁਆਫੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕ੍ਰਿਪਾਨ ਦੀ ਦੁਰਵਰਤੋਂ ਕਰਕੇ ਕਤਲ ਕਰਨ ਵਾਲੇ ਸਿੱਖ ਨੌਜਵਾਨ ਵਿਕਰਮ ਦਿਗਵਾ ਦੇ ਪ੍ਰੀਵਾਰ ਨੇ ਪੀੜਤ ਪ੍ਰਵਿਾਰ ਅਤੇ ਸਿੱਖ ਭਾਈਚਾਰੇ ਤੋਂ ਮੁਆਫੀ ਮੰਗੀ ਹੈ। ਦਿਗਵਾ ਪਰਿਵਾਰ ਨੇ ਹੈਨਰੀ ਨੋਵਾਕ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਨੋਵਾਕ ਪਰਿਵਾਰ ਨੂੰ ਮਿਲੇ ਇਸ ਅਸਹਿ ਦੁੱਖ ਅਤੇ ਪੀੜ ਲਈ ਦਿਲੋਂ ਮੁਆਫ਼ੀ ਮੰਗਦੇ ਹਨ ਅਤੇ ਕਾਸ਼ ਉਹ ਸਮਾਂ ਪਿੱਛੇ ਮੋੜ ਸਕਦੇ ਤਾਂ ਜੋ ਦੋਵੇਂ ਕਦੇ ਆਹਮੋ-ਸਾਹ-ਮਣੇ ਨਾ ਹੁੰਦੇ।***

ਪਰਿਵਾਰ ਨੇ ਕਿਹਾ ਕਿ ਉਹ ਆਪਣੇ ਪੁੱਤਰ ਵਿਕਰਮ ਨੂੰ ਪਿਆਰ ਕਰਦੇ ਹਨ ਅਤੇ ਕਰਦੇ ਰਹਿਣਗੇ, ਪਰ ਇਹ ਪਿਆਰ ਨੋਵਾਕ ਪਰਿਵਾਰ ਲਈ ਉਨ੍ਹਾਂ ਦੇ ਮਨ ਵਿੱਚ ਮੌਜੂਦ ਅਫ਼ਸੋਸ ਅਤੇ ਹਮਦਰਦੀ ਦੇ ਵਿਰੋਧ ਵਜੋਂ ਨਹੀਂ ਹੈ। ਦਿਗਵਾ ਪਰਿਵਾਰ ਨੇ ਸਿੱਖ ਕੌਮ ਤੋਂ ਵੀ ਵਿਸ਼ੇਸ਼ ਤੌਰ 'ਤੇ ਮਾਫ਼ੀ ਮੰਗੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਦੀ ਹਰਕਤ ਕਾਰਨ ਪੂਰੀ ਸਿੱਖ ਕੌਮ ਦਾ ਨਾਮ ਬਿਨਾਂ ਵਜ੍ਹਾ ਬਦਨਾਮ ਹੋਇਆ ਹੈ। ਪਰਿਵਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਦੁਖਾਂਤ ਦੀ ਵਰਤੋਂ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਜਾਂ ਵੰਡੀਆਂ ਪਾਉਣ ਲਈ ਨਾ ਕੀਤੀ ਜਾਵੇ।



**ਸੰਪਾਦਕੀ** **ਵਿਚਾਰ :–** ਨੇਕ ਆਦਮੀ ਹਮੇਸ਼ਾ ਦਲੇਰ ਹੁੰਦਾ ਹੈ ਜਦ ਕਿ ਇਹ ਜਰੂਰੀ ਨਹੀਂ ਕਿ ਦਲੇਰ ਆਦਮੀ ਨੇਕ ਹੋਵੇਗਾ ।



ਰਜਿੰਦਰ ਸਿੰਘ ਪੁਰੇਵਾਲ

# ਕਿਰਪਾਨ ਦੀ ਮਰਿਆਦਾ, ਸਿੱਖ ਕਿਰਦਾਰ ਅਤੇ ਕਾਨੂੰਨ ਦੀ ਨਿਰਪੱਖਤਾ

ਬਰਤਾਨੀਆ (UK) ਵਿੱਚ ਇੱਕ ਮੰਦਭਾਗੀ ਘਟਨਾ ਦੇ ਆਧਾਰ 'ਤੇ ਪੂਰੀ ਸਿੱਖ ਕੌਮ ਦੇ ਧਾਰਮਿਕ ਚਿੰਨ੍ਹ 'ਕਿਰਪਾਨ' ਨੂੰ ਨਿਸ਼ਾਨਾ ਬਣਾਉਣ ਦੀਆਂ ਕੋਸ਼ਿਸ਼ਾਂ ਚਿੰਤਾਜਨਕ ਹਨ। ਵਿਕਰਮ ਦਿਗਵਾ ਨਾਮੀ ਨੌਜਵਾਨ ਵੱਲੋਂ ਕੀਤੇ ਗਏ ਕਤਲ ਦੀ ਸਿੱਖ ਜਥੇਬੰਦੀਆਂ ਨੇ ਇੱਕਸੁਰ ਹੋ ਕੇ ਨਿੰਦਾ ਕੀਤੀ ਹੈ। ਪਰ ਇੱਕ ਵਿਅਕਤੀ ਦੇ ਅਪਰਾਧਿਕ ਕਾਰੇ ਕਰਕੇ ਪੂਰੀ ਕੌਮ ਦੇ ਧਾਰਮਿਕ ਅਧਿਕਾਰਾਂ 'ਤੇ ਸਵਾਲ ਖੜ੍ਹੇ ਕਰਨਾ ਸਰਾਸਰ ਨਸਲਵਾਦ ਹੈ। ਜਿਵੇਂ ਕਿ ਮਸ਼ਹੂਰ ਫਰਾਂਸੀਸੀ ਫ਼ਿਲਾਸਫ਼ਰ ਮੋਂਟੈਸਕਿਊ ਨੇ ਕਿਹਾ ਸੀ:

"ਕਿਸੇ ਵੀ ਬੇਗੁਨਾਹ 'ਤੇ ਜ਼ੁਲਮ ਕਰਨਾ ਪੂਰੇ ਸਮਾਜ ਦੇ ਕਾਨੂੰਨੀ ਢਾਂਚੇ ਨੂੰ ਢਾਹ ਲਾਉਣਾ ਹੈ।"

ਇੱਕ ਵਿਅਕਤੀ ਦੀ ਗਲਤੀ ਲਈ ਪੂਰੀ ਕੌਮ ਨੂੰ ਦੋਸ਼ੀ ਮੰਨਣ ਵਾਲੀ ਸੋਚ ਨਸਲਵਾਦੀ ਹੈ, ਅਤੇ ਨਸਲਵਾਦ ਆਪਣੇ ਆਪ ਵਿੱਚ ਇੱਕ ਵੱਡਾ ਗੁਨਾਹ ਹੈ। ਇਸ ਲਈ ਬ੍ਰਿਟਿਸ਼ ਸਰਕਾਰ ਨੂੰ ਕਿਰਪਾਨ 'ਤੇ ਪਾਬੰਦੀ ਲਗਾਉਣ ਵਰਗਾ ਕੋਈ ਕਦਮ ਨਹੀਂ ਚੁੱਕਣਾ ਚਾਹੀਦਾ, ਸਗੋਂ ਅਪਰਾਧੀ ਨਾਲ ਕਾਨੂੰਨ ਅਨੁਸਾਰ ਸਖ਼ਤੀ ਨਾਲ ਨਿਪਟਣਾ ਚਾਹੀਦਾ ਹੈ।

ਦੂਜੇ ਪਾਸੇ, ਇਹ ਘਟਨਾ ਸਿੱਖ ਜਗਤ ਲਈ ਵੀ ਆਤਮ-ਚਿੰਤਨ ਦਾ ਵਿਸ਼ਾ ਹੈ। ਅੱਜ ਸਿੱਖ ਸੰਗਤ ਅਤੇ ਪੰਥਕ ਜਥੇਬੰਦੀਆਂ ਨੂੰ ਆਪਣੇ ਅੰਦਰੂਨੀ ਸੁਭਾਅ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ। ਗੁਰਦੁਆਰਿਆਂ ਵਿੱਚ ਕਬਜ਼ਿਆਂ, ਚੌਧਰਾਂ ਅਤੇ ਪ੍ਰਧਾਨਗੀਆਂ ਨੂੰ ਲੈ ਕੇ ਜਿਸ ਤਰ੍ਹਾਂ ਕਈ ਵਾਰ ਸ਼ਰੇਆਮ ਤਲਵਾਰਾਂ ਚੱਲਦੀਆਂ ਹਨ, ਉਹ ਦੁਨੀਆ ਭਰ ਵਿੱਚ ਸਿੱਖ ਪੰਥ ਦੇ ਅਕਸ ਨੂੰ ਢਾਹ ਲਾਉਂਦੀਆਂ ਹਨ ਅਤੇ ਲੋਕਾਂ ਵਿੱਚ ਨਫ਼ਰਤ ਪੈਦਾ ਕਰਦੀਆਂ ਹਨ। ਸਿੱਖ ਦਾ ਕਿਰਦਾਰ ਅਜਿਹਾ ਨਹੀਂ ਹੋਣਾ ਚਾਹੀਦਾ।ਪੱਛਮੀ ਫ਼ਲਸਫ਼ੇ ਦੇ ਪਿਤਾਮਾ ਸੁਕਰਾਤ ਨੇ ਕਿਹਾ ਸੀ ਕਿ ਆਪਣੇ ਆਪ ਨੂੰ ਜਾਣਨਾ ,ਪਛਾਣਨਾ ਅਤੇ ਆਪਣੇ ਸੁਭਾਅ 'ਤੇ ਕਾਬੂ ਪਾਉਣਾ ਹੀ ਸਭ ਤੋਂ ਵੱਡੀ ਅਕਲਮੰਦੀ ਹੈ।"

ਸਿੱਖਾਂ ਨੂੰ ਹਿੰਸਾ ਤੋਂ ਪੂਰੀ ਤਰ੍ਹਾਂ ਬਚਣਾ ਚਾਹੀਦਾ ਹੈ। ਆਪਣੀ ਸੁਰੱਖਿਆ ਕਰਨਾ ਹਰ ਇਨਸਾਨ ਦਾ ਹੱਕ ਹੈ, ਪਰ ਹਮਲਾਵਰ ਹੋਣਾ ਗੁਰੂ ਮਰਿਆਦਾ ਦੇ ਉਲਟ ਹੈ।

ਗੁਰੂ ਸਾਹਿਬਾਨ ਨੇ ਜਿਸ ਸਿੱਖ ਕਿਰਦਾਰ ਦੀ ਸਿਰਜਣਾ ਕੀਤੀ ਸੀ, ਉਹ ਸਹਿਜ, ਮਨੁੱਖਤਾ ਪੱਖੀ, ਨਿਆਂਪੱਖੀ ਅਤੇ ਸ਼ਾਂਤਮਈ ਸੀ। ਕਿਰਪਾਨ ਜ਼ੁਲਮ ਕਰਨ ਲਈ ਨਹੀਂ, ਸਗੋਂ ਮਜ਼ਲੂਮ ਦੀ ਰੱਖਿਆ ਲਈ ਹੈ। ਜਰਮਨ ਫ਼ਿਲਾਸਫ਼ਰ ਇਮੈਨੁਅਲ ਕਾਂਟ ਦੇ 'Categorical Imperative' ਦੇ ਸਿਧਾਂਤ ਮੁਤਾਬਕ:

"ਇਨਸਾਨ ਨੂੰ ਹਮੇਸ਼ਾ ਅਜਿਹਾ ਕਰਮ ਕਰਨਾ ਚਾਹੀਦਾ ਹੈ ਜੋ ਪੂਰੇ ਸੰਸਾਰ ਲਈ ਇੱਕ ਸਰਵਵਿਆਪੀ ਨਿਯਮ ਬਣ ਸਕੇ।"

ਜੇਕਰ ਸਿੱਖਾਂ ਦਾ ਕਿਰਦਾਰ ਉੱਚਾ-ਸੁੱਚਾ ਹੋਵੇਗਾ, ਤਾਂ ਸੰਸਾਰ ਵਿੱਚ ਸਾਡੀ ਪਛਾਣ ਇੱਕ ਬਿਹਤਰ, ਸੱਭਿਆਚਾਰਕ ਅਤੇ ਨੈਤਿਕ ਕੌਮ ਵਜੋਂ ਬਣੀ ਰਹੇਗੀ। ਸਾਨੂੰ ਆਪਣੇ ਆਪ ਨੂੰ ਹਿੰਸਕ ਵਜੋਂ ਪੇਸ਼ ਹੋਣ ਤੋਂ ਰੋਕਣਾ ਪਵੇਗਾ। ਗੁਰਸਿਖੀ ਦੇ ਮਾਰਗ ਵਲ ਜਾਣਾ ਪਵੇਗਾ।

ਇਸ ਸਮੇਂ ਸੰਸਾਰ ਭਰ ਵਿੱਚ ਜਿੱਥੇ-ਜਿੱਥੇ ਵੀ ਸੂਝਵਾਨ ਸਿੱਖ ਪੰਥਕ ਜਥੇਬੰਦੀਆਂ ਮੌਜੂਦ ਹਨ, ਉਨ੍ਹਾਂ ਨੂੰ ਇਸ ਨਕਾਰਾਤਮਕ ਰੁਝਾਨ ਨੂੰ ਰੋਕਣ ਲਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ। ਨੌਜਵਾਨ ਪੀੜ੍ਹੀ ਨੂੰ ਕਿਰਪਾਨ ਦੇ ਅਧਿਆਤਮਕ ਅਤੇ ਸਮਾਜਿਕ ਮਹੱਤਵ ਬਾਰੇ ਜਾਗਰੂਕ ਕਰਨਾ ਪਵੇਗਾ।ਬ੍ਰਿਟਿਸ਼ ਅਦਾਲਤ ਵਿੱਚ ਪ੍ਰੋਸੀਕਿਊਟਰ ਨੇ ਬਿਲਕੁਲ ਠੀਕ ਕਿਹਾ ਸੀ ਕਿ "ਇਹ ਕੇਸ ਸਿੱਖ ਧਰਮ ਬਾਰੇ ਨਹੀਂ, ਸਗੋਂ ਇੱਕ ਕਤਲ ਬਾਰੇ ਹੈ।" ਸਰਕਾਰ ਨੂੰ ਇਹ ਸਮਝਣਾ ਹੋਵੇਗਾ ਕਿ ਅਪਰਾਧੀ ਦਾ ਕੋਈ ਧਰਮ ਨਹੀਂ ਹੁੰਦਾ। ਪਰ ਇਸ ਦੇ ਨਾਲ ਹੀ ਸਿੱਖ ਕੌਮ ਨੂੰ ਵੀ ਅਜਿਹਾ ਮਾਹੌਲ ਸਿਰਜਣਾ ਪਵੇਗਾ ਜਿਸਨਾਲ ਸਿਖ ਕੌਮ ਦਾ ਸੰਦੇਸ਼ ਜਾਵੇ ਕਿ ਇਹ ਸ਼ਾਂਤਮਈ ਤੇ ਨੈਤਿਕ ਆਦਰਸ਼ਵਾਦੀ ਕੌਮ ਹੈ। "ਨੈਤਿਕਤਾ ਕੋਈ ਇੱਕ ਦਿਨ ਦਾ ਕਾਰਜ ਨਹੀਂ, ਬਲਕਿ ਇੱਕ ਆਦਤ ਹੈ।" ਸਾਨੂੰ ਆਪਣੇ ਗੁਰੂਆਂ ਵੱਲੋਂ ਬਖਸ਼ੇ ਉੱਚ ਨੈਤਿਕ ਕਿਰਦਾਰ ਨੂੰ ਆਪਣੀ ਰੋਜ਼ਾਨਾ ਦੀ ਆਦਤ ਬਣਾ ਕੇ ਪੂਰੀ ਦੁਨੀਆ ਦੇ ਸਾਹਮਣੇ ਮਿਸਾਲ ਪੇਸ਼ ਕਰਨੀ ਪਵੇਗੀ।

## ਕਾਂਗਰਸ ਦਾ ਪਤਨ ਕਿਉਂ

ਪੰਜਾਬ ਵਿੱਚ ਅਗਲੇ ਸਾਲ (2027) ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਸਮਾਂ ਜਿਉਂ-ਜਿਉਂ ਨੇੜੇ ਆ ਰਿਹਾ ਹੈ, ਸੂਬਾ ਕਾਂਗਰਸ ਵਿੱਚ ਅੰਦਰੂਨੀ ਖਿੱਚੋਤਾਣ ਅਤੇ ਗੁੱਟਬਾਜ਼ੀ ਹੋਰ ਤਿੱਖੀ ਹੁੰਦੀ ਜਾ ਰਹੀ ਹੈ। ਹਾਲ ਹੀ ਵਿੱਚ ਹੋਈਆਂ ਸਥਾਨਕ ਨਿਕਾਏ (ਮਿਉਂਸਪਲ) ਚੋਣਾਂ ਵਿੱਚ ਪਾਰਟੀ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਨੇ ਇਸ ਕਲੇਸ਼ ਨੂੰ ਜਨਤਕ ਕਰ ਦਿੱਤਾ ਹੈ। ਦਿੱਲੀ ਵਿੱਚ ਹਾਈਕਮਾਂਡ ਵੱਲੋਂ ਸੱਦੀ ਗਈ ਉੱਚ ਪੱਧਰੀ ਬੈਠਕ ਦੌਰਾਨ ਜਿਸ ਤਰ੍ਹਾਂ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਮੀਟਿੰਗ ਦੇ ਵਿਚਕਾਰੋਂ ਬਾਹਰ ਨਿਕਲ ਗਏ, ਉਹ ਸਾਬਤ ਕਰਦਾ ਹੈ ਕਿ ਕਾਂਗਰਸ ਦੇ ਅੰਦਰ ਸਭ ਕੁਝ ਠੀਕ ਨਹੀਂ ਹੈ। ਚੋਣਾਂ ਸਿਰ 'ਤੇ ਹੋਣ ਦੇ ਬਾਵਜੂਦ ਪਾਰਟੀ ਲੀਡਰਸ਼ਿਪ ਇੱਕਜੁੱਟ ਹੋਣ ਦੀ ਬਜਾਏ ਵੱਖ-ਵੱਖ ਖੇਮਿਆਂ ਵਿੱਚ ਵੰਡੀ ਨਜ਼ਰ ਆ ਰਹੀ ਹੈ। ਇਸ ਵੇਲੇ ਪੰਜਾਬ ਕਾਂਗਰਸ ਵਿੱਚ ਸਿਆਸੀ ਵਰਚਸਵ ਦੀ ਜੰਗ ਬਹੁਤ ਡੂੰਘੀ ਹੋ ਚੁੱਕੀ ਹੈ। ਇੱਕ ਪਾਸੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੇ ਆਪਣੇ ਧੜੇ ਸਰਗਰਮ ਹਨ, ਉੱਥੇ ਹੀ ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੀ ਵੱਖਰੀ ਸਿਆਸੀ ਜ਼ਮੀਨ ਤਿਆਰ ਕਰ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਰੇਡੀਕਲ ਤਬਦੀਲੀ ਦੇਖਣ ਨੂੰ ਮਿਲੀ ਹੈ; ਜਿੱਥੇ ਰਾਣਾ ਗੁਰਜੀਤ ਸਿੰਘ ਨੇ ਆਪਣੇ ਇਲਾਕੇ ਵਿੱਚ ਜਿੱਤ ਦਰਜ ਕਰਵਾ ਕੇ ਆਪਣਾ ਦਬਦਬਾ ਬਣਾਇਆ ਹੈ, ਉੱਥੇ ਹੀ ਚਮਕੌਰ ਸਾਹਿਬ ਵਿੱਚ ਚੰਗੇ ਪ੍ਰਦਰਸ਼ਨ ਕਾਰਨ ਚੰਨੀ ਦਾ ਸਿਆਸੀ ਕੱਦ ਮੁੜ ਵਧਿਆ ਹੈ। ਬਾਕੀ ਹਿਸਾ ਸਫਾ 9 ਤੇ ਪੜ੍ਹੋ →

**NEWS & VIEWS**

# WHY SIKH SCHOLARS HAVE FAILED TO CONVEY SIKHI NEW AGE MESSAGE TO THE MASSES



Gurmukh Singh OBE

**ਮਨਮੁਖ ਪੜਹਿ ਪੰਡਿਤ ਕਹਾਵਹਿ ॥**

The self-willed manmukhs read and recite; they are called Pandits-(scholars).
SGGS 128

Post-partition (1947) Sikh scholars have failed to make an impact on the masses; nor have they been able to respond in a timely manner to the distortion of Sikh history by anti-Sikh elements and some Indian scholars, for example those employed by the Indian National Council of Educational Research and Training (NCERT) relying on hostile Mughal reports and Persian sources.

Most modern Sikh scholars have simply chased higher qualifications. Their research is for other serious students and scholars and to qualify for higher degrees and positions. Their work is way above the heads of average readers.

Classical Sikh scholars had in-depth knowledge of Gurbani and experience of lived-Sikhi. They were not chasing degrees or trying to impress other scholars with abstract concepts and high-flown language. They were humble Gur-Sikhs. They followed in the footsteps of the Guru to take the simple message of Sikhi to the masses. Think of the teaching tours of Guru Nanak Sahib and Guru Tegh Bahadur. They travelled extensively and showed the way while discoursing with the most learned pundits, Muslim scholars and holy people of the time.
The Sikhi message of Shabad-Guru was understood by diverse urban and rural audiences, by the kings and paupers. In short, the intellectual depth of Sikh scholars was conveyed in the language of the people.

Amongst the traditional scholars the name of Bhai Gurdas is at the top. Traditionally, Sikhs believe that the 40 Vars of Bhai Gurdas were approved by the Guru Arjan Dev Ji as the key to unlocking and understanding the basic Sikhi teachings and concepts with direct reference to Gurbani. He was a historian and a missionary. He knew many languages and wrote the lives of the first six Gurus. He bridged diverse philosophical texts and interpreted the true spirit of Gurbani for the masses. Numerous folk sayings (akhaan) are quotations from Bhai Gurdas. So followed a tradition of scholars like Bhai Mani Singh and Bhai Nand Lal. The main qualities of authentic Sikh scholars have been summarised to include: deep scriptural and historical mastery. They possess profound knowledge of Gurbani and Sikh history, approaching texts with transparency, academic honesty, and critical thinking, humility and open-mindedness. They recognize the vastness of divine wisdom. Scholarship in Sikhi is a lived experience. True Sikh scholars maintain an active personal spiritual practice (Naam Simran) to ensure their teachings come from a place of realization rather than mere intellectual exercise. They advocate for the egalitarian principles of Sikhi, actively speaking out for human rights, equality, and poverty alleviation. They bridge the gap between complex theology and the modern world, encouraging the Sangat (congregation) to think critically and reflect on their faith.

Amongst later scholars we are reminded of Bhai Kahn Singh Nabha, Prof. Sahib Singh and some others. Otherwise, many have been influenced either by Brahmanical and derawaadi thought or are biased against the Sikhi mission of the Gurus.
Sikh scholars need to study the methodology used by classical Sikh scholars. They should look for the meaning of Gurbani within Gurbani Itself and not resort to non-Sikh Western philosophies, ideologies and systems to compare and authenticate Sikhi ideology and great institutions.

They should write and speak in the language of the people to spread the simple Message of Guru Nanak Sahib practised through Guru and Khalsa Ithaas (history and tradition).

Gurmukh Singh OBE, Ret'd Principal Civil Servant (UK) sewauk2005@yahoo.co.uk

ਮਾਮਲਾ ਗੁਰਪਤਵੰਤ ਪੰਨੂ ਕਤਲ ਸਾਜ਼ਿਸ਼ ਕੇਸ ਦਾ

# ਬਚਾਅ ਪੱਖ ਦੀ ਅਪੀਲ 'ਤੇ ਅਮਰੀਕੀ ਕੋਰਟ ਨੇ ਨਿਖਿਲ ਗੁਪਤਾ ਦੀ ਟਾਲੀ ਸਜ਼ਾ, ਘੱਟੋ-ਘੱਟ ਹੋ ਸਕਦੀ ਹੈ 19 ਸਾਲ ਦੀ ਕੈਦ

## ✪ ਜਾਣੋ ਅਮਰੀਕੀ ਅਦਾਲਤ ਦੀ ਕਾਰਵਾਈ ਅਤੇ ਭਾਰਤ ਦਾ ਰੁਖ਼ ✪ ਰਾਅ ਅਧਿਕਾਰੀ ਦਾ ਕਥਿਤ ਲਿੰਕ ਅਤੇ 15,000 ਡਾਲਰ ਦੀ ਐਡਵਾਂਸ ਪੇਮੈਂਟ: ਕੀ ਹੈ ਨਿਖਿਲ ਗੁਪਤਾ ਮਾਮਲਾ?

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

ਅਮਰੀਕੀ ਧਰਤੀ 'ਤੇ ਸਿੱਖ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਵਿੱਚ ਘਿਰੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੀ ਸਜ਼ਾ ਨੂੰ ਅਮਰੀਕੀ ਅਦਾਲਤ ਵੱਲੋਂ ਟਾਲ ਦਿੱਤਾ ਜਾਣਾ ਇਸ ਗੁੰਝਲਦਾਰ ਮਾਮਲੇ ਵਿੱਚ ਇੱਕ ਨਵਾਂ ਮੋੜ ਹੈ। 29 ਮਈ ਨੂੰ ਸੁਣਾਈ ਜਾਣ ਵਾਲੀ ਸਜ਼ਾ ਹੁਣ ਬਚਾਅ ਪੱਖ ਦੀ ਬੇਨਤੀ 'ਤੇ 25 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਨਿਖਿਲ ਗੁਪਤਾ ਵੱਲੋਂ ਇਸ ਸਾਲ ਫਰਵਰੀ ਵਿੱਚ ਆਪਣੇ ਗੁਨਾਹ ਕਬੂਲ ਕੀਤੇ ਜਾਣ ਤੋਂ ਬਾਅਦ, ਇਹ ਮਾਮਲਾ ਹੁਣ ਸਿਰਫ਼ ਇੱਕ ਅਪਰਾਧਿਕ ਕੇਸ ਨਹੀਂ ਰਿਹਾ, ਸਗੋਂ ਇਹ ਭਾਰਤ ਅਤੇ ਅਮਰੀਕਾ ਦੇ ਰਣਨੀਤਕ ਤੇ ਕੂਟਨੀਤਕ ਸਬੰਧਾਂ ਦੀ ਇੱਕ ਵੱਡੀ ਪ੍ਰੀਖਿਆ ਬਣ ਚੁੱਕਾ ਹੈ।

ਅਮਰੀਕੀ ਸੰਘੀ ਵਕੀਲਾਂ ਅਤੇ ਐਫ.ਬੀ.ਆਈ. ਦਾ ਦਾਅਵਾ ਹੈ ਕਿ ਇਹ ਸਿੱਧੇ ਤੌਰ 'ਤੇ ਅਮਰੀਕੀ ਨਾਗਰਿਕਤਾ ਵਾਲੇ ਵਿਅਕਤੀ ਨੂੰ ਅਮਰੀਕੀ ਧਰਤੀ 'ਤੇ ਚੁੱਪ ਕਰਾਉਣ ਦੀ ਇੱਕ ਵਿਦੇਸ਼ੀ ਸਾਜ਼ਿਸ਼ ਸੀ। ਅਮਰੀਕੀ ਏਜੰਸੀਆਂ ਅਨੁਸਾਰ, ਨਿਖਿਲ ਗੁਪਤਾ (ਜਿਸ ਨੂੰ ਉਹ ਨਸ਼ਾ ਤਸਕਰ ਦੱਸਦੇ ਹਨ) ਨੇ ਭਾਰਤ ਦੇ ਕੈਬਨਿਟ ਸਕੱਤਰੇਤ (ਜਿੱਥੇ ਰਾਅ ਕੰਮ ਕਰਦੀ ਹੈ) ਦੇ ਤਤਕਾਲੀ ਅਧਿਕਾਰੀ ਵਿਕਾਸਸ ਯਾਦਵ ਦੇ ਨਿਰਦੇਸ਼ਾਂ 'ਤੇ 100,000 ਡਾਲਰ ਵਿੱਚ ਇੱਕ ਹਿੱਟਮੈਨ ਦੀ ਸੇਵਾ ਲਈ ਸੰਪਰਕ ਕੀਤਾ ਸੀ।

ਜਿਸ ਵਿਅਕਤੀ ਨੂੰ ਗੁਪਤਾ ਨੇ ਅਪਰਾਧੀ ਸਮਝਿਆ, ਉਹ ਅਸਲ ਵਿੱਚ ਅਮਰੀਕੀ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਦਾ ਗੁਪਤ ਮੁਖ਼ਬਰ ਸੀ।ਗੁਪਤਾ 'ਤੇ ਮਨੀ ਲਾਂਡਰਿੰਗ ਅਤੇ ਕਤਲ ਲਈ ਸੁਪਾਰੀ ਦੇਣ ਵਰਗੇ ਗੰਭੀਰ ਦੋਸ਼ ਹਨ, ਜਿਸ ਤਹਿਤ ਉਸ ਨੂੰ ਘੱਟੋ-ਘੱਟ 19 ਸਾਲ ਦੀ ਕੈਦ ਹੋ ਸਕਦੀ ਹੈ। ਅਮਰੀਕਾ ਇਸ ਨੂੰ ਆਪਣੀ ਪ੍ਰਭੂਸੱਤਾ 'ਤੇ ਹਮਲੇ ਵਜੋਂ ਦੇਖ ਰਿਹਾ ਹੈ।

ਭਾਰਤ ਸਰਕਾਰ ਨੇ ਸ਼ੁਰੂ ਤੋਂ ਹੀ ਇਸ ਸਾਜ਼ਿਸ਼ ਵਿੱਚ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਸ਼ਮੂਲੀਅਤ ਤੋਂ ਸਾਫ਼ ਇਨਕਾਰ ਕੀਤਾ ਹੈ।ਨਵੀਂ ਦਿੱਲੀ ਦਾ ਕਹਿਣਾ ਹੈ ਕਿ ਕਿਸੇ ਦੂਜੇ ਦੇਸ਼ ਵਿੱਚ ਅਜਿਹੇ ਨਿਸ਼ਾਨਾ ਬਣਾ ਕੇ ਕਤਲ ਕਰਨਾ ਭਾਰਤ ਸਰਕਾਰ ਦੀ ਅਧਿਕਾਰਤ ਨੀਤੀ ਦਾ ਹਿੱਸਾ ਨਹੀਂ ਹੈ।ਅਮਰੀਕਾ ਵੱਲੋਂ ਸਬੂਤ ਸਾਂਝੇ ਕੀਤੇ ਜਾਣ ਤੋਂ ਬਾਅਦ, ਭਾਰਤ ਨੇ ਇੱਕ ਉੱਚ-ਪੱਧਰੀ ਜਾਂਚ ਕਮੇਟੀ ਬਣਾਈ ਸੀ। ਜਨਵਰੀ 2025 ਵਿੱਚ, ਗ੍ਰਹਿ ਮੰਤਰਾਲੇ ਨੇ




ਇਸ ਜਾਂਚ ਦੇ ਆਧਾਰ 'ਤੇ ਇੱਕ ਅਣਪਛਾਤੇ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਵੀ ਕੀਤੀ ਸੀ, ਹਾਲਾਂਕਿ ਇਸ ਵਿੱਚ ਸਰਕਾਰ ਦੀ ਕਿਸੇ ਭੂਮਿਕਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ।

ਨਿਖਿਲ ਗੁਪਤਾ ਦੇ ਗੁਨਾਹ ਕਬੂਲਣ ਤੋਂ ਬਾਅਦ ਵੀ ਭਾਰਤ ਨੇ ਉਸ ਨੂੰ ਇੱਕ "ਨਿੱਜੀ ਵਿਅਕਤੀ" ਕਰਾਰ ਦਿੱਤਾ ਹੈ, ਜਿਸ ਦਾ ਭਾਰਤੀ ਖੁਫੀਆ ਏਜੰਸੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਇਸ ਕੇਸ ਦਾ ਸਭ ਤੋਂ ਗੁੰਝਲਦਾਰ ਹਿੱਸਾ ਵਿਕਾਸ ਯਾਦਵ ਹੈ, ਜਿਸ ਨੂੰ ਅਮਰੀਕਾ ਨੇ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕਰਕੇ ਐਫਬੀਆਈ ਦੀ 'ਮੋਸਟ ਵਾਂਟੇਡ' ਸੂਚੀ ਵਿੱਚ ਪਾਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਯਾਦਵ ਹੁਣ ਸਰਕਾਰੀ ਕਰਮਚਾਰੀ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਜਦੋਂ ਇਹ ਮਾਮਲਾ ਗਰਮਾਇਆ, ਤਾਂ ਦਸੰਬਰ 2023 ਵਿੱਚ ਦਿੱਲੀ ਪੁਲਿਸ ਨੇ ਵਿਕਾਸ਼ ਯਾਦਵ ਨੂੰ ਇੱਕ ਕਾਰੋਬਾਰੀ ਦੇ ਅਗਵਾ ਅਤੇ ਫਿਰੌਤੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ, ਜਿੱਥੇ ਉਸ ਦੇ ਤਾਰ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਜੁੜੇ ਹੋਣ ਦੇ ਦੋਸ਼ ਵੀ ਲੱਗੇ ਸਨ।

ਇਸ ਮਾਮਲੇ ਦੇ ਤਾਰ ਜੂਨ 2023 ਵਿੱਚ ਕੈਨੇਡਾ ਵਿੱਚ ਹੋਏ ਸਿੱਖ ਆਗੂ ਹਰਦੀਪ ਸਿੰਘ ਨਿਜਰ ਦੇ ਕਤਲ ਨਾਲ ਵੀ ਜੋੜੇ ਜਾ ਰਹੇ ਹਨ। ਅਮਰੀਕੀ ਕੋਰਟ ਫਾਈਲਾਂ ਮੁਤਾਬਕ, ਨਿਜਰ ਦੇ ਕਤਲ ਤੋਂ ਬਾਅਦ ਗੁਪਤਾ ਨੇ ਕਥਿਤ ਤੌਰ 'ਤੇ ਹਿੱਟਮੈਨ ਨੂੰ ਪੰਨੂ ਦੇ ਕਤਲ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਸੀ। ਇਸ ਘਟਨਾ ਨੇ ਭਾਰਤ ਦੇ ਪੱਛਮੀ ਦੇਸ਼ਾਂ, ਖਾਸ ਕਰਕੇ ਕੈਨੇਡਾ ਅਤੇ ਅਮਰੀਕਾ ਨਾਲ ਸਬੰਧਾਂ ਵਿੱਚ ਤਣਾਅ ਪੈਦਾ ਕੀਤਾ ਹੈ।

ਨਿਖਿਲ ਗੁਪਤਾ ਦੀ ਸਜ਼ਾ ਦਾ ਸਤੰਬਰ ਤੱਕ ਟਲਣਾ ਸ਼ਾਇਦ ਪਰਦੇ ਦੇ ਪਿੱਛੇ ਚੱਲ ਰਹੀ ਕਿਸੇ ਕਾਨੂੰਨੀ ਰਣਨੀਤੀ ਜਾਂ ਜਾਂਚ ਵਿੱਚ ਸਹਿਯੋਗ ਦਾ ਹਿੱਸਾ ਹੋ ਸਕਦਾ ਹੈ। ਪਰ ਵੱਡਾ ਸਵਾਲ ਇਹ ਹੈ ਕਿ ਕੀ ਇਹ ਮਾਮਲਾ ਭਾਰਤ-ਅਮਰੀਕਾ ਦੇ ਮਜ਼ਬੂਤ ਹੁੰਦੇ ਰਣਨੀਤਕ ਸਬੰਧਾਂ 'ਤੇ ਪਰਛਾਵਾਂ ਪਾਵੇਗਾ? ਭਾਰਤ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਜਾਂਚ ਨੂੰ ਪਾਰਦਰਸ਼ੀ ਰੱਖੇ ਤਾਂ ਜੋ ਅੰਤਰਰਾਸ਼ਟਰੀ ਪੱਧਰ 'ਤੇ ਉਸ ਦੀ ਸਾਖ਼ ਨੂੰ ਕੋਈ ਠੇਸ ਨਾ ਪਹੁੰਚੇ, ਜਦਕਿ ਅਮਰੀਕਾ ਲਈ ਇਹ ਆਪਣੇ ਘਰੇਲੂ ਕਾਨੂੰਨ ਅਤੇ ਨਾਗਰਿਕਾਂ ਦੀ ਸੁਰੱਖਿਆ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਸਵਾਲ ਹੈ। ਅੰਤਿਮ ਫੈਸਲਾ ਅਤੇ ਆਉਣ ਵਾਲੇ ਤੱਥ ਹੀ ਇਸ ਵਿਵਾਦ ਦੀ ਅਗਲੀ ਦਿਸ਼ਾ ਤੈਅ ਕਰਨਗੇ। ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ (ਨਿਖਿਲ ਗੁਪਤਾ ਮਾਮਲੇ) ਨੂੰ ਲੈ ਕੇ ਅਮਰੀਕਾ ਦੀ ਨੀਤੀ ਕੈਨੇਡਾ ਨਾਲੋਂ ਕਾਫ਼ੀ ਵੱਖਰੀ ਅਤੇ ਦੋਹਰੇ ਪੱਧਰ 'ਤੇ ਕੰਮ ਕਰ ਰਹੀ ਹੈ। ਅਮਰੀਕਾ ਇਸ ਮਾਮਲੇ ਨੂੰ ਪੂਰੀ ਤਰ੍ਹਾਂ 'ਭੁਲਾ' ਨਹੀਂ ਰਿਹਾ, ਪਰ ਉਹ ਇਸ ਵਿਵਾਦ ਦੇ ਕਾਰਨ ਭਾਰਤ ਨਾਲ ਆਪਣੇ ਵਪਾਰਕ ਅਤੇ ਰਣਨੀਤਕ ਸਬੰਧਾਂ ਨੂੰ ਟੁੱਟਣ ਵੀ ਨਹੀਂ ਦੇ ਰਿਹਾ।ਅਮਰੀਕਾ ਇਹ ਸਾਫ਼ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਉਹ ਆਪਣੀ ਧਰਤੀ 'ਤੇ ਕਿਸੇ ਵੀ ਦੇਸ਼ ਦੀ ਖੁਫੀਆ ਏਜੰਸੀ ਨੂੰ 'ਟਰਾਂਸਨੈਸ਼ਨਲ ਰਿਪ੍ਰੈਸ਼ਨ' (ਵਿਦੇਸ਼ ਵਿੱਚ ਬੈਠੇ ਆਲੋਚਕਾਂ ਨੂੰ ਦਬਾਉਣ ਜਾਂ ਮਾਰਨ) ਦੀ ਇਜਾਜ਼ਤ ਨਹੀਂ ਦੇਵੇਗਾ। ਇਹੀ ਕਾਰਨ ਹੈ ਕਿ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਵਿਕਾਸ ਯਾਦਵ ਅਜੇ ਵੀ ਐਫਬੀਆਈ ਦੀ 'ਮੋਸਟ ਵਾਂਟੇਡ' ਸੂਚੀ ਵਿੱਚ ਸ਼ਾਮਲ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਦੀ ਨੀਤੀ ਬਹੁਤ ਵਿਹਾਰਕ ਹੈ। ਉਹ ਅਦਾਲਤੀ ਪੱਧਰ 'ਤੇ ਨਿਖਿਲ ਗੁਪਤਾ ਵਰਗਿਆਂ ਨੂੰ ਸਜ਼ਾ ਦੇ ਕੇ ਆਪਣੇ ਕਾਨੂੰਨ ਦੀ ਪਾਲਣਾ ਕਰਵਾਏਗਾ, ਪਰ ਸਰਕਾਰੀ ਪੱਧਰ 'ਤੇ ਭਾਰਤ ਨਾਲ ਵਪਾਰ, ਰੱਖਿਆ ਸਮਝੌਤੇ ਅਤੇ ਚੀਨ ਵਿਰੋਧੀ ਰਣਨੀਤੀ ਨੂੰ ਬਿਨਾਂ ਰੁਕਾਵਟ ਜਾਰੀ ਰੱਖੇਗਾ। ਯਾਨੀ, ਅਮਰੀਕਾ ਇਸ ਮੁੱਦੇ ਨੂੰ ਭਾਰਤ-ਅਮਰੀਕਾ ਸਬੰਧਾਂ ਦੇ ਰਾਹ ਦਾ ਰੋੜਾ ਨਹੀਂ ਬਣਨ ਦੇ ਰਿਹਾ।

******

## ਸੰਪਾਦਕੀ-8 ਸਫ਼ੇ ਦੀ ਬਾਕੀ

ਇਸ ਦੇ ਉਲਟ, ਰਾਜਾ ਵੜਿੰਗ ਦੇ ਆਪਣੇ ਗੜ੍ਹ ਗਿੱਦੜਬਾਹਾ ਵਿੱਚ ਪਾਰਟੀ ਦੀ ਕਰਾਰੀ ਹਾਰ ਨੇ ਉਨ੍ਹਾਂ ਨੂੰ ਵਿਰੋਧੀ ਖੇਮੇ ਦੇ ਸਿੱਧੇ ਨਿਸ਼ਾਨੇ 'ਤੇ ਲਿਆ ਦਿੱਤਾ ਹੈ।

ਕਾਂਗਰਸ ਦੀ ਮੌਜੂਦਾ ਲੀਡਰਸ਼ਿਪ 'ਤੇ ਸਭ ਤੋਂ ਵੱਡਾ ਸਵਾਲੀਆ ਚਿੰਨ੍ਹ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਉਪ-ਚੋਣਾਂ ਨੇ ਲਗਾਇਆ ਹੈ। ਵੜਿੰਗ ਅਤੇ ਰੰਧਾਵਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ, ਜਦੋਂ ਉਨ੍ਹਾਂ ਦੀਆਂ ਖਾਲੀ ਹੋਈਆਂ ਸੀਟਾਂ 'ਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ, ਤਾਂ ਕਾਂਗਰਸ ਨੂੰ ਦੋਵਾਂ ਸੀਟਾਂ 'ਤੇ ਹਾਰ ਦਾ ਮੂੰਹ ਦੇਖਣਾ ਪਿਆ। ਆਪਣੀਆਂ ਹੀ ਪਰਿਵਾਰਕ ਸੀਟਾਂ ਨਾ ਬਚਾ ਪਾਉਣਾ ਅਤੇ ਹੁਣ ਨਿਕਾਏ ਚੋਣਾਂ ਵਿੱਚ ਪਛੜ ਜਾਣਾ, ਇਹ ਸਾਫ਼ ਇਸ਼ਾਰਾ ਕਰਦਾ ਹੈ ਕਿ ਸੰਗਠਨਾਤਮਕ ਪੱਧਰ 'ਤੇ ਗੰਭੀਰ ਕਮੀਆਂ ਹਨ। ਹਾਲਾਂਕਿ ਸੂਬਾ ਇੰਚਾਰਜ ਭੂਪੇਸ਼ ਬਘੇਲ ਮੌਜੂਦਾ ਸਮੇਂ ਪ੍ਰਧਾਨ ਬਦਲਣ ਦੀ ਚਰਚਾ ਤੋਂ ਇਨਕਾਰ ਕਰ ਰਹੇ ਹਨ, ਪਰ ਹਾਈਕਮਾਂਡ ਅੰਦਰ ਇਹ ਚਿੰਤਾ ਲਾਜ਼ਮੀ ਹੈ ਕਿ ਇਸ ਬਿਖਰੇ ਹੋਏ ਸੰਗਠਨ ਨਾਲ 2027 ਦੀ ਜੰਗ ਕਿਵੇਂ ਜਿੱਤੀ ਜਾਵੇਗੀ। ਇਤਿਹਾਸ ਗਵਾਹ ਹੈ ਕਿ ਕਾਂਗਰਸ ਨੂੰ ਪੰਜਾਬ ਵਿੱਚ ਬਾਹਰੀ ਵਿਰੋਧੀਆਂ ਨੇ ਉਤਨਾ ਨੁਕਸਾਨ ਨਹੀਂ ਪਹੁੰਚਾਇਆ, ਜਿੰਨਾ ਉਸ ਦੀ ਆਪਣੀ ਅੰਦਰੂਨੀ ਗੁੱਟਬਾਜ਼ੀ ਨੇ ਪਹੁੰਚਾਇਆ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਦੀ ਹਾਰ ਤੋਂ ਵੀ ਪਾਰਟੀ ਨੇ ਕੋਈ ਸਬਕ ਨਹੀਂ ਸਿੱਖਿਆ। ਜੇਕਰ ਕਾਂਗਰਸ ਹਾਈਕਮਾਂਡ ਨੇ ਤੁਰੰਤ ਸਖ਼ਤ ਫੈਸਲੇ ਨਾ ਲਏ ਅਤੇ ਆਗੂਆਂ ਨੇ ਨਿੱਜੀ ਹਿੱਤਾਂ ਅਤੇ ਪਰਿਵਾਰਵਾਦ ਨੂੰ ਛੱਡ ਕੇ ਇੱਕਜੁੱਟਤਾ ਨਾ ਦਿਖਾਈ, ਤਾਂ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਮੁੜ ਉੱਭਰ ਰਹੀ ਭਾਜਪਾ ਦੇ ਸਾਹਮਣੇ ਕਾਂਗਰਸ ਲਈ ਪੰਜਾਬ ਦੀ ਸਿਆਸੀ ਪਿੱਚ 'ਤੇ ਟਿਕਣਾ ਬੇਹੱਦ ਮੁਸ਼ਕਲ ਹੋ ਜਾਵੇਗਾ। ਅੰਦਰੂਨੀ ਫੁਟ ਦੀ ਇਹ ਅੱਗ ਕਾਂਗਰਸ ਦੀਆਂ ਚੋਣ ਉਮੀਦਾਂ ਨੂੰ ਸੁਆਹ ਕਰ ਸਕਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

# ਅਮਰੀਕੀ ਸੰਸਦ ਵਿਚ ਮਤਾ ਪਾਸ: ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ

## ✪ ਇਰਾਨ ਵਿਰੁੱਧ ਫ਼ੌਜੀ ਸ਼ਕਤੀਆਂ ਨੂੰ ਸੀਮਤ ਕਰਨ ਦੀ ਤਿਆਰੀ

ਵਾਸ਼ਿੰਗਟਨ (ਇੰਟਰਨੈਸ਼ਨਲ ਡੈਸਕ)- ਮਿਡਲ ਈਸਟ (ਮੱਧ ਪੂਰਬ) ਵਿੱਚ ਚੱਲ ਰਹੇ ਭਾਰੀ ਤਣਾਅ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਵੱਡਾ ਸਿਆਸੀ ਝਟਕਾ ਲੱਗਾ ਹੈ। ਅਮਰੀਕੀ ਸੰਸਦ ਵਿੱਚ ਰਾਸ਼ਟਰਪਤੀ ਦੀਆਂ ਫ਼ੌਜੀ ਸ਼ਕਤੀਆਂ ਨੂੰ ਸੀਮਤ ਕਰਨ ਵਾਲਾ ਇੱਕ ਅਹਿਮ ਮਤਾ ਪਾਸ ਹੋ ਗਿਆ ਹੈ। ਇਸ ਮਤੇ ਦਾ ਮੁੱਖ ਉਦੇਸ਼ ਰਾਸ਼ਟਰਪਤੀ ਵੱਲੋਂ ਬਿਨਾਂ ਸੰਸਦ ਦੀ ਮਨਜ਼ੂਰੀ ਦੇ ਚਲਾਈਆਂ ਜਾ ਰਹੀਆਂ ਫ਼ੌਜੀ ਕਾਰਵਾਈਆਂ 'ਤੇ ਲਗਾਮ ਲਗਾਉਣਾ ਹੈ। ਇਸ ਮਤੇ 'ਤੇ ਹੋਈ ਵੋਟਿੰਗ ਦੌਰਾਨ ਵੱਡਾ ਉਲਟਫੇਰ ਦੇਖਣ ਨੂੰ ਮਿਲਿਆ। ਇਹ ਮਤਾ 50-47 ਦੇ ਫਰਕ ਨਾਲ ਪਾਸ ਹੋਇਆ। ਟਰੰਪ ਲਈ ਸਭ ਤੋਂ ਪ੍ਰੇਸ਼ਾਨੀ ਵਾਲੀ ਗੱਲ ਇਹ ਰਹੀ ਕਿ ਉਨ੍ਹਾਂ ਦੀ ਆਪਣੀ ਹੀ ਪਾਰਟੀ (ਰਿਪਬਲੀਕਨ) ਦੇ 4 ਸੰਸਦ ਮੈਂਬਰਾਂ ਨੇ ਪਾਰਟੀ ਲਾਈਨ ਤੋਂ ਹਟ ਕੇ ਵਿਰੋਧੀ ਪਾਰਟੀ 'ਡੈਮੋਕ੍ਰੇਟਸ' ਦੇ ਮਤੇ ਦਾ ਸਮਰਥਨ ਕੀਤਾ। ਇਸ ਦੇ ਨਾਲ ਹੀ, 3 ਰਿਪਬਲੀਕਨ ਸੰਸਦ ਮੈਂਬਰ ਵੋਟਿੰਗ ਦੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋਏ।



### ਜੇਕਰ ਕਾਨੂੰਨ ਬਣਿਆ, ਤਾਂ ਕੀ ਹੋਵੇਗਾ ਅਸਰ ?

ਜੇਕਰ ਇਹ ਮਤਾ ਸਾਰੇ ਪੜਾਵਾਂ ਨੂੰ ਪਾਰ ਕਰਕੇ ਕਾਨੂੰਨ ਦਾ ਰੂਪ ਲੈ ਲੈਂਦਾ ਹੈ, ਤਾਂ ਟਰੰਪ ਸਰਕਾਰ 'ਤੇ ਹੇਠ ਲਿਖੀਆਂ ਪਾਬੰਦੀਆਂ ਲਾਗੂ ਹੋਣਗੀਆਂ:

ਟਰੰਪ ਸਰਕਾਰ ਨੂੰ ਇਰਾਨ ਖ਼ਿਲਾਫ਼ ਕੋਈ ਵੀ ਜੰਗ ਜਾਂ ਫ਼ੌਜੀ ਕਾਰਵਾਈ ਜਾਰੀ ਰੱਖਣ ਲਈ ਅਮਰੀਕੀ ਕਾਂਗਰਸ (ਸੰਸਦ) ਤੋਂ ਰਸਮੀ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ।

ਰਾਸ਼ਟਰਪਤੀ ਆਪਣੀ ਮਰਜ਼ੀ ਨਾਲ ਜੰਗ ਦਾ ਐਲਾਨ ਜਾਂ ਫ਼ੌਜਾਂ ਦੀ ਤਾਇਨਾਤੀ ਨਹੀਂ ਕਰ ਸਕਣਗੇ।

### ਕਾਨੂੰਨ ਬਣਨ ਦੇ ਰਾਹ ਵਿੱਚ ਅਜੇ ਵੀ ਹਨ ਕਈ ਅੜਿੱਕੇ

ਹਾਲਾਂਕਿ ਇਸ ਮਤੇ ਦਾ ਪਾਸ ਹੋਣਾ ਵਿਰੋਧੀ ਧਿਰ ਲਈ ਇੱਕ ਵੱਡੀ ਨੈਤਿਕ ਅਤੇ ਸਿਆਸੀ ਜਿੱਤ ਹੈ, ਪਰ ਇਸ ਨੂੰ ਮੁਕੰਮਲ ਕਾਨੂੰਨ ਬਣਨ ਲਈ ਅਜੇ ਲੰਮਾ ਸਫ਼ਰ ਤੈਅ ਕਰਨਾ ਪਵੇਗਾ:

ਸੀਨੇਟ ਦੀ ਆਖ਼ਰੀ ਵੋਟਿੰਗ ਤੋਂ ਬਾਅਦ, ਇਸ ਮਤੇ ਨੂੰ ਰਿਪਬਲੀਕਨ ਬਹੁਮਤ ਵਾਲੇ ਸਦਨ 'ਹਾਊਸ ਆਫ਼ ਰਿਪ੍ਰੇਜ਼ੈਂਟੇਟਿਵਜ਼' ਤੋਂ ਪਾਸ ਕਰਵਾਉਣਾ ਪਵੇਗਾ, ਜੋ ਕਿ ਕਾਫ਼ੀ ਮੁਸ਼ਕਲ ਹੈ।

ਜੇਕਰ ਇਹ ਮਤਾ ਉੱਥੋਂ ਪਾਸ ਹੋ ਵੀ ਜਾਂਦਾ ਹੈ, ਤਾਂ ਰਾਸ਼ਟਰਪਤੀ ਟਰੰਪ ਇਸ ਵਿਰੁੱਧ ਆਪਣੀ 'ਵੀਟੋ'ਸ਼ਕਤੀ ਦੀ ਵਰਤੋਂ ਕਰਕੇ ਇਸ ਨੂੰ ਰੱਦ ਕਰ ਸਕਦੇ ਹਨ।

ਟਰੰਪ ਦੇ ਵੀਟੋ ਨੂੰ ਬੇਅਸਰ ਕਰਨ ਲਈ ਸੰਸਦ ਦੇ ਦੋਵਾਂ ਸਦਨਾਂ ਵਿੱਚ ਦੋ-ਤਿਹਾਈ (2/3) ਬਹੁਮਤ ਦੀ ਲੋੜ ਪਵੇਗੀ, ਜੋ ਮੌਜੂਦਾ ਸਿਆਸੀ ਸਮੀਕਰਨਾਂ ਮੁਤਾਬਕ ਲਗਭਗ ਅਸੰਭਵ ਨਜ਼ਰ ਆ ਰਿਹਾ ਹੈ।

### ਕੀ ਕਹਿੰਦਾ ਹੈ ਅਮਰੀਕੀ ਕਾਨੂੰਨ ਅਤੇ ਵ੍ਹਾਈਟ ਹਾਊਸ ?

ਅਮਰੀਕੀ ਸੰਵਿਧਾਨ ਦੀ ਵਿਵਸਥਾ: ਵਿਰੋਧੀ ਧਿਰ ਦਾ ਤਰਕ ਹੈ ਕਿ ਅਮਰੀਕੀ ਸੰਵਿਧਾਨ ਮੁਤਾਬਕ ਦੇਸ਼ ਵਿੱਚ ਜੰਗ ਸ਼ੁਰੂ ਕਰਨ ਜਾਂ ਫ਼ੌਜ ਭੇਜਣ ਦਾ ਅਸਲ ਅਧਿਕਾਰ ਸੰਸਦ ਕੋਲ ਹੈ, ਨਾ ਕਿ ਇਕੱਲੇ ਰਾਸ਼ਟਰਪਤੀ ਕੋਲ ਮੌਜੂਦਾ ਅਮਰੀਕੀ ਕਾਨੂੰਨ ਅਨੁਸਾਰ, ਕੋਈ ਵੀ ਰਾਸ਼ਟਰਪਤੀ ਸੰਸਦ ਦੀ ਇਜਾਜ਼ਤ ਤੋਂ ਬਿਨਾਂ ਸਿਰਫ਼ 60 ਦਿਨਾਂ ਤੱਕ ਹੀ ਕੋਈ ਫ਼ੌਜੀ ਕਾਰਵਾਈ ਚਲਾ ਸਕਦਾ ਹੈ। ਇਸ ਤੋਂ ਬਾਅਦ ਜੰਗ ਖ਼ਤਮ ਕਰਨੀ ਪੈਂਦੀ ਹੈ, ਜਾਂ ਕਾਂਗਰਸ ਤੋਂ ਮਨਜ਼ੂਰੀ ਲੈਣੀ ਹੁੰਦੀ ਹੈ, ਜਾਂ ਫਿਰ ਫ਼ੌਜਾਂ ਦੀ ਸੁਰੱਖਿਅਤ ਵਾਪਸੀ ਲਈ 30 ਦਿਨਾਂ ਦਾ ਵਾਧੂ ਸਮਾਂ ਮੰਗਣਾ ਪੈਂਦਾ ਹੈ।

ਦੂਜੇ ਪਾਸੇ, ਵ੍ਹਾਈਟ ਹਾਊਸ ਨੇ ਰਾਸ਼ਟਰਪਤੀ ਦੇ ਫੈਸਲਿਆਂ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਡੋਨਾਲਡ ਟਰੰਪ ਨੇ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੇ ਸੰਵਿਧਾਨਕ ਅਧਿਕਾਰਾਂ ਦੇ ਤਹਿਤ ਹੀ ਇਹ ਸਖ਼ਤ ਕਾਰਵਾਈਆਂ ਕੀਤੀਆਂ ਹਨ।

# ਦੇਸ਼ ਦੀ ਕਰੰਸੀ 'ਚ ਆ ਸਕਦੈ ਵੱਡਾ ਬਦਲਾਅ

## ✪ ਆਰਬੀਆਈ ਵੱਲੋਂ ਨਕਲੀ ਨੋਟਾਂ 'ਤੇ ਨਕੇਲ ਲਈ 'ਪਲਾਸਟਿਕ ਕਰੰਸੀ' ਲਿਆਉਣ ਦੀ ਤਿਆਰੀ

ਚੰਡੀਗੜ੍ਹ-ਭਾਰਤੀ ਕਰੰਸੀ ਪ੍ਰਣਾਲੀ ਵਿੱਚ ਆਉਣ ਵਾਲੇ ਸਾਲਾਂ ਦੌਰਾਨ ਇੱਕ ਬਹੁਤ ਵੱਡਾ ਅਤੇ ਇਤਿਹਾਸਕ ਬਦਲਾਅ ਦੇਖਣ ਨੂੰ ਮਿਲ ਸਕਦਾ ਹੈ। ਦੇਸ਼ ਵਿੱਚ ਨਕਲੀ ਨੋਟਾਂ ਦੇ ਕਾਰੋਬਾਰ 'ਤੇ ਪੂਰੀ ਤਰ੍ਹਾਂ ਨਕੇਲ ਕੱਸਣ ਅਤੇ ਨੋਟਾਂ ਦੀ ਉਮਰ (ਟਿਕਾਊਪਣ) ਨੂੰ ਵਧਾਉਣ ਲਈ ਭਾਰਤੀ ਰਿਜ਼ਰਵ ਬੈਂਕ ਵੱਲੋਂ ਹੁਣ ਪੋਲੀਮਰ (ਪਲਾਸਟਿਕ) ਦੇ ਨੋਟ ਲਾਗੂ ਕਰਨ ਦੀ ਯੋਜਨਾ 'ਤੇ ਮੁੜ ਗੰਭੀਰਤਾ ਨਾਲ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਚੰਡੀਗੜ੍ਹ ਸਥਿਤ ਰਿਜ਼ਰਵ ਬੈਂਕ ਦੇ ਉੱਚ ਅਧਿਕਾਰੀਆਂ ਅਨੁਸਾਰ, ਇਸ ਅਹਿਮ ਯੋਜਨਾ ਨੂੰ ਮੁੜ ਸਰਗਰਮ ਕਰਦਿਆਂ ਇੱਕ ਵਿਸ਼ੇਸ਼ ਪਾਇਲਟ ਪ੍ਰਾਜੈਕਟ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

### ਪਹਿਲੇ ਪੜਾਅ ਵਿੱਚ 10 ਅਤੇ 20 ਰੁਪਏ ਦੇ ਨੋਟ ਹੋਣਗੇ ਤਬਦੀਲ

ਸ਼ੁਰੂਆਤੀ ਦੌਰ ਵਿੱਚ ਰਿਜ਼ਰਵ ਬੈਂਕ ਵੱਲੋਂ 10 ਅਤੇ 20 ਰੁਪਏ ਦੇ ਨੋਟਾਂ ਨੂੰ ਪੋਲੀਮਰ ਸਮੱਗਰੀ ਵਿੱਚ ਛਾਪਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਮੁੱਖ ਕਾਰਨ ਇਹ ਹਨ:

ਇਹ ਛੋਟੇ ਨੋਟ ਆਮ ਲੋਕਾਂ ਵੱਲੋਂ ਰੋਜ਼ਾਨਾ ਦੇ ਲੈਣ-ਦੇਣ ਵਿੱਚ ਸਭ ਤੋਂ ਵੱਧ ਵਰਤੇ ਜਾਂਦੇ ਹਨ। ਵੱਧ ਵਰਤੋਂ ਕਾਰਨ ਕਾਗ਼ਜ਼ ਦੇ ਇਹ ਨੋਟ ਬਹੁਤ ਜਲਦੀ ਫਟ ਅਤੇ ਖ਼ਰਾਬ ਹੋ ਜਾਂਦੇ ਹਨ।

### ਪੋਲੀਮਰ (ਪਲਾਸਟਿਕ) ਨੋਟਾਂ ਦੀਆਂ ਮੁੱਖ ਖ਼ਾਸੀਅਤਾਂ

ਲੰਬੀ ਉਮਰ ਅਤੇ ਟਿਕਾਊਪਣ: ਪੋਲੀਮਰ ਨੋਟ ਰਵਾਇਤੀ ਕਾਗ਼ਜ਼ੀ ਨੋਟਾਂ ਦੇ ਮੁਕਾਬਲੇ ਕਈ ਗੁਣਾ ਵੱਧ ਮਜ਼ਬੂਤ ਹੁੰਦੇ ਹਨ। ਇਹ ਆਸਾਨੀ ਨਾਲ ਫਟਦੇ ਨਹੀਂ ਹਨ ਅਤੇ ਨਾ ਹੀ ਪਾਣੀ, ਨਮੀ ਜਾਂ ਗੰਦਗੀ ਕਾਰਨ ਜਲਦੀ ਖ਼ਰਾਬ ਹੁੰਦੇ ਹਨ।

ਘੱਟ ਚੋਣ ਖ਼ਰਚਾ: ਨੋਟਾਂ ਦੇ ਲੰਬੇ ਸਮੇਂ ਤੱਕ ਚੱਲਣ ਕਾਰਨ ਸਰਕਾਰ ਅਤੇ ਆਰ.ਬੀ.ਆਈ. ਨੂੰ ਵਾਰ-ਵਾਰ ਨਵੇਂ ਨੋਟ ਛਾਪਣ ਦੀ ਲੋੜ ਨਹੀਂ ਪਵੇਗੀ, ਜਿਸ ਨਾਲ ਲੰਬੇ ਸਮੇਂ ਵਿੱਚ ਛਪਾਈ ਦੇ ਕਰੋੜਾਂ ਰੁਪਏ ਦੇ ਖ਼ਰਚੇ ਦੀ ਬੱਚਤ ਹੋਵੇਗੀ।

ਹਾਈ-ਟੈਕ ਸੁਰੱਖਿਆ ਫ਼ੀਚਰ: ਇਨ੍ਹਾਂ ਪਲਾਸਟਿਕ ਨੋਟਾਂ ਵਿੱਚ ਪਾਰਦਰਸ਼ੀ ਸੁਰੱਖਿਆ ਵਿੰਡੋ, ਵਿਸ਼ੇਸ਼ ਹੋਲੋਗ੍ਰਾਮ ਅਤੇ ਮਾਈਕਰੋ ਪ੍ਰਿੰਟਿੰਗ ਵਰਗੇ ਆਧੁਨਿਕ ਸੁਰੱਖਿਆ ਫ਼ੀਚਰ ਸ਼ਾਮਲ ਕੀਤੇ ਜਾਣਗੇ, ਜਿਸ ਨਾਲ ਨਕਲੀ ਨੋਟ ਤਿਆਰ ਕਰਨਾ ਬਿਲਕੁਲ ਅਸੰਭਵ ਹੋ ਜਾਵੇਗਾ।



### ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਵਿੱਚ ਪਹਿਲਾਂ ਹੀ ਸਫ਼ਲ

ਦੁਨੀਆ ਦੇ ਕਈ ਪ੍ਰਮੁੱਖ ਅਤੇ ਵਿਕਸਿਤ ਦੇਸ਼ ਪਿਛਲੇ ਲੰਬੇ ਸਮੇਂ ਤੋਂ ਪਲਾਸਟਿਕ ਕਰੰਸੀ ਦੀ ਵਰਤੋਂ ਸਫ਼ਲਤਾਪੂਰਵਕ ਕਰ ਰਹੇ ਹਨ। ਮਾਹਰਾਂ ਅਨੁਸਾਰ ਆਸਟ੍ਰੇਲੀਆ, ਕੈਨੇਡਾ, ਬਰਤਾਨੀਆ, ਨਿਊਜ਼ੀਲੈਂਡ ਅਤੇ ਸਿੰਗਾਪੁਰ ਵਰਗੇ ਦੇਸ਼ਾਂ ਵਿੱਚ ਇਹ ਪ੍ਰਣਾਲੀ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ। ਇਨ੍ਹਾਂ ਦੇਸ਼ਾਂ ਦੇ ਅੰਕੜੇ ਦੱਸਦੇ ਹਨ ਕਿ ਪੋਲੀਮਰ ਨੋਟਾਂ ਦੀ ਉਮਰ ਕਾਗ਼ਜ਼ੀ ਨੋਟਾਂ ਨਾਲੋਂ 3 ਤੋਂ 4 ਗੁਣਾ ਵੱਧ ਹੁੰਦੀ ਹੈ।

### ਆਰ.ਬੀ.ਆਈ. ਪਹਿਲਾਂ ਵੀ ਕਰ ਚੁੱਕਾ ਹੈ ਪ੍ਰਯੋਗ

ਰਿਜ਼ਰਵ ਬੈਂਕ ਨੇ ਇਸ ਤੋਂ ਪਹਿਲਾਂ ਸਾਲ 2012 ਵਿੱਚ ਵੀ ਦੇਸ਼ ਦੇ ਕੁਝ ਚੁਣੇ ਹੋਏ ਸ਼ਹਿਰਾਂ ਵਿੱਚ ਪਲਾਸਟਿਕ ਨੋਟਾਂ ਦੀ ਜਾਂਚ (ਟੈਸਟਿੰਗ) ਕੀਤੀ ਸੀ, ਪਰ ਉਸ ਸਮੇਂ ਇਸ ਯੋਜਨਾ ਨੂੰ ਅੱਗੇ ਨਹੀਂ ਵਧਾਇਆ ਗਿਆ ਸੀ। ਹੁਣ ਬਾਜ਼ਾਰ ਵਿੱਚ ਕਰੰਸੀ ਦੀ ਵਧਦੀ ਮੰਗ ਅਤੇ ਨਕਲੀ ਨੋਟਾਂ ਦੀ ਚੁਣੌਤੀ ਨੂੰ ਦੇਖਦਿਆਂ ਇਸ ਨੂੰ ਮੁੜ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ।

### ਕੀ ਪੁਰਾਣੇ ਨੋਟ ਤੁਰੰਤ ਬੰਦ ਹੋ ਜਾਣਗੇ ?

ਆਰ.ਬੀ.ਆਈ. ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਇਸ ਸਬੰਧੀ ਕੋਈ ਅਧਿਕਾਰਕਐਲਾਨ ਨਹੀਂ ਕੀਤਾ ਗਿਆ ਹੈ। ਜੇਕਰ ਇਹ ਯੋਜਨਾ ਲਾਗੂ ਹੁੰਦੀ ਵੀ ਹੈ, ਤਾਂ ਪੁਰਾਣੇ ਕਾਗ਼ਜ਼ੀ ਨੋਟ ਤੁਰੰਤ ਬੰਦ ਨਹੀਂ ਕੀਤੇ ਜਾਣਗੇ।

ਸ਼ੁਰੂਆਤ ਵਿੱਚ ਨਵੇਂ ਪਲਾਸਟਿਕ ਨੋਟ ਅਤੇ ਪੁਰਾਣੇ ਕਾਗ਼ਜ਼ੀ ਨੋਟ ਬਾਜ਼ਾਰ ਵਿੱਚ ਇੱਕੋ ਸਮੇਂ ਇਕੱਠੇ ਚੱਲਣਗੇ। ਇਸ ਤੋਂ ਬਾਅਦ ਬਹੁਤ ਹੀ ਸੁਚੱਜੇ ਅਤੇ ਪੜਾਅਵਾਰ ਢੰਗ ਨਾਲ ਪੁਰਾਣੀ ਕਰੰਸੀ ਨੂੰ ਬਦਲਿਆ ਜਾਵੇਗਾ। ਜੇਕਰ ਇਹ ਪ੍ਰਯੋਗ ਸਫ਼ਲ ਰਹਿੰਦਾ ਹੈ, ਤਾਂ ਇਹ ਭਾਰਤੀ ਆਰਥਿਕ ਵਿਵਸਥਾ ਨੂੰ ਵਧੇਰੇ ਸੁਰੱਖਿਅਤ ਅਤੇ ਆਧੁਨਿਕ ਬਣਾਉਣ ਵੱਲ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ।

# 328 ਪਾਵਨ ਸਰੂਪ ਮਾਮਲਾ: ਜਾਂਚ ਟੀਮ ਨੂੰ ਸਿਰਫ਼ ਕੇਸ ਨਾਲ ਸਬੰਧਤ ਰਿਕਾਰਡ ਹੀ ਦੇਵਾਂਗੇ, ਅਸਲ ਦਸਤਾਵੇਜ਼ ਪੁਲੀਸ ਨੂੰ ਸੌਂਪਣ ਤੋਂ ਨਾਂਹ: ਐਡਵੋਕੇਟ ਧਾਮੀ

✪ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਹੋਵੇਗੀ ਕਾਰਵਾਈ ✪ ਐਸ.ਜੀ.ਪੀ.ਸੀ. ਮੁਲਾਜ਼ਮਾਂ ਲਈ 3% ਮਹਿੰਗਾਈ ਭੱਤੇ ਨੂੰ ਮਿਲੀ ਹਰੀ ਝੰਡੀ ✪ ਗੁਰੂ ਘਰਾਂ ਵਿੱਚ ਸ਼ਾਰਟ ਸਰਕਟ ਦੀਆਂ ਘਟਨਾਵਾਂ ਨੂੰ ਰੋਕਣ ਲਈ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਸਾਫ਼ ਕਰ ਦਿੱਤਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਦੀ ਪੜਤਾਲ ਕਰ ਰਹੀ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੂੰ ਸਿਰਫ਼ ਇਸ ਕੇਸ ਨਾਲ ਸਬੰਧਤ ਰਿਕਾਰਡ ਹੀ ਮੁਹੱਈਆ ਕਰਵਾਇਆ ਜਾਵੇਗਾ, ਇਸ ਤੋਂ ਇਲਾਵਾ ਹੋਰ ਕੋਈ ਵਾਧੂ ਜਾਣਕਾਰੀ ਨਹੀਂ ਦਿੱਤੀ ਜਾਵੇਗੀ।

### ਕੇਸ ਨਾਲ ਸਬੰਧਤ ਰਿਕਾਰਡ ਹੀ ਮਿਲੇਗਾ, ਅਸਲ ਦਸਤਾਵੇਜ਼ ਨਹੀਂ ਸੌਂਪੇਗੀ ਕਮੇਟੀ

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਪੱਤਰ ਭੇਜਿਆ ਗਿਆ ਸੀ। ਉਨ੍ਹਾਂ ਵੱਲੋਂ ਮਿਲੇ ਜਵਾਬ ਦੇ ਆਧਾਰ 'ਤੇ ਹੀ ਇਹ ਫ਼ੈਸਲਾ ਲਿਆ ਗਿਆ ਹੈ ਕਿ ਸਿੱਖ ਸੰਸਥਾ ਦਾ ਅਸਲ ਰਿਕਾਰਡ ਪੁਲੀਸ ਹਵਾਲੇ ਨਹੀਂ ਕੀਤਾ ਜਾ ਸਕਦਾ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ "ਅਸੀਂ ਪਹਿਲਾਂ ਵੀ ਅਕਾਲ ਤਖ਼ਤ ਦੇ ਹੁਕਮਾਂ 'ਤੇ ਹੀ ਜਾਂਚ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਹੈ। ਲੋੜੀਂਦੀ ਜਾਣਕਾਰੀ ਦੀਆਂ ਸਰਟੀਫਾਈਡ ਕਾਪੀਆਂ ਪੁਲੀਸ ਨੂੰ ਸੌਂਪੀਆਂ ਜਾ ਚੁੱਕੀਆਂ ਹਨ। ਜੇਕਰ ਭਵਿੱਖ ਵਿੱਚ ਅਦਾਲਤ ਅੰਦਰ ਅਸਲੀ ਰਿਕਾਰਡ ਪੇਸ਼ ਕਰਨ ਦੀ ਲੋੜ ਪੈਂਦੀ ਹੈ, ਤਾਂ ਸ਼੍ਰੋਮਣੀ ਕਮੇਟੀ ਪੂਰਾ ਸਹਿਯੋਗ ਕਰੇਗੀ ਅਤੇ ਸਿੱਧੇ ਅਦਾਲਤ ਵਿੱਚ ਦਸਤਾਵੇਜ਼ ਪੇਸ਼ ਕਰੇਗੀ।" -

### 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਕਾਨੂੰਨ' 'ਤੇ ਇਤਰਾਜ਼

ਸੋਧ ਕਾਨੂੰਨ ਬਾਰੇ ਬੋਲਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਮੂਹ ਅਕਾਲੀ ਦਲ ਅਤੇ ਸਿੱਖ ਜਥੇਬੰਦੀਆਂ ਇਸ ਕਾਨੂੰਨ ਵਿੱਚ ਦਰਜ ਕੁਝ ਇਤਰਾਜ਼ਯੋਗ ਮੱਦਾਂ ਦੇ ਖ਼ਿਲਾਫ਼ ਹਨ। ਉਨ੍ਹਾਂ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਅਜਿਹਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਜਿਵੇਂ ਸ਼੍ਰੋਮਣੀ ਕਮੇਟੀ ਪੂਰੇ ਕਾਨੂੰਨ ਦਾ ਹੀ ਵਿਰੋਧ ਕਰ ਰਹੀ ਹੋਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕਮੇਟੀ ਕਾਨੂੰਨ ਦੇ ਵਿਰੋਧ ਵਿੱਚ ਨਹੀਂ ਹੈ, ਬਲਕਿ ਇਸਦੀਆਂ ਕੁਝ ਖਾਸ ਮੱਦਾਂ 'ਤੇ ਇਤਰਾਜ਼ ਹੈ, ਜਿਨ੍ਹਾਂ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਸਰਕਾਰ ਨੂੰ ਤੁਰੰਤ ਹਟਾਉਣਾ ਚਾਹੀਦਾ ਹੈ।

### ਮੀਟਿੰਗ ਦੇ ਹੋਰ ਅਹਿਮ ਫ਼ੈਸਲੇ-ਮੁਲਾਜ਼ਮਾਂ ਲਈ ਖੁਸ਼ਖਬਰੀ

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ 3 ਫ਼ੀਸਦੀ ਮਹਿੰਗਾਈ ਭੱਤਾ ਦੇਣ ਦੇ ਫ਼ੈਸਲੇ 'ਤੇ ਮੋਹਰ ਲਗਾਈ ਗਈ।

ਘੱਲੂਘਾਰਾ ਦਿਹਾੜਾ ਸਮਾਗਮ: 6 ਜੂਨ 1984 ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੀ ਬਰਸੀ ਸਬੰਧੀ ਹੋਣ ਵਾਲੇ ਸਮਾਗਮਾਂ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੀ ਅਗਵਾਈ ਹੇਠ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਧੰਨਵਾਦੀ ਮਤਾ: ਬਾਬਾ ਬਕਾਲਾ ਸਾਹਿਬ ਵਿਖੇ ਹੋਈ ਵਿਸ਼ਾਲ ਪੰਥਕ ਕਾਨਫਰੰਸ ਵਿੱਚ ਪਹੁੰਚੀਆਂ ਸਮੂਹ ਸਿੱਖ ਜਥੇਬੰਦੀਆਂ ਅਤੇ ਸੰਗਤ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਮਤਾ ਪਾਸ ਕੀਤਾ ਗਿਆ।

### ਗੁਰੂ ਘਰਾਂ ਵਿੱਚ ਪਹਿਰੇਦਾਰੀ ਅਤੇ ਸੁਰੱਖਿਆ ਵਧਾਉਣ ਦੀ ਅਪੀਲ

ਬੀਤੇ ਦਿਨੀਂ ਜਲਾਲਾਬਾਦ ਦੇ ਨੇੜਲੇ ਪਿੰਡ ਬਾਰੇਕੇ ਵਿਖੇ ਬਿਜਲੀ ਦੇ ਸ਼ਾਰਟ ਸਰਕਟ ਜਾਂ ਕਿਸੇ ਹੋਰ ਕਾਰਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਅਗਨ ਭੇਟ ਹੋਣ ਦੀ ਵਾਪਰੀ ਮੰਦਭਾਗੀ ਘਟਨਾ 'ਤੇ ਅੰਤ੍ਰਿੰਗ ਕਮੇਟੀ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਧਾਮੀ ਨੇ ਸਮੂਹ ਸੰਗਤ ਅਤੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰਾਂ ਅੰਦਰ ਪਹਿਰੇਦਾਰੀ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਦੇਖਦਿਆਂ ਬਿਜਲੀ ਦੇ ਉਪਕਰਨਾਂ ਅਤੇ ਵਾਇਰਿੰਗ ਦੀ ਸਮੇਂ-ਸਮੇਂ 'ਤੇ ਜਾਂਚ ਅਤੇ ਸੰਭਾਲ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ ਤਾਂ ਜੋ ਅਜਿਹੀਆਂ ਦੁਖਦ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਪਾਕਿਸਤਾਨੀ ਪੰਜਾਬ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਮੈਰੀਲੈਂਡ ਵਿਚ ਸਿੱਖ ਭਾਈਚਾਰੇ ਨਾਲ ਕੀਤੀ ਵਿਸ਼ੇਸ਼ ਮੁਲਾਕਾਤ

✪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਬ-ਕਮੇਟੀ ਦੇ ਕੋਆਰਡੀਨੇਟਰ ਭਾਈ ਸਵਿੰਦਰ ਸਿੰਘ ਦੇ ਗ੍ਰਹਿ ਵਿਖੇ ਹੋਇਆ ਅਹਿਮ ਇਕੱਠ ✪ ਕਰਤਾਰਪੁਰ ਲਾਂਘੇ ਅਤੇ ਗੁਰਧਾਮਾਂ ਦੇ ਦਰਸ਼ਨਾਂ 'ਚ ਆਉਂਦੀਆਂ ਮੁਸ਼ਕਿਲਾਂ 'ਤੇ ਹੋਇਆ ਵਿਚਾਰ-ਵਟਾਂਦਰਾ



ਮੈਰੀਲੈਂਡ, ਅਮਰੀਕਾ-ਅਮਰੀਕਾ ਦੇ ਦੌਰੇ 'ਤੇ ਆਏ ਪਾਕਿਸਤਾਨੀ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨਾਲ ਮੈਰੀਲੈਂਡ ਵਿਖੇ ਸਿੱਖ ਭਾਈਚਾਰੇ ਦੀ ਮੇਜ਼ਬਾਨੀ ਕੀਤੀ ਗਈ। ਇਸ ਇਕੱਠ ਵਿੱਚ ਸਿੱਖ ਵਿਰਾਸਤ ਦੀ ਸਾਂਭ-ਸੰਭਾਲ, ਕੌਮੀ ਮੰਗਾਂ ਅਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਬਾਰੇ ਗੰਭੀਰ ਚਰਚਾ ਹੋਈ।

ਮਿਲਣੀ ਦੌਰਾਨ ਸਿੱਖ ਆਗੂਆਂ ਨੇ ਮੰਤਰੀ ਰਮੇਸ਼ ਸਿੰਘ ਅਰੋੜਾ ਦਾ ਨਿੱਘਾ ਸਵਾਗਤ ਕੀਤਾ। ਭਾਈ ਸਵਿੰਦਰ ਸਿੰਘ ਨੇ ਪਾਕਿਸਤਾਨੀ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਿੱਖ ਚਿਹਰੇ ਨੂੰ ਕੈਬਨਿਟ ਮੰਤਰੀ ਵਜੋਂ ਨਿਵਾਜਣ ਲਈ ਪਾਕਿਸਤਾਨ ਸਰਕਾਰ ਅਤੇ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਮੁੱਚੀ ਕੌਮ ਲਈ ਵੱਡੇ ਮਾਣ, ਭਰੋਸੇ ਅਤੇ ਸ਼ਮੂਲੀਅਤ ਦਾ ਪ੍ਰਤੀਕ ਹੈ। ਗੱਲਬਾਤ ਦੌਰਾਨ ਸਿੱਖ ਲੀਡਰਸ਼ਿਪ ਨੇ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਧਾਮਾਂ ਦੀ ਨਿਰੰਤਰ ਸਾਂਭ-ਸੰਭਾਲ ਅਤੇ ਨਵੀਨੀਕਰਨ ਦੀਆਂ ਮੰਗਾਂ ਵੀ ਮੰਤਰੀ ਦੇ ਸਾਹਮਣੇ ਰੱਖੀਆਂ।

ਭਾਰਤ-ਪਾਕਿਸਤਾਨ ਸਬੰਧਾਂ 'ਚ ਸੁਧਾਰ ਅਤੇ ਕਰਤਾਰਪੁਰ ਲਾਂਘੇ ਨੂੰ ਸੁਖਾਲਾ ਬਣਾਉਣ ਦੀ ਅਪੀਲ-ਭਾਈ ਸਵਿੰਦਰ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਬੰਧਾਂ ਨੂੰ ਸੁਧਾਰਨ ਦੀ ਪੁਰਜ਼ੋਰ ਅਪੀਲ ਕੀਤੀ। ਉਨ੍ਹਾਂ ਤਰਕ ਦਿੱਤਾ ਕਿ ਦੋਵਾਂ ਮੁਲਕਾਂ ਦੇ ਤਣਾਅ ਦਾ ਸਭ ਤੋਂ ਵੱਧ ਖਾਮਿਆਜ਼ਾ ਭਾਰਤ ਦੀ ਸਿੱਖ ਸੰਗਤ ਨੂੰ ਭੁਗਤਣਾ ਪੈਂਦਾ ਹੈ। ਭਾਈ ਸਵਿੰਦਰ ਸਿੰਘ ਨੇ ਕਿਹਾ ਕਿ "ਆਪਸੀ ਖਟਾਸ ਕਾਰਨ ਅਕਸਰ ਸ਼ਰਧਾਲੂਆਂ ਦੇ ਜੱਥੇ ਰੋਕ ਦਿੱਤੇ ਜਾਂਦੇ ਹਨ, ਜਿਸ ਨਾਲ ਸੰਗਤਾਂ ਨੂੰ ਭਾਰੀ ਨਿਰਾਸ਼ਾ ਹੁੰਦੀ ਹੈ। ਸਾਡੀ ਮੰਗ ਹੈ ਕਿ ਕਰਤਾਰਪੁਰ ਲਾਂਘੇ ਰਾਹੀਂ ਆਵਾਜਾਈ ਨੂੰ ਹੋਰ ਸੁਖਾਲਾ ਅਤੇ ਸਰਲ ਬਣਾਇਆ ਜਾਵੇ ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰ ਸਕਣ।"

ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਸਿੱਖ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਪਾਕਿਸਤਾਨ ਸਰਕਾਰ ਸਿੱਖ ਵਿਰਾਸਤ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੇ ਨਾਲ ਹੀ ਉਨ੍ਹਾਂ ਅਮਰੀਕਾ ਵਿੱਚ ਰਹਿ ਰਹੇ ਸਿੱਖ ਨੌਜਵਾਨਾਂ ਨੂੰ ਆਪਣੀਆਂ ਧਾਰਮਿਕ ਅਤੇ ਇਤਿਹਾਸਕ ਜੜ੍ਹਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

ਮਿਲਣੀ ਵਿੱਚ ਕਈ ਪ੍ਰਮੁੱਖ ਸ਼ਖਸੀਅਤਾਂ ਹੋਈਆਂ ਸ਼ਾਮਲ-ਇਸ ਅਹਿਮ ਵਿਚਾਰ-ਵਟਾਂਦਰੇ ਵਿੱਚ ਮੈਰੀਲੈਂਡ ਦੇ 'ਗਵਰਨਰਜ਼ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰੀਕਨ ਅਫੇਅਰਜ਼' ਦੇ ਚੇਅਰਮੈਨ ਗੁਰਪ੍ਰੀਤ ਤੱਖਰ ਅਤੇ ਅਮਨ ਸ਼ੇਰਗਿੱਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਵੱਲੋਂ ਬਲਵਿੰਦਰ ਸੰਘਾ, ਮਿਹਰਬਾਨ ਸਿੰਘ, ਡਾ. ਜਤਿੰਦਰ ਸਿੰਘ ਸੇਖੋਂ, ਸੁਰਜੀਤ ਸਿੰਘ ਸਿੱਧੂ, ਮਨਦੀਪ ਸਿੰਘ, ਬਖਸ਼ੀਸ਼ ਸਿੰਘ ਰੋਪੜ ਅਤੇ ਅਜੀਤ ਧਾਲੀਵਾਲ ਸਮੇਤ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਮਿਲਣੀ ਦੇ ਅੰਤ ਵਿੱਚ ਭਾਈ ਸਵਿੰਦਰ ਸਿੰਘ ਅਤੇ ਹੋਰਨਾਂ ਸਿੱਖ ਆਗੂਆਂ ਵੱਲੋਂ ਕੈਬਨਿਟ ਮੰਤਰੀ ਰਮੇਸ਼ ਸਿੰਘ ਅਰੋੜਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

### ਮਾਮਲਾ ਆਰ.ਟੀ.ਆਈ ਐਕਟੀਵਿਸਟ ਸਿਮਰਨਜੀਤ ਕਤਲ ਕਾਂਡ ਦਾ

# ਮਾਮੇ ਦਾ ਪੁੱਤ ਹੀ ਨਿਕਲਿਆ ਕਾਤਲ, ਮੁੱਖ ਮੁਲਜ਼ਮ ਗ੍ਰਿਫ਼ਤਾਰ

ਜਲੰਧਰ-ਜਲੰਧਰ ਦੇ ਰਹਿਣ ਵਾਲੇ ਪ੍ਰਸਿੱਧ ਆਰ.ਟੀ.ਆਈ. ਐਕਟੀਵਿਸਟ ਸਿਮਰਨਜੀਤ ਸਿੰਘ ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਕਪੂਰਥਲਾ ਪੁਲਿਸ ਨੇ ਮਹਿਜ਼ ਕੁਝ ਹੀ ਘੰਟਿਆਂ ਵਿੱਚ ਸੁਲਝਾਉਣ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਕਾਰਵਾਈ ਕਰਦਿਆਂ ਇਸ ਵਾਰਦਾਤ ਦੇ ਮੁੱਖ ਮੁਲਜ਼ਮ ਸ਼ਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਵਿੱਚ ਜੋ ਖੁਲਾਸਾ ਹੋਇਆ ਹੈ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ-ਕਤਲ ਕਰਨ ਵਾਲਾ ਕੋਈ ਹੋਰ ਨਹੀਂ ਬਲਕਿ ਮ੍ਰਿਤਕ ਦਾ ਸਾਕਾ-ਭਰਾ (ਮਾਮੇ ਦਾ ਲੜਕਾ) ਹੀ ਨਿਕਲਿਆ।



### ਗੋਲੀਆਂ ਨਾਲ ਵਿੰਨ੍ਹੀ ਹੋਈ ਮਿਲੀ ਸੀ ਲਾਸ਼

ਜਲੰਧਰ ਰੇਂਜ ਦੇ ਡੀ.ਆਈ.ਜੀ.ਨਵੀਨ ਸਿੰਗਲਾ ਨੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਕੰਟਰੋਲ ਰੂਮ ਨੂੰ ਸਵੇਰੇ ਕਰੀਬ 11 ਵਜੇ ਇੱਕ ਅਣਪਛਾਤੀ ਲਾਸ਼ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਸੀ, ਜਿਸ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਸਨ।

ਮ੍ਰਿਤਕ ਦੀ ਪਛਾਣ: ਪੁਲਿਸ ਨੇ ਜਾਂਚ ਕੀਤੀ ਤਾਂ ਮ੍ਰਿਤਕ ਦੀ ਪਛਾਣ ਜਲੰਧਰ ਨਿਵਾਸੀ ਸਿਮਰਨਜੀਤ ਸਿੰਘ ਵਜੋਂ ਹੋਈ।

ਗੱਡੀ ਅਤੇ ਅਸਲਾ ਬਰਾਮਦ: ਵਾਰਦਾਤ ਵਾਲੀ ਥਾਂ ਤੋਂ ਇੱਕ ਫੋਰਚੂਨਰ ਗੱਡੀ ਬਰਾਮਦ ਹੋਈ, ਜਿਸ ਵਿੱਚ ਸਿਮਰਨਜੀਤ ਸਿੰਘ ਆਪਣੇ ਘਰੋਂ ਨਿਕਲਿਆ ਸੀ। ਗੱਡੀ ਦੀ ਤਲਾਸ਼ੀ ਲੈਣ 'ਤੇ ਪੁਲਿਸ ਨੂੰ ਉਸ ਵਿੱਚੋਂ ਇੱਕ 12 ਬੋਰ ਦੀ ਰਾਈਫਲ ਵੀ ਮਿਲੀ।

ਪੁਲਿਸ ਦੀ ਮੁਢਲੀ ਪੜਤਾਲ ਵਿੱਚ ਸਾਹਮਣੇ ਆਇਆ ਹੈ ਕਿ ਘਟਨਾ ਵਾਲੇ ਦਿਨ ਸਿਮਰਨਜੀਤ ਸਿੰਘ ਆਪਣੀ ਫੋਰਚੂਨਰ ਗੱਡੀ ਵਿੱਚ ਸਵਾਰ ਸੀ, ਜਦੋਂ ਕਿ ਉਸ ਦਾ ਮਾਮੇ ਦਾ ਲੜਕਾ ਸ਼ਰਨਦੀਪ ਸਿੰਘ ਆਪਣੇ ਦੋਸਤਾਂ ਨਾਲ ਸਵਿਫਟ ਗੱਡੀ ਵਿੱਚ ਉੱਥੇ ਪਹੁੰਚਿਆ ਸੀ।

ਦੋਵੇਂ ਭਰਾ ਇਕੱਠੇ ਇੱਕ ਪਲਾਟ ਦੇਖਣ ਗਏ ਸਨ। ਪਲਾਟ 'ਤੇ ਆਪਸੀ ਗੱਲਬਾਤ ਕਰਦਿਆਂ ਦੋਵਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸਬਾਜ਼ੀ ਹੋ ਗਈ। ਇਹ ਬਹਿਸ ਇੰਨੀ ਵਧ ਗਈ ਤਾਅ ਵਿੱਚ ਆ ਕੇ) ਸ਼ਰਨਦੀਪ ਸਿੰਘ ਨੇ ਗੁੱਸੇ ਵਿੱਚ ਆ ਕੇ ਸਿਮਰਨਜੀਤ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦਾ ਕਤਲ ਕਰ ਦਿੱਤਾ।

ਪੁਲਿਸ ਮੁਤਾਬਕ ਵਾਰਦਾਤ ਨੂੰ ਅੰਜਾਮ ਦੇਣ ਲਈ .32 ਬੋਰ ਦੇ ਹਥਿਆਰ ਦੀ ਵਰਤੋਂ ਕੀਤੀ ਗਈ ਸੀ। ਕਾਤਲਾਂ ਤੱਕ ਪਹੁੰਚਣ ਲਈ ਪੁਲਿਸ ਨੇ ਇਲਾਕੇ ਦੇ ਸੀਸੀਟੀਵੀ ਫੁਟੇਜ ਖੰਘਾਲੇ, ਜਿਸ ਵਿੱਚ ਮੁਲਜ਼ਮਾਂ ਦੀ ਸਵਿਫਟ ਗੱਡੀ ਆਉਂਦੀ-ਜਾਂਦੀ ਦਿਖਾਈ ਦਿੱਤੀ। ਇਸ ਦੇ ਨਾਲ ਹੀ ਮੋਬਾਈਲ ਲੋਕੇਸ਼ਨ ਅਤੇ ਹੋਰ ਤਕਨੀਕੀ ਸਬੂਤਾਂ ਦੇ ਅਧਾਰ 'ਤੇ ਮੁਲਜ਼ਮਾਂ ਦੀ ਲੋਕੇਸ਼ਨ ਦੀ ਪੁਸ਼ਟੀ ਹੋਈ।

ਪੁਲਿਸ ਦੀਆਂ ਵੱਖ-ਵੱਖ ਮੁਸਤੈਦ ਟੀਮਾਂ ਨੇ ਘੇਰਾਬੰਦੀ ਕਰਕੇ ਮੁੱਖ ਮੁਲਜ਼ਮ ਸ਼ਰਨਦੀਪ ਸਿੰਘ ਨੂੰ ਫਗਵਾੜਾ ਬਾਈਪਾਸ ਤੋਂ ਦਬੋਚ ਲਿਆ। ਪੁਲਿਸ ਵੱਲੋਂ ਹੁਣ ਇਸ ਮਾਮਲੇ ਵਿੱਚ ਅਗਲੇਰੀ ਪੁੱਛਗਿੱਛ ਅਤੇ ਜਾਂਚ ਜਾਰੀ ਹੈ ਤਾਂ ਜੋ ਵਾਰਦਾਤ ਵਿੱਚ ਸ਼ਾਮਲ ਬਾਕੀ ਦੋਸਤਾਂ ਦੀ ਭੂਮਿਕਾ ਦਾ ਵੀ ਪਤਾ ਲਗਾਇਆ ਜਾ ਸਕੇ।

## ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਦਲਿਤ ਭਾਈਚਾਰੇ ਬਾਰੇ ਕੀਤੀ ਟਿੱਪਣੀ ਲਈ ਜਨਤਕ ਤੌਰ 'ਤੇ ਮੰਗੀ ਮੁਆਫ਼ੀ



ਅੰਮ੍ਰਿਤਸਰ-ਕੇਂਦਰੀ ਰੇਲ ਰਾਜ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ ਨਗਰ ਕੌਂਸਲ ਚੋਣਾਂ ਦੌਰਾਨ ਐੱਸ. ਸੀ. ਭਾਈਚਾਰੇ ਵਿਰੁੱਧ ਕਹੇ ਗਏ ਇਤਰਾਜ਼ਯੋਗ ਸ਼ਬਦਾਂ ਲਈ ਜਨਤਕ ਤੌਰ 'ਤੇ ਮੁਆਫ਼ੀ ਮੰਗ ਲਈ ਹੈ। ਉਨ੍ਹਾਂ ਨੇ ਸਮੁੱਚੇ ਦਲਿਤ ਭਾਈਚਾਰੇ, ਐੱਸ.ਸੀ. ਕਮਿਸ਼ਨ, ਵੱਖ-ਵੱਖ ਜਥੇਬੰਦੀਆਂ ਅਤੇ ਸੰਤਾਂ-ਮਹਾਂਪੁਰਸ਼ਾਂ ਕੋਲੋਂ ਭੁੱਲ ਬਖ਼ਸ਼ਾਈ। ਰਵਨੀਤ ਬਿੱਟੂ ਨੇ ਦੱਸਿਆ ਕਿ ਧੂਰੀ ਵਿਖੇ ਕੌਂਸਲ ਚੋਣਾਂ ਦੌਰਾਨ ਹੋਈ ਇੱਕ ਬਹਿਸ ਦੌਰਾਨ ਉਨ੍ਹਾਂ ਕੋਲੋਂ ਜਾਣੇ-ਅਣਜਾਣੇ ਵਿੱਚ ਦਲਿਤ ਭਾਈਚਾਰੇ ਪ੍ਰਤੀ ਕੁਝ ਅਜਿਹੇ ਇਤਰਾਜ਼ਯੋਗ ਸ਼ਬਦ ਨਿਕਲ ਗਏ ਸਨ, ਜੋ ਉਨ੍ਹਾਂ ਨੂੰ ਨਹੀਂ ਕਹਿਣੇ ਚਾਹੀਦੇ ਸਨ। ਉਨ੍ਹਾਂ ਕਿਹਾ, "ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਅਜਿਹੀ ਸ਼ਬਦਾਵਲੀ ਦੀ ਵਰਤੋਂ ਨਹੀਂ ਸੀ ਕਰਨੀ ਚਾਹੀਦੀ। ਮੇਰਾ ਮੰਤਵ ਕਿਸੇ ਵੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਜੇਕਰ ਲੋੜ ਪਈ ਤਾਂ ਮੈਂ ਐੱਸ.ਸੀ. ਕਮਿਸ਼ਨ ਦੇ ਸਾਹਮਣੇ ਪੇਸ਼ ਹੋ ਕੇ ਵੀ ਆਪਣਾ ਪੱਖ ਰੱਖਾਂਗਾ ਅਤੇ ਮੁਆਫ਼ੀ ਮੰਗਾਂਗਾ। ਇਸ ਦੇ ਨਾਲ ਹੀ ਮੈਂ ਭਾਈਚਾਰੇ ਨਾਲ ਸਬੰਧਤ ਕਿਸੇ ਧਰਮ ਅਸਥਾਨ 'ਤੇ ਜਾ ਕੇ ਵੀ ਨਤਮਸਤਕ ਹੋਵਾਂਗਾ।"

# ਕਾਨੂੰਨੀ ਸ਼ਿਕੰਜੇ ਵਿਚ ਡੋਨਾਲਡ ਟਰੰਪ, 10 ਅਰਬ ਡਾਲਰ ਦੇ ਘੁਟਾਲੇ ਵਿਚ ਫਸੇ, ਕੁਰਸੀ 'ਤੇ ਸੰਕਟ ?

**✪ ਟਰੰਪ ਨੂੰ ਕੋਰਟ ਦਾ ਵੱਡਾ ਝਟਕਾ, ਕੇਨੇਡੀ ਸੈਂਟਰ ਤੋਂ ਹਟੇਗਾ ਨਾਮ ✪ 10 ਅਰਬ ਡਾਲਰ ਦੇ ਮਾਮਲੇ ਵਿਚ 12 ਜੂਨ ਤੱਕ ਦੇਣਾ ਪਵੇਗਾ ਜਵਾਬ ✪ 35 ਸਾਬਕਾ ਜੱਜਾਂ ਦੀ ਐਂਟਰੀ: ਟਰੰਪ ਦੀ ਲੀਗਲ ਟੀਮ 'ਤੇ ਲੱਗੇ ਕੋਰਟ ਨੂੰ ਗੁਮਰਾਹ ਕਰਨ ਦੇ ਗੰਭੀਰ ਦੋਸ਼**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਕਾਨੂੰਨੀ ਮੋਰਚੇ ਤੋਂ ਇੱਕ ਬਹੁਤ ਹੀ ਮਾੜੀ ਖ਼ਬਰ ਸਾਹਮਣੇ ਆਈ ਹੈ। ਅਦਾਲਤਾਂ ਵੱਲੋਂ ਇੱਕੋ ਦਿਨ ਵਿੱਚ ਲਏ ਗਏ ਦੋ ਵੱਡੇ ਫੈਸਲਿਆਂ ਨੇ ਟਰੰਪ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ, ਜਿਸ ਨਾਲ ਅਮਰੀਕੀ ਸਿਆਸਤ ਵਿੱਚ ਇੱਕ ਵਾਰ ਫਿਰ ਭੂਚਾਲ ਆ ਗਿਆ ਹੈ।

ਇੱਕ ਪਾਸੇ ਜਿੱਥੇ ਮਿਆਮੀ ਦੀ ਫੈਡਰਲ ਕੋਰਟ ਨੇ ਟਰੰਪ ਖ਼ਿਲਾਫ਼ ਚੱਲ ਰਹੇ 10 ਅਰਬ ਡਾਲਰ (ਕਰੀਬ 83,000 ਕਰੋੜ ਰੁਪਏ) ਦੇ ਟੈਕਸ ਮਾਮਲੇ ਨੂੰ ਮੁੜ ਖੋਲ੍ਹਣ ਦੇ ਹੁਕਮ ਦਿੱਤੇ ਹਨ, ਉੱਥੇ ਹੀ ਦੂਜੇ ਪਾਸੇ ਵਾਸ਼ਿੰਗਟਨ ਦੀ ਅਦਾਲਤ ਨੇ 'ਕੇਨੇਡੀ ਸੈਂਟਰ' ਦਾ ਨਾਂ ਬਦਲ ਕੇ ਟਰੰਪ ਦੇ ਨਾਂ 'ਤੇ ਰੱਖਣ ਦੇ ਫੈਸਲੇ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਹੈ।

ਮਿਆਮੀ ਦੀ ਫੈਡਰਲ ਜੱਜ ਕੈਥਲੀਨ ਐਮ. ਵਿਲੀਅਮਜ਼ ਨੇ ਟਰੰਪ ਦੇ ਆਈਆਰਐਸ ਨਾਲ ਜੁੜੇ 10 ਅਰਬ ਡਾਲਰ ਦੇ ਮੁਕੱਦਮੇ ਨੂੰ ਦੁਬਾਰਾ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਦੱਸ ਦੇਈਏ ਕਿ ਇਹ ਮਾਮਲਾ ਕੁਝ ਸਮਾਂ ਪਹਿਲਾਂ ਇੱਕ ਸਮਝੌਤੇ ਤੋਂ ਬਾਅਦ ਬੰਦ ਕਰ ਦਿੱਤਾ ਗਿਆ ਸੀ। ਪਰ ਹੁਣ ਅਦਾਲਤ ਨੂੰ ਇਸ ਸਮਝੌਤੇ ਦੀ ਪ੍ਰਕਿਰਿਆ 'ਤੇ ਸ਼ੱਕ ਹੈ।



ਜੱਜ ਮੁਤਾਬਕ ਇਸ ਪੂਰੇ ਮਾਮਲੇ ਦੀ ਪਾਰਦਰਸ਼ਤਾ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ ਅਤੇ ਕੋਰਟ ਇਹ ਜਾਂਚ ਕਰਨਾ ਚਾਹੁੰਦੀ ਹੈ ਕਿ ਕੀ ਇਸ ਸਮਝੌਤੇ ਰਾਹੀਂ ਕਿਸੇ ਪੱਖ ਨੂੰ ਨਜਾਇਜ਼ ਫਾਇਦਾ ਪਹੁੰਚਾਉਣ ਦੀ ਕੋਸ਼ਿਸ਼ ਤਾਂ ਨਹੀਂ ਕੀਤੀ ਗਈ।

ਇਸ ਮਾਮਲੇ ਵਿੱਚ ਸਭ ਤੋਂ ਵੱਡਾ ਵਿਵਾਦ 1.8 ਅਰਬ ਡਾਲਰ ਦੇ ਮੁਆਵਜ਼ਾ ਫੰਡ ਨੂੰ ਲੈ ਕੇ ਹੈ। ਦੋਸ਼ ਹਨ ਕਿ ਇਸ ਸਮਝੌਤੇ ਦੀ ਆੜ ਵਿੱਚ ਟਰੰਪ, ਉਨ੍ਹਾਂ ਦੇ ਪਰਿਵਾਰ ਅਤੇ ਕਾਰੋਬਾਰ ਨੂੰ ਵੱਡਾ ਟੈਕਸ ਲਾਭ ਪਹੁੰਚਾਇਆ ਜਾ ਸਕਦਾ ਸੀ। ਜੇਕਰ ਇਹ ਸਾਬਤ ਹੁੰਦਾ ਹੈ ਕਿ ਅਦਾਲਤ ਤੋਂ ਤੱਥ ਛੁਪਾਏ ਗਏ ਸਨ, ਤਾਂ ਟਰੰਪ ਦੀ ਲੀਗਲ ਟੀਮ ਵੱਡੀ ਮੁਸੀਬਤ ਵਿੱਚ ਫਸ ਸਕਦੀ ਹੈ।

ਇਸ ਕੇਸ ਵਿੱਚ ਨਵਾਂ ਮੋੜ ਉਦੋਂ ਆਇਆ ਜਦੋਂ 35 ਸਾਬਕਾ ਫੈਡਰਲ ਜੱਜਾਂ ਦੇ ਇੱਕ ਸਮੂਹ ਨੇ ਅਦਾਲਤ ਵਿੱਚ ਦਸਤਾਵੇਜ਼ ਪੇਸ਼ ਕਰਕੇ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ। ਅਦਾਲਤ ਨੇ ਹੁਣ ਟਰੰਪ ਦੀ ਲੀਗਲ ਟੀਮ ਨੂੰ 12 ਜੂਨ ਤੱਕ ਜਵਾਬ ਦੇਣ ਦਾ ਸਮਾਂ ਦਿੱਤਾ ਹੈ ਕਿ ਉਨ੍ਹਾਂ ਖ਼ਿਲਾਫ਼ ਕਾਰਵਾਈ ਕਿਉਂ ਨਾ ਕੀਤੀ ਜਾਵੇ।

ਦੂਜੇ ਵੱਡੇ ਝਟਕੇ ਵਿੱਚ ਵਾਸ਼ਿੰਗਟਨ ਦੇ ਯੂਐਸ ਡਿਸਟ੍ਰਿਕਟ ਜੱਜ ਕੇਸੀ ਕੂਪਰ ਨੇ ਪ੍ਰਸਿੱਧ 'ਜੌਨ ਐਫ਼. ਕੇਨੇਡੀ ਸੈਂਟਰ ਫਾਰ ਦਿ ਪਰਫਾਰਮਿੰਗ ਆਰਟਸ' ਦਾ ਨਾਂ ਬਦਲ ਕੇ ਟਰੰਪ ਦੇ ਨਾਂ 'ਤੇ ਰੱਖਣ ਦੇ ਬੋਰਡ ਦੇ ਫੈਸਲੇ ਨੂੰ ਖਾਰਜ ਕਰ ਦਿੱਤਾ ਹੈ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਸੈਂਟਰ ਸਾਬਕਾ ਰਾਸ਼ਟਰਪਤੀ ਜੌਨ ਐਫ਼. ਕੇਨੇਡੀ ਦੀ ਯਾਦ ਵਿੱਚ ਬਣਾਇਆ ਗਿਆ ਇੱਕ ਰਾਸ਼ਟਰੀ ਸਮਾਰਕ ਹੈ। ਸੰਸਦ (ਕਾਂਗਰਸ) ਦੀ ਮਨਜ਼ੂਰੀ ਤੋਂ ਬਿਨਾਂ ਬੋਰਡ ਕੋਲ ਇਸ ਦਾ ਨਾਂ ਬਦਲਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

ਸਾਈਨਬੋਰਡ ਹਟਾਉਣ ਦੇ ਹੁਕਮ: ਅਦਾਲਤ ਨੇ ਦੋ ਹਫ਼ਤਿਆਂ ਦੇ ਅੰਦਰ ਸੈਂਟਰ ਦੇ ਪਰਿਸਰ ਅਤੇ ਵੈੱਬਸਾਈਟ ਤੋਂ ਟਰੰਪ ਦੇ ਨਾਂ ਵਾਲੇ ਸਾਰੇ ਸਾਈਨਬੋਰਡ ਅਤੇ ਬਦਲਾਅ ਹਟਾਉਣ ਲਈ ਕਿਹਾ ਹੈ।

ਨਵੀਨੀਕਰਨ ਦੇ ਨਾਂ 'ਤੇ ਸੈਂਟਰ ਨੂੰ ਦੋ ਸਾਲਾਂ ਲਈ ਬੰਦ ਰੱਖਣ ਦੀ ਯੋਜਨਾ 'ਤੇ ਵੀ ਅਦਾਲਤ ਨੇ ਰੋਕ ਲਗਾ ਦਿੱਤੀ ਹੈ, ਤਾਂ ਜੋ ਕਲਾਕਾਰਾਂ ਅਤੇ ਦਰਸ਼ਕਾਂ ਦੇ ਹਿੱਤਾਂ ਨੂੰ ਨੁਕਸਾਨ ਨਾ ਪਹੁੰਚੇ।

ਇਨ੍ਹਾਂ ਫੈਸਲਿਆਂ ਤੋਂ ਬਾਅਦ ਹੁਣ ਟਰੰਪ ਦੇ ਸਮਰਥਕ ਅਤੇ ਉਨ੍ਹਾਂ ਦੀ ਲੀਗਲ ਟੀਮ ਇਨ੍ਹਾਂ ਹੁਕਮਾਂ ਨੂੰ ਉਪਰਲੀ ਅਦਾਲਤ ਵਿੱਚ ਚੁਣੌਤੀ ਦੇਣ ਦੀ ਤਿਆਰੀ ਕਰ ਰਹੀ ਹੈ। ਪਰ ਫਿਲਹਾਲ, ਇਨ੍ਹਾਂ ਦੋਵਾਂ ਮਾਮਲਿਆਂ ਨੇ ਰਾਸ਼ਟਰਪਤੀ ਟਰੰਪ ਦੀ ਕੁਰਸੀ ਅਤੇ ਸਾਖ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ।

# ਯੂ ਕੇ ਵਿੱਚ ਨੌਕਰੀ ਨਾ ਕਰਨ ਵਾਲੇ, ਨਾ ਪੜ੍ਹ ਰਹੇ ਅਤੇ ਨਾ ਹੀ ਕੋਈ ਟ੍ਰੇਨਿੰਗ ਲੈ ਰਹੇ ਨੌਜਵਾਨਾਂ ਦੀ ਗਿਣਤੀ 10 ਲੱਖ ਤੋਂ ਪਾਰ ਯੂ ਕੇ ਸਰਕਾਰ ਵੱਲੋਂ 300,000 ਨਵੇਂ ਕੰਮ ਦੇਣ ਦਾ ਐਲਾਨ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਰਕਾਰ ਨੇ ਦੇਸ਼ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੇ ਵੱਧ ਰਹੇ ਸੰਕਟ ਨਾਲ ਨਜਿੱਠਣ ਲਈ ਅਗਲੇ ਤਿੰਨ ਸਾਲਾਂ ਵਿੱਚ 300,000 ਨਵੇਂ ਵਰਕ ਐਕਸਪੀਰੀਐਂਸ (ਕੰਮ ਦਾ ਤਜਰਬਾ) ਅਤੇ ਟ੍ਰੇਨਿੰਗ ਪਲੇਸਮੈਂਟ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਕਦਮ ਉਦੋਂ ਚੁੱਕਿਆ ਗਿਆ ਹੈ ਜਦੋਂ ਸਰਕਾਰੀ ਅੰਕੜਿਆਂ ਮੁਤਾਬਕ ਯੂ ਕੇ ਵਿੱਚ 'ਨੀਟ' (ਯਾਨੀ ਉਹ ਨੌਜਵਾਨ ਜੋ ਨਾ ਤਾਂ ਨੌਕਰੀ ਕਰ ਰਹੇ ਹਨ, ਨਾ ਪੜ੍ਹ ਰਹੇ ਹਨ ਅਤੇ ਨਾ ਹੀ ਕੋਈ ਟ੍ਰੇਨਿੰਗ ਲੈ ਰਹੇ ਹਨ) ਦੀ ਗਿਣਤੀ 10 ਲੱਖ ਤੋਂ ਪਾਰ ਹੋ ਗਈ ਹੈ।*

ਵਰਕ ਐਂਡ ਪੈਨਸ਼ਨ ਸੈਕਟਰੀ ਪੈਟ ਮੈਕਫੈਡਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਜਾ ਰਹੀ ਇਸ ਯੋਜਨਾ ਦਾ ਮੁੱਖ ਮਕਸਦ ਨੌਜਵਾਨਾਂ ਦੀ ਪੜ੍ਹਾਈ ਅਤੇ ਨੌਕਰੀ ਦੇ ਵਿਚਕਾਰਲੇ ਪਾੜੇ ਨੂੰ ਖਤਮ ਕਰਨਾ ਹੈ। ਇਸ ਮੁਹਿੰਮ ਤਹਿਤ ਨੌਜਵਾਨਾਂ ਨੂੰ ਸਿਰਫ਼ ਰੁਜ਼ਗਾਰ ਦਫ਼ਤਰਾਂ ਦੇ ਭਰੋਸੇ ਛੱਡਣ ਦੀ ਬਜਾਏ ਸਿੱਧਾ ਕੰਮ ਦਾ ਤਜਰਬਾ ਦਿੱਤਾ ਜਾਵੇਗਾ। ਇਸ ਯੋਜਨਾ ਤਹਿਤ ਨੌਜਵਾਨਾਂ ਨੂੰ ਕੰਮ ਦੇ ਮਾਹੌਲ ਨਾਲ ਜੋੜਨ ਲਈ ਥੋੜ੍ਹੇ ਸਮੇਂ ਦੇ ਪ੍ਰੋਗਰਾਮ ਹੋਣਗੇ। ਇਨ੍ਹਾਂ ਵਿੱਚ ਖਾਸ ਕਰਕੇ ਉਨ੍ਹਾਂ ਖੇਤਰਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ ਜਿੱਥੇ ਮੁਲਾਜ਼ਮਾਂ ਦੀ ਭਾਰੀ ਕਮੀ ਹੈ, ਜਿਵੇਂ ਕਿ ਕੰਸਟ੍ਰਕਸ਼ਨ (ਉਦਯੋਗਿਕ ਨਿਰਮਾਣ), ਹੋਸਪਿਟੈਲਿਟੀ (ਹੋਟਲ ਤੇ ਟੂਰਿਜ਼ਮ), ਅਤੇ ਹੈਲਥ ਤੇ ਸੋਸ਼ਲ ਕੇਅਰ (ਸਿਹਤ ਸੰਭਾਲ)। ਸੈਕਟਰ-ਬੇਸਡ ਵਰਕ ਅਕੈਡਮੀ ਪ੍ਰੋਗਰਾਮ ਤਹਿਤ ਸਰਕਾਰ ਦੁਆਰਾ ਫੰਡ ਕੀਤੇ 6 ਹਫ਼ਤਿਆਂ ਦੇ ਕੋਰਸ ਹੋਣਗੇ। ਇਨ੍ਹਾਂ ਵਿੱਚ ਨੌਜਵਾਨਾਂ ਨੂੰ ਖਾਸ ਕੰਮ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਕੋਰਸ ਖ਼ਤਮ ਹੋਣ 'ਤੇ ਨੌਕਰੀ ਲਈ ਇੰਟਰਵਿਊ ਦੀ ਗਾਰੰਟੀ ਦਿੱਤੀ ਜਾਵੇਗੀ।

ਸਰਕਾਰੀ ਅੰਕੜੇ ਦੱਸਦੇ ਹਨ ਕਿ ਸਵੈਪਸ ਰਾਹੀਂ ਟ੍ਰੇਨਿੰਗ ਲੈਣ ਵਾਲੇ ਨੌਜਵਾਨਾਂ ਦੇ ਭਵਿੱਖ ਵਿੱਚ ਪੱਕੇ ਰੁਜ਼ਗਾਰ 'ਤੇ ਲੱਗਣ ਦੀ ਸੰਭਾਵਨਾ 13% ਵੱਧ ਜਾਂਦੀ ਹੈ। ਸਰਕਾਰ ਨੇ ਇਸ ਯੋਜਨਾ ਲਈ ਯੂ ਕੇ ਦੇ ਕਈ ਵੱਡੇ ਅਦਾਰਿਆਂ ਨਾਲ ਹੱਥ ਮਿਲਾਇਆ ਹੈ, ਜਿਨ੍ਹਾਂ ਵਿੱਚ ਗੇਟਵਿਕ ਏਅਰਪੋਰਟ ਅਤੇ ਮੈਨਚੈਸਟਰ ਏਅਰਪੋਰਟ ਗਰੁੱਪ ਵਰਗੇ ਵੱਡੇ ਨਾਮ ਸ਼ਾਮਲ ਹਨ।

ਨੌਜਵਾਨਾਂ ਦੇ ਇਸ ਸੰਕਟ ਕਾਰਨ ਯੂ ਕੇ ਦੀ ਅਰਥਵਿਵਸਥਾ ਅਤੇ ਟੈਕਸਦਾਤਾਵਾਂ 'ਤੇ ਹਰ ਸਾਲ 125 ਬਿਲੀਅਨ ਪੌਂਡ ਦਾ ਵੱਡਾ ਵਿੱਤੀ ਬੋਝ ਪੈ ਰਿਹਾ ਹੈ, ਜੋ ਕਿ ਦੇਸ਼ ਦੇ ਸਾਲਾਨਾ ਸਿੱਖਿਆ ਬਜਟ ਨਾਲੋਂ ਵੀ ਵੱਧ ਹੈ। ਇਸ ਯੋਜਨਾ ਰਾਹੀਂ ਯੂ ਕੇ ਸਰਕਾਰ ਸਿਰਫ਼ ਬੇਰੁਜ਼ਗਾਰੀ ਭੱਤੇ ਦੇਣ ਦੀ ਬਜਾਏ, ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਉਨ੍ਹਾਂ ਦਾ ਆਤਮਵਿਸ਼ਵਾਸ ਵਧਾਉਣਾ ਚਾਹੁੰਦੀ ਹੈ ਤਾਂ ਜੋ ਉਹ ਦੇਸ਼ ਦੀ ਅਰਥਵਿਵਸਥਾ ਵਿੱਚ ਆਪਣਾ ਯੋਗਦਾਨ ਪਾ ਸਕਣ।

# ਸਿੱਖ ਵਿਦਵਾਨ ਸ੍ਰ ਸਰਬਪ੍ਰੀਤ ਸਿੰਘ ਯੂ ਐਸ ਏ ਦਾ ਸਾਊਥਾਲ ਵਿਖੇ ਸਨਮਾਨ



ਸਰਬਪ੍ਰੀਤ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਪ੍ਰਸਿੱਧ ਵਿਦਵਾਨ ਸ੍ਰ ਸਰਬਪ੍ਰੀਤ ਸਿੰਘ ਯੂ ਐਸ ਏ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਸਨਮਾਨ ਉਹਨਾਂ ਦੀਆਂ ਸਿੱਖ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੀਆਂ ਸੇਵਾਵਾਂ ਲਈ ਦਿੱਤਾ ਗਿਆ। ਭਾਈ ਬਲਵਿੰਦਰ ਸਿੰਘ ਪੱਟੀ ਨੇ ਕਿਹਾ ਕਿ ਸ: ਸਰਬਪ੍ਰੀਤ ਸਿੰਘ ਨੇ ਕਈ ਕਿਤਾਬਾਂ ਪੰਥ ਦੀ ਝੋਲੀ ਪਾਈਆਂ ਹਨ। ਗਿਆਨੀ ਦਿੱਤ ਸਿੰਘ ਹਾਲ ਵਿੱਚ ਬਾਬਣੀਆਂ ਕਹਾਣੀਆਂ ਸਿਰਲੇਖ ਹੇਠ ਉਹਨਾਂ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਇਸ ਮੌਕੇ ਜਨਰਲ ਸਕੱਤਰ ਸ: ਸਰਨਬੀਰ ਸਿੰਘ ਸੰਘਾ, ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਗਿਆਨੀ ਅੰਗਰੇਜ਼ ਸਿੰਘ, ਭਾਈ ਬਲਵਿੰਦਰ ਸਿੰਘ ਪੱਟੀ ਆਦਿ ਹਾਜ਼ਰ ਸਨ।

# ਸੇਵਾ ਟਰੱਸਟ ਯੂ ਕੇ ਦਾ ਭਾਈਚਾਰਕ ਸੇਵਾਵਾਂ ਲਈ 'ਚੈਰਿਟੀ ਆਫ਼ ਦ ਈਅਰ 2026' ਪੁਰਸਕਾਰ ਨਾਲ ਸਨਮਾਨਿਤ





ਸੇਵਾ ਟਰੱਸਟ ਯੂ ਕੇ ਦੇ ਨੁਮਾਇੰਦੇ ਪੁਰਸਕਾਰ ਪ੍ਰਾਪਤ ਕਰਨ ਮੌਕੇ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰੈਡਫੋਰਡ ਸਥਿਤ ਸਮਾਜ ਸੇਵੀ ਸੰਸਥਾ "ਸੇਵਾ ਟਰੱਸਟ ਯੂ ਕੇ" ਵੱਲੋਂ ਇੰਗਲੈਂਡ ਅਤੇ ਭਾਰਤ ਵਿੱਚ ਲੋੜਵੰਦ ਲੋਕਾਂ ਲਈ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਕਾਰ-ਪੋਰੇਟ ਲਾਈਵ ਵਾਇਰ ਪ੍ਰੈਸਟੀਜ ਐਵਾਰਡ ਟੀਮ ਤੋਂ 'ਗੈਰ-ਮੁਨਾਫ਼ਾ ਸੰਗਠਨ (ਐਨ ਪੀ ਓ) ਆਫ ਦਿ ਈਅਰ 2026' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 'ਸੈਂਟਰਲ ਇੰਗਲੈਂਡ ਪ੍ਰੈਸਟੀਜ ਅਵਾਰਡਜ਼ ਰਾਸ਼ਟਰੀ ਈਵੈਂਟ' ਮੂਰ ਹਾਲ ਹੋਟਲ, ਬ੍ਰਮਿੰਘਮ ਵਿਖੇ ਆਯੋਜਿਤ ਕੀਤਾ ਗਿਆ।*

ਸੇਵਾ ਟਰੱਸਟ ਦੇ ਸੰਸਥਾਪਕ ਅਤੇ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਐਮ. ਬੀ. ਈ., ਵਾਈਸ ਚੇਅਰ ਡਾ: ਬਲਜੀਤ ਕੌਰ ਉਪਾਧਿਆਏ, ਟਰੱਸਟੀ ਸਤਨਾਮ ਸਿੰਘ ਗਲਸੀਨ ਅਤੇ ਜ਼ਿਲ੍ਹਾ ਕੋਆਰਡੀਨੇਟਰ ਸ਼ਮਿੰਦਰ ਸਿੰਘ ਗਰਚਾ ਨੇ ਇਹ ਸਨਮਾਨ ਪ੍ਰਾਪਤ ਕਰਦਿਆਂ, ਸੇਵਾ ਟਰੱਸਟ ਦੇ ਸਾਰੇ ਵਲੰਟੀਅਰਾਂ ਅਤੇ ਸਹਿਯੋਗੀ ਭਾਈਵਾਲਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਹ ਪੁਰਸਕਾਰ ਸਾਰੇ ਵਲੰਟੀਅਰਾਂ ਅਤੇ ਸਹਿਯੋਗੀ ਭਾਈਵਾਲਾਂ ਖਾਸ ਕਰਕੇ ਸਾਡੇ ਪੰਜਾਬ ਅਤੇ ਹਰਿਆਣਾ ਓਪਰੇਸ਼ਨ ਚੇਅਰਮੈਨ ਸ਼੍ਰੀ ਨਰੇਸ਼ ਮਿੱਤਲ, ਟਰੱਸਟੀਆਂ ਅਤੇ ਪ੍ਰੋਜੈਕਟ ਡਿਲੀਵਰੀ ਟੀਮਾਂ ਨੂੰ ਸਮਰਪਿਤ ਕਰਦੇ ਹਾਂ।

ਪ੍ਰੈਸਟੀਜ ਐਵਾਰਡਜ਼ ਟੀਮ ਦੇ ਡਾਇਰੈਕਟਰ ਜੈਕਬ ਬ੍ਰਾਊਨ ਨੇ ਕਿਹਾ, ਕਿ ਪੁਰਸਕਾਰ ਚੋਣ ਦੇ ਜੱਜਾਂ ਦੀ ਟੀਮ ਇੰਗਲੈਂਡ ਅਤੇ ਭਾਰਤ ਵਿੱਚ ਪਛੜੇ ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਵਾਲੇ ਬਹੁਤ ਪ੍ਰਭਾਵਸ਼ਾਲੀ ਭਲਾਈ ਪ੍ਰੋਜੈਕਟਾਂ ਤੋਂ ਪ੍ਰਭਾਵਿਤ ਹੋਏ, ਖਾਸ ਕਰਕੇ ਡਚੇਨ ਮਸਕੂਲਰ ਡਿਸਟ੍ਰੋਫੀ (ਡੀ ਐਮ ਡੀ) ਵਾਲੇ ਬੱਚਿਆਂ ਲਈ ਉੱਤਰੀ ਭਾਰਤ ਦਾ ਪਹਿਲਾ ਮੁਫਤ ਮਲਟੀ-ਫੈਸਿਲਿਟੀ ਹੋਮ ਸਥਾਪਤ ਕਰਨਾ, ਪੰਜਾਬ ਅਤੇ ਹਰਿਆਣਾ ਵਿੱਚ ਵੱਖ-ਵੱਖ ਪ੍ਰੋਜੈਕਟਾਂ ਰਾਹੀਂ 100,000 ਤੋਂ ਵੱਧ ਪਰਿਵਾਰਾਂ ਅਤੇ ਵਿਦਿਆਰਥੀਆਂ ਦੀ ਮਦਦ ਕਰਨਾ ਆਦਿ ਵੱਡੀ ਪ੍ਰਾਪਤੀ ਹੈ।

# ਬਰਤਾਨਵੀ ਵਿਦੇਸ਼ ਮੰਤਰੀ ਗਲੋਬਲ ਚੁਣੌਤੀਆਂ 'ਤੇ ਚਰਚਾ ਕਰਨ ਲਈ ਭਾਰਤ ਅਤੇ ਚੀਨ ਦਾ ਦੌਰਾ ਕਰਨਗੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਵਿਦੇਸ਼ ਮੰਤਰੀ ਯਵੇਟ ਕੂਪਰ ਸੋਮਵਾਰ ਨੂੰ ਚੀਨ ਦਾ ਦੌਰਾ ਕਰਨਗੇ, ਉਸ ਤੋਂ ਬਾਅਦ ਭਾਰਤ ਦਾ ਦੌਰਾ ਕਰਨਗੇ। ਕੂਪਰ ਦਾ ਦੋ-ਦੇਸ਼ੀ ਦੌਰਾ ਗਲੋਬਲ ਚੁਣੌਤੀਆਂ ਨਾਲ ਨਜਿੱਠਣ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਹੋਵੇਗਾ। ਚੀਨ ਦਾ ਆਪਣਾ ਦੌਰਾ ਪੂਰਾ ਕਰਨ ਤੋਂ ਬਾਅਦ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਅਸੀਂ ਚੀਨ ਨਾਲ ਆਪਣੇ ਸਬੰਧਾਂ ਨੂੰ ਸਥਿਰਤਾ, ਸਪੱਸ਼ਟਤਾ ਅਤੇ ਕਾਰੋਬਾਰਾਂ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਇਸਦੇ ਲਾਭਾਂ ਨੂੰ ਯਕੀਨੀ ਬਣਾਉਣ ਲਈ ਇੱਕ ਲੰਬੇ ਸਮੇਂ ਦੀ ਰਣਨੀਤੀ ਨਾਲ ਅੱਗੇ ਵਧਾ ਰਹੇ ਹਾਂ। ਬਰਤਾਨਵੀ ਪ੍ਰਧਾਨ ਮੰਤਰੀ ਦੇ ਨਿਵਾਸ ਅਤੇ ਦਫਤਰ ਡਾਊਨਿੰਗ ਸਟ੍ਰੀਟ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਸਟਾਰਮਰ ਦੀ ਤਿੰਨ ਦਿਨਾਂ ਯਾਤਰਾ ਦੌਰਾਨ, ਬਰਤਾਨੀਆ ਅਤੇ ਚੀਨ ਨੇ 2.2 ਬਿਲੀਅਨ ਪੌਂਡ ਦੇ ਨਿਰਯਾਤ ਸੌਦਿਆਂ, ਪੰਜ ਸਾਲਾਂ ਵਿੱਚ ਲਗਭਗ 2.3 ਬਿਲੀਅਨ ਪੌਂਡ ਦੇ ਸਮਝੌਤਿਆਂ ਅਤੇ ਨਵੇਂ ਨਿਵੇਸ਼ ਸਮਝੌਤਿਆਂ 'ਤੇ ਹਸਤਾਖਰ ਕੀਤੇ। ਯੂ ਕੇ ਦੇ ਵਪਾਰ ਅਤੇ ਵਣਜ ਸਕੱਤਰ ਪੀਟਰ ਕਾਇਲ ਨੇ ਕਿਹਾ ਚੀਨ ਤੋਂ ਰਵਾਨਾ ਹੋ ਕੇ, ਅਸੀਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਹੈ, ਯੂ ਕੇ ਲਈ ਅਰਬਾਂ ਡਾਲਰ ਦੇ ਲਾਭਾਂ ਨੂੰ ਖੋਲ੍ਹਿਆ ਹੈ ਅਤੇ ਨਵੀਆਂ ਵਪਾਰਕ ਭਾਈਵਾਲੀ ਲਈ ਰਾਹ ਪੱਧਰਾ ਕੀਤਾ ਹੈ। ਉਹਨਾਂ ਅੱਗੇ ਕਿਹਾ ਕਿ ਇਹ ਦਰਸਾਉਂਦਾ ਹੈ ਕਿ ਇੱਕ ਇਕਸਾਰ ਅਤੇ ਸਪੱਸ਼ਟ ਪਹੁੰਚ ਇਹ ਸਾਬਤ ਕਰਦੀ ਹੈ ਕਿ ਯੂ ਕੇ ਨੂੰ ਆਪਣੇ ਵਪਾਰਕ ਭਾਈਵਾਲਾਂ ਵਿੱਚੋਂ ਇੱਕ ਦੀ ਚੋਣ ਕਰਨ ਦੀ ਜ਼ਰੂਰਤ ਨਹੀਂ ਹੈ।

# ਪੰਜਾਬ ਪੁਲਿਸ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ

## 15 ਮਹੀਨਿਆਂ ਵਿਚ 65,884 ਮੁਲਜ਼ਮ ਗ੍ਰਿਫ਼ਤਾਰ, 300 ਕਰੋੜ ਦੀ ਜਾਇਦਾਦ ਫਰੀਜ਼

ਚੰਡੀਗੜ੍ਹ-ਪੰਜਾਬ ਵਿੱਚ ਨਸ਼ਾ ਤਸਕਰੀ ਅਤੇ ਇਸ ਦੇ ਵਿੱਤੀ ਨੈੱਟਵਰਕ ਨੂੰ ਜੜ੍ਹੋਂ ਪੁੱਟਣ ਲਈ ਚਲਾਈ ਜਾ ਰਹੀ ਸੂਬਾ ਪੱਧਰੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਵੱਡੀ ਸਫ਼ਲਤਾ ਮਿਲੀ ਹੈ। ਪਿਛਲੇ 15 ਮਹੀਨਿਆਂ ਦੌਰਾਨ ਪੰਜਾਬ ਪੁਲਿਸ ਨੇ ਸਖ਼ਤ ਕਾਰਵਾਈ ਕਰਦਿਆਂ ਕਰੀਬ 750 ਨਸ਼ਾ ਤਸਕਰਾਂ ਦੀ 300 ਕਰੋੜ ਰੁਪਏ ਮੁੱਲ ਦੀ ਜਾਇਦਾਦ ਫਰੀਜ਼ ਕਰ ਦਿੱਤੀ ਹੈ। ਇਸ ਵਿਸ਼ੇਸ਼ ਮੁਹਿੰਮ ਤਹਿਤ ਨਾ ਸਿਰਫ਼ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, ਸਗੋਂ ਕਰੋੜਾਂ ਰੁਪਏ ਦੀ ਡਰੱਗ ਮਨੀ ਅਤੇ ਵਿਦੇਸ਼ੀ ਮੁਦਰਾ ਵੀ ਜ਼ਬਤ ਕੀਤੀ ਗਈ ਹੈ।




**ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥ**

ਹੈਰੋਇਨ 2,950 ਕਿਲੋ
ਅਫ਼ੀਮ 792 ਕਿਲੋ
ਪੋਸਤ 666 ਕੁਇੰਟਲ
ਚਰਸ 71 ਕਿਲੋ
ਗਾਂਜਾ 986 ਕਿਲੋ
ਆਈਸ (ਸਿੰਥੈਟਿਕ ਡਰੱਗ) 56 ਕਿਲੋ
ਨਸ਼ੀਲੀਆਂ ਗੋਲੀਆਂ/ ਟੈਬਲੇਟਾਂ 55 ਲੱਖ

### ਤਸਕਰੀ ਦੇ ਆਰਥਿਕ ਨੈੱਟਵਰਕ ਨੂੰ ਤੋੜਨਾ ਮੁੱਖ ਮਕਸਦ: ਡੀਜੀਪੀ

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ 1 ਮਾਰਚ 2025 ਤੋਂ ਸ਼ੁਰੂ ਕੀਤੀ ਗਈ ਇਸ ਸੂਬਾ ਪੱਧਰੀ ਮੁਹਿੰਮ ਦਾ ਮੁੱਖ ਮਕਸਦ ਸਿਰਫ਼ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੱਕ ਸੀਮਤ ਨਹੀਂ ਹੈ, ਸਗੋਂ ਤਸਕਰੀ ਨੂੰ ਆਰਥਿਕ ਸਹਾਰਾ ਦੇਣ ਵਾਲੇ ਪੂਰੇ ਨੈੱਟਵਰਕ (ਹਵਾਲਾ ਸਿਸਟਮ) ਨੂੰ ਤੋੜਨਾ ਹੈ। ਪੁਲਿਸ ਹੁਣ ਤਸਕਰਾਂ ਦੀਆਂ ਵਿੱਤੀ ਜੜ੍ਹਾਂ 'ਤੇ ਕੇਂਦਰਿਤ ਹੋ ਕੇ ਵਾਰ ਕਰ ਰਹੀ ਹੈ।

### ਮੁਹਿੰਮ ਦੇ ਅਹਿਮ ਅੰਕੜੇ ਅਤੇ ਬਰਾਮਦਗੀ

ਸੂਬੇ ਦੇ 28 ਪੁਲਿਸ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਚਲਾਈਆਂ ਗਈਆਂ ਵਿਸ਼ੇਸ਼ ਮੁਹਿੰਮਾਂ ਦੌਰਾਨ ਹੁਣ ਤੱਕ ਦਾ ਰਿਕਾਰਡ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ:

* ਦਰਜ ਐਫਆਈਆਰ : 46,937 (ਐਨਡੀਪੀਐੱਸ ਐਕਟ ਤਹਿਤ)
* ਗ੍ਰਿਫ਼ਤਾਰ ਮੁਲਜ਼ਮ: 65,884
* ਜ਼ਬਤ ਕੀਤੀ ਡਰੱਗ ਮਨੀ: 20 ਕਰੋੜ ਰੁਪਏ

### ਹਵਾਲਾ ਨੈੱਟਵਰਕ 'ਤੇ ਸ਼ਿਕੰਜਾ: ਪਾਕਿਸਤਾਨ ਅਤੇ ਯੂਏਈ ਕਨੈਕਸ਼ਨ ਬੇਨਕਾਬ

ਨਸ਼ਾ ਤਸਕਰੀ ਦੇ ਪੈਸੇ ਦੇ ਲੈਣ-ਦੇਣ (ਹਵਾਲਾ) ਨੂੰ ਰੋਕਣ ਲਈ ਸਾਰੇ ਜ਼ਿਲ੍ਹਿਆਂ ਵਿੱਚ ਫਾਇਨੈਂਸ਼ੀਅਲ ਇਨਵੈਸਟੀਗੇਸ਼ਨ ਯੂਨਿਟ ( ਬਣਾਏ ਗਏ ਹਨ। ਇਨ੍ਹਾਂ ਦੀ ਮਦਦ ਨਾਲ 65 ਹਵਾਲਾ ਆਪਰੇਟਰਾਂ ਨੂੰ ਗ੍ਰਿਫ਼ਤਾਰ ਕਰਕੇ 8.85 ਕਰੋੜ ਰੁਪਏ ਦੀ ਹਵਾਲਾ ਰਕਮ ਬਰਾਮਦ ਕੀਤੀ ਗਈ ਹੈ।

ਸ਼ਰਮਾ ਫਾਰੇਕਸ ਮਨੀ ਐਕਸਚੇਂਜ (ਫਗਵਾੜਾ): ਪੁਲਿਸ ਨੇ ਇਸ ਨੈੱਟਵਰਕ ਖ਼ਿਲਾਫ਼ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਨੈੱਟਵਰਕ ਯੂਏਈ ਰਾਹੀਂ ਪਾਕਿਸਤਾਨ ਬੈਠੇ ਹੈਂਡਲਰਾਂ ਤੱਕ ਪੈਸਾ ਪਹੁੰਚਾਉਣ ਲਈ ਵਰਤਿਆ ਜਾ ਰਿਹਾ ਸੀ। ਇਸ ਮਾਮਲੇ ਵਿੱਚ 5.09 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਅਤੇ ਫਰੀਜ਼ ਕੀਤੀ ਗਈ ਹੈ।

ਲੁਧਿਆਣਾ ਕਨੈਕਸ਼ਨ: ਲੁਧਿਆਣਾ ਵਿੱਚ ਇੱਕ ਆਪਰੇਟਰ ਕੋਲੋਂ 20.55 ਲੱਖ ਰੁਪਏ ਬਰਾਮਦ ਕੀਤੇ ਗਏ, ਜੋ ਪਾਕਿਸਤਾਨ ਤੋਂ ਹੋਣ ਵਾਲੀ ਡਰੱਗ ਤਸਕਰੀ ਲਈ ਅਗਾਊਂ ਭੁਗਤਾਨ ਦਾ ਪ੍ਰਬੰਧ ਕਰਦਾ ਸੀ।

ਨਾਰਕੋ-ਆਰਮਜ਼ ਨੈੱਟਵਰਕ (ਅੰਮ੍ਰਿਤਸਰ): ਅੰਮ੍ਰਿਤਸਰ ਪੁਲਿਸ ਨੇ ਇਸ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ 1.24 ਕਰੋੜ ਰੁਪਏ ਦੀ ਭਾਰਤੀ ਅਤੇ ਵਿਦੇਸ਼ੀ ਕਰੰਸੀ ਬਰਾਮਦ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।

### ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ


ਪੰਜਾਬ ਪੁਲਿਸ ਵੱਲੋਂ ਇਸ ਮੁਹਿੰਮ ਵਿੱਚ ਆਧੁਨਿਕ ਤਕਨਾਲੋਜੀ ਦੀ ਭਰਪੂਰ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਸਿਸਟਮ ਦੀ ਮਦਦ ਨਾਲ 1.36 ਲੱਖ ਐਨਡੀਪੀਐੱਸ ਮਾਮਲਿਆਂ ਅਤੇ 93 ਹਜ਼ਾਰ ਤੋਂ ਵੱਧ ਆਵਾਜ਼ੀ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਇਸ ਡਾਟਾ ਮਾਈਨਿੰਗ ਦੀ ਬਦੌਲਤ ਪੁਲਿਸ ਨੂੰ 45,809 ਅਪਰਾਧਿਕ ਨੈੱਟਵਰਕ ਕਨੈਕਸ਼ਨਾਂ ਦੀ ਪਛਾਣ ਕਰਨ ਵਿੱਚ ਵੱਡੀ ਮਦਦ ਮਿਲੀ ਹੈ।

ਡੀਜੀਪੀ ਦਾ ਸੁਨੇਹਾ: ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ ਨਸ਼ਾ ਤਸਕਰਾਂ, ਹਵਾਲਾ ਆਪਰੇਟਰਾਂ ਅਤੇ ਸਰਹੱਦ ਪਾਰ ਬੈਠੇ ਉਨ੍ਹਾਂ ਦੇ ਆਕਾਵਾਂ/ਹੈਂਡਲਰਾਂ ਖ਼ਿਲਾਫ਼ ਆਉਣ ਵਾਲੇ ਦਿਨਾਂ ਵਿੱਚ ਕਾਰਵਾਈ ਹੋਰ ਤੇਜ਼ ਕੀਤੀ ਜਾਵੇਗੀ।

# 1984 ਸਿੱਖ ਕਤਲੇਆਮ: ਸੱਜਣ ਕੁਮਾਰ ਨੂੰ ਬਰੀ ਕਰਨ ਖ਼ਿਲਾਫ਼ ਅਪੀਲ 'ਤੇ ਦਿੱਲੀ ਹਾਈ ਕੋਰਟ ਵੱਲੋਂ ਨੋਟਿਸ ਜਾਰੀ

ਨਵੀਂ ਦਿੱਲੀ-1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿੱਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਦੀਆਂ ਮੁਸ਼ਕਲਾਂ ਇੱਕ ਵਾਰ ਫਿਰ ਵਧਦੀਆਂ ਨਜ਼ਰ ਆ ਰਹੀਆਂ ਹਨ। ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਇੱਕ ਮਾਮਲੇ ਵਿੱਚ ਬਰੀ ਕੀਤੇ ਜਾਣ ਦੇ ਫ਼ੈਸਲੇ ਖ਼ਿਲਾਫ਼ ਦਾਇਰ ਕੀਤੀ ਗਈ ਅਪੀਲ 'ਤੇ ਸੁਣਵਾਈ ਕਰਦਿਆਂ ਨੋਟਿਸ ਜਾਰੀ ਕੀਤਾ ਹੈ। ਇਹ ਮਾਮਲਾ ਦਿੱਲੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਥਾਣਿਆਂ ਵਿੱਚ ਦਰਜ ਐੱਫ. ਆਈ. ਆਰ. ਨਾਲ ਸਬੰਧਤ ਹੈ।



ਜਸਟਿਸ ਪ੍ਰਤਿਭਾ ਐੱਮ. ਸਿੰਘ ਅਤੇ ਜਸਟਿਸ ਮਧੂ ਜੈਨ ਦੇ ਡਿਵੀਜ਼ਨ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 29 ਸਤੰਬਰ 2026 ਲਈ ਤੈਅ ਕੀਤੀ ਹੈ।

### ਪੀੜਤ ਧਿਰ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਦਿੱਤੀ ਚੁਣੌਤੀ

ਇਹ ਅਪੀਲ 1984 ਕਤਲੇਆਮ ਦੇ ਪੀੜਤ ਮਨਜੀਤ ਸਿੰਘ ਵੱਲੋਂ ਦਾਇਰ ਕੀਤੀ ਗਈ ਹੈ, ਜਿਸ ਵਿੱਚ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫ਼ੈਸਲੇ 'ਤੇ ਸਵਾਲ ਚੁੱਕੇ ਗਏ ਹਨ। ਅਦਾਲਤ ਵਿੱਚ ਪੀੜਤ ਧਿਰ ਦੀ ਨੁਮਾਇੰਦਗੀ ਐਡਵੋਕੇਟ ਕਾਮਨਾ ਵੋਹਰਾ, ਗੁਰਬਖ਼ਸ਼ ਸਿੰਘ ਅਤੇ ਸੁਰਪ੍ਰੀਤ ਕੌਰ ਵੱਲੋਂ ਕੀਤੀ ਗਈ।

### ਕੀ ਸੀ ਹੇਠਲੀ ਅਦਾਲਤ ਦਾ ਫ਼ੈਸਲਾ?

ਇਸੇ ਸਾਲ 22 ਜਨਵਰੀ 2026 ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੱਜਣ ਕੁਮਾਰ ਨੂੰ ਇਹ ਕਹਿ ਕੇ ਬਰੀ ਕਰ ਦਿੱਤਾ ਸੀ ਕਿ ਘਟਨਾ ਵਾਲੀ ਥਾਂ 'ਤੇ ਉਸ ਦੀ ਮੌਜੂਦਗੀ ਜਾਂ ਕਿਸੇ ਗ਼ੈਰ-ਕਾਨੂੰਨੀ ਭੀੜ ਦਾ ਹਿੱਸਾ ਹੋਣ ਦੇ ਕੋਈ ਪੁਖ਼ਤਾ ਸਬੂਤ ਨਹੀਂ ਮਿਲੇ ਹਨ।

### ਅਪੀਲ ਵਿੱਚ ਚੁੱਕੇ ਗਏ ਮੁੱਖ ਨੁਕਤੇ ਅਤੇ ਦਲੀਲਾਂ

ਪੀੜਤ ਧਿਰ ਵੱਲੋਂ ਦਾਇਰ ਪਟੀਸ਼ਨ ਵਿੱਚ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ 'ਮਕੈਨੀਕਲ' (ਬਿਨਾਂ ਸੋਚੇ-ਸਮਝੇ ਲਿਆ ਗਿਆ) ਦੱਸਦਿਆਂ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਗਈਆਂ ਹਨ:

ਗਵਾਹਾਂ ਦੀ ਅਣਦੇਖੀ: ਪਟੀਸ਼ਨਰ ਅਨੁਸਾਰ, ਹੇਠਲੀ ਅਦਾਲਤ ਇਹ ਸਮਝਣ ਵਿੱਚ ਅਸਫਲ ਰਹੀ ਕਿ ਘਟਨਾ ਵਾਲੀ ਥਾਂ 'ਤੇ ਸੱਜਣ ਕੁਮਾਰ ਦੀ ਮੌਜੂਦਗੀ ਦੀ ਪੁਸ਼ਟੀ ਦੂਜੇ ਮੁੱਖ ਗਵਾਹਾਂ-ਹਰਜੀਤ ਕੌਰ ਅਤੇ ਤੇਜਿੰਦਰ ਸਿੰਘ-ਵੱਲੋਂ ਸਪੱਸ਼ਟ ਰੂਪ ਵਿੱਚ ਕੀਤੀ ਗਈ ਸੀ, ਪਰ ਉਨ੍ਹਾਂ ਦੀਆਂ ਗਵਾਹੀਆਂ 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ।

ਸਬੂਤਾਂ ਨੂੰ ਪਰਖਣ 'ਚ ਨਾਕਾਮੀ: ਚੁਣੌਤੀ ਅਧੀਨ ਫ਼ੈਸਲਾ ਰਿਕਾਰਡ 'ਤੇ ਮੌਜੂਦ ਠੋਸ ਸਬੂਤਾਂ ਨੂੰ ਪਰਖੇ ਬਿਨਾ ਹੀ ਸੁਣਾਇਆ ਗਿਆ ਹੈ।

ਗੰਭੀਰ ਦੋਸ਼ਾਂ 'ਚ 'ਸ਼ੱਕ ਦਾ ਲਾਭ': ਅਪੀਲ ਵਿੱਚ ਕਿਹਾ ਗਿਆ ਹੈ ਕਿ ਗੁਰਚਰਨ ਸਿੰਘ, ਸੋਹਣ ਸਿੰਘ ਅਤੇ ਅਵਤਾਰ ਸਿੰਘ ਦੀ ਮੌਤ ਵਿੱਚ ਮੁਲਜ਼ਮ ਸੱਜਣ ਕੁਮਾਰ ਦੀ ਭੂਮਿਕਾ ਚਸ਼ਮਦੀਦਾਂ ਅਤੇ ਹਾਲਾਤ ਦੇ ਸਬੂਤਾਂ ਰਾਹੀਂ ਸਾਬਤ ਹੋ ਚੁੱਕੀ ਸੀ। ਪੂਰੀ ਸੁਣਵਾਈ ਦੌਰਾਨ ਕੋਈ ਵਿਰੋਧਾਭਾਸ ਸਾਹਮਣੇ ਨਹੀਂ ਆਇਆ ਸੀ, ਫਿਰ ਵੀ ਅਦਾਲਤ ਨੇ ਕਾਨੂੰਨ ਦੇ ਬੁਨਿਆਦੀ ਸਿਧਾਂਤਾਂ ਦੀ ਉਲੰਘਣਾ ਕਰਕੇ ਮੁਲਜ਼ਮ ਨੂੰ 'ਸ਼ੱਕ ਦਾ ਲਾਭ' ਦੇ ਦਿੱਤਾ।

### ਅਗਲੀ ਕਾਰਵਾਈ 'ਤੇ ਨਜ਼ਰ

ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਹੇਠਲੀ ਅਦਾਲਤ ਦਾ ਇਹ ਫ਼ੈਸਲਾ ਰੱਦ ਕੀਤੇ ਜਾਣ ਯੋਗ ਹੈ ਅਤੇ ਉਹ ਇਨਸਾਫ਼ ਲਈ ਹਾਈ ਕੋਰਟ ਤੱਕ ਆਏ ਹਨ। ਹੁਣ ਸਾਰਿਆਂ ਦੀਆਂ ਨਜ਼ਰਾਂ 29 ਸਤੰਬਰ ਨੂੰ ਹੋਣ ਵਾਲੀ ਅਗਲੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ, ਜਿੱਥੇ ਹਾਈ ਕੋਰਟ ਇਸ ਮਾਮਲੇ ਦੇ ਸਬੂਤਾਂ ਦੀ ਦੁਬਾਰਾ ਸਮੀਖਿਆ ਕਰੇਗੀ।

# ਯੂਨੀਵਰਸਿਟੀ ਵਿਦਿਆਰਥੀ ਦੇ ਕਤਲ ਮਾਮਲੇ 'ਚ ਵਿਕਰਮ ਦਿਗਵਾ ਦੋਸ਼ੀ ਕਰਾਰ, ਮਦਦ ਕਰਨ ਵਾਲੀ ਮਾਂ ਵੀ ਦੋਸ਼ੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ ਦਸੰਬਰ ਮਹੀਨੇ ਵਿੱਚ ਪੋਰਟਸਵੁੱਡ ਇਲਾਕੇ ਵਿੱਚ ਇੱਕ ਯੂਨੀਵਰਸਿਟੀ ਵਿਦਿਆਰਥੀ ਦਾ ਤੇਜ਼ਧਾਰ ਹਥਿਆਰ (ਕ੍ਰਿਪਾਨ) ਨਾਲ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਵਿੱਚ ਅਦਾਲਤ ਨੇ ਵਿਕਰਮ ਸਿੰਘ ਦਿਗਵਾ ਨਾਮ ਦੇ ਨੌਜਵਾਨ ਨੂੰ ਦੋਸ਼ੀ ਕਰਾਰ ਦਿੱਤਾ ਹੈ। 18 ਸਾਲਾ ਹੈਨਰੀ ਨੋਵਾਕ ਆਪਣੇ ਦੋਸਤਾਂ ਨਾਲ ਰਾਤ ਦੀ ਪਾਰਟੀ ਤੋਂ ਬਾਅਦ ਘਰ ਪਰਤ ਰਿਹਾ ਸੀ, ਜਦੋਂ 23 ਸਾਲਾ ਵਿਕਰਮ ਦਿਗਵਾ ਨੇ ਉਸ 'ਤੇ ਪੰਜ ਵਾਰ ਹਮਲਾ ਕੀਤਾ।*



ਦੋਸ਼ੀ ਵਿਕਰਮ ਸਿੰਘ ਦਿਗਵਾ ਅਤੇ ਕਿਰਨ ਕੌਰ

ਅਦਾਲਤ ਨੂੰ ਦੱਸਿਆ ਗਿਆ ਕਿ ਛਾਤੀ 'ਤੇ ਲੱਗੇ ਜ਼ਖ਼ਮ ਕਾਰਨ ਹੈਨਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਮਾਮਲੇ ਵਿੱਚ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਰਹੀ ਕਿ ਕਤਲ ਕਰਨ ਤੋਂ ਬਾਅਦ ਐਂਬੂਲੈਂਸ ਜਾਂ ਪੁਲਿਸ ਨੂੰ ਤੁਰੰਤ ਫੋਨ ਕਰਨ ਦੀ ਬਜਾਏ, ਮੁਲਜ਼ਮ ਦਿਗਵਾ ਫਰਸ਼ 'ਤੇ ਤੜਫ ਰਹੇ ਹੈਨਰੀ ਦੀ ਵੀਡੀਓ ਬਣਾਉਂਦਾ ਰਿਹਾ। ਇਸ ਦੌਰਾਨ ਉਸਦੀ ਮਾਂ ਮੌਕੇ 'ਤੇ ਪਹੁੰਚੀ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ ਉੱਥੋਂ ਗਾਇਬ ਕਰ ਦਿੱਤਾ। ਸਵੈ ਰੱਖਿਆ ਲਈ ਕੀਤੇ ਹਮਲੇ ਦੀ ਦਲੀਲ ਨੂੰ ਠੁਕਰਾਉਂਦਿਆਂ ਅੱਜ ਜਿਊਰੀ ਨੇ 23 ਸਾਲਾ ਵਿਕਰਮ ਦਿਗਵਾ ਨੂੰ ਕਤਲ ਅਤੇ ਜਨਤਕ ਥਾਂ 'ਤੇ ਹਥਿਆਰ ਰੱਖਣ ਦਾ ਦੋਸ਼ੀ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਉਸਦੀ ਮਾਂ 53 ਸਾਲਾ ਕਿਰਨ ਕੌਰ ਨੂੰ ਅਪਰਾਧੀ ਦੀ ਮਦਦ ਕਰਨ (ਸਬੂਤ ਮਿਟਾਉਣ) ਦਾ ਦੋਸ਼ੀ ਪਾਇਆ ਗਿਆ ਹੈ।

ਸਾਊਥੈਂਪਟਨ ਕਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਬੁੱਧਵਾਰ, 3 ਦਸੰਬਰ ਦੀ ਰਾਤ ਨੂੰ ਪੁਲਿਸ ਨੂੰ ਪੋਰਟਸਵੁੱਡ ਦੇ ਬੇਲਮੌਂਟ ਰੋਡ 'ਤੇ ਬੁਲਾਇਆ ਗਿਆ ਸੀ, ਜਿੱਥੇ ਦਿਗਵਾ ਦੇ ਭਰਾ ਨੇ 999 'ਤੇ ਕਾਲ ਕਰਕੇ ਦਾਅਵਾ ਕੀਤਾ ਸੀ ਕਿ ਵਿਕਰਮ ਦਿਗਵਾ 'ਤੇ ਹਮਲਾ ਹੋਇਆ ਹੈ। ਫੋਨ 'ਤੇ ਪਿੱਛੋਂ ਦਿਗਵਾ ਦੀ ਆਵਾਜ਼ ਵੀ ਸੁਣ ਰਹੀ ਸੀ। ਉਸ ਸਮੇਂ ਉਨ੍ਹਾਂ ਨੇ ਕਿਸੇ ਵੀ ਹਥਿਆਰ ਦੀ ਵਰਤੋਂ ਤੋਂ ਸਾਫ਼ ਇਨਕਾਰ ਕੀਤਾ ਅਤੇ ਹੈਨਰੀ ਨੂੰ ਲੱਗੀਆਂ ਜਾਨਲੇਵਾ ਸੱਟਾਂ ਦੀ ਗੱਲ ਲੁਕਾ ਲਈ।ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਵੀ ਉਨ੍ਹਾਂ ਨੇ ਉਹੀ ਝੂਠੀ ਕਹਾਣੀ ਦੁਹਰਾਈ। ਦਿਗਵਾ ਆਪਣੀ ਸੁੱਜੀ ਹੋਈ ਅੱਖ ਦਿਖਾ ਕੇ ਹਮਦਰਦੀ ਲੈਣ ਦੀ ਕੋਸ਼ਿਸ਼ ਕਰਦਾ ਰਿਹਾ ਅਤੇ ਚਾਕੂ ਚਲਾਉਣ ਦੀ ਗੱਲ ਤੋਂ ਮੁੱਕਰਦਾ ਰਿਹਾ।

ਸ਼ੁਰੂਆਤੀ ਤੌਰ 'ਤੇ ਮਾਮਲੇ ਦੀ ਅਸਲੀਅਤ ਤੋਂ ਅਣਜਾਣ ਪੁਲਿਸ ਅਧਿਕਾਰੀਆਂ ਨੇ ਹੈਨਰੀ ਨੂੰ ਹੀ ਹੱਥਕੜੀ ਲਗਾ ਦਿੱਤੀ ਅਤੇ ਉਸ ਨੂੰ ਹਿਰਾਸਤ ਵਿੱਚ ਲੈਣ ਦੀ ਗੱਲ ਕਹੀ। ਹਾਲਾਂਕਿ, ਮੌਕੇ 'ਤੇ ਪਹੁੰਚਣ ਦੇ ਤਿੰਨ ਮਿੰਟਾਂ ਦੇ ਅੰਦਰ ਹੀ ਹੈਨਰੀ ਦੀ ਨਾਜ਼ੁਕ ਹਾਲਤ ਪੁਲਿਸ ਦੇ ਸਾਹ-ਮਣੇ ਆ ਗਈ।ਤੁਰੰਤ ਉਸਦੀਆਂ ਹੱਥਕੜੀਆਂ ਖੋਲ੍ਹੀਆਂ ਗਈਆਂ, ਐਂਬੂਲੈਂਸ ਨੂੰ ਸੂਚਿਤ ਕੀਤਾ ਗਿਆ ਅਤੇ ਪੁਲਿਸ ਮੁਲਾਜ਼ਮਾਂ ਨੇ ਹੈਨਰੀ ਨੂੰ ਸੀ ਪੀ ਆਰ ਦੇਣਾ ਸ਼ੁਰੂ ਕਰ ਦਿੱਤਾ। ਪਰ ਇੱਕ ਪੈਥੋਲੋਜਿਸਟ ਨੇ ਕੋਰਟ ਵਿੱਚ ਪੁਸ਼ਟੀ ਕੀਤੀ ਕਿ ਹੈਨਰੀ ਦੇ ਜ਼ਖ਼ਮ ਇੰਨੇ ਗੰਭੀਰ ਸਨ ਕਿ ਉਸ ਰਾਤ ਪੁਲਿਸ ਚਾਹੇ ਜੋ ਮਰਜ਼ੀ ਕਰ ਲੈਂਦੀ, ਉਸਦੀ ਜਾਨ ਨਹੀਂ ਬਚਾਈ ਜਾ ਸਕਦੀ ਸੀ।

ਪੁਲਿਸ ਨੇ ਮੁਲਜ਼ਮਾਂ ਦੇ ਝੂਠ ਦਾ ਪਰਦਾਫਾਸ਼ ਕਰਦਿਆਂ ਉਸੇ ਰਾਤ ਘਟਨਾ ਸਥਾਨ ਤੋਂ ਦਿਗਵਾ ਸਹਿਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਦੋਂ ਕਿ ਉਸਦੀ ਮਾਂ ਕਿਰਨ ਕੌਰ ਨੂੰ ਨੇੜਲੀ ਇੱਕ ਰਿਹਾਇਸ਼ ਤੋਂ ਕਾਬੂ ਕੀਤਾ ਗਿਆ। ਸੇਂਟ ਡੇਨਿਸ ਰੋਡ ਦੇ ਰਹਿਣ ਵਾਲੇ ਦਿਗਵਾ ਅਤੇ ਉਸਦੀ ਮਾਂ ਨੇ ਅਦਾਲਤ ਵਿੱਚ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਿਆ, ਪਰ ਢਾਈ ਹਫ਼ਤੇ ਚੱਲੇ ਮੁਕੱਦਮੇ ਤੋਂ ਬਾਅਦ ਜਿਊਰੀ ਨੇ ਦੋਵਾਂ ਨੂੰ ਦੋਸ਼ੀ ਪਾਇਆ।

## ਇੰਗਲੈਂਡ 'ਚ ਮਹਿਲਾ ਦਾ ਗਲਾ ਘੁੱਟ ਕੇ ਕਤਲ ਕਰਨ ਦੇ ਦੋਸ਼ 'ਚ ਭਾਰਤੀ ਮੂਲ ਦੇ ਵਿਅਕਤੀ ਨੂੰ 29 ਸਾਲ ਦੀ ਕੈਦ



ਤਨਵੀਰ ਸਿੰਘ ਅਤੇ ਮ੍ਰਿਤਕਾ ਸ਼ਾਰਾ ਮਿਲਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਇਲਾਕੇ ਵਿੱਚ ਇੱਕ ਮਹਿਲਾ ਦਾ ਗਲਾ ਘੁੱਟ ਕੇ ਕਤਲ ਕਰਨ ਅਤੇ ਉਸਦੀ ਲਾਸ਼ ਨੂੰ ਸੜਕ ਕਿਨਾਰੇ ਸੁੱਟਣ ਦੇ ਦੋਸ਼ੀ ਭਾਰਤੀ ਮੂਲ ਦੇ ਇੱਕ ਡਰਾਈਵਰ ਤਨਵੀਰ ਸਿੰਘ ਨੂੰ 29 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।ਪਿਛਲੇ ਸਾਲ ਅਗਸਤ ਮਹੀਨੇ ਵਿੱਚ ਸਮੈਦਿਕ ਇਲਾਕੇ ਵਿੱਚ ਇੱਕ ਮਹਿਲਾ ਦੀ ਲਾਸ਼ ਮਿਲੀ ਸੀ। 32 ਸਾਲਾ ਤਨਵੀਰ ਸਿੰਘ 'ਤੇ 41 ਸਾਲਾ ਸ਼ਾਰਾ ਮਿਲਰ ਦੇ ਕਤਲ ਦਾ ਦੋਸ਼ ਸੀ। ਵੁਲਵਰਹੈਂਪਟਨ ਕਰਾਊਨ ਕੋਰਟ ਵਿੱਚ ਸਜ਼ਾ ਸੁਣਾਉਂਦੇ ਹੋਏ ਜੱਜ ਮਾਈਕਲ ਚੈਂਬਰਜ਼ ਨੇ ਤਨਵੀਰ ਸਿੰਘ ਨੂੰ ਇੱਕ "ਚਲਾਕ ਅਤੇ ਬੇਰਹਿਮ" ਵਿਅਕਤੀ ਦੱਸਿਆ, ਜਿਸ ਨੂੰ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ ਸੀ।*

ਵੈਸਟ ਮਿਡਲੈਂਡਜ਼ ਪੁਲਿਸ ਦੇ ਇੰਟੈਲੀਜੈਂਸ ਇੰਸਪੈਕਟਰ ਜੋ ਡੇਵਨਪੋਰਟ ਨੇ ਕਿਹਾ ਕਿ ਸ਼ਾਰਾ ਦਾ ਇੱਕ ਅਪਰਾਧੀ ਵੱਲੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ। ਪੁਲਿਸ ਮੁਤਾਬਕ, ਘਟਨਾ ਵਾਲੀ ਰਾਤ ਤਨਵੀਰ ਸਿੰਘ ਇੱਕ ਪੱਬ ਵਿੱਚ ਸ਼ਰਾਬ ਪੀ ਰਿਹਾ ਸੀ ਅਤੇ ਬਾਅਦ ਵਿੱਚ ਜਿਸਮ ਵੇਚਣ ਵਾਲੀ ਦੀ ਭਾਲ ਵਿੱਚ ਸੋਹੋ ਰੋਡ ਚਲਾ ਗਿਆ। ਉੱਥੇ ਉਸਨੇ ਸ਼ਾਰਾ ਨੂੰ ਆਪਣੀ ਵੈਨ ਵਿੱਚ ਬਿਠਾਇਆ, ਜਿੱਥੇ ਉਸ 'ਤੇ ਜਾਨਲੇਵਾ ਹਮਲਾ ਕੀਤਾ।ਪੁਲਿਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਤਨਵੀਰ ਨੇ ਫੋਰੈਂਸਿਕ ਸਬੂਤ ਨਸ਼ਟ ਕਰਨ ਦੇ ਮਕਸਦ ਨਾਲ ਪੀੜਤ ਦੀ ਲਾਸ਼ 'ਤੇ ਕੋਈ ਤਰਲ ਪਦਾਰਥ (ਕੈਮੀਕਲ) ਵੀ ਪਾਇਆ ਸੀ।ਸੀ ਸੀ ਟੀ ਵੀ ਫੁੱਟੇਜ਼ ਦੀ ਮਦਦ ਨਾਲ ਪੁਲਿਸ ਦੋਸ਼ੀ ਤੱਕ ਪਹੁੰਚੀ ਅਤੇ ਹੁਣ ਦੋ ਹਫ਼ਤੇ ਤੱਕ ਚੱਲੇ ਮੁਕੱਦਮੇ ਤੋਂ ਬਾਅਦ ਤਨਵੀਰ ਨੂੰ 29 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਨਿਗਮ ਤੇ ਕੌਂਸਲ ਚੋਣਾਂ ਦਾ ਮਹਾਂ-ਵਿਸ਼ਲੇਸ਼ਣ: 'ਆਪ' ਦਾ ਚੱਲਿਆ ਝਾੜੂ

**ਨਿਊਜ਼ ਵਿਸ਼ਲੇਸ਼ਣ**

## ✪ ਅਕਾਲੀ-ਭਾਜਪਾ ਲਈ ਖ਼ਤਰੇ ਦੀ ਘੰਟੀ ✪ ਅਕਾਲੀ ਦਲ ਤੋਂ ਕਿਉਂ ਪਾਸਾ ਵੱਟ ਰਹੇ ਹਨ ਸ਼ਹਿਰੀ ਵੋਟਰ, ਮਾਹਿਰਾਂ ਦੇ ਵੱਡੇ ਖ਼ੁਲਾਸੇ ✪ ਕੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੜ ਇੱਕ ਹੋਣਗੇ ਅਕਾਲੀ ਦਲ ਅਤੇ ਭਾਜਪਾ?

ਪੰਜਾਬ ਵਿਧਾਨ ਸਭਾ ਚੋਣਾਂ ਦੇ ਸੈਮੀਫਾਈਨਲ ਵਜੋਂ ਦੇਖੀਆਂ ਜਾ ਰਹੀਆਂ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਹੂੰਝਾ ਫੇਰ ਜਿੱਤ ਦਰਜ ਕਰਕੇ ਵਿਰੋਧੀਆਂ ਦੇ ਪੈਰ ਉਖਾੜ ਦਿੱਤੇ ਹਨ। ਕੁੱਲ 1,976 ਵਾਰਡਾਂ ਵਿੱਚੋਂ 'ਆਪ' ਨੇ ਇਕੱਲਿਆਂ 957 ਵਾਰਡਾਂ (48.45%) 'ਤੇ ਕਬਜ਼ਾ ਕਰਕੇ ਸ਼ਹਿਰੀ ਵੋਟਰਾਂ ਵਿੱਚ ਆਪਣੀ ਮਜ਼ਬੂਤ ਪਕੜ ਦਾ ਸਬੂਤ ਦਿੱਤਾ ਹੈ। ਦੂਜੇ ਪਾਸੇ, ਕਾਂਗਰਸ 397 ਵਾਰਡਾਂ ਨਾਲ ਦੂਜੇ, ਸ਼੍ਰੋਮਣੀ ਅਕਾਲੀ ਦਲ 192 ਵਾਰਡਾਂ ਨਾਲ ਤੀਜੇ ਅਤੇ ਭਾਜਪਾ 172 ਵਾਰਡਾਂ ਨਾਲ ਚੌਥੇ ਸਥਾਨ 'ਤੇ ਪੱਛੜ ਗਈ ਹੈ। ਇਨ੍ਹਾਂ ਚੋਣਾਂ ਵਿੱਚ 251 ਆਜ਼ਾਦ ਉਮੀਦਵਾਰਾਂ ਨੇ ਵੀ ਵੱਡੀ ਜਿੱਤ ਹਾਸਲ ਕੀਤੀ ਹੈ।

ਸੂਬੇ ਦੇ ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਇਸ ਵੱਡੇ ਉਲਟਫੇਰ ਦੇ ਪਿੱਛੇ ਕਈ ਅਹਿਮ ਸਿਆਸੀ ਕਾਰਨ ਕੰਮ ਕਰ ਰਹੇ ਹਨ:

'ਆਪ' ਦੀ ਇਸ ਵੱਡੀ ਜਿੱਤ ਦਾ ਸਭ ਤੋਂ ਵੱਡਾ ਕਾਰਨ ਕਿਂਗਰਸ ਵਿਚ ਫੁਟ,ਬਾਦਲ ਅਕਾਲੀ ਦਲ ਤੇ ਭਾਜਪਾ) ਦਾ ਵੱਖ-ਵੱਖ ਲੜਨਾ ਰਿਹਾ। ਬਹੁਕੋਣੇ ਮੁਕਾਬਲੇ ਕਾਰਨ ਵਿਰੋਧੀ ਵੋਟਾਂ ਬੁਰੀ ਤਰ੍ਹਾਂ ਵੰਡੀਆਂ ਗਈਆਂ, ਜਿਸ ਦਾ ਸਿੱਧਾ ਫਾਇਦਾ ਸੱਤਾਧਾਰੀ ਧਿਰ ਨੂੰ ਮਿਲਿਆ।



* ਮੁੱਖ ਮੰਤਰੀ ਭਗਵੰਤ ਮਾਨ ਅਤੇ ਮਨੀਸ਼ ਸਿਸੋਦੀਆ ਮੁਤਾਬਕ, ਲੋਕਾਂ ਨੇ ਸਰਕਾਰ ਦੇ 'ਕੰਮ ਦੀ ਸਿਆਸਤ' ਜਿਵੇਂ ਕਿ ਮੁਫ਼ਤ ਬਿਜਲੀ, ਸਿੱਖਿਆ ਅਤੇ ਸਿਹਤ ਸਹੂਲਤਾਂ ਉੱਤੇ ਮੋਹਰ ਲਾਈ ਹੈ।

* 'ਆਪ' ਨਾ ਸਿਰਫ਼ ਆਪਣੇ ਗੜ੍ਹ (ਸੰਗਰੂਰ-ਬਰਨਾਲਾ) ਨੂੰ ਬਚਾਉਣ ਵਿੱਚ ਕਾਮਯਾਬ ਰਹੀ, ਸਗੋਂ ਉਸਨੇ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਹਲਕੇ ਗਿੱਦੜਬਾਹਾ ਅਤੇ ਅਕਾਲੀ ਦਲ ਦੇ ਗੜ੍ਹ ਮਜੀਠਾ ਵਿੱਚ ਵੀ ਵੱਡੀ ਜਿੱਤ ਦਰਜ ਕੀਤੀ ਹੈ।

* 251 ਆਜ਼ਾਦ ਉਮੀਦਵਾਰਾਂ ਦੀ ਜਿੱਤ ਇਹ ਸੰਕੇਤ ਦਿੰਦੀ ਹੈ ਕਿ ਸਰਕਾਰ ਤੋਂ ਨਾਰਾਜ਼ ਵੋਟਰਾਂ ਨੇ ਰਵਾਇਤੀ ਵਿਰੋਧੀ ਪਾਰਟੀਆਂ 'ਤੇ ਭਰੋਸਾ ਕਰਨ ਦੀ ਬਜਾਏ ਆਜ਼ਾਦ ਚਿਹਰਿਆਂ ਨੂੰ ਚੁਣਿਆ।

ਵਿਧਾਨ ਸਭਾ ਚੋਣਾਂ 'ਤੇ ਕੀ ਪਵੇਗਾ ਪ੍ਰਭਾਵ?-ਸਿਆਸੀ ਮਾਹਿਰਾਂ ਅਨੁਸਾਰ ਇਹ ਚੋਣ ਨਤੀਜੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਇੱਕ ਮਨੋਵਿਗਿਆਨਕ ਲਾਹਾ 'ਆਪ' ਦੇ ਪੱਖ ਵਿੱਚ ਬਣਾਉਣਗੇ। ਮੁੱਖ ਮੰਤਰੀ ਭਗਵੰਤ ਮਾਨ ਦਾ ਦਾਅਵਾ ਹੈ ਕਿ ਇਹ ਫ਼ਤਵਾ ਸੰਕੇਤ ਹੈ ਕਿ 'ਆਪ' 2027 ਵਿੱਚ ਆਪਣਾ ਪੁਰਾਣਾ ਰਿਕਾਰਡ ਤੋੜੇਗੀ। ਹਾਲਾਂਕਿ, ਕਾਂਗਰਸ ਪ੍ਰਧਾਨ ਰਾਜਾ ਵੜਿੰਗ ਅਤੇ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਇਹ ਨਤੀਜੇ ਜ਼ਮੀਨੀ ਹਕੀਕਤ ਨਹੀਂ ਹਨ, ਕਿਉਂਕਿ ਸਰਕਾਰ ਨੇ ਚੋਣਾਂ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਕਥਿਤ ਦੁਰਵਰਤੋਂ ਅਤੇ ਧੱਕੇਸ਼ਾਹੀ ਕੀਤੀ ਹੈ।

ਕੀ ਅਕਾਲੀ ਦਲ ਨੂੰ ਗਠਜੋੜ ਦੀ ਲੋੜ ਹੈ?-ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ਵਿੱਚ 102 ਵਿੱਚੋਂ 43 ਸ਼ਹਿਰਾਂ/ਕਸਬਿਆਂ 'ਚ ਖਾਤਾ ਵੀ ਨਹੀਂ ਖੋਲ੍ਹ ਸਕਿਆ ਅਤੇ ਸਿਰਫ਼ ਬਠਿੰਡਾ-ਮਾਨਸਾ ਪੱਟੀ ਤੱਕ ਸਿਮਟ ਕੇ ਰਹਿ ਗਿਆ। ਮਾਹਿਰਾਂ ਮੁਤਾਬਕ, ਜੇਕਰ ਅਕਾਲੀ ਦਲ ਨੇ ਆਪਣਾ ਗੁਆਚਿਆ ਆਧਾਰ ਮੁੜ ਹਾਸਲ ਕਰਨਾ ਹੈ, ਤਾਂ ਉਸ ਨੂੰ ਖਿੰਡੀਆਂ ਹੋਈਆਂ ਪੰਥਕ ਧਿਰਾਂ ਨੂੰ ਇੱਕਜੁੱਟ ਕਰਨਾ ਪਵੇਗਾ। ਸ਼ਹਿਰੀ ਖੇਤਰਾਂ ਵਿੱਚ ਮੁੜ ਪੈਰ ਜਮਾਉਣ ਲਈ ਭਾਜਪਾ ਨਾਲ ਪੁਰਾਣਾ ਗਠਜੋੜ ਕਰਨਾ ਵੀ ਉਨ੍ਹਾਂ ਦੀ ਸਿਆਸੀ ਮਜਬੂਰੀ ਬਣ ਸਕਦਾ ਹੈ, ਕਿਉਂਕਿ ਇਕੱਲਿਆਂ ਲੜ ਕੇ ਉਹ 'ਆਪ' ਜਾਂ ਕਾਂਗਰਸ ਦਾ ਮੁਕਾਬਲਾ ਨਹੀਂ ਕਰ ਪਾ ਰਹੇ।

ਕੀ ਭਾਜਪਾ ਅਸਲ ਵਿੱਚ 'ਆਪ' ਨੂੰ ਜਿਤਾਉਣਾ ਚਾਹੁੰਦੀ ਹੈ?-ਸਿਆਸੀ ਮਾਹਿਰਾਂ ਦਾ ਜਵਾਬ: ਇਹ ਇੱਕ ਦਿਲਚਸਪ ਸਿਆਸੀ ਚਰਚਾ ਹੈ। ਚੋਣਾਂ ਵਿੱਚ ਭਾਜਪਾ ਚੌਥੇ ਸਥਾਨ 'ਤੇ ਰਹੀ ਹੈ, ਜਿਸ ਕਾਰਨ ਮੁੱਖ ਮੰਤਰੀ ਮਾਨ ਨੇ ਉਨ੍ਹਾਂ ਨੂੰ 'ਈਡੀ ਪਾਰਟੀ' ਕਹਿ ਕੇ ਤਨਜ਼ ਵੀ ਕਸਿਆ। ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਸਿੱਧੇ ਤੌਰ 'ਤੇ 'ਆਪ' ਨੂੰ ਜਿਤਾਉਣਾ ਨਹੀਂ ਚਾਹੁੰਦੀ, ਪਰ ਪੰਜਾਬ ਵਿੱਚ ਭਾਜਪਾ ਦਾ ਇਕੱਲਿਆਂ ਮਜ਼ਬੂਤ ਹੋਣਾ ਕਾਂਗਰਸ ਅਤੇ ਅਕਾਲੀ ਦਲ ਦੀਆਂ ਵੋਟਾਂ ਨੂੰ ਕੱਟਦਾ ਹੈ। ਜਦੋਂ ਭਾਜਪਾ ਸ਼ਹਿਰੀ ਵੋਟਾਂ (ਜੋ ਪਹਿਲਾਂ ਕਾਂਗਰਸ ਜਾਂ ਅਕਾਲੀ ਦਲ ਨੂੰ ਜਾਂਦੀਆਂ ਸਨ) ਵਿੱਚ ਸੰਨ੍ਹ ਲਾਉਂਦੀ ਹੈ, ਤਾਂ ਵਿਰੋਧੀ ਕਮਜ਼ੋਰ ਹੁੰਦੇ ਹਨ ਅਤੇ ਇਸ ਤਿਕੋਣੇ/ ਚੌਕੋਣੇ ਮੁਕਾਬਲੇ ਦਾ ਸਿੱਧਾ ਫਾਇਦਾ 'ਆਪ' ਨੂੰ ਮਿਲ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਇਹ ਬਿਆਨ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਭਾਜਪਾ ਪੰਜਾਬ ਵਿੱਚ ਇਕੱਲਿਆਂ ਜਿੱਤਣ ਦੇ ਸਮਰੱਥ ਨਹੀਂ ਹੈ।

ਸਥਾਨਕ ਚੋਣਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਵਿਰੋਧੀ ਧਿਰਾਂ ਨੇ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੇ ਰੱਥ ਨੂੰ ਰੋਕਣਾ ਹੈ, ਤਾਂ ਉਨ੍ਹਾਂ ਨੂੰ ਨਵੀਆਂ ਸਿਆਸੀ ਰਣਨੀਤੀਆਂ ਅਤੇ ਗਠਜੋੜਾਂ ਬਾਰੇ ਗੰਭੀਰਤਾ ਨਾਲ ਸੋਚਣਾ ਪਵੇਗਾ।

ਸੀਨੀਅਰ ਪੱਤਰਕਾਰ ਹਮੀਰ ਸਿੰਘ ਕਹਿੰਦੇ ਹਨ, "ਸ਼੍ਰੋਮਣੀ ਅਕਾਲੀ ਦਲ ਤਾਂ ਪੇਂਡੂ ਪਾਰਟੀ ਹੈ ਪਰ ਬੀਜੇਪੀ ਨੂੰ ਸ਼ਹਿਰੀ ਇਲਾਕਿਆਂ ਵਿੱਚ ਘੱਟੋ-ਘੱਟ ਦੂਜੇ ਨੰਬਰ 'ਤੇ ਆਉਣਾ ਚਾਹੀਦਾ ਸੀ ਕਿਉਂਕਿ ਇਨ੍ਹਾਂ ਦਾ ਪਿੰਡਾਂ ਵਿੱਚ ਜ਼ਿਆਦਾ ਅਧਾਰ ਨਹੀਂ ਹੈ। ਬੀਜੇਪੀ ਨੂੰ ਕੋਈ ਜ਼ਿਆਦਾ ਸਫਲਤਾ ਨਹੀਂ ਮਿਲੀ ਕਿਉਂਕਿ ਇਸ ਤੋਂ ਪਹਿਲਾਂ ਬੀਜੇਪੀ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਆਪਣਾ ਮੇਅਰ ਬਣਾਉਂਦੀ ਰਹੀ ਹੈ ਅਤੇ ਹੋਰ ਵੀ ਥਾਵਾਂ 'ਤੇ ਜਿੱਤਾਂ ਹਾਸਿਲ ਕਰਦੀ ਰਹੀ ਹੈ। ਮੈਨੂੰ ਨਹੀਂ ਲੱਗਦਾ ਕਿ ਜਿੰਨਾ ਬੀਜੇਪੀ ਨੇ ਜ਼ੋਰ ਲਗਾਇਆ ਹੈ, ਓਨੀ ਸਫ਼ਲਤਾ ਮਿਲੀ ਹੈ।"

# ਕੈਪਟਨ ਨੇ ਭਾਜਪਾ ਦੀਆਂ ਕਮਜ਼ੋਰੀਆਂ ਉਪਰ ਉਂਗਲ ਚੁੱਕੀ

## ✪ ਕਿਹਾ ਕਿ ਭਾਜਪਾ ਪੰਜਾਬ 'ਚ ਇਕੱਲਿਆਂ ਜਿੱਤਣ ਦੇ ਸਮਰੱਥ ਨਹੀਂ, ਅਕਾਲੀ ਦਲ ਨਾਲ ਗੱਠਜੋੜ ਜ਼ਰੂਰੀ ✪ ਕੇਵਲ ਸਿੰਘ ਢਿੱਲੋਂ ਨੂੰ ਪ੍ਰਧਾਨ ਬਣਾਉਣ 'ਤੇ ਚੁੱਕੇ ਸਵਾਲ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਹੀ ਪਾਰਟੀ ਦੀ ਹਾਈਕਮਾਂਡ ਦੀ ਕਾਰਜਸ਼ੈਲੀ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। 'ਕੈਪਟਨ ਨੇ ਬੇਬਾਕੀ ਨਾਲ ਮੰਨਿਆ ਕਿ ਭਾਜਪਾ ਇਸ ਵੇਲੇ ਪੰਜਾਬ ਵਿੱਚ ਆਪਣੇ ਦਮ 'ਤੇ ਚੋਣਾਂ ਜਿੱਤਣ ਦੀ ਸਥਿਤੀ ਵਿੱਚ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਪੁਰਾਣੇ ਗੱਠਜੋੜ ਨੂੰ ਮੁੜ ਸੁਰਜੀਤ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਕੈਪਟਨ ਦਾ ਇਹ ਵੱਡਾ ਬਿਆਨ ਉਸ ਵੇਲੇ ਸਾਹਮਣੇ ਆਇਆ ਹੈ, ਜਦੋਂ ਮਿਊਂਸਿਪਲ ਚੋਣਾਂ ਦੇ ਨਤੀਜਿਆਂ ਵਿੱਚ ਭਾਜਪਾ ਨੂੰ ਆਪਣੇ ਗੜ੍ਹ ਮੰਨੇ ਜਾਣ ਵਾਲੇ ਸ਼ਹਿਰੀ ਖੇਤਰਾਂ ਵਿੱਚ ਵੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕੇਵਲ ਸਿੰਘ ਢਿੱਲੋਂ ਨੂੰ ਭਾਜਪਾ ਪੰਜਾਬ ਦਾ ਨਵਾਂ ਪ੍ਰਧਾਨ ਨਿਯੁਕਤ ਕਰਨ ਦੇ ਫ਼ੈਸਲੇ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ:

ਸੀਨੀਅਰ ਆਗੂਆਂ ਦੀ ਅਣਦੇਖੀ: ਕੈਪਟਨ ਨੇ ਦੋਸ਼ ਲਾਇਆ ਕਿ ਕੇਂਦਰੀ ਲੀਡਰਸ਼ਿਪ ਨੇ ਇੰਨੇ ਵੱਡੇ ਫ਼ੈਸਲੇ ਤੋਂ ਪਹਿਲਾਂ ਸੂਬੇ ਦੇ ਸੀਨੀਅਰ ਨੇਤਾਵਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ। ਛੇ ਦਹਾਕਿਆਂ ਦਾ ਸਿਆਸੀ ਤਜਰਬਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਵੀ ਭਰੋਸੇ ਵਿੱਚ ਨਹੀਂ ਲਿਆ ਗਿਆ।

ਕਾਰਗੁਜ਼ਾਰੀ 'ਤੇ ਸ਼ੱਕ: ਉਨ੍ਹਾਂ ਕਿਹਾ, "ਕੇਵਲ ਢਿੱਲੋਂ ਭਾਵੇਂ ਮੇਰੇ ਦੋਸਤ ਹਨ, ਪਰ ਉਨ੍ਹਾਂ ਦੀ ਬੀਤੇ ਸਮੇਂ ਦੀ ਸਿਆਸੀ ਕਾਰਗੁਜ਼ਾਰੀ ਕੋਈ ਖ਼ਾਸ ਨਹੀਂ ਰਹੀ। ਮੈਂ ਨਹੀਂ ਸਮਝਦਾ ਕਿ ਉਹ ਪਾਰਟੀ ਦੀਆਂ ਉਮੀਦਾਂ 'ਤੇ ਖਰੇ ਉਤਰ ਸਕਣਗੇ।"

ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਨੂੰ ਹਟਾ ਕੇ ਜੱਟ ਸਿੱਖ ਚਿਹਰੇ ਨੂੰ ਪ੍ਰਧਾਨ ਬਣਾਉਣ ਦੀ ਦਲੀਲ ਨੂੰ ਨਕਾਰਦਿਆਂ ਕੈਪਟਨ ਨੇ ਕਿਹਾ ਕਿ ਪ੍ਰਧਾਨਗੀ ਦਾ ਆਧਾਰ ਜਾਤੀਗਤ ਸਮੀਕਰਨ ਨਹੀਂ, ਸਗੋਂ ਨਤੀਜੇ ਦੇਣ ਦੀ ਜਥੇਬੰਦਕ ਸਮਰੱਥਾ ਹੋਣੀ ਚਾਹੀਦੀ ਹੈ। ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ "ਕਾਂਗਰਸ ਵਿੱਚ ਸੂਬਾਈ ਆਗੂਆਂ ਨੂੰ ਵਧੇਰੇ ਖ਼ੁਦਮੁਖ਼ਤਾਰੀ ਮਿਲਦੀ ਸੀ ਅਤੇ ਹਮੇਸ਼ਾ ਵਿਚਾਰ-ਵਟਾਂਦਰਾ ਹੁੰਦਾ ਸੀ। ਪਰ ਭਾਜਪਾ ਦੀ ਕੰਮ ਕਰਨ ਦੀ ਸ਼ੈਲੀ ਬਹੁਤ ਜ਼ਿਆਦਾ ਕੇਂਦਰੀਕ੍ਰਿਤ ਹੈ। ਉਹ ਖ਼ੁਦ ਹੀ ਤੈਅ ਕਰਦੇ ਹਨ ਅਤੇ ਬੱਸ ਲਾਗੂ ਕਰ ਦਿੰਦੇ ਹਨ।"

ਸਥਾਨਕ ਚੋਣਾਂ ਦੇ ਮਾੜੇ ਨਤੀਜਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕੈਪਟਨ ਨੇ ਕਿਹਾ ਕਿ ਭਾਜਪਾ ਹਮੇਸ਼ਾ ਪਿੰਡਾਂ ਵਿੱਚ ਪਹੁੰਚ ਬਣਾਉਣ ਲਈ ਅਕਾਲੀ ਦਲ 'ਤੇ ਨਿਰਭਰ ਰਹੀ ਹੈ ਅਤੇ ਪਾਰਟੀ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਆਪਣਾ ਮਜ਼ਬੂਤ ਸਿਆਸੀ ਢਾਂਚਾ ਖੜ੍ਹਾ ਕਰਨ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਸਵਾਲ ਚੁੱਕਿਆ, "ਜੇ ਪਾਰਟੀ ਨਗਰ ਨਿਗਮਾਂ ਅਤੇ ਕੌਂਸਲਾਂ ਵਿੱਚ ਹੀ ਮਾੜਾ ਪ੍ਰਦਰਸ਼ਨ ਕਰ ਰਹੀ ਹੈ, ਜਿੱਥੇ ਭਾਜਪਾ ਦਾ ਰਵਾਇਤੀ ਆਧਾਰ ਹੈ, ਤਾਂ ਫਿਰ ਅਸੀਂ ਚੋਣਾਂ ਕਿੱਥੋਂ ਜਿੱਤਾਂਗੇ?"

ਕੈਪਟਨ ਨੇ ਅਖੀਰ ਵਿੱਚ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਇਸ ਵੇਲੇ ਆਰਥਿਕ ਮੰਦਹਾਲੀ, ਖੇਤੀ ਸੰਕਟ, ਖ਼ਰਾਬ ਕਾਨੂੰਨ ਵਿਵਸਥਾ ਅਤੇ ਸਰਹੱਦੀ ਸੁਰੱਖਿਆ ਦੀਆਂ ਵੱਡੀਆਂ ਚੁਣੌਤੀਆਂ ਨਾਲ ਜੂਝ ਰਿਹਾ ਹੈ, ਪਰ ਸਿਆਸੀ ਲੀਡਰਾਂ ਨੂੰ ਸਿਰਫ਼ ਆਪਣੀ ਪਈ ਹੋਈ ਹੈ ਅਤੇ ਪੰਜਾਬ ਦੇ ਭਵਿੱਖ ਬਾਰੇ ਕੋਈ ਗੰਭੀਰਤਾ ਨਾਲ ਨਹੀਂ ਸੋਚ ਰਿਹਾ।

# ਸ਼੍ਰੋਮਣੀ ਅਕਾਲੀ ਦਲ ਤੋਂ ਕਿਉਂ ਪਾਸਾ ਵੱਟ ਰਹੇ ਹਨ ਸ਼ਹਿਰੀ ਵੋਟਰ ?

## ✪ ਸਥਾਨਕ ਚੋਣਾਂ ਦੇ ਨਤੀਜਿਆਂ ਨੇ ਖੋਲ੍ਹੇ ਵੱਡੇ ਰਾਜ਼



ਪੰਜਾਬ ਦੀਆਂ ਸਥਾਨਕ ਚੋਣਾਂ ਵਿੱਚ ਜਿੱਥੇ ਆਮ ਆਦਮੀ ਪਾਰਟੀ ਨੇ ਹੂੰਝਾ ਫੇਰ ਜਿੱਤ ਦਰਜ ਕੀਤੀ ਹੈ, ਉੱਥੇ ਹੀ ਸੂਬੇ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਨੂੰ ਸ਼ਹਿਰੀ ਖੇਤਰਾਂ ਵਿੱਚ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਭਰ ਦੀਆਂ 102 ਸ਼ਹਿਰੀ ਸੰਸਥਾਵਾਂ ਵਿੱਚੋਂ ਅਕਾਲੀ ਦਲ ਸਿਰਫ਼ ਪੰਜ ਨਗਰ ਪੰਚਾਇਤਾਂ ਅਤੇ ਇੱਕ ਨਗਰ ਕੌਂਸਲ (ਸੰਗਤ) ਵਿੱਚ ਹੀ ਸਪਸ਼ਟ ਬਹੁਮਤ ਹਾਸਲ ਕਰ ਸਕਿਆ ਹੈ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਅਕਾਲੀ ਦਲ 102 ਵਿੱਚੋਂ 43 ਸ਼ਹਿਰਾਂ ਅਤੇ ਕਸਬਿਆਂ ਵਿੱਚ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ। ਮਾਝੇ (ਸਿਰਫ਼ 15 ਸੀਟਾਂ) ਅਤੇ ਦੁਆਬੇ (ਸਿਰਫ਼ 10 ਸੀਟਾਂ) ਦੇ ਸ਼ਹਿਰੀ ਇਲਾਕਿਆਂ ਵਿੱਚੋਂ ਪਾਰਟੀ ਦਾ ਲਗਭਗ ਪੱਤਾ ਸਾਫ਼ ਹੋ ਚੁੱਕਾ ਹੈ। ਪਾਰਟੀ ਸਿਰਫ਼ ਜ਼ਿਲ੍ਹਾ ਬਠਿੰਡਾ (68 ਸੀਟਾਂ) ਅਤੇ ਮਾਲਵੇ ਦੇ 3-4 ਜ਼ਿਲ੍ਹਿਆਂ ਤੱਕ ਹੀ ਸਿਮਟ ਕੇ ਰਹਿ ਗਈ ਹੈ। ਸਿਆਸੀ ਮਾਹਿਰਾਂ ਅਤੇ ਚੋਣ ਨਤੀਜਿਆਂ ਦੇ ਵਿਸ਼ਲੇਸ਼ਣ ਅਨੁਸਾਰ, ਸ਼ਹਿਰੀ ਵੋਟਰਾਂ ਦੇ ਅਕਾਲੀ ਦਲ ਤੋਂ ਦੂਰ ਹੋਣ ਪਿੱਛੇ ਹੇਠ ਲਿਖੇ ਮੁੱਖ ਕਾਰਨ ਹਨ:

ਰਵਾਇਤੀ ਤੌਰ 'ਤੇ ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਭਾਜਪਾ ਦਾ ਮਜ਼ਬੂਤ ਅਧਾਰ ਰਿਹਾ ਹੈ। ਜਦੋਂ ਤੱਕ ਅਕਾਲੀ-ਭਾਜਪਾ ਗਠਜੋੜ (ਜਿਵੇਂ 2015 ਦੀਆਂ ਚੋਣਾਂ ਵਿੱਚ ਜਿੱਤ) ਸੀ, ਉਦੋਂ ਤੱਕ ਸ਼ਹਿਰੀ ਹਿੰਦੂ ਅਤੇ ਹੋਰ ਵੋਟਰ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਖੁੱਲ੍ਹ ਕੇ ਵੋਟ ਪਾਉਂਦੇ ਸਨ। ਇਕੱਲਿਆਂ ਲੜਨ ਕਾਰਨ ਅਕਾਲੀ ਦਲ ਸ਼ਹਿਰਾਂ ਵਿੱਚ ਵੋਟਰਾਂ ਦਾ ਭਰੋਸਾ ਜਿੱਤਣ ਵਿੱਚ ਨਾਕਾਮ ਰਿਹਾ ਹੈ।

ਪੇਂਡੂ/ਪੰਥਕ ਪਾਰਟੀ ਦਾ ਅਕਸ: ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਕਾਡਰ ਅਤੇ ਵੋਟ ਬੈਂਕ ਹਮੇਸ਼ਾ ਪੇਂਡੂ ਖੇਤਰ ਰਿਹਾ ਹੈ। ਸ਼ਹਿਰੀ ਵੋਟਰ ਅਕਾਲੀ ਦਲ ਨੂੰ ਮੁੱਖ ਤੌਰ 'ਤੇ ਕਿਸਾਨੀ ਅਤੇ ਪੰਥਕ ਮੁੱਦਿਆਂ ਨਾਲ ਜੁੜੀ ਪਾਰਟੀ ਵਜੋਂ ਦੇਖਦੇ ਹਨ। ਇਹੀ ਕਾਰਨ ਹੈ ਕਿ ਪਾਰਟੀ ਨੇ ਜੋ ਵੀ ਥੋੜ੍ਹੀ-ਬਹੁਤ ਜਿੱਤ ਹਾਸਲ ਕੀਤੀ ਹੈ, ਉਹ 'ਨਗਰ ਪੰਚਾਇਤਾਂ' (ਜੋ ਅਰਧ-ਸ਼ਹਿਰੀ ਜਾਂ ਪੇਂਡੂ ਪ੍ਰਭਾਵ ਵਾਲੇ ਕਸਬੇ ਹੁੰਦੇ ਹਨ ਜਿਵੇਂ ਮਲੂਕਾ, ਭਗਤਾ, ਨਥਾਣਾ) ਵਿੱਚ ਹੀ ਮਿਲੀ ਹੈ, ਵੱਡੇ ਸ਼ਹਿਰਾਂ ਵਿੱਚ ਨਹੀਂ।

ਸ਼ਹਿਰੀ ਵੋਟਰਾਂ ਨੇ ਇਸ ਵਾਰ ਵਿਕਾਸ ਅਤੇ ਕਾਰੋਬਾਰੀ ਮੁੱਦਿਆਂ ਦੇ ਅਧਾਰ 'ਤੇ ਆਮ ਆਦਮੀ ਪਾਰਟੀ (957 ਵਾਰਡ) ਜਾਂ ਫਿਰ ਕਾਂਗਰਸ (397 ਵਾਰਡ) ਨੂੰ ਤਰਜੀਹ ਦਿੱਤੀ ਹੈ। ਜਿੱਥੇ ਵੋਟਰ ਸਰਕਾਰ ਤੋਂ ਨਾਰਾਜ਼ ਸਨ, ਉੱਥੇ ਉਨ੍ਹਾਂ ਨੇ ਅਕਾਲੀ ਦਲ ਦੀ ਬਜਾਏ 'ਆਜ਼ਾਦ ਉਮੀਦਵਾਰਾਂ' (251 ਵਾਰਡ) 'ਤੇ ਭਰੋਸਾ ਜਤਾਇਆ।

ਲੀਡਰਸ਼ਿਪ ਅਤੇ ਪੁਰਾਣੇ ਮੁੱਦਿਆਂ ਦਾ ਪ੍ਰਛਾਵਾਂ: ਸ਼ਹਿਰੀ ਖੇਤਰਾਂ ਵਿੱਚ ਪਾਰਟੀ ਦੀ ਨਵੀਂ ਸਥਾਨਕ ਲੀਡਰਸ਼ਿਪ ਖੜ੍ਹੀ ਨਾ ਹੋ ਪਾਉਣਾ ਅਤੇ ਬੀਤੇ ਸਮੇਂ ਦੇ ਵਿਵਾਦਾਂ ਦਾ ਪਰਛਾਵਾਂ ਅਜੇ ਵੀ ਵੋਟਰਾਂ ਦੇ ਮਨਾਂ ਵਿੱਚੋਂ ਪੂਰੀ ਤਰ੍ਹਾਂ ਨਿਕਲ ਨਹੀਂ ਸਕਿਆ ਹੈ।

### ਪਿਛਲੀਆਂ ਚੋਣਾਂ ਦੇ ਮੁਕਾਬਲੇ ਕਾਰਗੁਜ਼ਾਰੀ ਦੀ ਸਥਿਤੀ

ਹਾਲਾਂਕਿ, ਜੇਕਰ ਦਸੰਬਰ 2024 ਦੀਆਂ ਸਥਾਨਕ ਚੋਣਾਂ ਨਾਲ ਤੁਲਨਾ ਕੀਤੀ ਜਾਵੇ, ਤਾਂ ਪਾਰਟੀ ਨੇ ਆਪਣੀ ਸਥਿਤੀ ਵਿੱਚ ਮਾਮੂਲੀ ਸੁਧਾਰ ਜ਼ਰੂਰ ਕੀਤਾ ਹੈ, ਪਰ ਇਹ ਆਗਾਮੀ ਵਿਧਾਨ ਸਭਾ ਚੋਣਾਂ ਜਿੱਤਣ ਲਈ ਬਹੁਤ ਨਾਕਾਫ਼ੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਚੋਣ ਨਤੀਜੇ ਸਾਫ਼ ਸੰਕੇਤ ਦਿੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਜੇਕਰ ਪੰਜਾਬ ਦੀ ਸਿਆਸਤ ਵਿੱਚ ਮੁੱਖ ਮੁਕਾਬਲੇ ਵਿੱਚ ਵਾਪਸੀ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਪਿੰਡਾਂ ਦੇ ਨਾਲ-ਨਾਲ ਸ਼ਹਿਰੀ ਖੇਤਰਾਂ ਲਈ ਵਿਸ਼ੇਸ਼ ਰਣਨੀਤੀ ਤਿਆਰ ਕਰਨੀ ਪਵੇਗੀ। ਇਸ ਲਈ ਕੈਪਟਨ ਅਮਰਿੰਦਰ ਸਿੰਘ ਵਰਗੇ ਸੀਨੀਅਰ ਆਗੂਆਂ ਵੱਲੋਂ ਦਿੱਤੀ ਜਾ ਰਹੀ ਭਾਜਪਾ ਨਾਲ ਮੁੜ ਗਠਜੋੜ ਦੀ ਸਲਾਹ, ਅਕਾਲੀ ਦਲ ਲਈ ਸ਼ਹਿਰਾਂ ਵਿੱਚ ਪੈਰ ਜਮਾਉਣ ਦਾ ਇੱਕ ਮੁੱਖ ਜ਼ਰੀਆ ਬਣ ਸਕਦੀ ਹੈ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਜੇਕਰ ਪਿਛਲੀਆਂ ਚੋਣਾਂ ਦੇ ਅੰਕੜਿਆਂ ਨੂੰ ਚਲੰਤ ਰੂਪ ਵਿੱਚ ਦੇਖੀਏ, ਤਾਂ ਜਦੋਂ ਫ਼ਰਵਰੀ 2015 ਵਿੱਚ ਅਕਾਲੀ-ਭਾਜਪਾ ਗਠਜੋੜ ਸੀ, ਉਦੋਂ ਇਨ੍ਹਾਂ ਨੇ ਸ਼ਹਿਰਾਂ ਵਿੱਚ 1420 ਸੀਟਾਂ ਜਿੱਤੀਆਂ ਸਨ। ਇਸ ਤੋਂ ਬਾਅਦ ਜਦੋਂ ਦਸੰਬਰ 2024 ਵਿੱਚ ਚੋਣਾਂ ਹੋਈਆਂ ਤਾਂ ਅਕਾਲੀ ਦਲ ਇਕੱਲਿਆਂ ਸਿਰਫ਼ 28 ਸੀਟਾਂ 'ਤੇ ਸਿਮਟ ਗਿਆ ਸੀ। ਹਾਲਾਂਕਿ ਮੌਜੂਦਾ ਮਈ 2026 ਦੀਆਂ ਚੋਣਾਂ ਵਿੱਚ ਪਾਰਟੀ ਨੇ ਸੁਧਾਰ ਕਰਕੇ 192 ਸੀਟਾਂ ਹਾਸਲ ਕੀਤੀਆਂ ਹਨ, ਪਰ ਸ਼ਹਿਰਾਂ ਵਿੱਚ ਆਪਣਾ ਗੁਆਚਿਆ ਵੋਟ ਬੈਂਕ ਮੁੜ ਹਾਸਲ ਕਰਨ ਅਤੇ 'ਪੰਜਾਬ ਮਿਸ਼ਨ' ਫ਼ਤਿਹ ਕਰਨ ਲਈ ਇਹ ਪ੍ਰਦਰਸ਼ਨ ਅਜੇ ਵੀ ਬਹੁਤ ਕਮਜ਼ੋਰ ਹੈ। ਪੰਥਕ ਗਠਜੋੜ ਅਕਾਲੀ ਦਲ ਬਾਦਲ ਲਈ ਬਹੁਤ ਜ਼ਰੂਰੀ ਹੈ।

# ਪੰਜਾਬੀਆਂ ਦਾ ਭਾਜਪਾ ਵੱਲ ਰੁਝਾਨ ਨਾ ਹੋਣ ਦੇ ਮੁੱਖ ਕਾਰਨ



ਸਿਆਸੀ ਵਿਸ਼ਲੇਸ਼ਕਾਂ ਅਤੇ ਜ਼ਮੀਨੀ ਹਾਲਾਤ ਮੁਤਾਬਕ, ਪੰਜਾਬ ਦੇ ਵੋਟਰਾਂ ਵੱਲੋਂ ਭਾਜਪਾ ਨੂੰ ਨਕਾਰਨ ਦੇ ਪਿੱਛੇ ਹੇਠ ਲਿਖੇ ਵੱਡੇ ਕਾਰਨ ਸਾਹਮਣੇ ਆਏ ਹਨ:

* ਪੇਂਡੂ ਪੰਜਾਬ (ਕਿਸਾਨੀ ਖੇਤਰ) ਤਾਂ ਪਹਿਲਾਂ ਹੀ ਭਾਜਪਾ ਤੋਂ ਵੱਡੀ ਦੂਰੀ ਬਣਾ ਕੇ ਚੱਲ ਰਿਹਾ ਸੀ, ਪਰ ਇਨ੍ਹਾਂ ਚੋਣਾਂ ਨੇ ਸਾਬਤ ਕਰ ਦਿੱਤਾ ਹੈ ਕਿ ਹੁਣ ਪੰਜਾਬ ਦੇ ਸ਼ਹਿਰੀ ਵੋਟਰਾਂ ਨੇ ਵੀ ਭਾਜਪਾ ਤੋਂ ਪਾਸਾ ਵੱਟ ਲਿਆ ਹੈ। ਭਾਜਪਾ ਆਪਣੇ ਰਵਾਇਤੀ ਗੜ੍ਹ ਮੰਨੇ ਜਾਂਦੇ ਸ਼ਹਿਰ ਜਲੰਧਰ ਵਿੱਚ ਸਿਰਫ਼ 3 ਸੀਟਾਂ ਜਿੱਤ ਸਕੀ, ਜਦੋਂ ਕਿ ਇੱਕ ਹੋਰ ਗੜ੍ਹ ਪਠਾਨਕੋਟ ਵਿੱਚ ਉਹ 50 ਵਿੱਚੋਂ ਸਿਰਫ਼ 20 ਸੀਟਾਂ ਤੱਕ ਹੀ ਸੀਮਤ ਰਹਿ ਗਈ।

* ਕੇਂਦਰੀ ਏਜੰਸੀਆਂ ਦੀ ਕਾਰਵਾਈ ਅਤੇ ਖ਼ੌਫ਼ ਦਾ ਉਲਟਾ ਅਸਰ

ਪੱਛਮੀ ਬੰਗਾਲ ਦੀ ਜਿੱਤ ਤੋਂ ਬਾਅਦ ਭਾਜਪਾ ਨੇ ਪੰਜਾਬ ਵਿੱਚ ਪੈਰ ਪਸਾਰਨ ਲਈ ਕੇਂਦਰੀ ਏਜੰਸੀਆਂ ਦੀ ਛਾਪੇਮਾਰੀ ਇਕਦਮ ਤੇਜ਼ ਕਰ ਦਿੱਤੀ ਸੀ। ਸਿਆਸੀ ਮਾਹਿਰਾਂ ਅਨੁਸਾਰ, ਪੰਜਾਬ ਦੇ ਕਾਰੋਬਾਰੀ ਅਤੇ ਆਮ ਲੋਕਾਂ ਨੇ ਏਜੰਸੀਆਂ ਦੇ ਇਸ ਖ਼ੌਫ਼ ਅਤੇ ਦਬਾਅ ਦੀ ਸਿਆਸਤ ਦਾ ਮਾੜਾ ਪ੍ਰਭਾਵ ਕਬੂਲਿਆ। ਲੋਕਾਂ ਨੇ ਇਸ ਕੇਂਦਰੀ ਦਬਾਅ ਦੇ ਖ਼ਿਲਾਫ਼ ਜਾ ਕੇ ਭਾਜਪਾ ਦੇ ਵਿਰੁੱਧ ਵੋਟ ਪਾਈ।

* ਭਾਜਪਾ ਨੂੰ ਉਮੀਦ ਸੀ ਕਿ ਬੰਗਾਲ ਦੀ ਜਿੱਤ ਤੋਂ ਬਾਅਦ ਪੰਜਾਬ ਦਾ ਹਿੰਦੂ ਭਾਈਚਾਰਾ ਪਾਰਟੀ ਨਾਲ ਵੱਡੀ ਪੱਧਰ 'ਤੇ ਜੁੜੇਗਾ। ਪਰ ਚੋਣ ਨਤੀਜਿਆਂ ਨੇ ਸਾਫ਼ ਕਰ ਦਿੱਤਾ ਹੈ ਕਿ ਪੰਜਾਬ ਦੇ ਹਿੰਦੂ ਵੋਟਰਾਂ ਨੇ ਵੀ ਭਾਜਪਾ ਦੀ ਰਣਨੀਤੀ ਦਾ ਉਸ ਤਰ੍ਹਾਂ ਸਵਾਗਤ ਨਹੀਂ ਕੀਤਾ ਜਿਸ ਦੀ ਉਮੀਦ ਕੀਤੀ ਜਾ ਰਹੀ ਸੀ। ਉਨ੍ਹਾਂ ਨੇ ਸਥਾਨਕ ਮੁੱਦਿਆਂ 'ਤੇ 'ਆਪ' ਜਾਂ ਕਾਂਗਰਸ ਨੂੰ ਤਰਜੀਹ ਦਿੱਤੀ।

### ਸੀਟਾਂ ਦਾ ਖੇਤਰੀ ਵੇਰਵਾ: ਕਿੱਥੇ ਕੀ ਰਹੀ ਸਥਿਤੀ ?

ਭਾਜਪਾ ਪੰਜਾਬ ਭਰ ਵਿੱਚੋਂ ਸਿਰਫ਼ ਇੱਕ ਨਗਰ ਕੌਂਸਲ (ਜ਼ਿਲ੍ਹਾ ਮੁਹਾਲੀ ਦੀ ਨਵਾਂ ਗਾਓਂ) ਦੇ 21 ਵਾਰਡਾਂ ਵਿੱਚੋਂ 13 ਸੀਟਾਂ ਜਿੱਤ ਕੇ ਸਪਸ਼ਟ ਬਹੁਮਤ ਹਾਸਲ ਕਰ ਸਕੀ ਹੈ, ਜਦੋਂ ਕਿ ਮੁਕੇਰੀਆਂ ਵਿੱਚ ਉਹ 15 ਵਿੱਚੋਂ 7 ਸੀਟਾਂ ਲੈ ਕੇ ਸਿਰਫ਼ ਵੱਡੀ ਪਾਰਟੀ ਬਣੀ।

ਖੇਤਰੀ ਹਿਸਾਬ ਨਾਲ ਭਾਜਪਾ ਨੂੰ ਮਾਝੇ ਵਿੱਚੋਂ ਕੁੱਲ 27 ਸੀਟਾਂ ਅਤੇ ਦੁਆਬੇ ਵਿੱਚੋਂ ਸਿਰਫ਼ 15 ਸੀਟਾਂ ਮਿਲੀਆਂ। ਭਾਜਪਾ ਦੀਆਂ ਮੌਜੂਦਾ ਸੀਟਾਂ ਦਾ ਸਭ ਤੋਂ ਵੱਡਾ ਹਿੱਸਾ ਮਾਲਵਾ ਖੇਤਰ ਵਿੱਚੋਂ ਆਇਆ ਹੈ, ਜਿੱਥੇ ਇਕੱਲੇ ਫ਼ਾਜ਼ਿਲਕਾ ਜ਼ਿਲ੍ਹੇ ਵਿੱਚੋਂ ਪਾਰਟੀ ਨੂੰ 39 ਸੀਟਾਂ (ਅਬੋਹਰ ਨਿਗਮ ਦੀਆਂ 28 ਅਤੇ ਫ਼ਾਜ਼ਿਲਕਾ ਕੌਂਸਲ ਦੀਆਂ 11 ਸੀਟਾਂ) ਹਾਸਲ ਹੋਈਆਂ। ਇਸ ਤੋਂ ਇਲਾਵਾ ਪਟਿਆਲਾ ਵਿੱਚ 16, ਮੁਹਾਲੀ ਵਿੱਚ 27, ਬਰਨਾਲਾ ਵਿੱਚ 8, ਲੁਧਿਆਣਾ ਵਿੱਚ 6 ਅਤੇ ਬਠਿੰਡਾ ਜ਼ਿਲ੍ਹੇ ਵਿੱਚ ਸਿਰਫ਼ ਇੱਕ ਸੀਟ ਮਿਲੀ। ਹਾਲਾਂਕਿ, ਪਾਰਟੀ ਲਈ ਇੱਕੋ-ਇੱਕ ਰਾਹਤ ਦੀ ਗੱਲ ਇਹ ਰਹੀ ਕਿ ਉਹ ਮਲੇਰਕੋਟਲਾ ਵਿੱਚ ਆਪਣਾ ਖਾਤਾ ਖੋਲ੍ਹਣ ਵਿੱਚ ਕਾਮਯਾਬ ਹੋ ਗਈ।

ਇਨ੍ਹਾਂ ਚੋਣਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਭਾਜਪਾ ਨੇ ਪੰਜਾਬ ਫ਼ਤਿਹ ਕਰਨਾ ਹੈ, ਤਾਂ ਉਸ ਨੂੰ ਇੱਥੋਂ ਦੇ ਸਥਾਨਕ ਮੁੱਦਿਆਂ, ਲੋਕਾਂ ਦੀ ਮਾਨਸਿਕਤਾ ਅਤੇ ਕੈਪਟਨ ਅਮਰਿੰਦਰ ਸਿੰਘ ਵਰਗੇ ਸੀਨੀਅਰ ਆਗੂਆਂ ਵੱਲੋਂ ਦਿੱਤੀ ਗਈ 'ਗਠਜੋੜ' ਦੀ ਸਲਾਹ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ।

ਪੰਜਾਬ ਸਥਾਨਕ ਚੋਣਾਂ: 'ਕਮਲ' ਖਿੜਨ ਵਿਚ ਭਾਜਪਾ ਮੁੜ ਰਹੀ ਫਾਡੀ, ਜਾਣੋ ਪੰਜਾਬੀਆਂ ਨੇ ਕਿਉਂ ਮੋੜਿਆ ਮੂੰਹ

ਪੰਜਾਬ ਵਿੱਚ ਨਗਰ ਨਿਗਮ ਅਤੇ ਕੌਂਸਲ ਚੋਣਾਂ ਦੇ ਨਤੀਜਿਆਂ ਨੇ ਭਾਜਪਾ ਨੂੰ ਜ਼ਮੀਨੀ ਹਕੀਕਤ ਦਿਖਾ ਦਿੱਤੀ ਹੈ। ਪਾਰਟੀ ਨੇ ਕੁੱਲ 1,316 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਸਨ, ਜਿਨ੍ਹਾਂ ਵਿੱਚੋਂ ਸਿਰਫ਼ 172 ਸੀਟਾਂ (ਮਹਿਜ਼ 12.91 ਫ਼ੀਸਦੀ) 'ਤੇ ਹੀ ਉਸ ਨੂੰ ਜਿੱਤ ਨਸੀਬ ਹੋਈ ਹੈ। ਪੰਜਾਬ ਦੇ 102 ਸ਼ਹਿਰਾਂ ਅਤੇ ਕਸਬਿਆਂ ਵਿੱਚੋਂ ਭਾਜਪਾ ਸਿਰਫ਼ 40 ਥਾਵਾਂ 'ਤੇ ਆਪਣਾ ਖਾਤਾ ਖੋਲ੍ਹ ਸਕੀ ਹੈ, ਜਦੋਂ ਕਿ 62 ਸ਼ਹਿਰਾਂ ਵਿੱਚ ਉਸ ਦੇ ਹੱਥ ਨਮੋਸ਼ੀ ਲੱਗੀ ਹੈ। ਪਾਰਟੀ ਅੰਮ੍ਰਿਤਸਰ, ਤਰਨ ਤਾਰਨ ਅਤੇ ਫ਼ਰੀਦਕੋਟ ਵਰਗੇ ਤਿੰਨ ਪ੍ਰਮੁੱਖ ਜ਼ਿਲ੍ਹਿਆਂ ਵਿੱਚ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ। ਇਨ੍ਹਾਂ ਨਤੀਜਿਆਂ ਨੇ ਪੰਜਾਬ ਭਾਜਪਾ ਦੇ ਨਵੇਂ ਬਣੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਪ੍ਰਧਾਨਗੀ ਦੇ ਜਸ਼ਨਾਂ ਨੂੰ ਵੀ ਫਿੱਕਾ ਪਾ ਦਿੱਤਾ ਹੈ, ਕਿਉਂਕਿ ਉਨ੍ਹਾਂ ਦੇ ਆਪਣੇ ਜੱਦੀ ਹਲਕੇ ਬਰਨਾਲਾ ਦੀ ਨਗਰ ਨਿਗਮ ਵਿੱਚ ਪਾਰਟੀ ਸਿਰਫ਼ 7 ਸੀਟਾਂ ਤੱਕ ਸਿਮਟ ਕੇ ਰਹਿ ਗਈ।

ਮਾਮਲਾ 328 ਪਾਵਨ ਸਰੂਪਾਂ ਦਾ

# ਐੱਸ.ਆਈ.ਟੀ. ਅਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

## ✪ 'ਜਾਂਚ ਵਿਚ ਸਹਿਯੋਗ' ਨਾ ਦੇਣ ਕਾਰਣ ਹਾਈ ਕੋਰਟ ਪਹੁੰਚੀ ਪੁਲਿਸ ✪ ਪੁਲਿਸ ਦੇ 'ਅਸਹਿਯੋਗ' ਦੇ ਦੋਸ਼ਾਂ ਨੂੰ ਧਾਮੀ ਨੇ ਦੱਸਿਆ ਸਰਾਸਰ ਝੂਠ, ਵੀਡੀਓ ਸਬੂਤ ਜਨਤਕ ਕਰਨ ਦੀ ਦਿੱਤੀ ਚਿਤਾਵਨੀ

ਚੰਡੀਗੜ੍ਹ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਲਗਾਏ ਜਾ ਰਹੇ ਅਸਹਿਯੋਗ ਦੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ ਨਜ਼ਰ ਆ ਰਹੇ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਸਟਿਸ ਵਿਨੋਦ ਐੱਸ. ਭਾਰਦਵਾਜ ਦੀ ਅਦਾਲਤ ਵਿਚ ਪੁਲਿਸ ਵੱਲੋਂ ਦਾਇਰ ਕੀਤੀ ਗਈ ਨਕਾਰਾਤਮਕ ਸਟੇਟਸ ਰਿਪੋਰਟ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਰਾਰਾ ਜਵਾਬ ਦਿੱਤਾ ਹੈ। ਧਾਮੀ ਨੇ ਇੱਕ ਹੰਗਾਮੀ ਪ੍ਰੈੱਸ ਕਾਨਫਰੰਸ ਦੌਰਾਨ ਪੁਲਿਸ ਦੀ ਗਲਤ ਬਿਆਨਬਾਜ਼ੀ ਨੂੰ ਬੇਨਕਾਬ ਕਰਦਿਆਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਜਾਂਚ ਵਿੱਚ ਪੂਰੀ ਪਾਰਦਰਸ਼ਤਾ ਨਾਲ ਸਹਿਯੋਗ ਕਰ ਰਹੀ ਹੈ ਅਤੇ ਪੁਲਿਸ ਅਦਾਲਤ ਨੂੰ ਗੁੰਮਰਾਹ ਕਰ ਰਹੀ ਹੈ।

ਅੰਮ੍ਰਿਤਸਰ ਦੇ ਥਾਣਾ ਡਵੀਜ਼ਨ-ਸੀ ਵਿੱਚ ਦਰਜ ਮੁਕੱਦਮੇ ਤਹਿਤ ਜਾਂਚ ਕਰ ਰਹੀ ਐੱਸ.ਪੀ.ਡੀ. ਪਟਿਆਲਾ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਵਾਲੀ ਟੀਮ ਜਦੋਂ ਚੰਡੀਗੜ੍ਹ ਸਥਿਤ ਸ਼੍ਰੋਮਣੀ ਕਮੇਟੀ ਦੇ ਉਪ-ਦਫ਼ਤਰ ਪਹੁੰਚੀ, ਤਾਂ ਕਮੇਟੀ ਨੇ ਚੌਥੀ ਵਾਰ ਮੰਗਿਆ ਗਿਆ ਤਮਾਮ ਰਿਕਾਰਡ ਜਾਂਚ ਟੀਮ ਦੇ ਹਵਾਲੇ ਕੀਤਾ।

ਇਸ ਦੇ ਬਾਵਜੂਦ, ਐੱਸ.ਆਈ.ਟੀ. ਵੱਲੋਂ ਮੀਡੀਆ ਅਤੇ ਅਦਾਲਤ ਵਿੱਚ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਕਮੇਟੀ ਅਸਲ ਦਸਤਾਵੇਜ਼ ਨਹੀਂ ਦੇ ਰਹੀ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਮੁਤਾਬਕ, ਸੰਸਥਾ ਦੇ ਨਿਯਮਾਂ ਤਹਿਤ ਅਧਿਕਾਰਤ ਅਤੇ ਤਸਦੀਕਸ਼ੁਦਾ ਕਾਪੀਆਂ ਦੇਣਾ ਪੂਰੀ ਤਰ੍ਹਾਂ ਕਾਨੂੰਨੀ ਹੈ, ਪਰ ਪੁਲਿਸ ਜਾਣਬੁੱਝ ਕੇ ਇਸ ਮਾਮਲੇ ਨੂੰ ਉਲਝਾਉਣ ਦੀ ਕੋਸ਼ਿਸ਼ ਕਰ ਰਹੀ ਹੈ।



### "ਸਾਡੇ ਕੋਲ ਮੌਜੂਦ ਹੈ ਪਲ-ਪਲ ਦੀ ਵੀਡੀਓ ਰਿਕਾਰਡਿੰਗ" - ਐਡਵੋਕੇਟ ਧਾਮੀ

ਪ੍ਰੈੱਸ ਕਾਨਫਰੰਸ ਦੌਰਾਨ ਬੋਲਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਐੱਸ.ਆਈ.ਟੀ. ਦੇ ਹਲਫ਼ਨਾਮੇ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ। ਉਨ੍ਹਾਂ ਨੇ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਜਾਂਚ ਟੀਮ ਨੂੰ ਹੁਣ ਤੱਕ ਜੋ ਵੀ ਦਸਤਾਵੇਜ਼ ਸੌਂਪੇ ਗਏ ਹਨ, ਉਸ ਸਮੇਂ ਦੀ ਪੂਰੀ ਵੀਡੀਓ ਰਿਕਾਰਡਿੰਗ ਸ਼੍ਰੋਮਣੀ ਕਮੇਟੀ ਕੋਲ ਸੁਰੱਖਿਅਤ ਮੌਜੂਦ ਹੈ। ਜੇਕਰ ਪੁਲਿਸ ਨੇ ਅਦਾਲਤ ਦੇ ਅੰਦਰ ਜਾਂ ਬਾਹਰ ਗਲਤ ਬਿਆਨੀ ਅਤੇ ਕਮੇਟੀ ਨੂੰ ਬਦਨਾਮ ਕਰਨਾ ਜਾਰੀ ਰੱਖਿਆ, ਤਾਂ ਅਸੀਂ ਇਹ ਸਾਰੇ ਵੀਡੀਓ ਸਬੂਤ ਸੰਗਤ ਅਤੇ ਜਨਤਕ ਕਚਹਿਰੀ ਵਿੱਚ ਲਿਆ ਕੇ ਪੁਲਿਸ ਦਾ ਝੂਠ ਨੰਗਾ ਕਰਾਂਗੇ। ਜੇਕਰ ਮਾਣਯੋਗ ਹਾਈ ਕੋਰਟ ਸਿੱਧੇ ਆਦੇਸ਼ ਦੇਵੇਗੀ, ਤਾਂ ਅਸੀਂ ਅਸਲ ਰਿਕਾਰਡ ਵੀ ਪੇਸ਼ ਕਰਨ ਲਈ ਤਿਆਰ ਹਾਂ।

ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਵਿੱਚ ਦਿੱਤੇ ਜਾ ਰਹੇ ਸਹਿਯੋਗ ਦੀ ਪ੍ਰਤੱਖ ਮਿਸਾਲ ਮੋਹਾਲੀ ਵਿਖੇ ਦੇਖਣ ਨੂੰ ਮਿਲੀ, ਜਿੱਥੇ ਡੀ.ਆਈ.ਜੀ. ਰੂਪਨਗਰ ਰੇਂਜ ਨਾਨਕ ਸਿੰਘ ਦੀ ਅਗਵਾਈ ਵਾਲੀ 'ਸਿਟ' ਅੱਗੇ ਕਮੇਟੀ ਦੇ ਮੁਲਾਜ਼ਮਾਂ ਨੇ ਖ਼ੁਦ ਪੇਸ਼ ਹੋ ਕੇ ਆਪਣੀ ਇਮਾਨਦਾਰੀ ਦਾ ਸਬੂਤ ਦਿੱਤਾ।

ਬਿਆਨ ਦਰਜ ਕਰਵਾਉਣ ਵਾਲੇ ਮੁਲਾਜ਼ਮ: ਕਲਰਕ ਬਲਵਿੰਦਰ ਸਿੰਘ ਬੰਟੀ, ਗੁਰਬਚਨ ਸਿੰਘ, ਕੰਵਲਜੀਤ ਸਿੰਘ ਅਤੇ ਪਰਮਬੀਰ ਸਿੰਘ ਨੇ ਕਾਨੂੰਨੀ ਪ੍ਰਕਿਰਿਆ ਦਾ ਪੂਰਾ ਪਾਲਣ ਕਰਦਿਆਂ ਆਪਣੇ ਬਿਆਨ ਦਰਜ ਕਰਵਾਏ।

ਕਮੇਟੀ ਦੀ ਲੀਡਰਸ਼ਿਪ ਇੱਕਜੁੱਟ: ਸ਼੍ਰੋਮਣੀ ਕਮੇਟੀ ਦੇ ਇਸ ਸਟੈਂਡ ਦੇ ਹਕ ਵਿੱਚ ਸਮੁੱਚੀ ਹਾਈਕਮਾਂਡ ਇੱਕਜੁੱਟ ਖੜ੍ਹੀ ਹੈ। ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਗੁਰਪ੍ਰੀਤ ਸਿੰਘ ਝੱਬਰ, ਭਾਈ ਰਜਿੰਦਰ ਸਿੰਘ ਮਹਿਤਾ, ਗੁਰਚਰਨ ਸਿੰਘ ਗਰੇਵਾਲ ਅਤੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਸਮੇਤ ਸਮੁੱਚੇ ਉੱਚ ਅਧਿਕਾਰੀ ਹਾਜ਼ਰ ਸਨ, ਜਿਨ੍ਹਾਂ ਨੇ ਪੁਲਿਸ ਦੀ ਇਸ ਨਕਾਰਾਤਮਕ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ।

### ਹਾਈ ਕੋਰਟ ਵਿੱਚ ਅਗਲੀ ਸੁਣਵਾਈ 19 ਅਗਸਤ ਤੱਕ ਮੁਲਤਵੀ

ਦੂਜੇ ਪਾਸੇ, ਹਾਈ ਕੋਰਟ ਵਿੱਚ ਐੱਸ.ਆਈ.ਟੀ. ਦੇ ਮੈਂਬਰ ਏ.ਸੀ.ਪੀ. ਹਰਮਿੰਦਰ ਸਿੰਘ ਸੰਧੂ ਵੱਲੋਂ ਪੇਸ਼ ਕੀਤੀ ਗਈ ਰਿਪੋਰਟ 'ਤੇ ਪਟੀਸ਼ਨਕਰਤਾਵਾਂ ਦੇ ਵਕੀਲਾਂ ਨੇ ਜਵਾਬੀ ਦਲੀਲਾਂ ਤਿਆਰ ਕਰਨ ਲਈ ਅਦਾਲਤ ਪਾਸੋਂ ਸਮਾਂ ਮੰਗਿਆ ਹੈ। ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਗਲੀ ਸੁਣਵਾਈ 19 ਅਗਸਤ ਤੱਕ ਮੁਲਤਵੀ ਕਰ ਦਿੱਤੀ ਹੈ, ਜਿੱਥੇ ਸ਼੍ਰੋਮਣੀ ਕਮੇਟੀ ਆਪਣੇ ਪੁਖ਼ਤਾ ਅਤੇ ਵੀਡੀਓ ਸਬੂਤਾਂ ਦੇ ਅਧਾਰ 'ਤੇ ਪੁਲਿਸ ਦੇ ਝੂਠੇ ਦਾਅਵਿਆਂ ਨੂੰ ਕਾਨੂੰਨੀ ਤੌਰ 'ਤੇ ਮਾਤ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ।

# ਪੰਜਾਬ ਭਾਜਪਾ ਦੇ ਨਵੇਂ ਕਪਤਾਨ ਕੇਵਲ ਸਿੰਘ ਢਿੱਲੋਂ ਬਣੇ

## ✪ ਸੁਨੀਲ ਜਾਖੜ ਦੀ ਲਈ ਥਾਂ; ਪ੍ਰਧਾਨ ਬਣਦਿਆਂ ਹੀ ਕਿਸਾਨਾਂ ਨਾਲ ਕੀਤਾ 'ਐੱਮ.ਐੱਸ.ਪੀ.' ਦਾ ਵੱਡਾ ਵਾਅਦਾ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਚੋਣਾਂ 2027 ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਨੇ ਸੂਬੇ ਵਿੱਚ ਇੱਕ ਬਹੁਤ ਵੱਡਾ ਸੰਗਠਨਾਤਮਕ ਫੇਰਬਦਲ ਕੀਤਾ ਹੈ। ਭਾਜਪਾ ਹਾਈਕਮਾਂਡ ਨੇ ਸੁਨੀਲ ਜਾਖੜ ਦੀ ਥਾਂ ਸੀਨੀਅਰ ਆਗੂ ਅਤੇ ਉੱਘੇ ਉਦਯੋਗਪਤੀ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਰਵਨੀਤ ਬਿੱਟੂ ਅਤੇ ਮਨਪ੍ਰੀਤ ਬਾਦਲ ਵਰਗੇ ਵੱਡੇ ਸਿੱਖ ਚਿਹਰਿਆਂ ਦੇ ਨਾਵਾਂ ਦੀਆਂ ਚੱਲ ਰਹੀਆਂ ਅਟਕਲਾਂ ਨੂੰ ਵਿਰਾਮ ਦਿੰਦਿਆਂ ਹਾਈਕਮਾਂਡ ਨੇ ਆਖਰਕਾਰ 28 ਮਈ ਨੂੰ ਕੇਵਲ ਢਿੱਲੋਂ ਦੇ ਨਾਮ 'ਤੇ ਮੋਹਰ ਲਗਾਈ।

ਪੰਜਾਬ ਭਾਜਪਾ ਦੀ ਕਮਾਨ ਸੰਭਾਲਦਿਆਂ ਹੀ ਕੇਵਲ ਸਿੰਘ ਢਿੱਲੋਂ ਨੇ ਸੂਬੇ ਦੇ ਸਭ ਤੋਂ ਸੰਵੇਦਨਸ਼ੀਲ ਮੁਦਿਆਂ-ਕਿਸਾਨੀ ਅਤੇ ਵਿਕਾਸ-'ਤੇ ਵੱਡਾ ਦਾਅ ਖੇਡਿਆ ਹੈ। ਢਿੱਲੋਂ ਨੇ ਵੱਡਾ ਵਾਅਦਾ ਕਰਦਿਆਂ ਕਿਹਾ ਕਿ ਜੇਕਰ 2027 ਵਿੱਚ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਦੀ ਹੈ, ਤਾਂ ਹਰਿਆਣਾ ਵਾਂਗ ਪੰਜਾਬ ਵਿੱਚ ਵੀ ਸਾਰੀਆਂ ਫਸਲਾਂ 'ਤੇ ਐੱਮ.ਐੱਸ.ਪੀ. ਦਿੱਤੀ ਜਾਵੇਗੀ। ਝੋਨੇ ਦੇ ਬਦਲ ਵਜੋਂ ਹੋਰਨਾਂ ਫਸਲਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਲੋੜੀਂਦਾ ਕਦਮ ਚੁੱਕਿਆ ਜਾਵੇਗਾ। ਉਨ੍ਹਾਂ ਕਿਹਾ, "ਪੰਜਾਬ ਵਿੱਚ ਅੱਜ ਗੁੰਡਾ ਰਾਜ ਹੈ, ਲੋਕ ਥੱਕੇ ਜ਼ਰੂਰ ਹਨ ਪਰ ਟੁੱਟੇ ਨਹੀਂ। ਅਸੀਂ ਨੌਜਵਾਨਾਂ ਅਤੇ ਕਿਸਾਨਾਂ ਲਈ ਹਰ ਸੰਭਵ ਕਦਮ ਚੁੱਕਾਂਗੇ ਅਤੇ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਜਿਹਾ ਇਨਸਾਫ਼-ਪਸੰਦ ਰਾਜ ਲਿਆਵਾਂਗੇ।"



ਮੋਦੀ ਦਾ ਪੰਜਾਬ ਪ੍ਰਤੀ ਪਿਆਰ: ਉਨ੍ਹਾਂ ਯਾਦ ਕਰਵਾਇਆ ਕਿ ਪੀ.ਐੱਮ. ਮੋਦੀ ਨੇ ਪੰਜਾਬ ਨਾਲ ਪਿਆਰ ਸਦਕਾ ਹੀ ਕਰਤਾਰਪੁਰ ਲਾਂਘਾ ਖੋਲ੍ਹਿਆ ਅਤੇ ਕਿਸਾਨ ਅੰਦੋਲਨ ਤੋਂ ਬਾਅਦ ਤਿੰਨ ਖੇਤੀ ਕਾਨੂੰਨ ਵਾਪਸ ਲਏ।

ਕੇਵਲ ਸਿੰਘ ਢਿੱਲੋਂ ਦਾ ਨਿੱਜੀ ਸਫ਼ਰ-ਕੇਵਲ ਸਿੰਘ ਢਿੱਲੋਂ ਦਾ ਜੀਵਨ ਇੱਕ ਸਾਧਾਰਨ ਕਿਸਾਨ ਪਰਿਵਾਰ ਤੋਂ ਸ਼ੁਰੂ ਹੋ ਕੇ ਉੱਤਰੀ ਭਾਰਤ ਦੇ ਇੱਕ ਵੱਡੇ ਬਿਜ਼ਨੈੱਸ ਟਾਈਕੂਨ ਬਣਨ ਤੱਕ ਦੀ ਦਿਲਚਸਪ ਕਹਾਣੀ ਹੈ:

ਜਨਮ ਅਤੇ ਪਿਛੋਕੜ: ਉਨ੍ਹਾਂ ਦਾ ਜਨਮ 16 ਮਈ 1950 ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਟੱਲੇਵਾਲ ਵਿਖੇ ਸਰਦਾਰ ਸੱਜਣ ਸਿੰਘ ਦੇ ਘਰ ਹੋਇਆ, ਜੋ ਪੇਸ਼ੇ ਵਜੋਂ ਕਿਸਾਨ ਸਨ।

ਵਿਦੇਸ਼ ਫੇਰੀ ਅਤੇ ਬਿਜ਼ਨੈੱਸ: ਐੱਸ.ਡੀ. ਕਾਲਜ ਬਰਨਾਲਾ ਤੋਂ ਬੀ.ਏ. ਕਰਨ ਮਗਰੋਂ ਉਹ ਮਹਿਜ਼ 19 ਸਾਲ ਦੀ ਉਮਰ ਵਿੱਚ ਅਮਰੀਕਾ ਚਲੇ ਗਏ ਸਨ। 1979 ਵਿੱਚ ਭਾਰਤ ਪਰਤ ਕੇ ਉਨ੍ਹਾਂ ਨੇ ਚੰਡੀਗੜ੍ਹ ਵਿਖੇ ਕਾਰੋਬਾਰ ਸ਼ੁਰੂ ਕੀਤਾ। ਅੱਜ ਉਹ "ਢਿੱਲੋਂ ਗਰੁੱਪ" ਦੇ ਮੁਖੀ ਹਨ, ਜਿਸ ਦਾ ਪੂਰੇ ਉੱਤਰੀ ਭਾਰਤ ਵਿੱਚ ਕਰੋੜਾਂ ਦਾ ਵਪਾਰ ਹੈ।

ਸਮਾਜ ਸੇਵਾ: ਸਿਆਸਤ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਐੱਸ.ਡੀ. ਕਾਲਜ ਬਰਨਾਲਾ ਨੂੰ ਵਿੱਤੀ ਸੰਕਟ 'ਚੋਂ ਕੱਢਣ, ਉੱਥੇ ਡੀ.ਫਾਰਮੈਸੀ ਸ਼ੁਰੂ ਕਰਵਾਉਣ ਅਤੇ ਟੱਲੇਵਾਲ ਵਿੱਚ ਪੇਂਡੂ ਕੁੜੀਆਂ ਲਈ ਬੀ.ਐੱਡ ਕਾਲਜ ਸਥਾਪਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ।

# ਕੈਨੇਡਾ 'ਚ ਲੁੱਟ-ਖੋਹ ਦੌਰਾਨ 24 ਸਾਲਾ ਭਾਰਤੀ ਵਿਦਿਆਰਥਣ ਦਾ ਚਾਕੂ ਮਾਰ ਕੇ ਕਤਲ

ਟੋਰਾਂਟੋ-ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿਖੇ ਇੱਕ ਲੁੱਟ-ਖੋਹ ਦੀ ਵਾਰਦਾਤ ਦੌਰਾਨ 24 ਸਾਲਾ ਭਾਰਤੀ ਵਿਦਿਆਰਥਣ ਵਿਧੀ ਮੇਘਾ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਘਟਨਾ ਨੇ ਇੱਕ ਵਾਰ ਫਿਰ ਵਿਦੇਸ਼ਾਂ ਵਿੱਚ ਭਾਰਤੀ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਟੋਰਾਂਟੋ ਪੁਲਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ, ਇਹ ਖ਼ੌਫ਼ਨਾਕ ਘਟਨਾ ਬੀਤੇ ਦਿਨੀਂ ਵਾਪਰੀ ਜਦੋਂ ਵਿਧੀ ਮੇਘਾ ਆਪਣੀ ਪਾਰਟ-ਟਾਈਮ ਨੌਕਰੀ ਖ਼ਤਮ ਕਰਕੇ ਸਬਵੇਅ ਸਟੇਸ਼ਨ ਵੱਲ ਜਾ ਰਹੀ ਸੀ। ਰਸਤੇ ਵਿੱਚ ਇੱਕ ਅਣਪਛਾਤੇ ਹਮਲਾਵਰ ਨੇ ਉਸ ਨੂੰ ਘੇਰ ਲਿਆ ਅਤੇ ਉਸ ਦਾ ਬੈਗ ਤੇ ਹੋਰ ਕੀਮਤੀ ਸਾਮਾਨ ਖੋਹਣ ਦੀ ਕੋਸ਼ਿਸ਼ ਕੀਤੀ।

ਜਦੋਂ ਵਿਧੀ ਨੇ ਬਹਾਦਰੀ ਦਿਖਾਉਂਦੇ ਹੋਏ ਇਸ ਲੁੱਟ ਦਾ ਵਿਰੋਧ ਕੀਤਾ, ਤਾਂ ਬੁਜ਼ਦਿਲ ਲੁਟੇਰੇ ਨੇ ਉਸ 'ਤੇ ਚਾਕੂ ਨਾਲ ਤਾਬੜਤੋੜ ਹਮਲਾ ਕਰ ਦਿੱਤਾ। ਹਮਲਾਵਰ ਨੇ ਵਿਧੀ ਦੇ ਪੇਟ ਅਤੇ ਗਰਦਨ 'ਤੇ ਕਈ ਵਾਰ ਕੀਤੇ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਕੇ ਉੱਥੇ ਹੀ ਡਿੱਗ ਪਈ। ਖੂਨ ਨਾਲ ਲੱਥਪੱਥ ਹਾਲਤ ਵਿੱਚ ਵਿਧੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਨੇ ਦਮ ਤੋੜ ਦਿੱਤਾ ਅਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।



ਪਿਛਲੇ ਸਾਲ ਹੀ ਸੁਪਨੇ ਲੈ ਕੇ ਗਈ ਸੀ ਕੈਨੇਡਾ-ਮ੍ਰਿਤਕਾ ਦੀ ਪਛਾਣ ਗੁਜਰਾਤ ਦੇ ਅਹਿਮਦਾਬਾਦ ਦੀ ਰਹਿਣ ਵਾਲੀ ਵਿਧੀ ਮੇਘਾ ਵਜੋਂ ਹੋਈ ਹੈ। ਉਹ ਉੱਜਵਲ ਭਵਿੱਖ ਦੇ ਸੁਪਨੇ ਲੈ ਕੇ ਪਿਛਲੇ ਸਾਲ ਹੀ ਟੋਰਾਂਟੋ ਦੇ ਪ੍ਰਸਿੱਧ 'ਸੇਨੇਕਾ ਕਾਲਜ' ਵਿੱਚ 'ਬਿਜ਼ਨੈੱਸ ਐਡਮਿਨਿਸਟ੍ਰੇਸ਼ਨ' ਦੀ ਪੜ੍ਹਾਈ ਕਰਨ ਲਈ ਕੈਨੇਡਾ ਆਈ ਸੀ। ਵਿਧੀ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਅਹਿਮਦਾਬਾਦ ਵਿੱਚ ਰਹਿ ਰਹੇ ਉਸ ਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮਾਪਿਆਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪੀੜਤ ਪਰਿਵਾਰ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਗੁਹਾਰ ਲਗਾਈ ਹੈ ਕਿ ਉਨ੍ਹਾਂ ਦੀ ਧੀ ਦੀ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਲਿਆਂਦਾ ਜਾਵੇ ਅਤੇ ਕਾਤਲ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਈ ਜਾਵੇ।

ਪੁਲਸ ਜਾਂਚ ਅਤੇ ਭਾਰਤੀ ਹਾਈ ਕਮਿਸ਼ਨ ਦਾ ਬਿਆਨ-ਓਟਾਵਾ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਇਸ ਮੰਦਭਾਗੀ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਹਾਈ ਕਮਿਸ਼ਨ ਨੇ ਭਰੋਸਾ ਦਿੱਤਾ ਹੈ ਕਿ ਉਹ ਕੈਨੇਡੀਅਨ ਪ੍ਰਸ਼ਾਸਨ ਅਤੇ ਪੁਲਸ ਦੇ ਲਗਾਤਾਰ ਸੰਪਰਕ ਵਿੱਚ ਹਨ ਤਾਂ ਜੋ ਪੀੜਤ ਪਰਿਵਾਰ ਨੂੰ ਹਰ ਸੰਭਵ ਕਾਨੂੰਨੀ ਮਦਦ ਅਤੇ ਇਨਸਾਫ਼ ਜਲਦ ਮੁਹੱਈਆ ਕਰਵਾਇਆ ਜਾ ਸਕੇ।

ਟੋਰਾਂਟੋ ਪੁਲਸ ਦਾ ਕਹਿਣਾ ਹੈ: "ਇਲਾਕੇ ਦੀ ਸੀ.ਸੀ.ਟੀ.ਵੀ.ਫੁਟੇਜ ਨੂੰ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਸ਼ੁਰੂਆਤੀ ਜਾਂਚ ਤੋਂ ਹਮਲਾਵਰ ਇੱਕ ਨਸ਼ੇੜੀ ਜਾਪਦਾ ਹੈ, ਜੋ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।"

# ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦੇ ਬਿਆਨ 'ਤੇ ਭੜਕੇ ਕੈਨੇਡਾ ਦੇ ਵੱਖਵਾਦੀ, ਦੇਸ਼ ਨਿਕਾਲਾ ਦੇਣ ਦੀ ਕੀਤੀ ਮੰਗ

ਓਟਾਵਾ-ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਚੱਲ ਰਹੀ ਤਲਖ਼ੀ ਦਰਮਿਆਨ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਕੈਨੇਡਾ ਵਿੱਚ ਤਾਇਨਾਤ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦੇ ਇੱਕ ਤਾਜ਼ਾ ਬਿਆਨ ਤੋਂ ਬਾਅਦ ਉੱਥੋਂ ਦੇ ਖਾਲਿਸਤਾਨੀ ਸਮਰਥਕ ਅਤੇ ਵੱਖਵਾਦੀ ਸੰਗਠਨ ਬੁਰੀ ਤਰ੍ਹਾਂ ਭੜਕ ਗਏ ਹਨ। ਖਾਲਿਸਤਾਨੀਆਂ ਵੱਲੋਂ ਇਸ ਬਿਆਨ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੇ ਕੈਨੇਡਾ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੂੰ ਤੁਰੰਤ ਦੇਸ਼ ਵਿੱਚੋਂ ਬਾਹਰ ਕੱਢਿਆ (ਦੇਸ਼ ਨਿਕਾਲਾ ਦਿੱਤਾ) ਜਾਵੇ।

ਕੀ ਹੈ ਵਿਵਾਦ ਦੀ ਅਸਲ ਵਜ੍ਹਾ?- ਦਰਅਸਲ, ਇਹ ਸਾਰਾ ਵਿਵਾਦ ਹਰਦੀਪ ਸਿੰਘ ਨਿੱਜਰ ਕਤਲਕਾਂਡ ਦੇ ਸਬੰਧ ਵਿੱਚ ਸ਼ੁਰੂ ਹੋਇਆ ਹੈ। ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕੈਨੇਡਾ ਸਰਕਾਰ ਦੇ ਉਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ, ਜਿਨ੍ਹਾਂ ਵਿੱਚ ਨਿੱਜਰ ਦੇ ਕਤਲ ਵਿੱਚ ਭਾਰਤ ਸਰਕਾਰ ਦਾ ਹੱਥ ਹੋਣ ਦੀ ਗੱਲ ਕਹੀ ਗਈ ਸੀ। ਪਟਨਾਇਕ ਨੇ ਇਨ੍ਹਾਂ ਦੋਸ਼ਾਂ ਨੂੰ ਇੱਕ 'ਮਨਘੜਤ ਕਹਾਣੀ' ਕਰਾਰ ਦਿੱਤਾ ਸੀ।

ਖਾਲਿਸਤਾਨੀਆਂ ਦਾ ਗੁੱਸਾ ਇਸ ਗੱਲ 'ਤੇ ਵੀ ਹੈ ਕਿ ਭਾਰਤੀ ਰਾਜਦੂਤ ਨੇ ਕੈਨੇਡਾ ਦੀ ਮੁੱਖ ਖ਼ੁਫ਼ੀਆ ਏਜੰਸੀ 'ਸੀਸਿਸ' (CSIS - Canadian Joint Intelligence Service) ਦੀ ਭੂਮਿਕਾ ਨੂੰ 'ਸਮਝੌਤਾਵਾਦੀ' ਦੱਸਿਆ ਹੈ। ਵੱਖਵਾਦੀ ਸੰਗਠਨਾਂ ਦਾ ਕਹਿਣਾ ਹੈ ਕਿ ਅਜਿਹੀ ਟਿੱਪਣੀ ਕੈਨੇਡਾ ਦੀ ਪ੍ਰਭੂਸੱਤਾ ਅਤੇ ਉਸ ਦੇ ਰਾਸ਼ਟਰੀ ਸੁਰੱਖਿਆ ਢਾਂਚੇ ਦਾ ਸਿੱਧਾ ਅਪਮਾਨ ਹੈ। ਇਸ ਤੋਂ ਇਲਾਵਾ, ਪਟਨਾਇਕ ਦੇ ਉਸ ਬਿਆਨ ਦੀ ਵੀ ਸਖ਼ਤ ਨਿੰਦਾ ਕੀਤੀ ਜਾ ਰਹੀ ਹੈ ਜਿਸ ਵਿੱਚ ਉਨ੍ਹਾਂ ਨੇ ਇਹ ਸੰਭਾਵਨਾ ਜਤਾਈ ਸੀ ਕਿ ਹੋ ਸਕਦਾ ਹੈ ਕਿ ਕੁਝ ਸਿਰਫਿਰੇ ਅਨਸਰਾਂ ਨੇ ਆਪਣੇ ਨਿੱਜੀ ਪੱਧਰ 'ਤੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਹੋਵੇ।



ਦੂਤਾਵਾਸਾਂ ਦੇ ਬਾਹਰ ਪ੍ਰਦਰਸ਼ਨ ਦੀ ਚਿਤਾਵਨੀ ਅਤੇ ਸੁਰੱਖਿਆ ਸਖ਼ਤ-ਇਸ ਬਿਆਨ ਦੇ ਵਿਰੋਧ ਵਿੱਚ ਗਰਮਖਿਆਲੀ ਸੰਗਠਨ 'ਸਿੱਖਸ ਫਾਰ ਜਸਟਿਸ' ਅਤੇ ਹੋਰ ਸਥਾਨਕ ਖਾਲਿਸਤਾਨੀ ਸਮੂਹਾਂ ਨੇ ਕੈਨੇਡਾ ਦੀ ਰਾਜਧਾਨੀ ਓਟਾਵਾ ਅਤੇ ਟੋਰਾਂਟੋ ਵਿੱਚ ਸਥਿਤ ਭਾਰਤੀ ਦੂਤਾਵਾਸਾਂ ਦੇ ਬਾਹਰ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਦੀ ਚਿਤਾਵਨੀ ਦਿੱਤੀ ਹੈ।

ਖਾਲਿਸਤਾਨੀਆਂ ਦੀਆਂ ਇਨ੍ਹਾਂ ਧਮਕੀਆਂ ਅਤੇ ਪ੍ਰਦਰਸ਼ਨ ਦੀਆਂ ਚਿਤਾਵਨੀਆਂ ਨੂੰ ਦੇਖਦੇ ਹੋਏ ਕੈਨੇਡੀਅਨ ਪ੍ਰਸ਼ਾਸਨ ਪੂਰੀ ਤਰ੍ਹਾਂ ਅਲਰਟ ਹੋ ਗਿਆ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਕੈਨੇਡਾ ਪੁਲਸ ਨੇ ਭਾਰਤੀ ਡਿਪਲੋਮੈਟਾਂ ਅਤੇ ਭਾਰਤੀ ਦੂਤਾਵਾਸਾਂ ਦੀ ਸੁਰੱਖਿਆ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਕਰ ਦਿੱਤਾ ਹੈ।

# ਅੰਮ੍ਰਿਤਸਰ 'ਚ ਗੱਡੀ ਪਾਰਕਿੰਗ ਨੂੰ ਲੈ ਕੇ ਖ਼ੂਨੀ ਝੜਪ: 'ਆਪ' ਆਗੂ ਸਣੇ ਦੋ ਲੋਕਾਂ ਨੂੰ ਲੱਗੀ ਗੋਲ਼ੀ

ਅੰਮ੍ਰਿਤਸਰ-ਇਥੋਂ ਦੇ ਕੋਟ ਆਤਮਾ ਰਾਮ ਇਲਾਕੇ ਵਿੱਚ ਵੀਰਵਾਰ ਦੁਪਹਿਰ ਨੂੰ ਗੱਡੀ ਪਾਰਕਿੰਗ ਦੇ ਮਾਮੂਲੀ ਵਿਵਾਦ ਨੇ ਉਸ ਵੇਲੇ ਭਿਆਨਕ ਰੂਪ ਧਾਰਨ ਕਰ ਲਿਆ, ਜਦੋਂ ਦੋ ਧਿਰਾਂ ਆਹਮੋ-ਸਾਹਮਣੇ ਹੋ ਗਈਆਂ। ਇਸ ਖ਼ੂਨੀ ਝੜਪ ਦੌਰਾਨ ਲਾਠੀਆਂ-ਤਲਵਾਰਾਂ ਚੱਲਣ ਦੇ ਨਾਲ-ਨਾਲ ਅੰਨ੍ਹੇਵਾਹ ਫਾਇਰਿੰਗ ਵੀ ਹੋਈ। ਗੋਲ਼ੀਬਾਰੀ ਦੀ ਲਪੇਟ ਵਿੱਚ ਆਉਣ ਕਾਰਨ ਆਮ ਆਦਮੀ ਪਾਰਟੀ ਦੇ ਇੱਕ ਸਥਾਨਕ ਆਗੂ ਅਤੇ ਉੱਥੇ ਮੌਜੂਦ ਇੱਕ ਗਾਹਕ ਗੰਭੀਰ ਜ਼ਖ਼ਮੀ ਹੋ ਗਏ।

ਘਟਨਾ ਵੀਰਵਾਰ ਦੁਪਹਿਰ ਤਕਰੀਬਨ 1:30 ਵਜੇ ਦੀ ਹੈ। ਪੁਲਿਸ ਮੁਤਾਬਕ, ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 42 ਦੇ ਇੰਚਾਰਜ ਜੈਪਾਲ ਸਿੰਘ ਬਾਊ ਦੇ ਪੁੱਤਰ ਨੇ ਆਪਣੀ ਥਾਰ ਗੱਡੀ ਗਲੀ ਵਿੱਚ ਕਿਸੇ ਹੋਰ ਵਾਹਨ ਦੇ ਸਾਹਮਣੇ ਗਲਤ ਤਰੀਕੇ ਨਾਲ ਪਾਰਕ ਕਰ ਦਿੱਤੀ ਸੀ।



ਇਸੇ ਲੇਨ ਵਿੱਚ ਰਹਿਣ ਵਾਲੇ ਪੰਜਾਬ ਪੁਲਿਸ ਦੇ ਸੇਵਾਮੁਕਤ ਇੰਸਪੈਕਟਰ ਤੇਜਿੰਦਰ ਸਿੰਘ ਨੇ ਜਦੋਂ ਇਸ ਗਲਤ ਪਾਰਕਿੰਗ 'ਤੇ ਇਤਰਾਜ਼ ਜਤਾਇਆ, ਤਾਂ ਨੌਜਵਾਨ ਉਸ ਨਾਲ ਬਹਿਸ ਕਰਨ ਲੱਗ ਪਿਆ।

### ਫ਼ੋਨ ਕਰਕੇ ਬੁਲਾਏ ਹਥਿਆਰਬੰਦ ਪਿਤਾ ਤੇ ਭਰਾ

ਬਹਿਸ ਵਧਣ 'ਤੇ ਨੌਜਵਾਨ ਨੇ ਤੁਰੰਤ ਮੋਬਾਈਲ 'ਤੇ ਫ਼ੋਨ ਕਰਕੇ ਆਪਣੇ ਪਿਤਾ ਅਤੇ ਭਰਾ ਨੂੰ ਮੌਕੇ 'ਤੇ ਬੁਲਾ ਲਿਆ। ਦੋਵੇਂ ਜਣੇ ਰਿਵਾਲਵਰ ਅਤੇ ਤਲਵਾਰਾਂ ਨਾਲ ਲੈਸ ਹੋ ਕੇ ਉੱਥੇ ਪਹੁੰਚੇ ਅਤੇ ਆਉਂਦਿਆਂ ਹੀ ਸਾਬਕਾ ਇੰਸਪੈਕਟਰ ਤੇਜਿੰਦਰ ਸਿੰਘ 'ਤੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਹੱਥੋਪਾਈ ਅਤੇ ਭਿਆਨਕ ਲੜਾਈ ਸ਼ੁਰੂ ਹੋ ਗਈ।

### ਦੋਵਾਂ ਪਾਸਿਆਂ ਤੋਂ ਚੱਲੀਆਂ ਗੋਲ਼ੀਆਂ

ਝਗੜੇ ਦੌਰਾਨ ਬਚਾਅ ਕਰਦੇ ਹੋਏ ਸਾਬਕਾ ਇੰਸਪੈਕਟਰ ਤੇਜਿੰਦਰ ਸਿੰਘ ਨੇ ਆਪਣਾ ਲਾਇਸੈਂਸੀ ਰਿਵਾਲਵਰ ਕੱਢ ਲਿਆ ਅਤੇ ਫਾਇਰਿੰਗ ਸ਼ੁਰੂ ਕਰ ਦਿੱਤੀ।

ਪਹਿਲੀ ਗੋਲ਼ੀ: ਉੱਥੇ ਖੜ੍ਹੇ ਇੱਕ ਗਾਹਕ ਨਰਿੰਦਰ ਸਿੰਘ ਦੀ ਲੱਤ ਵਿੱਚ ਜਾ ਲੱਗੀ।

ਦੂਜੀ ਗੋਲ਼ੀ: ਵਿਰੋਧੀ ਧਿਰ ਦੇ ਮੁਖੀ ਅਤੇ 'ਆਪ' ਆਗੂ ਜੈਪਾਲ ਸਿੰਘ ਦੀ ਲੱਤ ਵਿੱਚ ਲੱਗੀ।

ਪੁਲਿਸ ਦੀ ਸ਼ੁਰੂਆਤੀ ਜਾਂਚ ਮੁਤਾਬਕ ਗੋਲ਼ੀਬਾਰੀ ਸਿਰਫ਼ ਇੱਕ ਪਾਸਿਓਂ ਨਹੀਂ, ਸਗੋਂ ਦੋਵਾਂ ਧਿਰਾਂ ਵੱਲੋਂ ਕੀਤੀ ਗਈ ਸੀ।

### ਪੁਲਿਸ ਦੀ ਕਾਰਵਾਈ ਅਤੇ ਮੌਜੂਦਾ ਸਥਿਤੀ

"ਰਵਿੰਦਰ ਸਿੰਘ, ਏ.ਸੀ.ਪੀ. (ਅੰਮ੍ਰਿਤਸਰ) ਅਨੁਸਾਰ ਪੁਲਿਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ। ਦੋਵੇਂ ਜ਼ਖ਼ਮੀਆਂ (ਨਰਿੰਦਰ ਸਿੰਘ ਅਤੇ ਜੈਪਾਲ ਸਿੰਘ) ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਹ ਖ਼ਤਰੇ ਤੋਂ ਬਾਹਰ ਹਨ। ਪੁਲਿਸ ਨੇ ਸੀਸੀਟੀਵੀ ਫੁਟੇਜ ਕਬਜ਼ੇ ਵਿੱਚ ਲੈ ਲਈ ਹੈ ਅਤੇ ਦੋਵਾਂ ਧਿਰਾਂ ਖ਼ਿਲਾਫ਼ ਢੁਕਵੀਆਂ ਕਾਨੂੰਨੀ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।"

ਪੁਲਿਸ ਹੁਣ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਪਹਿਲਾਂ ਹਥਿਆਰ ਕਿਸ ਨੇ ਕੱਢੇ ਅਤੇ ਇਸ ਖ਼ੂਨੀ ਝੜਪ ਵਿੱਚ ਹੋਰ ਕਿਹੜੇ-ਕਿਹੜੇ ਲੋਕ ਸ਼ਾਮਲ ਸਨ। ਇਲਾਕੇ ਵਿੱਚ ਫਿਲਹਾਲ ਤਣਾਅਪੂਰਨ ਸ਼ਾਂਤੀ ਬਣੀ ਹੋਈ ਹੈ।

# ਨਿਜਰ ਕਾਂਡ ਨੂੰ ਲੈਕੇ ਭਾਰਤ-ਕੈਨੇਡਾ ਸਬੰਧਾਂ ਵਿਚ ਨਵਾਂ ਭੂਚਾਲ

## ਭਾਰਤੀ ਹਾਈ ਕਮਿਸ਼ਨਰ ਵੱਲੋਂ ਕੈਨੇਡੀਅਨ ਖੁਫੀਆ ਏਜੰਸੀਆਂ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼, ਬਾਅਦ ਵਿੱਚ ਦਿੱਤੀ ਸਫ਼ਾਈ

ਓਟਾਵਾ-ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੀ ਸਿਆਸੀ ਅਤੇ ਕੂਟਨੀਤਕ ਖਿੱਚੋਤਾਣ ਇੱਕ ਹੋਰ ਬੇਹੱਦ ਨਾਜ਼ੁਕ ਮੋੜ 'ਤੇ ਪਹੁੰਚ ਗਈ ਹੈ। ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਵੱਲੋਂ ਕੈਨੇਡਾ ਦੀਆਂ ਰਾਸ਼ਟਰੀ ਸੰਸਥਾਵਾਂ ਅਤੇ ਖੁਫੀਆ ਏਜੰਸੀਆਂ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਭ੍ਰਿਸ਼ਟਾਚਾਰ ਅਤੇ ਸਿਆਸੀ ਹੇਰਾਫੇਰੀ ਦੇ ਸਨਸਨੀਖੇਜ਼ ਦੋਸ਼ ਲਗਾਏ ਗਏ ਹਨ। ਉਨ੍ਹਾਂ ਨੇ ਇੱਥੋਂ ਤੱਕ ਦਾਅਵਾ ਕਰ ਦਿੱਤਾ ਹੈ ਕਿ ਕੈਨੇਡੀਅਨ ਖੁਫੀਆ ਏਜੰਸੀ 'ਸੀਸਿਸ'ਪੂਰੀ ਤਰ੍ਹਾਂ ਸਿੱਖ ਵੱਖਵਾਦੀਆਂ ਦੇ ਪ੍ਰਭਾਵ ਹੇਠ ਕੰਮ ਕਰ ਰਹੀ ਹੈ।

'ਨਿੱਝਰ ਕਤਲਕਾਂਡ ਦੀ ਜਾਂਚ ਸਿਆਸਤ ਤੋਂ ਪ੍ਰੇਰਿਤ'-ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਦੋਸ਼ ਲਾਇਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਚੱਲ ਰਹੀ ਜਾਂਚ ਨੂੰ 'ਤੋੜ-ਮਰੋੜ ਕੇ' ਪੇਸ਼ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ ਇਹ ਸਾਰੀ ਕਾਰਵਾਈ ਸਿਆਸੀ ਹਿੱਤਾਂ ਲਈ ਕੀਤੀ ਜਾ ਰਹੀ ਹੈ। ਪਟਨਾਇਕ ਨੇ ਇੱਕ ਬੇਹੱਦ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਖਾਲਿਸਤਾਨ ਸਮਰਥਕਾਂ ਨੇ ਕੈਨੇਡੀਅਨ ਖੁਫੀਆ ਅਧਿਕਾਰੀਆਂ ਨੂੰ ਭਾਰਤ ਦੇ ਖਿਲਾਫ ਝੂਠੀਆਂ ਅਤੇ ਮਨਘੜਤ ਰਿਪੋਰਟਾਂ ਤਿਆਰ ਕਰਨ ਲਈ ਮੋਟੀ ਰਕਮ ਦਿੱਤੀ ਹੈ।



ਬਿਆਨ ਜਨਤਕ ਹੋਣ 'ਤੇ ਹਾਈ ਕਮਿਸ਼ਨਰ ਨੇ ਪ੍ਰਗਟਾਈ ਨਿਰਾਸ਼ਾ-ਇਹ ਟਿੱਪਣੀਆਂ ਜਨਤਕ ਹੋਣ ਅਤੇ ਵਿਵਾਦ ਵਧਣ ਤੋਂ ਬਾਅਦ ਹਾਈ ਕਮਿਸ਼ਨਰ ਪਟਨਾਇਕ ਬੈਕਫੁੱਟ 'ਤੇ ਨਜ਼ਰ ਆਏ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਦੇ ਮੀਡੀਆ ਵਿੱਚ ਆਉਣ 'ਤੇ ਡੂੰਘੀ ਨਿਰਾਸ਼ਾ ਜਤਾਈ।

ਪਟਨਾਇਕ ਨੇ ਸਫ਼ਾਈ ਦਿੰਦਿਆਂ ਕਿਹਾ ਕਿ ਇਹ ਗੱਲਬਾਤ ਪੂਰੀ ਤਰ੍ਹਾਂ 'ਆਫ-ਦ-ਰਿਕਾਰਡ' (ਗੁਪਤ) ਸੀ ਅਤੇ ਉਨ੍ਹਾਂ ਦੇ ਬਿਆਨਾਂ ਨੂੰ ਸੰਦਰਭ ਤੋਂ ਬਾਹਰ ਮਿਲਾ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਨੇ ਡੈਮੇਜ ਕੰਟਰੋਲ ਕਰਦਿਆਂ ਇਹ ਵੀ ਸਪੱਸ਼ਟ ਕੀਤਾ ਕਿ ਭਾਰਤ ਦਾ ਕੈਨੇਡਾ ਦੀਆਂ ਸੰਸਥਾਵਾਂ ਦੀ ਅਖੰਡਤਾ ਵਿੱਚ ਪੂਰਾ ਭਰੋਸਾ ਹੈ ਅਤੇ ਦੋਵਾਂ ਦੇਸ਼ਾਂ ਦੀਆਂ ਸੁਰੱਖਿਆ ਏਜੰਸੀਆਂ ਆਪਸ ਵਿੱਚ ਵਧੀਆ ਸਹਿਯੋਗ ਕਰ ਰਹੀਆਂ ਹਨ।

ਇਹ ਹਾਈ-ਪ੍ਰੋਫਾਈਲ ਵਿਵਾਦ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਭਾਰਤ ਦੇ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਇੱਕ ਵੱਡੇ ਵਪਾਰਕ ਵਫ਼ਦ ਨਾਲ ਕੈਨੇਡਾ ਦੇ ਦੌਰੇ 'ਤੇ ਹਨ। ਉੱਥੇ ਦੋਵੇਂ ਦੇਸ਼ ਆਰਥਿਕ ਅਤੇ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਅਹਿਮ ਗੱਲਬਾਤ ਕਰ ਰਹੇ ਹਨ।

ਮਾਹਿਰਾਂ ਅਨੁਸਾਰ, ਇੱਕ ਪਾਸੇ ਜਿੱਥੇ ਆਰਥਿਕ ਪੱਧਰ 'ਤੇ ਰਿਸ਼ਤੇ ਸੁਧਾਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਅਜਿਹੇ ਤਲਖ਼ ਬਿਆਨ ਕੈਨੇਡੀਅਨ ਸੁਰੱਖਿਆ ਏਜੰਸੀਆਂ ਦੀ ਭਰੋਸੇਯੋਗਤਾ ਨੂੰ ਸਿੱਧੀ ਚੁਣੌਤੀ ਦੇ ਕੇ ਮਾਹੌਲ ਖ਼ਰਾਬ ਕਰ ਸਕਦੇ ਹਨ।

ਕੈਨੇਡੀਅਨ ਖੁਫੀਆ ਏਜੰਸੀ ਦੇ ਭਾਰਤ 'ਤੇ ਜਵਾਬੀ ਦੋਸ਼-ਦੂਜੇ ਪਾਸੇ, ਕੈਨੇਡੀਅਨ ਖੁਫੀਆ ਏਜੰਸੀ ਦੇ ਸੁਰ ਵੀ ਭਾਰਤ ਪ੍ਰਤੀ ਕਾਫੀ ਸਖ਼ਤ ਹਨ। ਖੁਫੀਆ ਏਜੰਸੀ ਸੀਐਸਆਈਐਸ ਦੀਆਂ ਹਾਲੀਆ ਰਿਪੋਰਟਾਂ ਵਿੱਚ ਭਾਰਤ ਵਿਰੁੱਧ ਹੇਠ ਲਿਖੇ ਵੱਡੇ ਦਾਅਵੇ ਕੀਤੇ ਗਏ ਹਨ:

ਏਜੰਸੀ/ਕਮਿਸ਼ਨ ਭਾਰਤ 'ਤੇ ਲਗਾਏ ਗਏ ਮੁੱਖ ਦੋਸ਼-ਸੀਐਸਆਈਐਸ ਜਨਤਕ ਰਿਪੋਰਟ (2025) ਭਾਰਤ ਨੂੰ ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਅਤੇ ਜਾਸੂਸੀ ਕਰਨ ਵਾਲੇ ਮੁੱਖ ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ। ਦੋਸ਼ ਹੈ ਕਿ ਭਾਰਤ ਆਪਣੇ ਹਿੱਤਾਂ ਲਈ ਕੈਨੇਡੀਅਨ ਸਿਆਸਤਦਾਨਾਂ, ਪੱਤਰਕਾਰਾਂ ਅਤੇ ਭਾਰਤੀ-ਕੈਨੇਡੀਅਨ ਭਾਈਚਾਰੇ 'ਤੇ ਨਾਜਾਇਜ਼ ਦਬਾਅ ਬਣਾਉਂਦਾ ਹੈ।

ਵਿਦੇਸ਼ੀ ਦਖਲਅੰਦਾਜ਼ੀ ਕਮਿਸ਼ਨ ਇਸ ਰਿਪੋਰਟ ਵਿੱਚ ਭਾਰਤ ਨੂੰ ਕੈਨੇਡਾ ਦੀਆਂ ਲੋਕਤੰਤਰਿਕ ਚੋਣਾਂ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਦੂਜਾ ਸਭ ਤੋਂ ਸਰਗਰਮ ਦੇਸ਼ ਕਰਾਰ ਦਿੱਤਾ ਗਿਆ ਹੈ।

ਖਾਲਿਸਤਾਨ ਪ੍ਰਤੀ ਕੈਨੇਡਾ ਦਾ ਰੁਖ਼: ਸੀਐਸਆਈਐਸ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਸਪੱਸ਼ਟ ਕੀਤਾ ਹੈ ਕਿ ਕੈਨੇਡਾ ਦੇ ਕਾਨੂੰਨ ਮੁਤਾਬਕ 'ਖਾਲਿਸਤਾਨ' ਦੀ ਵਕਾਲਤ ਕਰਨਾ ਇੱਕ ਕਾਨੂੰਨੀ ਅਤੇ ਸ਼ਾਂਤੀਪੂਰਨ ਰਾਜਨੀਤਿਕ ਗਤੀਵਿਧੀ ਹੈ। ਰਿਪੋਰਟ ਵਿੱਚ ਉਲਟਾ ਭਾਰਤ 'ਤੇ ਦੋਸ਼ ਲਾਇਆ ਗਿਆ ਹੈ ਕਿ ਉਹ ਸਿੱਖਾਂ ਦੇ ਰਾਜਨੀਤਿਕ ਪ੍ਰਗਟਾਵੇ ਨੂੰ ਜਾਣਬੁੱਝ ਕੇ ਕੱਟੜਵਾਦ ਨਾਲ ਜੋੜਦਾ ਹੈ, ਤਾਂ ਜੋ ਪੂਰੇ ਭਾਈਚਾਰੇ ਨੂੰ ਬਦਨਾਮ ਕਰਕੇ ਕੈਨੇਡੀਅਨ ਸੰਸਥਾਵਾਂ 'ਤੇ ਦਬਾਅ ਬਣਾਇਆ ਜਾ ਸਕੇ।

## ਨਸ਼ਿਆਂ ਖ਼ਿਲਾਫ਼ ਮੁੱਛਲ ਪਿੰਡ ਵਿਚ ਸਖਤੀ

# ਨਸ਼ਾ ਵੇਚਣ ਤੇ ਖ਼ਰੀਦਣ ਵਾਲਿਆਂ ਦੇ 'ਸਮਾਜਿਕ ਬਾਈਕਾਟ' ਹੋਵੇਗਾ

ਅੰਮ੍ਰਿਤਸਰ-ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਪ੍ਰਕੋਪ ਅਤੇ ਇਸ ਕਾਰਨ ਉੱਜੜ ਰਹੇ ਪਰਿਵਾਰਾਂ ਨੂੰ ਬਚਾਉਣ ਲਈ ਹੁਣ ਲੋਕਾਂ ਨੇ ਖੁਦ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਹੈ। ਅੰਮ੍ਰਿਤਸਰ ਦੇ ਪਿੰਡ ਮੁੱਛਲ ਦੇ ਨਿਵਾਸੀਆਂ ਨੇ ਨਸ਼ਾ ਤਸਕਰਾਂ ਅਤੇ ਨਸ਼ੇੜੀਆਂ ਖ਼ਿਲਾਫ਼ ਇੱਕ ਇਤਿਹਾਸਕ ਅਤੇ ਸਖ਼ਤ ਫੈਸਲਾ ਲਿਆ ਹੈ। ਇੱਕ ਸਰਬਸੰਮਤੀ ਨਾਲ ਹੋਈ ਮੀਟਿੰਗ ਵਿੱਚ ਪਿੰਡ ਵਾਸੀਆਂ ਨੇ ਐਲਾਨ ਕੀਤਾ ਹੈ ਕਿ ਪਿੰਡ ਵਿੱਚ ਨਸ਼ਾ ਵੇਚਣ, ਖ਼ਰੀਦਣ ਜਾਂ ਇਸ ਦਾ ਸਮਰਥਨ ਕਰਨ ਵਾਲੇ ਕਿਸੇ ਵੀ ਵਿਅਕਤੀ ਦਾ ਪੂਰਨ ਸਮਾਜਿਕ ਬਾਈਕਾਟ ਕੀਤਾ ਜਾਵੇਗਾ। ਅਜਿਹੇ ਲੋਕਾਂ ਨੂੰ ਪਿੰਡ ਦੇ ਕਿਸੇ ਵੀ ਸਮਾਜਿਕ ਸਮਾਗਮ, ਧਾਰਮਿਕ ਸਮਾਰੋਹ ਜਾਂ ਜਨਤਕ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੋਣ ਦਿੱਤਾ ਜਾਵੇਗਾ।

ਪਿੰਡ ਵਾਸੀਆਂ ਮੁਤਾਬਕ "ਪਿਛਲੇ ਕੁਝ ਸਾਲਾਂ ਵਿੱਚ ਨਸ਼ੇ ਦੀ ਲਤ ਕਾਰਨ ਪਿੰਡ ਦੇ 10 ਤੋਂ ਵੱਧ ਨੌਜਵਾਨ ਆਪਣੀ ਜਾਨ ਗੁਆ ਚੁੱਕੇ ਹਨ। ਇਸ ਦਰਦ ਨੇ ਪੂਰੇ ਪਿੰਡ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸੁਖਦੇਵ ਸਿੰਘ, ਪਿੰਡ ਵਾਸੀ ਅਨੁਸਾਰ ਨਸ਼ੇ ਦੀ ਵਰਤੋਂ ਕਾਰਨ ਪਿੰਡ ਦਾ ਮਾਹੌਲ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕਾ ਸੀ। ਕਈ ਘਰਾਂ ਦੇ ਚਿਰਾਗ ਬੁੱਝ ਗਏ ਹਨ ਅਤੇ ਪਰਿਵਾਰ ਆਰਥਿਕ ਤੇ ਮਾਨਸਿਕ ਤੌਰ 'ਤੇ ਬਰਬਾਦ ਹੋ ਗਏ ਹਨ। ਹੁਣ ਪ੍ਰਸ਼ਾਸਨ ਕਾਰਵਾਈ ਕਰੇ ਜਾਂ ਨਾ ਕਰੇ, ਸਾਡਾ ਪਿੰਡ ਇਸ ਕਾਰੋਬਾਰ ਨੂੰ ਹੋਰ ਬਰਦਾਸ਼ਤ ਨਹੀਂ ਕਰੇਗਾ।"



### ਪਿੰਡ ਦੀ ਮੌਜੂਦਾ ਸਥਿਤੀ 'ਤੇ ਇੱਕ ਨਜ਼ਰ

ਨਸ਼ੇ ਨੇ ਪਿੰਡ ਦੇ ਹਰ ਵਰਗ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਪਿੰਡ ਦੇ 20 ਨੌਜਵਾਨ ਇਸ ਵੇਲੇ ਵੱਖ-ਵੱਖ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਅਧੀਨ ਹਨ। ਜੇਲ੍ਹ ਵਿੱਚ ਨਸ਼ਾ ਤਸਕਰੀ ਅਤੇ ਇਸ ਨਾਲ ਸਬੰਧਤ ਮਾਮਲਿਆਂ ਕਾਰਨ ਪਿੰਡ ਦੇ 8 ਨੌਜਵਾਨ ਜੇਲ੍ਹ ਦੀ ਹਵਾ ਖਾ ਰਹੇ ਹਨ।

ਹਰ ਉਮਰ ਵਰਗ ਪ੍ਰਭਾਵਿਤ: ਪਿੰਡ ਵਾਸੀਆਂ ਅਨੁਸਾਰ ਸਿਰਫ਼ ਨੌਜਵਾਨ ਹੀ ਨਹੀਂ, ਸਗੋਂ ਬਜ਼ੁਰਗ ਵੀ ਸਮੈਕ, ਗਾਂਜਾ ਅਤੇ ਹੈਰੋਇਨ ਵਰਗੇ ਘਾਤਕ ਨਸ਼ਿਆਂ ਦੀ ਦਲਦਲ ਵਿੱਚ ਫਸੇ ਹੋਏ ਹਨ। ਪਿੰਡ ਦੇ ਨਿਵਾਸੀ ਜਸਬੀਰ ਸਿੰਘ ਨੇ ਦੱਸਿਆ ਕਿ ਕਮਾਉਣ ਵਾਲੇ ਨੌਜਵਾਨਾਂ ਦੇ ਨਸ਼ੇੜੀ ਹੋਣ ਕਾਰਨ ਪਰਿਵਾਰ ਕਰਜ਼ੇ ਹੇਠ ਦੱਬ ਗਏ ਹਨ ਅਤੇ ਬੱਚਿਆਂ ਦੀ ਪੜ੍ਹਾਈ ਲਿਖਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।

### ਪਿੰਡ ਵਿੱਚ ਬਣਿਆ ਸੀ ਤਣਾਅਪੂਰਨ ਮਾਹੌਲ

ਕੁਝ ਸਮਾਂ ਪਹਿਲਾਂ ਪਿੰਡ ਵਾਸੀਆਂ ਨੇ ਨਸ਼ਾ ਖ਼ਰੀਦਣ ਆਏ ਕੁਝ ਬਾਹਰੀ ਨੌਜਵਾਨਾਂ ਨੂੰ ਰੰਗੇ ਹੱਥੀਂ ਕਾਬੂ ਕੀਤਾ ਸੀ, ਜਿਸ ਕਾਰਨ ਪਿੰਡ ਵਿੱਚ ਕਾਫੀ ਤਣਾਅ ਪੈਦਾ ਹੋ ਗਿਆ ਸੀ। ਹਾਲਾਂਕਿ, ਪੰਚਾਇਤ ਅਤੇ ਪਿੰਡ ਦੇ ਬਜ਼ੁਰਗਾਂ ਨੇ ਸਮਝਦਾਰੀ ਦਿਖਾਉਂਦੇ ਹੋਏ ਸਥਿਤੀ ਨੂੰ ਸ਼ਾਂਤ ਕੀਤਾ, ਪਰ ਇਸ ਘਟਨਾ ਨੇ ਪਿੰਡ ਵਾਸੀਆਂ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ।

### ਨਾਜਾਇਜ਼ ਸ਼ਰਾਬ ਦੇ ਵਪਾਰ 'ਤੇ ਵੀ ਲੱਗੇਗੀ ਪਾਬੰਦੀ

ਨਸ਼ਿਆਂ ਦੇ ਨਾਲ-ਨਾਲ ਪਿੰਡ ਵਿੱਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਨੂੰ ਵੀ ਪੂਰੀ ਤਰ੍ਹਾਂ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਿੰਡ ਵਾਸੀਆਂ ਮੁਤਾਬਕ ਸ਼ਰਾਬ ਨੋਸ਼ੀ ਕਾਰਨ ਵੀ ਪਿੰਡ ਵਿੱਚ 15 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਨਾਜਾਇਜ਼ ਸ਼ਰਾਬ ਬਣਾਉਣ ਅਤੇ ਬਾਹਰੋਂ ਲਿਆਉਣ ਵਾਲਿਆਂ ਨੂੰ ਸਖ਼ਤ ਚਿਤਾਵਨੀ ਜਾਰੀ ਕੀਤੀ ਗਈ ਹੈ।

### ਅਗਲੀ ਰਣਨੀਤੀ: ਨਿਗਰਾਨੀ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਮੋੜਨਾ

ਆਪਣੇ ਸਮਾਜ ਨੂੰ ਬਚਾਉਣ ਲਈ ਪਿੰਡ ਵਾਸੀਆਂ ਨੇ ਹੇਠ ਲਿਖੇ ਅਹਿਮ ਕਦਮ ਚੁੱਕਣ ਦੀ ਯੋਜਨਾ ਬਣਾਈ ਹੈ:

ਬਾਹਰੀ ਲੋਕਾਂ 'ਤੇ ਨਜ਼ਰ: ਪਿੰਡ ਵਿੱਚ ਆਉਣ-ਜਾਣ ਵਾਲੇ ਸ਼ੱਕੀ ਅਤੇ ਬਾਹਰੀ ਲੋਕਾਂ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ।

ਪੁਲਿਸ ਨੂੰ ਸੂਚਨਾ: ਜੇਕਰ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਫੜਿਆ ਗਿਆ ਤਾਂ ਤੁਰੰਤ ਪੁਲਿਸ ਹਵਾਲੇ ਕੀਤਾ ਜਾਵੇਗਾ।

ਨੌਜਵਾਨਾਂ ਦਾ ਮਾਰਗਦਰਸ਼ਨ: ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਉਨ੍ਹਾਂ ਨੂੰ ਖੇਡਾਂ ਅਤੇ ਹੋਰ ਸਮਾਜਿਕ ਗਤੀਵਿਧੀਆਂ ਨਾਲ ਜੋੜਿਆ ਜਾਵੇਗਾ।

# ਕੈਨੇਡਾ ਪੁਲੀਸ ਭਰਤੀ ਵਿਵਾਦ : ਪ੍ਰੀਖਿਆ ਹਾਲ ਵਿਚ ਕ੍ਰਿਪਾਨ ਲਿਜਾਣ ’ਤੇ ਰੋਕ ਮਗਰੋਂ ਵਿੰਨੀਪੈਗ ਪੁਲਿਸ ਸਰਵਿਸ ਲਿਆ ਰਹੀ ਹੈ ਨਵੀਂ ਪਾਲਿਸੀ

ਵਿੰਨੀਪੈਗ-ਕੈਨੇਡਾ ਦੇ ਵਿੰਨੀਪੈਗ ਸ਼ਹਿਰ ਵਿੱਚ ਪੁਲਿਸ ਭਰਤੀ ਪ੍ਰੀਖਿਆ ਦੌਰਾਨ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਕ੍ਰਿਪਾਨ ਉਤਾਰਨ ਲਈ ਕਹੇ ਜਾਣ ਤੋਂ ਬਾਅਦ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਘਟਨਾ ਤੋਂ ਬਾਅਦ ਹੁਣ ਵਿੰਨੀਪੈਗ ਪੁਲਿਸ ਸਰਵਿਸ ਵੱਲੋਂ ਆਪਣੀ ਪ੍ਰਸ਼ਾਸਨਿਕ ਨੀਤੀ ਵਿੱਚ ਇੱਕ ਵੱਡਾ ਬਦਲਾਅ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੁਲਿਸ ਵਿਭਾਗ ਦੇ ਇੱਕ ਬੁਲਾਰੇ ਨੇ ਪੁਸ਼ਟੀ ਕੀਤੀ ਹੈ ਕਿ ਉਹ ਭਰਤੀ ਪ੍ਰਕਿਰਿਆ ਦੌਰਾਨ ਸਿੱਖ ਬਿਨੈਕਾਰਾਂ ਨੂੰ ਕ੍ਰਿਪਾਨ ਪਹਿਨਣ ਦੀ ਇਜਾਜ਼ਤ ਦੇਣ ਲਈ ਇੱਕ ਨਵੀਂ ਨੀਤੀ ਤਿਆਰ ਕਰ ਰਹੇ ਹਨ, ਤਾਂ ਜੋ ਭਵਿੱਖ ਵਿੱਚ ਕਿਸੇ ਦੀ ਧਾਰਮਿਕ ਆਜ਼ਾਦੀ ਪ੍ਰਭਾਵਿਤ ਨਾ ਹੋਵੇ।

ਦਰਅਸਲ, ਇਹ ਸਾਰਾ ਮਾਮਲਾ ਭਾਰਤ ਤੋਂ ਸਾਲ 2021 ਵਿੱਚ ਕੈਨੇਡਾ ਆਏ ਅਤੇ ਪਿਛਲੀਆਂ ਗਰਮੀਆਂ ਤੋਂ ਵਿੰਨੀਪੈਗ ਰਹਿ ਰਹੇ ਨੌਜਵਾਨ ਜਸਪਾਲ ਸਿੰਘ ਗਿੱਲ ਨਾਲ ਜੁੜਿਆ ਹੋਇਆ ਹੈ। ਜਸਪਾਲ ਸਿੰਘ ਨੇ ਵਿੰਨੀਪੈਗ ਪੁਲਿਸ ਵਿੱਚ ਕਾਂਸਟੇਬਲ ਦੀ ਨੌਕਰੀ ਲਈ ਅਪਲਾਈ ਕੀਤਾ ਸੀ। ਪਿਛਲੇ ਮਹੀਨੇ ਦੇ ਅਖੀਰ ਵਿੱਚ ਜਦੋਂ ਉਹ ਪੁਲਿਸ ਹੈੱਡਕੁਆਰਟਰ ਵਿਖੇ ਭਰਤੀ ਦੀ ਲਿਖਤੀ ਪ੍ਰੀਖਿਆ ਦੇਣ ਪਹੁੰਚਿਆ, ਤਾਂ ਉੱਥੇ ਮੌਜੂਦ ਪ੍ਰਬੰਧਕਾਂ ਵੱਲੋਂ ਉਸ ਨੂੰ ਕਿਹਾ ਗਿਆ ਕਿ ਉਹ ਕ੍ਰਿਪਾਨ ਉਤਾਰੇ ਬਿਨਾਂ ਪ੍ਰੀਖਿਆ ਹਾਲ ਵਿੱਚ ਨਹੀਂ ਬੈਠ ਸਕਦਾ। ਜਸਪਾਲ ਸਿੰਘ ਨੇ ਦੱਸਿਆ ਕਿ ਉਸ ਸਮੇਂ ਉਹ ਬੇਹੱਦ ਹੈਰਾਨ ਅਤੇ ਨਿਰਾਸ਼ ਹੋਇਆ ਅਤੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਨੂੰ ਰੁਜ਼ਗਾਰ ਅਤੇ ਆਪਣੇ ਧਰਮ ਵਿੱਚੋਂ ਕਿਸੇ ਇੱਕ ਨੂੰ ਚੁਣਨ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ।



ਆਪਣੇ ਜਜ਼ਬਾਤ ਸਾਂਝੇ ਕਰਦਿਆਂ ਜਸਪਾਲ ਸਿੰਘ ਨੇ ਦੱਸਿਆ ਕਿ ਭਾਰਤ ਵਿੱਚ ਪਲਣ-ਵਧਣ ਦੌਰਾਨ ਆਪਣੇ ਦਾਦਾ ਅਤੇ ਪਿਤਾ ਨੂੰ ਪੁਲਿਸ ਦੀ ਵਰਦੀ ਵਿੱਚ ਦੇਖ ਕੇ ਉਸ ਨੇ ਵੀ ਹਮੇਸ਼ਾ ਪੁਲਿਸ ਅ਼ਫਸਰ ਬਣ ਕੇ ਸਮਾਜ ਦੀ ਸੇਵਾ ਕਰਨ ਦਾ ਸੁਪਨਾ ਦੇਖਿਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਹੈ, ਬਲਕਿ ਇਹ ਅੰਮ੍ਰਿਤਧਾਰੀ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ ਪਵਿੱਤਰ ਧਾਰਮਿਕ ਚਿੰਨ੍ਹ ਹੈ। ਇਹ ਸਿੱਖਾਂ ਨੂੰ ਬਹਾਦਰੀ, ਜ਼ਿੰਮੇਵਾਰੀ, ਕਮਜ਼ੋਰਾਂ ਦੀ ਰੱਖਿਆ ਕਰਨ ਅਤੇ ਬੇਇਨਸਾ਼ਫੀ ਖ਼ਿਲਾ਼ਫ ਖੜ੍ਹੇ ਹੋਣ ਦੀ ਯਾਦ ਦਿਵਾਉਂਦੀ ਹੈ ਅਤੇ ਹਮੇਸ਼ਾ ਦਇਆ ਤੇ ਨਿਆਂ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਕੈਨੇਡਾ ਦੇ ਕਾਨੂੰਨ ਮੁਤਾਬਕ ਸਿੱਖਾਂ ਨੂੰ ਧਾਰਮਿਕ ਆਜ਼ਾਦੀ ਦੇ ਤਹਿਤ ਕ੍ਰਿਪਾਨ ਪਹਿਨਣ ਦੇ ਪੂਰੇ ਅਧਿਕਾਰ ਪ੍ਰਾਪਤ ਹਨ। ਸਾਲ 2006 ਵਿੱਚ ਸੁਪਰੀਮ ਕੋਰਟ ਆਫ਼ ਕੈਨੇਡਾ ਨੇ ਆਪਣੇ ਇੱਕ ਇਤਿਹਾਸਕ ਅਤੇ ਸਰਵਸੰਮਤੀ ਨਾਲ ਦਿੱਤੇ ਫ਼ੈਸਲੇ ਵਿੱਚ ਕਿਹਾ ਸੀ ਕਿ ‘ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼’ ਤਹਿਤ ਸਿੱਖਾਂ ਨੂੰ ਕ੍ਰਿਪਾਨ ਧਾਰਨ ਕਰਨ ਦੀ ਪੂਰੀ ਕਾਨੂੰਨੀ ਆਜ਼ਾਦੀ ਹੈ। ਇਸੇ ਤਰ੍ਹਾਂ ਟੋਰਾਂਟੋ ਪੁਲਿਸ ਸਰਵਿਸ ਦੇ ਨਿਯਮਾਂ ਮੁਤਾਬਕ ਵੀ ਸਿੱਖ ਮੁਲਾਜ਼ਮਾਂ ਨੂੰ ਵੱਧ ਤੋਂ ਵੱਧ 19 ਸੈਂਟੀਮੀਟਰ (7.5 ਇੰਚ) ਦੀ ਕ੍ਰਿਪਾਨ ਪਹਿਨ ਕੇ ਡਿਊਟੀ ਕਰਨ ਦੀ ਇਜਾਜ਼ਤ ਹੈ ਅਤੇ ਉੱਥੇ ਪੁਲਿਸ ਲੋਗੋ ਵਾਲੀਆਂ ਵਿਸ਼ੇਸ਼ ਪੱਗਾਂ ਵੀ ਦਿੱਤੀਆਂ ਜਾਂਦੀਆਂ ਹਨ। ਇੱਥੋਂ ਤੱਕ ਕਿ ਕੈਨੇਡਾ ਵਿੱਚ ਘਰੇਲੂ ਉਡਾਣਾਂ ਦੌਰਾਨ ਵੀ ਯਾਤਰੀਆਂ ਨੂੰ 6 ਸੈਂਟੀਮੀਟਰ ਜਾਂ ਇਸ ਤੋਂ ਛੋਟੀ ਕ੍ਰਿਪਾਨ ਲਿਜਾਣ ਦੀ ਖੁੱਲ੍ਹ ਹੈ।

ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ‘ਵਰਲਡ ਸਿੱਖ ਔਰਗੇਨਾਈਜ਼ੇਸ਼ਨ ਆਫ਼ ਕੈਨੇਡਾ’ ਨੇ ਵਿੰਨੀਪੈਗ ਪੁਲਿਸ ਨੂੰ ਇੱਕ ਅਧਿਕਾਰਤ ਪੱਤਰ ਭੇਜ ਕੇ ਆਪਣਾ ਸਖ਼ਤ ਰੁਖ਼ ਜ਼ਾਹਿਰ ਕੀਤਾ ਸੀ। ਵਰਲਡ ਸਿੱਖ ਔਰਗੇਨਾਈਜ਼ੇਸ਼ਨ ਆਫ਼ ਕੈਨੇਡਾ ਦੇ ਕਾਨੂੰਨੀ ਸਲਾਹਕਾਰ ਬਾਲਪ੍ਰੀਤ ਸਿੰਘ ਬੋਪਾਰਾਏ ਨੇ ਕਿਹਾ ਕਿ ਸਿੱਖ ਕ੍ਰਿਪਾਨ ਧਾਰਨ ਕਰਕੇ ਪੂਰੇ ਕੈਨੇਡਾ ਦੀਆਂ ਪੁਲਿਸ ਸੇਵਾਵਾਂ ਅਤੇ ਜਨਤਕ ਸੰਸਥਾਵਾਂ ਵਿੱਚ ਕਈ ਸਾਲਾਂ ਤੋਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ। ਸਿਰ਼ਫ ਕ੍ਰਿਪਾਨ ਪਹਿਨਣ ਕਰਕੇ ਕਿਸੇ ਯੋਗ ਉਮੀਦਵਾਰ ਨੂੰ ਪੁਲਿਸ ਪ੍ਰੀਖਿਆ ਵਿੱਚ ਬੈਠਣ ਤੋਂ ਰੋਕਣ ਦਾ ਕੋਈ ਜਾਇਜ਼ ਕਾਰਨ ਨਹੀਂ ਹੈ ਅਤੇ ਪੁਲਿਸ ਪ੍ਰਸ਼ਾਸਨ ਵਿੱਚ ਇਸ ਧਾਰਮਿਕ ਚਿੰਨ੍ਹ ਦੀ ਮਹੱਤਤਾ ਬਾਰੇ ਹੋਰ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ।

ਹੁਣ ਜਸਪਾਲ ਸਿੰਘ ਗਿੱਲ ਨੇ ਉਮੀਦ ਜਤਾਈ ਹੈ ਕਿ ਵਿੰਨੀਪੈਗ ਪੁਲਿਸ ਦੀ ਇਹ ਨਵੀਂ ਨੀਤੀ ਅਗਲੇ ਕੁਝ ਮਹੀਨਿਆਂ ਵਿੱਚ ਲਾਗੂ ਹੋ ਜਾਵੇਗੀ, ਜਿਸ ਨਾਲ ਸੁਰੱਖਿਆ ਅਤੇ ਨਾਗਰਿਕਾਂ ਦੇ ਅਧਿਕਾਰਾਂ ਵਿਚਾਲੇ ਇੱਕ ਸਹੀ ਸੰਤੁਲਨ ਬਣੇਗਾ। ਉਨ੍ਹਾਂ ਕਿਹਾ ਕਿ ਜੇਕਰ ਇਹ ਨਿਯਮ ਸਮੇਂ ਸਿਰ ਬਣ ਜਾਂਦਾ ਹੈ, ਤਾਂ ਉਹ ਜਨਵਰੀ 2027 ਦੇ ਬੈਚ ਦੀ ਭਰਤੀ ਪ੍ਰਕਿਰਿਆ ਪੂਰੀ ਕਰਕੇ ਪੁਲਿਸ ਅ਼ਫਸਰ ਬਣਨ ਦੇ ਆਪਣੇ ਬਚਪਨ ਦੇ ਸੁਪਨੇ ਨੂੰ ਸਾਕਾਰ ਕਰ ਸਕਣਗੇ ਅਤੇ ਭਵਿੱਖ ਵਿੱਚ ਕਿਸੇ ਵੀ ਹੋਰ ਸਿੱਖ ਨੌਜਵਾਨ ਨੂੰ ਅਜਿਹੇ ਮੰਦਭਾਗੇ ਅਨੁਭਵ ਵਿੱਚੋਂ ਨਹੀਂ ਲੰਘਣਾ ਪਵੇਗਾ।

# ਨਾਟੋ ’ਤੇ ਚੱਲਿਆ ਟਰੰਪ ਦਾ ਕੁਹਾੜਾ: ਜੰਗੀ ਬੇੜੇ ਤੇ ਲੜਾਕੂ ਜਹਾਜ਼ ਵਾਪਸ ਬੁਲਾਉਣ ਦਾ ਫੈਸਲਾ, ਰੂਸ ਬਾਗੋ-ਬਾਗ

## ✡ ਅਮਰੀਕਾ ਤੋਂ ਖਹਿੜਾ ਛੁਡਾ ਕੇ ਹੁਣ ‘ਆਤਮਨਿਰਭਰ’ ਬਣੇਗਾ ਯੂਰਪ, ਫਰਾਂਸ ਨੇ ਸੰਭਾਲੀ ਕਮਾਨ

**ਖਾਸ ਖਬਰ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੱਛਮੀ ਦੇਸ਼ਾਂ ਦੇ ਫੌਜੀ ਸੰਗਠਨ ਨਾਟੋ ਨੂੰ ਇੱਕ ਵੱਡਾ ਝਟਕਾ ਦੇਣ ਦੀ ਪੂਰੀ ਤਿਆਰੀ ਕਰ ਲਈ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਟਰੰਪ ਨੇ ਯੂਰਪ ਵਿੱਚ ਨਾਟੋ ਦੀ ਡਿਫੈਂਸਿਵ ਫੋਰਸ (ਰੱਖਿਆ ਬਲ) ਵਿੱਚ ਅਮਰੀਕੀ ਫੌਜੀ ਮਦਦ ਨੂੰ ਭਾਰੀ ਮਾਤਰਾ ਵਿੱਚ ਘਟਾਉਣ ਦਾ ਫੈਸਲਾ ਕੀਤਾ ਹੈ।

ਇੱਕ ਵਫਦ ਰਾਹੀਂ ਨਾਟੋ ਪਾਲਿਸੀ ਡਾਇਰੈਕਟਰਾਂ ਦੀ ਮੀਟਿੰਗ ਵਿੱਚ ਯੂਰਪੀਅਨ ਸਹਿਯੋਗੀਆਂ ਨੂੰ ਸਪੱਸ਼ਟ ਸੰਦੇਸ਼ ਦਿੱਤਾ ਗਿਆ ਹੈ ਕਿ ਯੂਨਾਈਟਿਡ ਸਟੇਟਸ ਜਲਦੀ ਹੀ ਨਾਟੋ ਨੂੰ ਮੁਹੱਈਆ ਕਰਵਾਏ ਗਏ ਆਪਣੇ ਰਣਨੀਤਕ ਬੰਬਰ, ਫਾਈਟਰ ਏਅਰਕ੍ਰਾਫਟ (ਲੜਾਕੂ ਜਹਾਜ਼), ਡਰੋਨ, ਪਣਡੁੱਬੀਆਂ ਅਤੇ ਵਾਰਸ਼ਿਪਸ (ਜੰਗੀ ਬੇੜੇ) ਵਾਪਸ ਬੁਲਾ ਰਿਹਾ ਹੈ।

ਹਾਲਾਂਕਿ, ਅਜੇ ਤੱਕ ਇਹ ਸਾ਼ਫ ਨਹੀਂ ਹੋਇਆ ਹੈ ਕਿ ਕਿਹੜੇ ਖ਼ਾਸ ਹਥਿਆਰ ਪਹਿਲਾਂ ਹਟਾਏ ਜਾਣਗੇ ਅਤੇ ਇਸ ਦੀ ਪੂਰੀ ਟਾਈਮਲਾਈਨ ਕੀ ਹੋਵੇਗੀ। ਪਰ ਡਿਪਲੋਮੈਟਿਕ ਸੂਤਰਾਂ ਮੁਤਾਬਕ, ਅਮਰੀਕੀ ਫੌਜੀ ਸਾਮਾਨ ਦੀ ਵਾਪਸੀ ਇਸ ਗੱਲ ’ਤੇ ਨਿਰਭਰ ਕਰੇਗੀ ਕਿ ਦੂਜੇ ਦੇਸ਼ ਇਸ ਦੀ ਜਗ੍ਹਾ ਆਪਣੇ ਕੀ ਬਦਲ ਲੈ ਕੇ ਆਉਂਦੇ ਹਨ। ਕੁਝ ਹਥਿਆਰਾਂ ਨੂੰ ਬਿਲਕੁਲ ਨਹੀਂ ਛੇੜਿਆ ਜਾਵੇਗਾ, ਜਦੋਂ ਕਿ ਕੁਝ ਨੂੰ ਪੂਰੀ ਤਰ੍ਹਾਂ ਜਾਂ ਅੱਧਾ-ਤਿਹਾਈ ਤੱਕ ਘਟਾ ਦਿੱਤਾ ਜਾਵੇਗਾ। ਰਾਹਤ ਦੀ ਗੱਲ ਇਹ ਹੈ ਕਿ ਫਿਲਹਾਲ ਯੂਰਪ ਤੋਂ ਅਮਰੀਕੀ ਪਰਮਾਣੂ ਹਥਿਆਰਾਂ ਨੂੰ ਹਟਾਉਣ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ।



ਰੂਸ ਕਿਉਂ ਹੋ ਰਿਹਾ ਹੈ ਖੁਸ਼ ?-ਟਰੰਪ ਦਾ ਇਹ ਫੈਸਲਾ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਖੁਸ਼ ਕਰਨ ਵਾਲਾ ਹੈ। ਰੂਸ ਹਮੇਸ਼ਾ ਤੋਂ ਯੂਰਪੀਅਨ ਦੇਸ਼ਾਂ ਵਿੱਚ ਨਾਟੋ ਦੇ ਪਸਾਰ ਦਾ ਵਿਰੋਧ ਕਰਦਾ ਰਿਹਾ ਹੈ ਅਤੇ ਇਸ ਨੂੰ ਆਪਣੇ ਅਸਤਿਤਵ ਲਈ ਖਤਰਾ ਦੱਸਦਾ ਆਇਆ ਹੈ। ਇੱਥੋਂ ਤੱਕ ਕਿ ਯੂਕਰੇਨ ’ਤੇ ਹੋਏ ਹਮਲੇ ਦੇ ਪਿੱਛੇ ਵੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੀ ਨਾਟੋ ਵਿੱਚ ਸ਼ਾਮਲ ਹੋਣ ਦੀ ਜ਼ਿੱਦ ਨੂੰ ਵੱਡਾ ਕਾਰਨ ਮੰਨਿਆ ਜਾਂਦਾ ਹੈ। ਅਜਿਹੇ ਵਿੱਚ ਅਮਰੀਕਾ ਦਾ ਪਿੱਛੇ ਹਟਣਾ ਰੂਸ ਲਈ ਇੱਕ ਵੱਡੀ ਭੂ-ਰਾਜਨੀਤਿਕ ਜਿੱਤ ਵਾਂਗ ਹੈ।

“ਆਪਣੇ ਦੂਜੇ ਕਾਰਜਕਾਲ ਵਿੱਚ ਰਾਸ਼ਟਰਪਤੀ ਟਰੰਪ ਰੂਸੀ ਰਾਸ਼ਟਰਪਤੀ ਪੂਤਿਨ ਦੇ ਜ਼ਿਆਦਾ ਕਰੀਬ ਦਿਖਾਈ ਦੇ ਰਹੇ ਹਨ। ਟਰੰਪ ਖੁੱਲ੍ਹੇਆਮ ਯੂਰਪ ਦੀਆਂ ਉਦਾਰਵਾਦੀ ਸਰਕਾਰਾਂ ਪ੍ਰਤੀ ਹਮਲਾਵਰ ਰੁਖ ਅਪਣਾ ਰਹੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਰੂਸ-ਸਮਰਥਕ, ਸੱਜੇ-ਪੱਖੀ ਪਾਰਟੀਆਂ ਨੂੰ ਉਤਸ਼ਾਹਿਤ ਕਰ ਰਹੇ ਹਨ।”

ਨਾਟੋ ਨਾਲ ਟਰੰਪ ਦੀ ਪੁਰਾਣੀ ਨਾਰਾਜ਼ਗੀ-ਨਾਟੋ ਨੂੰ ਲੈ ਕੇ ਡੋਨਾਲਡ ਟਰੰਪ ਦਾ ਗੁੱਸਾ ਨਵਾਂ ਨਹੀਂ ਹੈ। ਆਪਣੀ ਚੋਣ ਮੁਹਿੰਮ ਦੌਰਾਨ ਵੀ ਉਨ੍ਹਾਂ ਨੇ ਸਾ਼ਫ ਕਿਹਾ ਸੀ ਕਿ ਉਹ ਨਾ ਸਿਰ਼ਫ ਇਸ ਗਠਜੋੜ ਤੋਂ ਅਮਰੀਕਾ ਨੂੰ ਵੱਖ ਕਰ ਸਕਦੇ ਹਨ, ਬਲਕਿ ਰੂਸ ਨੂੰ ਉਨ੍ਹਾਂ ਨਾਟੋ ਦੇਸ਼ਾਂ ਖਿਲਾਫ ’ਜੋ ਚਾਹੇ ਕਰਨ’ ਲਈ ਵੀ ਕਹਿ ਸਕਦੇ ਹਨ ਜੋ ਆਪਣੇ ਵਿੱਤੀ ਹਿੱਸੇਦਾਰੀ ਦੇ ਵਾਅਦੇ ਪੂਰੇ ਨਹੀਂ ਕਰਦੇ।

ਯੂਰਪ ਹੁਣ ਹੋਵੇਗਾ ‘ਆਤਮਨਿਰਭਰ’-ਟਰੰਪ ਦੇ ਇਸ ਕਦਮ ਨਾਲ ਯੂਰਪ ਵਿੱਚ ਅਮਰੀਕਾ ਦਾ ਦਬਦਬਾ ਅਤੇ ਸਹਿਯੋਗ ਤਾਂ ਘਟੇਗਾ ਹੀ, ਪਰ ਇਸ ਨਾਲ ਹਥਿਆਰਾਂ ਦੀ ਇੱਕ ਨਵੀਂ ਦੌੜ ਵੀ ਸ਼ੁਰੂ ਹੋ ਸਕਦੀ ਹੈ। ਹੁਣ ਯੂਰਪੀ ਦੇਸ਼ ਸੁਰੱਖਿਆ ਲਈ ਆਤਮਨਿਰਭਰਤਾ ਵੱਲ ਵਧ ਰਹੇ ਹਨ।

਼ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਮਰੀਕਾ ਦੀ ਪਰਮਾਣੂ ਸੁਰੱਖਿਆ-ਛਤਰੀ ਤੋਂ ਵੱਖ ਯੂਰਪ ਦੀ ਆਪਣੀ ਪਰਮਾਣੂ ਪ੍ਰਤੀਰੋਧਕ ਸਮਰੱਥਾ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਯੂਰਪ ਦੀ ਇੱਕਮਾਤਰ ਪੂਰੀ ਤਰ੍ਹਾਂ ਆਤਮਨਿਰਭਰ ਪਰਮਾਣੂ ਸ਼ਕਤੀ ਹੋਣ ਦੇ ਨਾਤੇ, ਼ਫਰਾਂਸ ਨੇ ਯੂਨਾਈਟਿਡ ਕਿੰਗਡਮ ਜਰਮਨੀ ਅਤੇ ਪੋਲੈਂਡ ਨਾਲ ਸਮਝੌਤੇ ਕੀਤੇ ਹਨ ਤਾਂ ਜੋ ਪਰਮਾਣੂ ਮਿਜ਼ਾਈਲਾਂ ਨਾਲ ਲੈਸ ਆਪਣੇ ‘ਰਾਫੇਲ’ ਲੜਾਕੂ ਜਹਾਜ਼ਾਂ ਦੀ ਤਾਇਨਾਤੀ ਵਿੱਚ ਤਾਲਮੇਲ ਬਣਾਇਆ ਜਾ ਸਕੇ।

# ਮਰੀਜ਼ ਨਾਲ ਸਬੰਧ ਬਣਾਉਣ ਵਾਲਾ ਭਾਰਤੀ ਮੂਲ ਦਾ ਡਾਕਟਰ 8 ਮਹੀਨਿਆਂ ਲਈ ਮੁਅੱਤਲ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਵੇਲਜ਼ ਖੇਤਰ ਵਿੱਚ ਕੰਮ ਕਰ ਰਹੇ ਭਾਰਤੀ ਮੂਲ ਦੇ ਨਿਊਰੋਸਰਜਨ ਡਾ. ਚਿਰਾਗ ਪਟੇਲ ਨੂੰ ਇੱਕ ਮਹਿਲਾ ਮਰੀਜ਼ ਨਾਲ ਸਰੀਰਕ ਸਬੰਧ ਬਣਾਉਣ ਅਤੇ ਬਿਨਾਂ ਅਧਿਕਾਰਤ ਰਿਕਾਰਡ ਰੱਖੇ ਨਿਯੰਤਰਿਤ ਦਰਦ ਨਿਵਾਰਕ ਦਵਾਈਆਂ ਦੇਣ ਦੇ ਮਾਮਲੇ ਵਿੱਚ 8 ਮਹੀਨਿਆਂ ਲਈ ਡਾਕਟਰੀ ਅਭਿਆਸ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਫ਼ੈਸਲਾ ਮੈਡੀਕਲ ਪ੍ਰੈਕਟੀਸ਼ਨਰਜ਼ ਟ੍ਰਿਬਿਊਨਲ ਸਰਵਿਸ (ਐਮ.ਪੀ.ਟੀ.ਐਸ.) ਵੱਲੋਂ ਸੁਣਾਇਆ ਗਿਆ ਹੈ।

ਟ੍ਰਿਬਿਊਨਲ ਦੇ ਰਿਕਾਰਡ ਅਨੁਸਾਰ ਡਾ. ਪਟੇਲ ਕਾਰਡਿਫ ਸਥਿਤ ਯੂਨੀਵਰਸਿਟੀ ਹਸਪਤਾਲ ਆਫ਼ ਵੇਲਜ਼ ਵਿੱਚ ਕਨਸਲਟੈਂਟ ਨਿਊਰੋਸਰਜਨ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਨੇ ਫਰਵਰੀ 2019 ਤੋਂ ਦਸੰਬਰ 2021 ਦਰਮਿਆਨ ਇੱਕ ਮਹਿਲਾ ਮਰੀਜ਼ ਦਾ ਤਿੰਨ ਵਾਰ ਆਪਰੇਸ਼ਨ ਕੀਤਾ ਸੀ। ਪਹਿਲਾ ਡਿਸਕੈਕਟੋਮੀ ਆਪਰੇਸ਼ਨ ਫਰਵਰੀ 2019 ਵਿੱਚ, ਦੂਜਾ ਅਗਸਤ 2019 ਵਿੱਚ ਅਤੇ ਤੀਜਾ ਦਸੰਬਰ 2021 ਵਿੱਚ ਕੀਤਾ ਗਿਆ ਸੀ। ਇਲਾਜ ਦੌਰਾਨ ਅਤੇ ਇਸ ਤੋਂ ਬਾਅਦ ਡਾਕਟਰ ਅਤੇ ਮਰੀਜ਼ ਵਿਚਕਾਰ ਨਜ਼ਦੀਕੀਆਂ ਵਧੀਆਂ ਅਤੇ ਦੋਵਾਂ ਵਿਚਕਾਰ ਸਰੀਰਕ ਸਬੰਧ ਬਣ ਗਏ, ਜੋ ਲਗਭਗ ਛੇ ਮਹੀਨਿਆਂ ਤੱਕ ਚੱਲੇ।



ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਦੋਵਾਂ ਵਿਚਕਾਰ ਰਿਸ਼ਤਾ ਜਨਵਰੀ 2023 ਤੱਕ ਜਾਰੀ ਰਿਹਾ। ਇਸ ਦੌਰਾਨ ਡਾ. ਪਟੇਲ ਵੱਲੋਂ ਮਰੀਜ਼ ਨੂੰ ਓਪੀਓਇਡ ਸ਼੍ਰੇਣੀ ਦੀਆਂ ਨਿਯੰਤਰਿਤ ਦਰਦ ਨਿਵਾਰਕ ਦਵਾਈਆਂ ਦਿੱਤੀਆਂ ਜਾਂਦੀਆਂ ਰਹੀਆਂ, ਪਰ ਉਨ੍ਹਾਂ ਦਾ ਕੋਈ ਅਧਿਕਾਰਤ ਮੈਡੀਕਲ ਰਿਕਾਰਡ ਨਹੀਂ ਰੱਖਿਆ ਗਿਆ। ਇਹ ਵੀ ਦੱਸਿਆ ਗਿਆ ਕਿ ਬਾਅਦ ਵਿੱਚ ਮਰੀਜ਼ ਨੇ ਡਾਕਟਰ ਨੂੰ ਉਨ੍ਹਾਂ ਦੇ ਸਬੰਧਾਂ ਦਾ ਖੁਲਾਸਾ ਕਰਨ ਦੀ ਧਮਕੀ ਦਿੱਤੀ ਸੀ, ਜਿਸ ਤੋਂ ਬਾਅਦ ਮਾਮਲਾ ਹੋਰ ਗੰਭੀਰ ਹੋ ਗਿਆ।

ਟ੍ਰਿਬਿਊਨਲ ਅਨੁਸਾਰ ਡਾ. ਪਟੇਲ ਸਾਲ 2018 ਤੋਂ ਹਸਪਤਾਲ ਵਿੱਚ ਸਥਾਈ ਕਨਸਲਟੈਂਟ ਵਜੋਂ ਕੰਮ ਕਰ ਰਹੇ ਸਨ ਅਤੇ ਵੇਲਜ਼ ਵਿੱਚ ਉਹ ਇਕਲੌਤੇ ਮਾਹਿਰ ਡਾਕਟਰ ਸਨ ਜੋ ਮਰੀਜ਼ ਦੀ ਖਾਸ ਬਿਮਾਰੀ ਦਾ ਇਲਾਜ ਕਰ ਸਕਦੇ ਸਨ। ਇਸ ਕਾਰਨ ਮਰੀਜ਼ ਦਾ ਡਾਕਟਰ ਉੱਤੇ ਪੂਰਾ ਭਰੋਸਾ ਸੀ, ਜਿਸ ਨੂੰ ਟ੍ਰਿਬਿਊਨਲ ਨੇ ਪੇਸ਼ੇਵਰ ਤੌਰ ’ਤੇ ਬਹੁਤ ਮਹੱਤਵਪੂਰਨ ਮੰਨਿਆ।

ਰਿਪੋਰਟ ਅਨੁਸਾਰ ਫਰਵਰੀ 2023 ਵਿੱਚ ਦੋਵਾਂ ਦੇ ਸਬੰਧਾਂ ਵਿੱਚ ਖਟਾਸ ਆ ਗਈ ਅਤੇ ਮਰੀਜ਼ ਨੇ ਡਾਕਟਰ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ। ਇਸ ਤੋਂ ਬਾਅਦ ਮਾਮਲਾ ਜਨਰਲ ਮੈਡੀਕਲ ਕੌਂਸਲ (ਜੀ.ਐੱਮ.ਸੀ.) ਕੋਲ ਪਹੁੰਚਿਆ, ਜਿਸ ਨੇ ਵਿਸਥਾਰਪੂਰਵਕ ਜਾਂਚ ਸ਼ੁਰੂ ਕੀਤੀ।

ਜੀ.ਐੱਮ.ਸੀ. ਦੀ ਵਕੀਲ ਹੈਰੀਅਟ ਟਿਗੇ ਨੇ ਟ੍ਰਿਬਿਊਨਲ ਨੂੰ ਦੱਸਿਆ ਕਿ ਡਾ. ਪਟੇਲ ਦਾ ਵਿਹਾਰ ਲਗਾਤਾਰ ਅਤੇ ਦੁਹਰਾਇਆ ਗਿਆ ਦੁਰਵਿਹਾਰ ਸੀ। ਉਨ੍ਹਾਂ ਕਿਹਾ ਕਿ ਡਾਕਟਰ ਨੇ ਆਪਣੀ ਪੇਸ਼ੇਵਰ ਸਥਿਤੀ ਦਾ ਦੁਰਉਪਯੋਗ ਕੀਤਾ ਅਤੇ ਮਰੀਜ਼ ਦੀ ਸੁਰੱਖਿਆ ਤੇ ਡਾਕਟਰੀ ਮਿਆਰਾਂ ਪ੍ਰਤੀ ਗੰਭੀਰ ਲਾਪਰਵਾਹੀ ਦਿਖਾਈ।

ਆਪਣੇ ਬਚਾਅ ਵਿੱਚ ਡਾ. ਪਟੇਲ ਨੇ ਟ੍ਰਿਬਿਊਨਲ ਸਾਹਮਣੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਵਿਹਾਰ ਲਈ ਡੂੰਘਾ ਪਛਤਾਵਾ ਹੈ ਅਤੇ ਉਹ ਆਪਣੀਆਂ ਗਲਤੀਆਂ ਲਈ ਬਹੁਤ ਦੁਖੀ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੇ ਉਨ੍ਹਾਂ ਦੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਉੱਤੇ ਗਹਿਰਾ ਅਸਰ ਪਾਇਆ ਹੈ।

ਟ੍ਰਿਬਿਊਨਲ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਭਾਵੇਂ ਡਾਕਟਰ ਨੇ ਆਪਣੀਆਂ ਗਲਤੀਆਂ ਮੰਨ ਲਈਆਂ ਹਨ, ਪਰ ਉਨ੍ਹਾਂ ਦਾ ਵਿਹਾਰ ਡਾਕਟਰੀ ਪੇਸ਼ੇ ਦੀਆਂ ਨੈਤਿਕ ਹੱਦਾਂ ਦੀ ਸਪੱਸ਼ਟ ਉਲੰਘਣਾ ਸੀ। ਜਨਤਾ ਦਾ ਡਾਕਟਰੀ ਪੇਸ਼ੇ ਉੱਤੇ ਭਰੋਸਾ ਬਣਾਈ ਰੱਖਣ ਅਤੇ ਪੇਸ਼ੇਵਰ ਮਿਆਰਾਂ ਦੀ ਰੱਖਿਆ ਲਈ ਉਨ੍ਹਾਂ ਨੂੰ 8 ਮਹੀਨਿਆਂ ਲਈ ਮੁਅੱਤਲ ਕਰਨਾ ਜ਼ਰੂਰੀ ਸੀ। ਉੱਧਰ ਕਾਰਡਿਫ ਐਂਡ ਵੇਲ ਯੂਨੀਵਰਸਿਟੀ ਹੈਲਥ ਬੋਰਡ ਨੇ ਕਿਹਾ ਹੈ ਕਿ ਉਹ ਟ੍ਰਿਬਿਊਨਲ ਦੇ ਫ਼ੈਸਲੇ ਤੋਂ ਜਾਣੂ ਹਨ ਅਤੇ ਡਾ. ਪਟੇਲ ਹੁਣ ਉਨ੍ਹਾਂ ਦੀ ਸੰਸਥਾ ਵਿੱਚ ਸੇਵਾ ਨਹੀਂ ਨਿਭਾ ਰਹੇ।

# ਰਣਦੀਪ ਸਿੰਘ ਸਰਾਏ ਨਾਲ ਮੁਲਾਕਾਤ ਦੌਰਾਨ ਢੇਸੀ ਨੇ ਚੁੱਕੇ ਰੱਖਿਆ ਤੇ ਵਿਕਾਸ ਨਾਲ ਜੁੜੇ ਮੁੱਦੇ

## ✪ ਬਰਤਾਨੀਆ-ਕੈਨੇਡਾ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਰੱਖਿਆ ਤੇ ਵਿਕਾਸ ਖੇਤਰਾਂ ਵਿਚ ਸਹਿਯੋਗ ਵਧਾਉਣ ’ਤੇ ਜ਼ੋਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਸਲੋਹ ਹਲਕੇ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕੈਨੇਡਾ ਦੇ ਅੰਤਰਰਾਸ਼ਟਰੀ ਵਿਕਾਸ ਮਾਮਲਿਆਂ ਦੇ ਸਕੱਤਰ ਅਤੇ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਨਾਲ ਇੰਗਲੈਂਡ ਵਿਚ ਮੁਲਿਕਾਤ ਕੀਤੀ ਅਤੇ ਨਿੱਘਾ ਸਵਾਗਤ ਕੀਤਾ। ਦੋਵੇਂ ਆਗੂਆਂ ਵਿਚਾਲੇ ਹੋਈ ਇਸ ਵਿਸ਼ੇਸ਼ ਮੁਲਾਕਾਤ ਦੌਰਾਨ ਬਰਤਾਨੀਆ ਅਤੇ ਕੈਨੇਡਾ ਦਰਮਿਆਨ ਦੋਪੱਖੀ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ, ਰੱਖਿਆ ਅਤੇ ਅੰਤਰਰਾਸ਼ਟਰੀ ਵਿਕਾਸ ਦੇ ਖੇਤਰਾਂ ਵਿੱਚ ਸਾਂਝੇ ਯਤਨਾਂ ਨੂੰ ਅੱਗੇ ਵਧਾਉਣ ਅਤੇ ਵਿਸ਼ਵ ਪੱਧਰ ’ਤੇ ਪੈਦਾ ਹੋ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਪਸੀ ਸਹਿਯੋਗ ਵਧਾਉਣ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਇਸ ਮੌਕੇ ਕਿਹਾ ਕਿ ਬਰਤਾਨੀਆ ਅਤੇ ਕੈਨੇਡਾ ਵਿਚਾਲੇ ਇਤਿਹਾਸਕ, ਸੱਭਿਆਚਾਰਕ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਮਜ਼ਬੂਤ ਸਾਂਝ ਹੈ, ਜਿਸ ਦੇ ਆਧਾਰ ’ਤੇ ਦੋਵੇਂ ਦੇਸ਼ ਵਿਸ਼ਵ ਪੱਧਰ ’ਤੇ ਅਮਨ, ਸਥਿਰਤਾ ਅਤੇ ਵਿਕਾਸ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਰੱਖਿਆ, ਸੁਰੱਖਿਆ, ਮਨੁੱਖੀ ਭਲਾਈ ਅਤੇ ਅੰਤਰਰਾਸ਼ਟਰੀ ਵਿਕਾਸ ਨਾਲ ਸਬੰਧਤ ਮੁੱਦਿਆਂ ’ਤੇ ਸਾਂਝੇ ਯਤਨਾਂ ਦੀ ਪਹਿਲਾਂ ਨਾਲੋਂ ਵਧੇਰੇ ਲੋੜ ਹੈ।




ਮੁਲਾਕਾਤ ਦੌਰਾਨ ਰਣਦੀਪ ਸਿੰਘ ਸਰਾਏ ਅਤੇ ਤਨਮਨਜੀਤ ਸਿੰਘ ਢੇਸੀ ਨੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਦੀਆਂ ਪ੍ਰਾਪਤੀਆਂ ਅਤੇ ਉਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਯੋਗਦਾਨਾਂ ਦੀ ਵੀ ਸ਼ਲਾਘਾ ਕੀਤੀ। ਦੋਵਾਂ ਆਗੂਆਂ ਨੇ ਕਿਹਾ ਕਿ ਪੰਜਾਬੀ ਮੂਲ ਦੇ ਲੋਕਾਂ ਨੇ ਬਰਤਾਨੀਆ, ਕੈਨੇਡਾ ਅਤੇ ਦੁਨੀਆ ਦੇ ਹੋਰ ਕਈ ਦੇਸ਼ਾਂ ਵਿੱਚ ਸਖ਼ਤ ਮਿਹਨਤ, ਇਮਾਨਦਾਰੀ ਅਤੇ ਸਮਾਜ ਸੇਵਾ ਦੀ ਭਾਵਨਾ ਰਾਹੀਂ ਵਿਲੱਖਣ ਪਛਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਸਿੱਖ ਅਤੇ ਪੰਜਾਬੀ ਭਾਈਚਾਰਾ ਨਾ ਸਿਰਫ਼ ਆਪਣੇ-ਆਪਣੇ ਦੇਸ਼ਾਂ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ, ਸਗੋਂ ਬਹੁ-ਸੱਭਿਆਚਾਰਕ ਸਮਾਜਾਂ ਨੂੰਮਜ਼ਬੂਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੀ ਧਰਤੀ ਨਾਲ ਜੁੜੇ ਲੋਕ ਅੱਜ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੀਆਂ ਸੰਸਦਾਂ, ਸਰਕਾਰਾਂ ਅਤੇ ਅਹਿਮ ਸੰਸਥਾਵਾਂ ਵਿੱਚ ਅਗਵਾਈ ਵਾਲੀਆਂ ਭੂਮਿਕਾਵਾਂ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਰਣਦੀਪ ਸਿੰਘ ਸਰਾਏ ਵਰਗੇ ਆਗੂਆਂ ਦੀਆਂ ਪ੍ਰਾਪਤੀਆਂ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹਨ।

ਦੋਵਾਂ ਆਗੂਆਂ ਨੇ ਇਹ ਵੀ ਪ੍ਰਗਟਾਇਆ ਕਿ ਬਰਤਾਨੀਆ ਅਤੇ ਕੈਨੇਡਾ ਵਿਚਾਲੇ ਵਪਾਰ, ਨਿਵੇਸ਼, ਸੁਰੱਖਿਆ, ਸਿੱਖਿਆ ਅਤੇ ਵਿਕਾਸ ਦੇ ਖੇਤਰਾਂ ਵਿੱਚ ਸਹਿਯੋਗ ਦੀਆਂ ਬੇਅੰਤ ਸੰਭਾਵਨਾਵਾਂ ਮੌਜੂਦ ਹਨ ਅਤੇ ਭਵਿੱਖ ਵਿੱਚ ਦੋਵੇਂ ਦੇਸ਼ ਇਨ੍ਹਾਂ ਖੇਤਰਾਂ ਵਿੱਚ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਦੇ ਰਹਿਣਗੇ। ਉਨ੍ਹਾਂ ਵਿਸ਼ਵ ਪੱਧਰ ’ਤੇ ਸ਼ਾਂਤੀ, ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਟਿਕਾਊ ਵਿਕਾਸ ਦੇ ਟੀਚਿਆਂ ਦੀ ਪ੍ਰਾਪਤੀ ਲਈ ਸਾਂਝੇ ਯਤਨਾਂ ਦੀ ਲੋੜ ’ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਦੋਵੇਂ ਆਗੂਆਂ ਨੇ ਆਪਸੀ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਸਾਂਝੇਹਿੱਤਾਂ ਨਾਲ ਜੁੜੇ ਮੁੱਦਿਆਂ ’ਤੇ ਭਵਿੱਖ ਵਿੱਚ ਵੀ ਨਿਰੰਤਰ ਸੰਪਰਕ ਬਣਾਈ ਰੱਖਣ ਦੀ ਵਚਨਬੱਧਤਾ ਪ੍ਰਗਟਾਈ।


# ਇਟਲੀ: ਜ਼ਿਲ੍ਹਾ ਲਾਤੀਨਾ ਦੇ ਭਾਰਤੀਆਂ ਦੀ ਆਪਸ ਵਿੱਚ ਹੋਈ ਲੜਾਈ, ਇੱਕ ਨੇ ਦੂਜੇ ਨੂੰ ਮਾਰ ਦਿੱਤਾ ਚਾਕੂ

ਰੋਮ (ਗੁਰਸ਼ਰਨ ਸਿੰਘ ਸੋਨੀ)-ਇਟਲੀ ਦੇ ਸੂਬੇ ਲਾਸੀਓ ਦੇ ਸ਼ਹਿਰ ਸਨ ਫਲੀਚੇ ਚਿਰਚਿਓ ਵਿਖੇ ਬੀਤੀ ਰਾਤ ਹੋਈ ਭਾਰਤੀਆਂ ਦੀ ਆਪਸੀ ਲੜਾਈ ਵਿੱਚ ਇੱਕ ਵਿਅਕਤੀ ਦੇ ਚਾਕੂ ਵੱਜਣ ਕਾਰਨ ਗੰਭੀਰ ਜ਼ਖ਼ਮੀ ਹੋ ਜਾਣ ਦੀ ਖ਼ਬਰ ਸਾਹਮ੍ਹਣੇ ਆ ਰਹੀ। ਮਿਲੀ ਜਾਣਕਾਰੀ ਬੀਤੀ ਸ਼ਾਮ ਸ਼ਹਿਰ ਸਨ ਫਲੀਚੇ ਚਿਰਚਿਓ ਦੇ ਸਬਾਊਦੀਆ ਰੋਡ ਸਥਿਤ ਬਾਰ ਦੇ ਸਾਹਮ੍ਹਣੇ ਕੁਝ ਭਾਰਤੀ ਨੌਜਵਾਨ ਆਪਸ ਵਿੱਚ ਤੇਜ-ਤਕਰਾਰ ਰੱਵੀਏ ਵਿੱਚ ਕਿਸੇ ਗੱਲ ਨੂੰ ਲੈਕੇ ਬਹਿਸ-ਬਾਜੀ ਕਰ ਰਹੇ ਹਨ ਤੇ ਹੌਲੀ-ਹੌਲੀ ਇਹ ਬਹਿਸ ਲੜਾਈ ਦਾ ਰੂਪ ਧਾਰਨ ਕਰ ਗਈ ਜਿਸ ਕਾਰਨ ਇੱਕ ਭਾਰਤੀ ਨੌਜਵਾਨ ਨੇ ਦੂਜੇ ਭਾਰਤੀ ਨੌਜਵਾਨ ਦੇ ਬਿਨ੍ਹਾਂ ਸੰਕੋਚ ਕੀਤੇ ਤਿੱਖੇ ਚਾਕੂ ਨਾਲ ਹਮਲਾ ਕਰ ਦਿੱਤਾ ਜਿਸ ਕਾਰਨ ਦੂਜਾ ਭਾਰਤੀ ਨੌਜਵਾਨ ਗੰਭੀਰ ਜ਼ਖ਼ਮੀ ਹੋਇਆ। ਇਸ ਘਟਨਾ ਨਾਲ ਕੁਝ ਪਲਾਂ ਵਿੱਚ ਫੁੱਟਪਾਥ ਖੂਨ ਨਾਲ ਲੱਥਪੱਥ ਹੋ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਐਂਬੂਲਸ ਅਤੇ ਪੁਲਸ ਆ ਗਈ ਜਿਸ ਨੇ ਗੰਭੀਰ ਜ਼ਖ਼ਮੀ ਨੌਜਵਾਨ (ਜਿਹੜਾ ਫੁੱਟਪਾਥ ਉਪੱਰ ਹੀ ਲੰਮਾ ਪਿਆ ਸੀ) ਨੂੰ ਦੇਖਿਆ ਤੇ ਫਸਟ ਏਡ ਦਿੰਦਿਆਂ ਤੇਰਾਚੀਨਾ ਹਸਪਤਾਲ ਲਈ ਰੈਫਰ ਕਰ ਦਿੱਤਾ ਜਿੱਥੇ ਇਹ ਨੌਜਵਾਨ ਜ਼ੇਰੇ ਇਲਾਜ ਹੈ। ਇਟਲੀ ਪੁਲਸ ਇਸ ਸਾਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।



# ਡਾ: ਤਰਲੋਚਨ ਸਿੰਘ ਨਾਹਲ ਦੀ ਪੁਰਾਤਨ ਪੰਜਾਬ ਨਾਲ ਸਬੰਧਤ ਵੱਡ-ਆਕਾਰੀ ਪੁਸਤਕ ਪਾਠਕਾਂ ਨੂੰ ਪਹਿਲੀ ਵਾਰੀ ਸਮਰਪਣ ਹੋਵੇਗੀ

**ਸੈਨ ਹੋਜ਼ੇ, ਕੈਲੇਫੋਰਨੀਆ-7 ਜੂਨ 2026 ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ ਵਿਖੇ ਡਾ: ਤਰਲੋਚਨ ਸਿੰਘ ਨਾਹਲ ਦੀ ਪੁਰਾਤਨ ਪੰਜਾਬ ਨਾਲ ਸਬੰਧਤ ਰਾਜੇ ਪੋਰਸ ਅਤੇ ਸਿਕੰਦਰ ਮਹਾਨ ਵਿਚਕਾਰ ਅਤੇ ਪੰਜਾਬ ਅਤੇ ਹਿੰਦੋਸਤਾਨ ਵਿਚ ਹੋਈਆਂ ਅਨੇਕਾਂ ਜੰਗਾਂ ਸਬੰਧੀ ਵੱਡ-ਆਕਾਰੀ ਪੁਸਤਕ ਪਾਠਕਾਂ ਨੂੰ ਪਹਿਲੀ ਵਾਰੀ ਸਮਰਪਣ ਹੋਵੇਗੀ**




ਡਾ: ਤਰਲੋਚਨ ਸਿੰਘ ਨਾਹਲ ਦੀ ਰਾਜੇ ਪੋਰਸ ਅਤੇ ਸਿਕੰਦਰ ਮਹਾਨ ਨਾਲ ਪੰਜਾਬ ਵਿਚ ਹੋਈ ਇਤਿਹਾਸਕ ਲੜਾਈ ਅਤੇ ਪੰਜਾਬ ਅਤੇ ਹਿੰਦੋਸਤਾਨ ਵਿਚ ਸਿਕੰਦਰ ਨਾਲ ਤਕਰੀਬਨ ਹੋਰ 15 ਥਾਹਾਂ ਤੇ ਹੋਈਆਂ ਲੜਾਈਆਂ ਸਬੰਧੀ ਡੂੰਘੀ ਇਤਿਹਾਸਕ ਖੋਜ ਤੇ ਆਧਾਰਤ 504 ਸਫੇ ਦੀ 120 ਤਸਵੀਰਾਂ ਅਤੇ ਨਕਸ਼ਿਆਂ ਸਹਿਤ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ "Alexander the Great's Invasion of India and Battle with King Porus – Battle of the Hydaspes and Punjabi Resistance" ਪਹਿਲੀ ਵਾਰੀ ਪਾਠਕਾਂ ਦੇ ਅਰਪਣ ਹੋਵੇਗੀ।

ISBN: 9781665791878 (Softcover)
ISBN: 9781665791885 (E-Book)

ਇਹ ਪੁਸਤਕ ਪੁਰਾਤਨ ਪੰਜਾਬ ਦੇ ਇਤਿਹਾਸ ਨੂੰ ਜਾਣਨ ਵਾਲਿਆਂ ਲਈ ਵਿਚ ਇਕ ਮੀਲ ਪੱਥਰ ਸਾਬਤ ਹੋਵੇਗੀ ਕਿਉਂਕਿ ਇਹ ਕਿਸੇ ਵੀ ਭਾਰਤੀ ਮੂਲ ਜਾਂ ਪੰਜਾਬ ਵਿਚ ਜਨਮੇ ਇਤਿਹਾਸਕਾਰ ਵਲੋਂ ਇਸ ਵਿਸ਼ੇ ਤੇ ਸਭ ਤੋਂ ਪਹਿਲੀ ਅਤੇ ਵੱਡੀ ਪੁਸਤਕ ਹੈ ਜੋ ਇਸ ਅਮਰੀਕਨ ਇਤਿਹਾਸਕਾਰ ਦੀ 14 ਸਾਲਾਂ ਦੀ ਸਮਰਪਿਤ ਖੋਜ ਦਾ ਨਤੀਜਾ ਹੈ। ਇਸ ਵਿਚ ਅਜੇਹੀ ਇਤਿਹਾਸਕ ਜਾਣਕਾਰੀ ਦਿੱਤੀ ਗਈ ਹੈ ਜਿਹਦੇ ਬਾਰੇ ਬਹੁਤ ਪੰਜਾਬੀ ਜਾਂ ਭਾਰਤੀ ਬਿਲਕੁਲ ਹੀ ਨਹੀਂ ਜਾਣਦੇ। ਪੋਰਸ ਦੀ ਲੜਾਈ ਤੋਂ ਮਗਰੋਂ ਮੁਲਤਾਨ ਦੇ ਪੰਜਾਬੀ ਯੋਧਿਆਂ ਨੇ ਸਿਕੰਦਰ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਸੀ ਅਤੇ ਕੁੱਟ ਕੁੱਟ ਕੇ ਮਰਨ ਕਿਨਾਰੇ ਕਰ ਦਿੱਤਾ ਸੀ। ਇਹ ਸਾਰੀ ਖੋਜ ਸਭ ਤੋਂ ਪੁਰਾਤਨ ਯੂਨਾਨੀ ਅਤੇ ਯੂਰਪੀਨ ਮੂਲ ਇਤਿਹਾਸਕ ਸੋਮਿਆਂ ਤੇ ਆਧਾਰਤ ਹੈ, ਨਾ ਕਿ ਭਾਰਤ ਦੀਆਂ ਰਵਾਇਤੀ ਮਿਥਿਹਾਸਕ ਕਥਾ ਕਹਾਣੀਆਂ ਤੇ।

ਸਮਾਂ ਅਤੇ ਸਥਾਨ: ਜੂਨ 7, 2026 ਸਵੇਰੇ 11:30 ਵਜੇ (ਦਿਨ ਐਤਵਾਰ), ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ (June 7, 11:30 AM, Sunday, Gurdwara Sahib, Fremont)
Address: 300 Gurdwara Rd, Fremont, CA 94536

ਇਸ ਨੂੰ ਅਮਰੀਕਾ ਦੀ Archway Publishing ਕੰਪਨੀ ਨੇ ਛਾਪਿਆ ਹੈ ਅਤੇ ਇਹ ਪੁਸਤਕ ਛਾਪਕ ਦੀ ਵੈਬਸਾਈਟ: https://www.archwaypublishing.com/en/search?query=Nahal ਜਾਂ www.amazon.com qoN, Barnes & Noble ਤੋਂ ਅਤੇ Walmart ਤੋਂ ਵੀ ਉਪਲਬਧ ਹੈ।
Contact: godespunjab@gmail.com

# ਲੈਸਟਰ ਵਿੱਚ ਵੈਨ ਵਿਚੋਂ ਮਿਲੀ ਲਾਸ਼ ਦੇ ਮਾਮਲੇ ਦੀ ਜਾਂਚ ਲੰਡਨ ਪੁਲਿਸ ਨੇ ਹਵਾਲੇ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਲੈਸਟਰ ਸ਼ਹਿਰ ਵਿੱਚ ਇੱਕ ਵੈਨ ਵਿਚੋਂ ਮਿਲੀ ਵਿਅਕਤੀ ਦੀ ਲਾਸ਼ ਦੇ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਸ਼ੁਰੂਆਤੀ ਜਾਂਚ ਲੈਸਟਰਸ਼ਾਇਰ ਪੁਲਿਸ ਵੱਲੋਂ ਕੀਤੀ ਗਈ ਸੀ, ਪਰ ਹੁਣ ਇਸ ਕਤਲ ਮਾਮਲੇ ਦੀ ਜਾਂਚ ਲੰਡਨ ਦੀ ਮੈਟਰੋਪੋਲੀਟਨ ਪੁਲਿਸ ਨੇ ਆਪਣੇ ਹੱਥ ਵਿੱਚ ਲੈ ਲਈ ਹੈ। ਮਾਮਲੇ ਸਬੰਧੀ ਇੱਕ 39 ਸਾਲਾ ਔਰਤ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਲੰਡਨ ਦੇ ਹਾਊਨਸਲੋ ਖੇਤਰ ਵਿੱਚ ਇੱਕ ਘਰ ਨੂੰ ਅਪਰਾਧ ਸਥਾਨ ਐਲਾਨ ਕੇ ਜਾਂਚ ਜਾਰੀ ਹੈ।

ਪੁਲਿਸ ਅਨੁਸਾਰ ਬੁੱਧਵਾਰ 27 ਮਈ ਦੀ ਸ਼ਾਮ ਕਰੀਬ 5:30 ਵਜੇ ਗਾਰਡਨ ਸਟਰੀਟ ਸਥਿਤ ਇੱਕ ਕਾਰ ਪਾਰਕ ਵਿੱਚ ਖੜ੍ਹੀ ਚਿੱਟੇ ਰੰਗ ਦੀ ਫੋਰਡ ਟਰਾਂਜ਼ਿਟ ਵੈਨ ਬਾਰੇ ਇੱਕ ਰਾਹਗੀਰ ਨੇ ਪੁਲਿਸ ਨੂੰ ਸੂਚਨਾ ਦਿੱਤੀ ਸੀ। ਸੂਚਨਾ ਦੇਣ ਵਾਲੇ ਵਿਅਕਤੀ ਨੇ ਵੈਨ ਦੀ ਸ਼ੱਕੀ ਹਾਲਤ ਬਾਰੇ ਚਿੰਤਾ ਜ਼ਾਹਰ ਕੀਤੀ ਸੀ। ਮੌਕੇ ਫ਼ਰਸਤੂੰਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਵੈਨ ਦਾ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਇੱਕ ਪੁਰਸ਼ ਦੀ ਲਾਸ਼ ਬਰਾਮਦ ਹੋਈ।

ਲਾਸ਼ ਮਿਲਣ ਤੋਂ ਬਾਅਦ ਲੈਸਟਰਸ਼ਾਇਰ ਪੁਲਿਸ ਨੇ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਦੌਰਾਨ ਵੈਨ ਦੇ ਰਜਿਸਟਰਡ ਮਾਲਕ ਦਾ ਪਤਾ ਲਗਾਇਆ ਗਿਆ, ਜਿਸ ਤੋਂ ਮਿਲੀ ਜਾਣਕਾਰੀ ਦੇ ਆਧਾਰ ਫ਼ਰਸਤੂੰਤੇ ਪੁਲਿਸ ਲੰਡਨ ਦੇ ਹਾਊਨਸਲੋ ਖੇਤਰ ਤੱਕ ਪਹੁੰਚੀ। ਇਸ ਕਾਰਵਾਈ ਦੌਰਾਨ ਸ਼ੁੱਕਰਵਾਰ ਨੂੰ 39 ਸਾਲਾ ਇੱਕ ਔਰਤ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ।

ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰੀ ਤੋਂ ਬਾਅਦ ਹੋਰ ਸਬੂਤ ਅਤੇ ਜਾਣਕਾਰੀਆਂ ਸਾਹਮਣੇ ਆਉਣ ਕਾਰਨ ਮੈਟਰੋਪੋਲੀਟਨ ਪੁਲਿਸ ਨੇ 30 ਮਈ ਨੂੰ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ। ਇਸ ਤੋਂ ਬਾਅਦ ਹਾਊਨਸਲੋ ਦੇ ਸਟਨ ਡੀਨ ਇਲਾਕੇ ਵਿੱਚ ਸਥਿਤ ਇੱਕ ਰਿਹਾਇਸ਼ੀ ਮਕਾਨ ਨੂੰ ਅਪਰਾਧ ਸਥਾਨ ਘੋਸ਼ਿਤ ਕਰਕੇ ਉੱਥੇ ਵਿਸਥਾਰ ਨਾਲ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਜੇ ਤੱਕ ਮ੍ਰਿਤਕ ਵਿਅਕਤੀ ਦੀ ਪੂਰੀ ਪਛਾਣ ਜਨਤਕ ਨਹੀਂ ਕਰ ਸਕੀ। ਅਧਿਕਾਰੀ ਉਸ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਭਾਲ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਘਟਨਾ ਬਾਰੇ ਸੂਚਿਤ ਕੀਤਾ ਜਾ ਸਕੇ। ਮੌਤ ਦੇ ਅਸਲ ਕਾਰਨਾਂ ਅਤੇ ਹਾਲਾਤਾਂ ਬਾਰੇ ਵੀ ਜਾਂਚ ਜਾਰੀ ਹੈ ਅਤੇ ਪੋਸਟਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।

ਜਾਂਚ ਦੀ ਅਗਵਾਈ ਕਰ ਰਹੇ ਡਿਟੈਕਟਿਵ ਚੀਫ਼ ਇੰਸਪੈਕਟਰ ਐਲੈਕਸ ਗੈਮਾਂਪਿਲਾ ਨੇ ਕਿਹਾ ਕਿ ਲੈਸਟਰਸ਼ਾਇਰ ਪੁਲਿਸ ਦੀ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਾਰਨ ਮਾਮਲੇ ਵਿੱਚ ਜਲਦੀ ਤਰੱਕੀ ਹੋਈ ਅਤੇ ਇੱਕ ਸ਼ੱਕੀ ਵਿਅਕਤੀ ਦੀ ਗ੍ਰਿਫ਼ਤਾਰੀ ਸੰਭਵ ਹੋ ਸਕੀ। ਉਨ੍ਹਾਂ ਕਿਹਾ ਕਿ ਜਾਂਚ ਟੀਮ ਮ੍ਰਿਤਕ ਦੀ ਮੌਤ ਤੋਂ ਪਹਿਲਾਂ ਦੀਆਂ ਗਤੀਵਿਧੀਆਂ ਅਤੇ ਵੈਨ ਦੇ ਸਫ਼ਰ ਬਾਰੇ ਜਾਣਕਾਰੀ ਇਕੱਠੀ ਕਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ 27 ਮਈ ਤੋਂ ਪਹਿਲਾਂ ਜਾਂ ਉਸ ਦਿਨ ਇਸ ਚਿੱਟੀ ਫੋਰਡ ਟਰਾਂਜ਼ਿਟ ਵੈਨ ਨੂੰ ਲੈਸਟਰ ਜਾਂ ਲੰਡਨ ਦੇ ਇਲਾਕਿਆਂ ਵਿੱਚ ਦੇਖਿਆ ਹੋਵੇ, ਜਾਂ ਕਿਸੇ ਦੇ ਡੋਰਬੈਲ ਕੈਮਰੇ, ਸੀਸੀਟੀਵੀ ਜਾਂ ਡੈਸ਼ਕੈਮ ਵਿੱਚ ਇਸ ਵਾਹਨ ਦੀ ਫੁਟੇਜ ਮੌਜੂਦ ਹੋਵੇ ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ। ਪੁਲਿਸ ਦਾ ਮੰਨਣਾ ਹੈ ਕਿ ਜਨਤਾ ਵੱਲੋਂ ਦਿੱਤੀ ਜਾਣਕਾਰੀ ਜਾਂਚ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ।

ਮੈਟਰੋਪੋਲੀਟਨ ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਮਾਮਲੇ ਦੀ ਹਰ ਪੱਖੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।

# ਅਮਰੀਕੀ ਮੁਦਰਾ ਉੱਤੇ ਮੌਜੂਦਾ ਰਾਸ਼ਟਰਪਤੀ ਦੀ ਤਸਵੀਰ ਲਗਾਉਣ ਲਈ ਨਿਯਮ ਬਦਲਣ ਦੀ ਚਰਚਾ




ਵਾਸ਼ਿੰਗਟਨ : ਅਮਰੀਕਾ ਵਿੱਚ 250 ਡਾਲਰ ਮੁੱਲ ਦੇ ਇੱਕ ਨਵੇਂ ਮੁਦਰਾ ਨੋਟ ਉੱਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਸ਼ਾਮਲ ਕਰਨ ਸਬੰਧੀ ਚਰਚਾ ਤੇਜ਼ ਹੋ ਗਈ ਹੈ। ਇਸ ਲਈ ਮੌਜੂਦਾ ਕਾਨੂੰਨੀ ਪ੍ਰਬੰਧਾਂ ਵਿੱਚ ਤਬਦੀਲੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਅਮਰੀਕੀ ਖ਼ਜ਼ਾਨਾ ਵਿਭਾਗ ਦੇ ਮੁਖੀ ਸਕਾਟ ਬੇਸੈਂਟ ਨੇ ਦੱਸਿਆ ਕਿ ਮੌਜੂਦਾ ਨਿਯਮਾਂ ਅਨੁਸਾਰ ਕਿਸੇ ਜੀਵਤ ਵਿਅਕਤੀ ਦੀ ਤਸਵੀਰ ਮੁਦਰਾ ਨੋਟਾਂ ਉੱਤੇ ਨਹੀਂ ਛਾਪੀ ਜਾ ਸਕਦੀ। ਹੁਣ ਇਸ ਪ੍ਰਬੰਧ ਵਿੱਚ ਸੋਧ ਕਰਨ ਲਈ ਵਿਚਾਰ ਕੀਤਾ ਜਾ ਰਿਹਾ ਹੈ। ਜੇਕਰ ਇਹ ਤਬਦੀਲੀ ਮਨਜ਼ੂਰ ਹੋ ਜਾਂਦੀ ਹੈ ਤਾਂ ਟਰੰਪ ਲੰਬੇ ਸਮੇਂ ਬਾਅਦ ਅਮਰੀਕੀ ਮੁਦਰਾ ਉੱਤੇ ਦਰਸਾਏ ਜਾਣ ਵਾਲੇ ਪਹਿਲੇ ਜੀਵਤ ਵਿਅਕਤੀ ਬਣ ਸਕਦੇ ਹਨ।ਉਨ੍ਹਾਂ ਕਿਹਾ ਕਿ ਸਾਲ 2026 ਅਮਰੀਕਾ ਦੀ ਸਥਾਪਨਾ ਦੇ 250 ਸਾਲ ਪੂਰੇ ਹੋਣ ਦਾ ਇਤਿਹਾਸਕ ਮੌਕਾ ਹੈ। ਇਸ ਮੌਕੇ ਨੂੰ ਯਾਦਗਾਰੀ ਬਣਾਉਣ ਲਈ ਵਿਸ਼ੇਸ਼ ਮੁਦਰਾ ਨੋਟ ਜਾਰੀ ਕਰਨ ਦੇ ਵਿਚਾਰ ਉੱਤੇ ਕੰਮ ਕੀਤਾ ਜਾ ਰਿਹਾ ਹੈ। ਹਾਲਾਂਕਿ ਇਸ ਯੋਜਨਾ ਨੂੰ ਅਮਲ ਵਿੱਚ ਲਿਆਉਣ ਲਈ ਕਾਨੂੰਨ ਨਿਰਮਾਤਾ ਸੰਸਥਾਵਾਂ ਦੀ ਮਨਜ਼ੂਰੀ ਲਾਜ਼ਮੀ ਹੋਵੇਗੀ।ਸੂਚਨਾਵਾਂ ਅਨੁਸਾਰ ਮੁਦਰਾ ਛਾਪਣ ਵਾਲੇ ਅਧਿਕਾਰਤ ਅਦਾਰੇ ਨੂੰ ਸੰਭਾਵਿਤ ਨਵੇਂ ਨੋਟ ਦਾ ਖਾਕਾ ਤਿਆਰ ਕਰਨ ਲਈ ਕਿਹਾ ਗਿਆ ਹੈ। ਪ੍ਰਸਤਾਵਿਤ ਰੂਪ-ਰੇਖਾ ਵਿੱਚ ਰਾਸ਼ਟਰਪਤੀ ਦੀ ਤਸਵੀਰ ਨੂੰ ਕੇਂਦਰੀ ਸਥਾਨ ਦਿੱਤਾ ਗਿਆ ਹੈ।

ਇਹ ਪ੍ਰਸਤਾਵ ਦੱਖਣੀ ਕੈਰੋਲੀਨਾ ਤੋਂ ਇੱਕ ਸੰਸਦ ਮੈਂਬਰ ਵੱਲੋਂ ਪੇਸ਼ ਕੀਤਾ ਗਿਆ ਸੀ। ਇਸ ਸਬੰਧੀ ਮਸੌਦਾ ਪਹਿਲਾਂ ਹੀ ਸੰਸਦੀ ਕਮੇਟੀ ਕੋਲ ਵਿਚਾਰ ਲਈ ਭੇਜਿਆ ਜਾ ਚੁੱਕਾ ਹੈ। ਕਾਨੂੰਨ ਬਣਨ ਤੋਂ ਪਹਿਲਾਂ ਇਸ ਨੂੰ ਦੋਵੇਂ ਸੰਸਦੀ ਸਦਨਾਂ ਦੀ ਮਨਜ਼ੂਰੀ ਪ੍ਰਾਪਤ ਕਰਨੀ ਹੋਵੇਗੀ।ਖ਼ਜ਼ਾਨਾ ਵਿਭਾਗ ਦਾ ਮੰਨਣਾ ਹੈ ਕਿ ਜੇਕਰ ਲੋੜੀਂਦੀਆਂ ਮਨਜ਼ੂਰੀਆਂ ਮਿਲ ਜਾਂਦੀਆਂ ਹਨ ਤਾਂ ਅਮਰੀਕਾ ਦੀ 250ਵੀਂ ਵਰ੍ਹੇਗੰਢ ਮੌਕੇ ਇਹ ਵਿਸ਼ੇਸ਼ ਯਾਦਗਾਰੀ ਨੋਟ ਜਾਰੀ ਕੀਤਾ ਜਾ ਸਕਦਾ ਹੈ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਜੂਨ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**

ਇਸ ਸਮੇਂ ਆਯਾਤ-ਨਿਰਯਾਤ ਦੇ ਕੰਮਾਂ ਦੀ ਯੋਜਨਾ ਬਣੇਗੀ। ਗੁਜ਼ਾਰੇ ਯੋਗ ਧਨ ਪ੍ਰਾਪਤ ਹੋਵੇਗਾ। ਪਰਿਵਾਰ ਵਿੱਚ ਖਰਚਾ ਜ਼ਿਆਦਾ ਰਹੇਗਾ। ਧਾਰਮਿਕ ਸਮਾਗਮ ਵੀ ਮਨਾਏ ਜਾਣਗੇ। ਮਿੱਤਰਾਂ ਨਾਲ ਤਾਲਮੇਲ ਲਾਭਕਾਰੀ ਰਹੇਗਾ। ਮਾਣ-ਸਨਮਾਨ ਵਿੱਚ ਵਾਧਾ ਅਤੇ ਉੱਚ ਵਰਗ ਤੋਂ ਖਾਸ ਲਾਭ ਹੋਵੇਗਾ। ਪਰ ਗੁੱਸੇ ਅਤੇ ਉਤੇਜਨਾ ਨਾਲ ਨੁਕਸਾਨ ਹੋ ਸਕਦਾ ਹੈ। ਇਸ ਸਭ ਦੇ ਬਾਵਜੂਦ ਆਪਣੇ ਬੱਚਿਆਂ ਨਾਲ ਇਕ ਘੰਟਾ ਜਰੂਰ ਪਰਿਵਾਰ ਦੀਆਂ ਗੱਲਾਂਬਾਤਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਬਣਨਗੇ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**

ਕੰਮਕਾਰ ਅਤੇ ਨੌਕਰੀ ਵਿੱਚ ਧਨ ਲਾਭ ਹੋਵੇਗਾ। ਮਨ ਵਿੱਚ ਉਤਸ਼ਾਹ ਅਤੇ ਖ਼ੁਸ਼ੀ ਜਾਗ੍ਰਿਤ ਹੋਵੇਗੀ। ਮਿਹਨਤ ਨਾਲ ਕਿਸੇ ਖਾਸ ਕੰਮ ਦੀ ਸਿੱਧੀ ਹੋਵੇਗੀ। ਪਰਿਵਾਰ ਦੀ ਕਿਸਮਤ ਚਮਕੇਗੀ। ਉਧਮ ਅਤੇ ਸੰਘਰਸ਼ ਨਾਲ ਜਿੱਤ ਪ੍ਰਾਪਤ ਹੋਵੇਗੀ। ਸਿਹਤ ਵਿੱਚ ਤੇਜ਼ੀ ਬਣੀ ਰਹੇਗੀ ਅਤੇ ਮਾਤਾ-ਪਿਤਾ ਦਾ ਸਹਿਯੋਗ ਵੀ ਪ੍ਰਾਪਤ ਹੋਵੇਗਾ। ਅਚਾਨਕ ਕਿਸੇ ਧਾਰਮਿਕ ਸਥਾਨ ਦੀ ਯਾਤਰਾ ਹੋਵੇਗੀ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ, ਚੰਗਾ ਸੋਚੋਗੇ ਤਾਂ ਹੀ ਚੰਗਾ ਹੋਵੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**

ਇਸ ਸਮੇਂ ਦੌਰਾਨ ਅਚਾਨਕ ਯਾਤਰਾ ਦਾ ਯੋਗ ਹੈ। ਪਰਿਵਾਰ ਵਿੱਚ ਸ਼ੁੱਭ ਕੰਮ ਹੋਵੇਗਾ। ਆਮਦਨ ਸੀਮਿਤ ਪਰ ਕੁਝ ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਧਾਰਮਿਕ ਕੰਮਾਂ ਵੱਲ ਰੁਝਾਨ ਵਧੇਗਾ। ਚੋਟ ਆਦਿ ਦਾ ਵੀ ਡਰ ਹੈ। ਉੱਚ-ਪੱਧਰੀ ਲੋਕਾਂ ਨਾਲ ਮੇਲ-ਜੋਲ ਲਾਭਕਾਰੀ ਹੋਵੇਗਾ। ਨੌਕਰੀ ਵਿੱਚ ਅਫ਼ਸਰਾਂ ਨਾਲ ਮਨ-ਮੁਟਾਵ, ਜ਼ਿਆਦਾ ਖਰਚ ਨਾਲ ਮਾਨਸਿਕ ਤਣਾਅ ਅਤੇ ਸੰਤਾਨ ਸਬੰਧੀ ਪ੍ਰੇਸ਼ਾਨੀ ਰਹੇਗੀ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਅਤੇ ਕਲਿਆਣਕਾਰੀ ਹੋਵੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**

ਨੌਕਰੀ ਅਤੇ ਕਾਰੋਬਾਰ ਵਿੱਚ ਹਾਲਾਤ ਪਹਿਲਾਂ ਤੋਂ ਬਿਹਤਰ ਹੋਣਗੇ। ਜਦਕਿ ਗੁਜ਼ਾਰੇ ਯੋਗ ਧਨ ਪ੍ਰਾਪਤ ਹੋਵੇਗਾ। ਕਿਸੇ ਖਾਸ ਉਤਸ਼ਾਹੀ ਕੰਮ ਕਰਨ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਣ-ਇੱਜ਼ਤ ਵਿੱਚ ਵਾਧਾ, ਕਿਸੇ ਵਿਗੜੇ ਕੰਮ ਵਿੱਚ ਸੁਧਾਰ ਹੋਵੇਗਾ। ਧਨ ਦਾ ਲੈਣ-ਦੇਣ ਕਰਦੇ ਸਮੇਂ ਝਗੜੇ ਆਦਿ ਦਾ ਡਰ ਰਹੇਗਾ, ਇਸ ਕਰਕੇ ਸਾਵਧਾਨੀ ਵਰਤਣ ਵਿੱਚ ਹੀ ਲਾਭ ਹੈ। ਸੰਤਾਨ ਸਬੰਧੀ ਪ੍ਰੇਸ਼ਾਨੀ ਬਣੀ ਰਹੇਗੀ। ਇਸ ਸਮੇਂ ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**

ਇਸ ਸਮੇਂ ਦੌਰਾਨ ਧਨ ਖਰਚ ਜ਼ਿਆਦਾ ਹੋਣ ਦੇ ਸੰਕੇਤ ਹਨ। ਸਿਹਤ ਕੁਝ ਢਿੱਲੀ, ਤਣਾਅ ਅਤੇ ਘਰੇਲੂ ਉਲਝਣਾਂ ਵੱਧਣਗੀਆਂ। ਨਵੀਆਂ - ਨਵੀਆਂ ਯੋਜਨਾਵਾਂ ਬਣਨ ਵਿੱਚ ਸਮਾਂ ਬੀਤੇਗਾ। ਆਮਦਨ ਘੱਟ ਅਤੇ ਸਵਾਰੀ ਆਦਿ ਕਰਕੇ ਪ੍ਰੇਸ਼ਾਨੀ ਹੋਵੇਗੀ। ਅਚਾਨਕ ਵਿਦੇਸ਼ੀ ਕੰਮਾਂ ਵਿੱਚ ਲਾਭ ਦੇ ਮੌਕੇ ਮਿਲਣਗੇ। ਪਰਿਵਾਰ ਵਿੱਚ ਕੁਝ ਨਿੱਜੀ ਸਮੱਸਿਆਵਾਂ ਪੈਦਾ ਹੋਣਗੀਆਂ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਜਾਂ ਇਨ੍ਹਾਂ ਪਾਖੰਡੀਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**

ਫਜ਼ੂਲ ਦੀ ਭੱਜ-ਦੌੜ ਰਹੇਗੀ। ਆਮਦਨ ਘੱਟ ਤੇ ਖਰਚ ਵੱਧ ਹੋਵੇਗਾ। ਪਿਆਰੇ ਸਬੰਧੀ ਨਾਲ ਮਨ-ਮੁਟਾਵ ਅਤੇ ਗਲਤਫਹਿਮੀ ਹੋ ਸਕਦੀ ਹੈ। ਗੈਰ-ਜਰੂਰੀ ਧਨ ਦਾ ਖਰਚ ਹੋਣ ਦੀ ਸੰਭਾਵਨਾ ਹੈ। ਜ਼ਿਆਦਾ ਗੁੱਸੇ ਅਤੇ ਉਤੇਜਨਾ ਤੋਂ ਬਚੋ, ਨੁਕਸਾਨ ਹੋ ਸਕਦਾ ਹੈ। ਨਸ਼ਿਆਂ ਤੋਂ ਬਚੋ। ਦੁਸ਼ਮਣ ਤੁਹਾਨੂੰ ਘਟੀਆ ਨਜ਼ਰ ਨਾਲ ਦੇਖ ਰਿਹਾ ਹੈ। ਮਾਨਸਿਕ ਤਣਾਅ ਹੋਵੇਗਾ, ਜਿਸ ਦਾ ਅਸਰ ਸਿਹਤ 'ਤੇ ਵੀ ਪਵੇਗਾ। ਆਪਣੇ ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ। ਸੇਵਾ ਦਾ ਫ਼ਲ ਅਵੱਸ਼ ਮਿਲੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**

ਮਹੀਨੇ ਦੇ ਸ਼ੁਰੂ ਵਿੱਚ ਮਾਨਸਿਕ ਤਣਾਅ ਅਤੇ ਘਰੇਲੂ ਉਲਝਣਾਂ ਵਧਣਗੀਆਂ। ਵਧੇਰੇ ਮਿਹਨਤ ਤੋਂ ਬਾਅਦ ਵੀ ਧਨ ਲਾਭ ਘੱਟ ਰਹੇਗਾ, ਪਰ ਖਰਚ ਜ਼ਿਆਦਾ ਹੋਣਗੇ। ਇਸ ਸਮੇਂ ਦੌਰਾਨ ਰੁਕੇ ਹੋਏ ਕੰਮਾਂ ਵਿੱਚ ਸੁਧਾਰ ਆਉਣ ਦੇ ਯੋਗ ਹਨ। ਰਾਜਸੀ ਕੰਮਾਂ ਵਿੱਚ ਮਾਣ-ਇੱਜ਼ਤ ਵਧੇਗਾ। ਨਵੇਂ ਲੋਕਾਂ ਨਾਲ ਮੇਲ-ਜੋਲ ਬਣੇਗਾ। ਵਿਦੇਸ਼ ਯਾਤਰਾ ਅਤੇ ਜਗ੍ਹਾ ਵਿੱਚ ਤਬਦੀਲੀ ਦੇ ਯੋਗ ਹਨ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਚੰਗੇ ਕਰਮ ਕਰੋ, ਮਨ ਅੰਦਰ ਹਮੇਸ਼ਾ ਪ੍ਰਮਾਤਮਾ ਦਾ ਵਾਸ ਰੱਖੋ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**

ਇਸ ਮਹੀਨੇ ਵਪਾਰ ਸਬੰਧੀ ਕੁਝ ਤਣਾਅ ਰਹੇਗਾ। ਧਨ ਮਿਲਣ ਦੇ ਸਾਧਨਾਂ ਵਿੱਚ ਰੁਕਾਵਟਾਂ ਪੈਣਗੀਆਂ। ਗੁਜ਼ਾਰੇ ਯੋਗ ਧਨ ਪ੍ਰਾਪਤੀ ਹੋ ਜਾਵੇਗੀ। ਧਰਮ-ਕਰਮ ਵਿੱਚ ਦਿਲਚਸਪੀ ਵਧੇਗੀ। ਜ਼ਿਆਦਾ ਸਮਾਂ ਮਨੋਰੰਜਨ ਦੇ ਕੰਮਾਂ ਵਿੱਚ ਬੀਤੇਗਾ। ਵਧੇਰੇ ਸੰਘਰਸ਼ ਤੋਂ ਬਾਅਦ ਧਨ ਲਾਭ ਹੋਵੇਗਾ। ਵਪਾਰ ਸਬੰਧੀ ਸਹੀ ਉਪਯੋਗ ਕਰਨਾ ਅਤੇ ਕੈਰੀਅਰ ਵੱਲ ਧਿਆਨ ਦੇਣਾ ਠੀਕ ਰਹੇਗਾ। ਸਾਂਝੇਦਾਰੀ ਦੇ ਕੰਮ ਵਿੱਚ ਨੁਕ-ਸਾਨ ਹੋ ਸਕਦਾ ਹੈ, ਇਸ ਲਈ ਸਾਵਧਾਨੀ ਵਰਤੋ। ਆਪਣੇ ਮਨ 'ਤੇ ਕਾਬੂ ਰੱਖੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**

ਕਾਰਜ ਪ੍ਰਣਾਲੀ ਵਿੱਚ ਪਰਿਵਰਤਨ ਦਾ ਵਿਚਾਰ ਬਣੇਗਾ। ਕਿਸੇ ਅੜਚਨ/ਉਲਝਣ ਤੋਂ ਮੁਕਤੀ ਮਿਲੇਗੀ। ਵਿਰੋਧੀ ਪੱਖ ਆਪਣੇ ਯਤਨਾਂ ਵਿੱਚ ਨਾਕਾਮ ਰਹੇਗਾ। ਘਰ-ਪਰਿਵਾਰ ਵਿੱਚ ਸੁੱਖ-ਸ਼ਾਂਤੀ ਦਾ ਮਾਹੌਲ ਬਣੇਗਾ। ਮਾਤਾ-ਪਿਤਾ ਦੀ ਸਿਹਤ ਦਾ ਖਿਆਲ ਰੱਖੋ। ਵਿਦੇਸ਼ ਤੋਂ ਸ਼ੁੱਭ ਸਮਾਚਾਰ ਮਿਲਣ ਦੇ ਸੰਕੇਤ ਹਨ। ਕਾਰਜ ਯੋਜਨਾ ਨੂੰ ਅਮਲੀ ਰੂਪ ਦੇਣ ਦੇ ਯਤਨ ਹੋਣਗੇ। ਔਰਤਾਂ ਨੂੰ ਧਨ ਦੇ ਬੇਲੋੜੇ ਖਰਚ ਤੋਂ ਸੰਕੋਚ ਕਰਨਾ ਚਾਹੀਦਾ ਹੈ। ਵਧੇਰੇ ਮਿਹਨਤ ਤੋਂ ਬਾਅਦ ਵੀ ਧਨ ਲਾਭ ਘੱਟ ਹੀ ਰਹੇਗਾ। ਸ੍ਰੀ ਨਿੱਤਨੇਮ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**

ਇਸ ਸਮੇਂ ਮਾਨਸਿਕ ਤਣਾਅ ਅਤੇ ਘਰੇਲੂ ਉਲਝਣਾਂ ਵੱਧਣਗੀਆਂ। ਵਧੇਰੇ ਮਿਹਨਤ ਕਰਨ 'ਤੇ ਹੀ ਗੁਜ਼ਾਰੇਯੋਗ ਧਨ ਲਾਭ ਹੋਵੇਗਾ। ਵਧੇਰੇ ਗੁੱਸਾ ਅਤੇ ਤੇਜ਼ੀ ਨਾਲ ਕੰਮ ਵਿਗੜਨ ਦੇ ਯੋਗ ਹਨ। ਇਸਤਰੀ ਅਤੇ ਸੰਤਾਨ ਸਬੰਧੀ ਖਾਸ ਪ੍ਰੇਸ਼ਾਨੀ ਰਹੇਗੀ। ਜ਼ਿਆਦਾਤਰ ਸਮਾਂ ਭਵਿੱਖ ਸਬੰਧੀ ਸੋਚ-ਵਿਚਾਰ ਵਿੱਚ ਬੀਤੇਗਾ। ਸਿਹਤ ਕੁਝ ਢਿੱਲੀ ਅਤੇ ਕਾਰੋਬਾਰ ਵਿੱਚ ਉਲਝਣਾਂ ਰਹਿਣਗੀਆਂ, ਜਿਸ ਕਾਰਨ ਮਨ ਪ੍ਰੇਸ਼ਾਨ ਰਹੇਗਾ। ਨਸ਼ਿਆਂ ਦੇ ਕੋਹੜ ਤੋਂ ਹਮੇਸ਼ਾ ਬਚ ਕੇ ਰਹੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**

ਇਸ ਸਮੇਂ ਦੌਰਾਨ ਮਿਲਿਆ-ਜੁਲਿਆ ਫਲ ਮਿਲੇਗਾ। ਨੌਕਰੀ ਅਤੇ ਵਪਾਰ ਆਦਿ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਪਰ ਪਰਿਵਾਰਕ ਉਲਝਣਾਂ ਕਰਕੇ ਲਾਭ ਜ਼ਿਆਦਾ ਨਹੀਂ ਹੋਵੇਗਾ। ਭੈਣ-ਭਰਾਵਾਂ ਨਾਲ ਤਣਾਅ ਕਾਰਨ ਪਰਿਵਾਰ ਵਿੱਚ ਉਲਝਣਾਂ ਪੈਦਾ ਹੋਣਗੀਆਂ, ਜਿਸ ਨਾਲ ਰਿਸ਼ਤਿਆਂ ਵਿੱਚ ਤਣਾਅ ਵਧੇਗਾ। ਸਾਂਝੇਦਾਰੀ ਦੇ ਕੰਮ ਵਿੱਚ ਲੈਣ-ਦੇਣ ਕਰਦੇ ਸਮੇਂ ਫਜ਼ੂਲ ਦੀ ਪ੍ਰੇਸ਼ਾਨੀ ਰਹੇਗੀ। ਸਿਹਤ ਵਿੱਚ ਵੀ ਖਰਾਬੀ ਹੋ ਸਕਦੀ ਹੈ। ਅੱਧਾ ਦਿਨ ਬਿਨਾਂ ਕਿਸੇ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ਼ ਪ੍ਰਮਾਤਮਾ ਨੂੰ ਯਾਦ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**

ਇਸ ਸਮੇਂ ਗੁਪਤ ਫਿਕਰ-ਚਿੰਤਾ ਬਣੀ ਰਹੇਗੀ। ਕਾਰੋਬਾਰੀ ਉਲਝਣਾਂ ਵੱਧਣਗੀਆਂ। ਸੋਚੀ ਹੋਈ ਯੋਜਨਾ ਵਿੱਚ ਸਫਲਤਾ ਮਿਲੇਗੀ। ਸੰਯਮ ਵਾਲਾ ਵਿਹਾਰ ਕਰਨਾ ਸ਼ੁੱਭ ਰਹੇਗਾ। ਗੈਰ-ਜਰੂਰੀ ਬਹਿਸ, ਲੜਾਈ-ਝਗੜੇ ਤੋਂ ਸਾਵਧਾਨੀ ਵਰਤੋ। ਖਰਚ ਜ਼ਿਆਦਾ ਹੋਵੇਗਾ। ਸੱਜਣ ਲੋਕਾਂ ਨਾਲ ਮੇਲ-ਜੋਲ ਹੋਵੇਗਾ। ਕੁਝ ਕੰਮਾਂ ਵਿੱਚ ਕਾਮਯਾਬੀ ਮਿਲਣ ਦੇ ਸੰਕੇਤ ਹਨ। ਦੁਸ਼ਮਣ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸੰਤਾਨ ਸਬੰਧੀ ਚਿੰਤਾ ਰਹੇਗੀ। ਮਨ ਦੀ ਸ਼ਾਂਤੀ ਲਈ ਗੁਰੂ ਘਰ ਨਤਮਸਤਕ ਹੋਵੋ, ਗੁਰਬਾਣੀ ਕੀਰਤਨ ਸਰਵਣ ਕਰੋ, ਸਭ ਭਰਮ-ਭੁਲੇਖੇ ਮਿਟ ਜਾਣਗੇ।

--------


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !


ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।

ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ

ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com



ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: M: 07966 388 388

# ਜੂਨ 1984 ਨੂੰ ਸ੍ਰੀ ਹਰਿਮੰਦਰ ਸਾਹਿਬ ਉੱਤੇ ਭਾਰਤੀ ਫੌਜ ਦੇ ਹਮਲੇ ਸਮੇਂ ਸਿੱਖ ਧਰਮੀ ਫੌਜੀਆਂ ਨੇ ਕਿਵੇਂ ਬਗਾਵਤ ਕੀਤੀ

## ਅੰਮ੍ਰਿਤਸਰ ਸਾਕੇ ਦੀ 42ਵੀਂ ਵਰ੍ਹੇ ਗੰਢ 'ਤੇ ਵਿਸ਼ੇਸ਼

## ਧਰਮੀ ਫੌਜੀ ਰਣਬੀਰ ਸਿੰਘ ਨਾਲ ਹਰਜਿੰਦਰ ਸਿੰਘ ਮੰਡੇਰ ਦੀ ਇੰਟਰਵਿਊ



ਧਰਮੀ ਫੌਜੀ ਸ: ਰਣਬੀਰ ਸਿੰਘ ਨਾਲ ਹਰਜਿੰਦਰ ਸਿੰਘ ਮੰਡੇਰ ਗੱਲਬਾਤ ਕਰਦੇ ਹੋਏ



ਰਣਬੀਰ ਸਿੰਘ ਫੌਜ ਵਿੱਚ ਭਰਤੀ ਹੋਣ ਤੋਂ ਦੋ ਕੁ ਸਾਲ ਬਾਅਦ

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਕੇ ਸਮੇਂ ਭਾਰਤੀ ਫੌਜ ਵਿੱਚ ਸਿੱਖ ਫੌਜੀਆਂ ਨੇ ਬਗਾਵਤ ਕਰ ਦਿੱਤੀ ਸੀ, ਤੇ ਉਹਨਾਂ ਨੂੰ ਸਿੱਖ ਪੰਥ ਨੇ 'ਧਰਮੀ ਫੌਜੀਆਂ' ਦਾ ਨਾਂ ਦਿੱਤਾ। ਕਈ ਯੂਨਿਟਾਂ 'ਚੋਂ ਸਿੱਖ ਫੌਜੀ ਜਵਾਨ ਉਸੇ ਫੌਜ ਦੇ ਹਥਿਆਰ ਤੇ ਗੱਡੀਆਂ ਲੈ ਕੇ ਸ੍ਰੀ ਅੰਮ੍ਰਿਤਸਰ ਵੱਲ ਨੂੰ ਚੱਲ ਪਏ ਸਨ। ਪਰ ਭਾਰਤੀ ਫੌਜ ਨੇ ਆਪਣੀਆਂ ਹਵਾਈ ਤੇ ਜ਼ਮੀਨੀ ਫੌਜਾਂ ਪਿੱਛੇ ਲਾ ਕੇ ਉਹਨਾਂ ਨੂੰ ਘੇਰ ਲਿਆ ਸੀ ਤੇ ਰਸਤੇ ਵਿੱਚ ਹੀ ਰੋਕ ਕੇ ਗ੍ਰਿਫ਼ਤਾਰ ਕਰ ਲਿਆ ਸੀ। ਇਸ ਦੌਰਾਨ ਦੋਵਾਂ ਪਾਸਿਆਂ ਵਿੱਚ ਗੋਲੀਬਾਰੀ ਵਿੱਚ ਕਾਫ਼ੀ ਜਵਾਨ ਸ਼ਹੀਦ ਵੀ ਹੋ ਗਏ ਸਨ ਤੇ ਜ਼ਖ਼ਮੀ ਵੀ ਹੋਏ ਸਨ। ਬਗਾਵਤ ਕਰਨ ਵਾਲੇ ਫੌਜੀਆਂ ਵਿੱਚੋਂ ਇੱਕ ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਉੱਚਾ ਲੱਧਾਣਾ ਦੇ ਫੌਜੀ ਸ: ਰਣਬੀਰ ਸਿੰਘ ਸਾਡੇ ਸੰਪਰਕ ਵਿੱਚ ਆਏ, ਤੇ ਉਹਨਾਂ ਨਾਲ ਉਸ ਸਮੇਂ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲਿਆ ਜੋ ਅਸੀਂ ਇਥੇ ਪੇਸ਼ ਕਰ ਰਹੇ ਹਾਂ। ਭਾਰਤੀ ਫੌਜ ਵਿੱਚ ਸਿੱਖ ਜਵਾਨਾਂ ਉਤੇ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਹਮਲੇ ਦਾ ਕੀ ਪ੍ਰਭਾਵ ਪਿਆ ਇਸ ਦੇ ਇਤਿਹਾਸਕ ਪੱਖ ਨੂੰ ਸਾਂਭਿਆ ਜਾਵੇ ਤਾਂ ਜੋ ਆਉਣ ਵਾਲੀਆਂ ਸਿੱਖ ਨਸਲਾਂ ਨੂੰ ਜਾਣਕਾਰੀ ਮਿਲ ਸਕੇ।

–ਹਰਜਿੰਦਰ ਸਿੰਘ ਮੰਡੇਰ (ਸੰਪਾਦਕ ਪੰਜਾਬ ਟਾਈਮਜ਼ ਡਰਬੀ ਯੂ ਕੇ)

*ਹਰਜਿੰਦਰ ਸਿੰਘ ਮੰਡੇਰ – ਸ: ਰਣਬੀਰ ਸਿੰਘ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

ਰਣਬੀਰ ਸਿੰਘ ਧਰਮੀ ਫੌਜੀ – ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*ਸਵਾਲ – ਭਾਈ ਸਾਹਿਬ ਜੀ ਸਭ ਤੋਂ ਪਹਿਲਾਂ ਆਪਣੇ ਮਾਤਾ ਪਿਤਾ ਜੀ ਦਾ ਨਾਂ ਦੱਸੋਗੇ ਜੀ?*

ਜਵਾਬ – ਮਾਤਾ ਬੀਬੀ ਕਰਮ ਕੌਰ ਜੀ ਅਤੇ ਪਿਤਾ ਸ: ਰਾਜਾ ਸਿੰਘ ਜੀ ਸਨ।

*ਸਵਾਲ – ਆਪਣੀ ਜਨਮ ਅਤੇ ਜਨਮ ਸਥਾਨ ਬਾਰੇ ਦੱਸੋ ਜੀ ?*

ਜਵਾਬ – ਮੇਰਾ ਜਨਮ ਪਿੰਡ ਉੱਚਾ ਲਧਾਣਾ ਵਿਖੇ ਸਤੰਬਰ 1952 ਨੂੰ ਜ਼ਿਲ੍ਹਾ ਜਲੰਧਰ ਵਿਖੇ ਹੋਇਆ, ਹੁਣ ਜ਼ਿਲ੍ਹਾ ਨਵਾਂ ਸ਼ਹਿਰ ਬਣ ਗਿਆ ਹੈ।

*ਸਵਾਲ – ਬਚਪਨ ਦਾ ਜੀਵਨ ਕਿੱਥੇ ਬੀ–ਤਿਆ ਤੇ ਮੁੱਢਲੀ ਪੜ੍ਹਾਈ ਕਿੱਥੋਂ ਪ੍ਰਾਪਤ ਕੀਤੀ ?*

ਜਵਾਬ – ਬਚਪਨ ਪਿੰਡ ਉੱਚਾ ਲਧਾਣਾ ਵਿਖੇ ਬੀਤਿਆ ਤੇ ਪਿੰਡ ਮਾਹਿਲ ਗਹਿਲਾਂ ਦੇ ਸਰਕਾਰੀ ਸਕੂਲ ਤੋਂ ਨੌਵੀਂ ਜਮਾਤ ਤੱਕ ਦੀ ਪੜ੍ਹਾਈ ਹਾਸਲ ਕੀਤੀ।

*ਸਵਾਲ – ਫੌਜ ਵਿੱਚ ਭਰਤੀ ਕਦੋਂ ਹੋਏ ?*

ਜਵਾਬ – 8 ਸਤੰਬਰ 1971 ਨੂੰ ਭਾਰਤੀ ਫੌਜ ਵਿੱਚ ਭਰਤੀ ਹੋ ਗਿਆ ਤੇ ਯੂ ਪੀ ਵਿੱਚ ਮੇਰਠ ਵਿਖੇ 9 ਮਹੀਨੇ ਟਰੇਨਿੰਗ ਕੀਤੀ। ਇਸ ਤੋਂ ਬਾਅਦ 1972 ਵਿੱਚ ਸ੍ਰੀ ਨਗਰ ਵਿਖੇ ਡਿਊਟੀ ਤੇ ਪਹੁੰਚ ਗਏ। ਉਹਨਾਂ ਦਿਨਾਂ ਵਿੱਚ ਪਾਕਿਸਤਾਨ ਨਾਲ 1971 ਦੀ ਜੰਗ ਵਾਲਾ ਮਾਹੌਲ ਅਜੇ ਕਾਫ਼ੀ ਗਰਮ ਸੀ। ਇਸ ਪਿੱਛੋਂ ਸਾਡੀ 9 ਸਿੱਖ ਰੈਜਿਮੈਂਟ ਦੀ ਪੋਸਟਿੰਗ ਪੂਨੇ ਵਿਖੇ ਹੋ ਗਈ ਤੇ ਇਥੇ ਤਕਰੀਬਨ 3 ਸਾਲ ਰਹੇ। ਇਥੋਂ ਇਹ ਰੈਜ਼ਿ–ਮੈਂਟ 3 ਸਾਲ ਵਾਸਤੇ ਨਾਗਾਲੈਂਡ ਵਿਖੇ ਚਲੇ ਗਈ। ਇਸ ਪਿੱਛੋਂ ਗਵਾਲੀਅਰ 3 ਸਾਲ ਅਤੇ ਫਿਰ ਰਾਜਸਥਾਨ ਵਿੱਚ ਲਾਲਗੜ੍ਹ ਜੱਟਾਂ ਵਿਖੇ 9 ਸਿੱਖ ਰੈਜਿਮੈਂਟ ਦੀ ਪੋਸਟਿੰਗ ਹੋ ਗਈ। ਜਦ ਤੱਕ 1984 ਦਾ ਸਮਾਂ ਆ ਗਿਆ।

*ਸਵਾਲ – ਰਣਬੀਰ ਸਿੰਘ ਜੀ ਤੁਹਾਨੂੰ ਕਿੱਥੋਂ ਤੇ ਕਿਵੇਂ ਪਤਾ ਲੱਗਿਆ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਭਾਰਤੀ ਫੌਜ ਨੇ ਹਮਲਾ ਕਰ ਦਿੱਤਾ ਹੈ ?*

ਜਵਾਬ – 6 ਜੂਨ ਨੂੰ ਸਾਨੂੰ ਬੀ ਬੀ ਸੀ ਲੰਡਨ ਰੇਡਿਓ ਰਾਹੀਂ ਪਤਾ ਲੱਗਿਆ ਕਿ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਹੋ ਗਿਆ ਹੈ। ਜਦੋਂ ਹੀ ਇਹ ਖ਼ਬਰਾਂ ਸੁਣੀਆਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਕੇ ਢੇਰੀ ਕਰ ਦਿੱਤਾ ਗਿਆ ਹੈ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਜੀ ਸ਼ਹੀਦ ਹੋ ਗਏ ਨੇ ਤੇ ਉਹਨਾਂ ਦੇ ਮ੍ਰਿਤਕ ਸਰੀਰ ਵੀ ਸ੍ਰੀ ਅਕਾਲ ਤਖ਼ਤ ਦੇ ਸਾਹਮਣਿਓਂ ਮਿਲ ਗਏ ਹਨ ਅਤੇ ਹੋਰ ਵੀ ਬਹੁਤ ਸਾਰੇ ਸਿੱਖ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਹੀਦ ਹੋ ਗਏ ਹਨ। ਸਾਡੀ ਸਾਰੀ ਸਿੱਖ ਪਲਟਣ ਵਿੱਚ ਬੜਾ ਸੋਗਵਾਰ ਮਾਹੌਲ ਬਣ ਗਿਆ ਤੇ ਸੰਨਾਟਾ ਛਾਅ ਗਿਆ। ਕਿਸੇ ਜਵਾਨ ਨੂੰ ਕੁੱਝ ਨਹੀਂ ਸੁੱਝ ਰਿਹਾ ਸੀ, ਨਾ ਖਾਣ ਨੂੰ ਜੀਅ ਕਰਦਾ ਸੀ ਨਾ ਪਾਣੀ ਅੰਦਰ ਲੰਘਦਾ ਸੀ। ਸਾਰੇ ਜਵਾਨਾਂ ਦੇ ਮਨਾਂ ਵਿੱਚ ਗੁੱਸਾ ਤੇ ਰੋਹ ਸੀ। 7 ਜੂਨ 1984 ਨੂੰ ਏ (ਅਲਫਾ) ਕੰਪਨੀ ਦੇ ਅਰਦਲੀ ਸਿਪਾਹੀ ਬਲਕਾਰ ਸਿੰਘ ਨੇ ਸਾਡੀਆਂ ਡਿਊਟੀਆਂ ਰਜਿਸਟਰ ਵਿੱਚ ਲਿਖ ਦਿੱਤੀਆਂ ਕਿ ਹਵਾਲਦਾਰ ਰਣਬੀਰ ਸਿੰਘ 10 ਜਵਾਨਾਂ ਨਾਲ ਕੁਆਰਟਰ ਗਾਰਡ ਡਿਊਟੀ ਤੇ ਹੈ। ਜਦੋਂ ਸ਼ਾਮ ਨੂੰ 6 ਵਜੇ ਡਿਊਟੀਆਂ ਬਦਲੀ ਹੋਈਆਂ, ਤੇ ਪਲਟਣ ਦਾ ਝੰਡਾ ਉਤਾਰ ਦਿੱਤਾ ਗਿਆ ਤਾਂ ਮੈਂ ਆਪਣੇ ਨਾਇਬ ਕੁਲਦੀਪ ਸਿੰਘ (2 ਆਈ ਸੀ) ਨੂੰ ਕਿਹਾ, ਕਿ ਇਹ ਝੰਡਾ ਕੱਲ੍ਹ ਨੂੰ ਨਹੀਂ ਚੜ੍ਹੇਗਾ।

7 ਵਜੇ ਮੈਂ ਮੁੜ ਕੁਲਦੀਪ ਸਿੰਘ ਨੂੰ ਕਿਹਾ ਕਿ ਮੈਂ ਗੁਰਦੁਆਰੇ ਜਾ ਕੇ ਮੱਥਾ ਟੇਕ ਆਉਂਦਾ ਤੇ ਨਾਲ ਚੜ੍ਹਦੀ ਕਲਾ ਦੀ ਅਰਦਾਸ ਕਰਕੇ ਆਉਂਦਾ ਹਾਂ। ਫਿਰ ਮੈਂ ਕੰਪਨੀਆਂ ਵਿੱਚ ਚੱਕਰ ਵੀ ਲਾਉਣ ਗਿਆ। ਕੰਪਨੀਆਂ ਵਿੱਚ ਮੈਨੂੰ ਕੁੱਝ ਜਵਾਨ ਮਿਲੇ। ਮੈਂ ਉਹਨਾਂ ਨੂੰ ਪੁੱਛਿਆ ਕਿ ਕੀ ਤੁਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਜਾਣ ਲਈ ਤਿਆਰ ਹੋ? ਉਹਨਾਂ ਹਾਂ ਕੀਤੀ ਤਾਂ ਮੈਂ ਕਿਹਾ ਕਿ ਆਪਾਂ ਰਾਤ ਨੂੰ ਕੂਚ ਕਰਨਾ ਹੈ।

ਸਾਰੇ ਜਵਾਨ ਬਹੁਤ ਗੁੱਸੇ ਵਿੱਚ ਸਨ, ਉਹਨਾਂ ਦੇ ਮਨਾਂ ਅੰਦਰ ਕਾਫ਼ੀ ਰੋਹ ਸੀ। ਉਹ ਕਹਿੰਦੇ ਸਾਡਾ ਅਕਾਲ ਤਖ਼ਤ ਢਾਹ ਢੇਰੀ ਕਰ ਦਿੱਤਾ ਗਿਆ ਹੈ। ਸਾਡਾ ਇਸ ਧਰਤੀ 'ਤੇ ਜੀਣਾ ਠੀਕ ਨਹੀਂ। ਰਾਤ ਦੀਆਂ ਡਿਊਟੀਆਂ ਚੈਕ ਕਰਨ ਲਈ ਇੱਕ ਹੌਲ–ਦਾਰ ਨਿਰਮਲ ਸਿੰਘ, ਇੱਕ ਜੇ ਸੀ ਓ ਸੂਬੇ–ਦਾਰ ਸਾਡੇ ਸੰਪਰਕ ਵਿੱਚ ਸਨ। ਡਿਊਟੀਆਂ ਚੈਕ ਕਰਨ ਦਾ ਸਮਾਂ ਰਾਤ ਨੂੰ 2 ਤੋਂ 3 ਵਜੇ ਤੱਕ ਸੀ। ਹੌਲਦਾਰ ਨਿਰਮਲ ਸਿੰਘ ਨੇ ਕਿਹਾ ਕਿ ਪਲਟਣ ਨੂੰ ਹਥਿਆਰ ਤੇ ਗੱਡੀਆਂ ਲੈ ਕੇ 12 ਵਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਕੂਚ ਕਰ ਦੇਣਾ ਚਾਹੀਦਾ ਹੈ। ਕਿਸੇ ਹੋਰ ਅਫ਼ਸਰ ਤੇ ਜੇ ਸੀ ਓ ਨੂੰ ਇਸ ਤੋਂ ਪਹਿਲਾਂ ਪਤਾ ਨਾ ਲੱਗ ਜਾਵੇ।

7 ਤੇ 8 ਜੂਨ ਦੀ ਰਾਤ ਨੂੰ 11 – 12 ਵਜੇ ਦੇ ਕਰੀਬ ਕੰਪਨੀਆਂ ਵਿੱਚ ਰੌਲਾ ਪੈਣਾ ਸ਼ੁਰੂ ਹੋ ਗਿਆ। ਜਵਾਨ ਜੈਕਾਰੇ ਛੱਡਦੇ ਹੋਏ, ਹਥਿਆਰਾਂ ਦੇ ਸਟੋਰਾਂ ਕੁਆਟਰ ਗਾਰਡ ਵੱਲ ਨੂੰ ਆ ਰਹੇ ਸਨ। ਅਸੀਂ ਕੁਆਰਟਰ ਗਾਰਡ ਤਾਂ ਪਹਿਲਾਂ ਹੀ ਤਿਆਰ ਸਾਂ। ਜਦੋਂ ਕੁੱਝ ਜਵਾਨ ਕੁਆਰਟਰ ਗਾਰਡ ਆਏ ਤੇ ਮੈਨੂੰ ਚਾਬੀਆਂ ਬਾਰੇ ਪੁੱਛਣ ਲੱਗੇ। ਮੈਂ ਉਹਨਾਂ ਨੂੰ ਕਿਹਾ ਕਿ ਚਾਬੀਆਂ ਵਾਲਾ ਡੱਬਾ (ਕੀ ਬੌਕਸ) ਰਫ਼ਲ ਦਾ ਬੱਟ ਮਾਰ ਕੇ ਚਾਬੀਆਂ ਬਾਹਰ ਕੱਢ ਲੈਂਦੇ ਹਾਂ। ਚਾਬੀਆਂ ਲੈ ਕੇ ਹਥਿਆਰਾਂ ਵਾਲੇ ਸਾਰੇ ਸਟੋਰ ਖੋਹਲ ਦਿੱਤੇ ਗਏ। ਜਵਾਨ ਹਥਿਆਰ, ਅਸਲਾ ਆਦਿ ਲੈ ਕੇ ਗੱਡੀਆਂ ਵਿੱਚ ਬੈਠਣ ਲੱਗੇ। ਕੁੱਝ ਗੱਡੀਆਂ ਅਮਨੀਸ਼ਨ ਡਿਪੂ ਤੇ ਚਲੇ ਗਈਆਂ। ਕੁੱਝ ਜਵਾਨਾਂ ਨੇ ਗੱਡੀਆਂ ਵਿੱਚ ਬੈਠ ਕੇ ਉਦੋਂ ਹੀ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ।

*ਸਵਾਲ – ਜਵਾਨਾਂ ਨੂੰ ਕਿਸ ਨੇ ਪ੍ਰੇਰਨਾ ਦਿੱਤੀ ਕਿ ਉਹਨਾਂ ਨੂੰ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਜਾਂ ਜਿਵੇਂ ਭਾਰਤੀ ਫੌਜ ਤੇ ਸਰਕਾਰ ਨੇ ਕਿਹਾ ਕਿ ਸਿੱਖ ਫੌਜੀਆਂ ਨੇ ਬਗਾਵਤ ਕਰ ਦਿੱਤੀ ਸੀ? ਸੋ ਫੌਜੀਆਂ ਦੇ ਮਨਾਂ ਅੰਦਰ ਇਹ ਬਗਾਵਤੀ ਮਾਹੌਲ ਕਿਵੇਂ ਬਣਿਆਂ ?*

ਜਵਾਬ – ਜਦੋਂ ਸਾਨੂੰ ਦਰਬਾਰ ਸਾਹਿਬ ਉਤੇ ਹਮਲੇ ਦਾ ਪਤਾ ਲੱਗ ਗਿਆ ਤਾਂ 6 ਜੂਨ ਦੀ ਸ਼ਾਮ ਨੂੰ 7 ਕੁ ਵਜੇ ਦੇ ਕਰੀਬ ਮੈਂ ਪਹਿਲਾਂ ਗੁਰਦੁਆਰੇ ਜਾ ਕੇ ਮੱਥਾ ਟੇਕਿਆ ਤੇ ਫਿਰ ਕੰਪਨੀਆਂ ਵੱਲ ਗੇੜਾ ਮਾਰਨ ਗਿਆ ਤੇ ਦੇਖਿਆ ਕਿ ਕੀ ਕਿਸੇ ਪਾਸੇ ਕੋਈ ਹਿੱਲਜੁੱਲ ਹੈ ਕਿ ਨਹੀਂ। ਕੰਪਨੀ ਦੇ ਕੁੱਝ ਜਵਾਨ ਮਿਲੇ ਤਾਂ ਕਹਿੰਦੇ ਕਿ ਅਸੀਂ ਰਾਤ ਨੂੰ ਹਰਿਮੰਦਰ ਸਾਹਿਬ ਵੱਲ ਕੂਚ ਕਰਨ ਲਈ ਤਿਆਰ ਹਾਂ। ਅਗਲੇ ਦਿਨ 7 ਜੂਨ ਨੂੰ ਮੇਰੀ ਡਿਊਟੀ

ਅਗਲੇ ਪੰਨੇ 26 'ਤੇ

25 ਪੰਨੇ ਤੋਂ ਅੱਗੇ

## ਧਰਮੀ ਫੌਜੀ ਰਣਬੀਰ ਸਿੰਘ ਦੀ ਮੁਲਾਕਾਤ

# ਲੋਕਾਂ ਨੇ ਸਮਝਿਆ ਕਿ ਫੌਜ ਨੇ ਪਿੰਡ ਨੂੰ ਘੇਰਾ ਪਾ ਲਿਆ ਹੈ



9 ਸਿੱਖ ਰੈਜੀਮੈਂਟ ਦੇ ਜਵਾਨ ਫੁੱਟਬਾਲ ਦੇ ਮੈਚ ਉਪਰੰਤ - ਪੂਨਾ ਵਿਖੇ 1973/74 ਸਰਕਲ ਵਿੱਚ ਰਣਬੀਰ ਸਿੰਘ ਨਜ਼ਰ ਆ ਰਹੇ ਹਨ



ਨਾਗਾਲੈਂਡ ਵਿਖੇ ਪੋਸਟਿੰਗ ਮੌਕੇ 1975

ਕਵਾਟਰ ਗਾਰਡ (ਹਥਿਆਰਾਂ ਦੇ ਸਟੋਰ) 'ਤੇ ਲੱਗ ਗਈ, ਮੇਰੇ ਨਾਲ 9 ਜਵਾਨ ਹੋਰ ਸਨ । ਬਟਾਲੀਅਨ ਦੇ ਸਿੱਖ ਜਵਾਨਾਂ ਨੇ ਮੇਰੇ ਨਾਲ ਸੰਪਰਕ ਕੀਤਾ ਕਿ ਕੀ ਤੁਸੀਂ ਸਾਨੂੰ ਹਥਿਆਰ ਦੇ ਦਿਓਗੇ, ਅਸੀਂ ਸ੍ਰੀ ਅੰਮ੍ਰਿਤਸਰ ਨੂੰ ਚਾਲੇ ਪਾਉਣੇ ਹਨ । ਮੈਂ ਕਿਹਾ ਕਿ ਅਸੀਂ ਤਾਂ ਪਹਿਲਾਂ ਹੀ ਤਿਆਰ ਹਾਂ, ਤੁਸੀਂ ਹਥਿਆਰ ਲੈ ਸਕਦੇ ਹੋ । 7 ਤੇ 8 ਜੂਨ ਦੀ ਵਿਚਕਾਰਲੀ ਰਾਤ ਨੂੰ ਸਾਢੇ 11 ਤੋਂ 12 ਵਜੇ ਦੇ ਕਰੀਬ ਪਲਟਣ ਦੇ ਸਿ-ਪਾਹੀ ਕਵਾਟਰ ਗਾਰਡ ਵੱਲ ਨੂੰ ਚੱਲ ਪਏ, ਤੇ ਕੁਝ ਜਵਾਨ ਅਮਨੀਸ਼ਨ ਸਟੋਰ ਵੱਲ ਨੂੰ ਭੱਜ ਪਏ । ਸਾਰੀ ਪਲਟਣ ਵਿੱਚ ਅਫ਼ੜਾ-ਦਫ਼ੜੀ ਮਚ ਗਈ ਸੀ । ਮਿਲਟਰੀ ਦੀਆਂ ਗੱਡੀਆਂ ਕਵਾਟਰ ਗਾਰਡ ਵੱਲ ਆ ਗਈਆਂ ਤੇ ਕੁਝ ਗੱਡੀਆਂ ਉਤੇ ਅਮ-ਨੀਸ਼ਨ ਸਟੋਰ ਵਿੱਚੋਂ ਹਥਿਆਰ ਲੱਦ ਲਏ । ਇਸੇ ਦੌਰਾਨ ਸਾਡੇ ਜਵਾਨਾਂ ਨੇ ਅਫ਼ਸਰਾਂ ਦੇ ਕਵਾਟਰਾਂ ਵੱਲ ਨੂੰ ਗੋਲੀ-ਬਾਰੀ ਸ਼ੁਰੂ ਕਰ ਦਿੱਤੀ ਕਿ ਕਿਤੇ ਉਹ ਸਾਡੀ ਕਾਰਵਾਈ ਨੂੰ ਰੋਕਣ ਲਈ ਹੋਰ ਪਲਟਣ ਨਾ ਸੱਦ ਲੈਣ । ਸਾਡੀ ਪਲਟਣ ਦੇ 400 ਤੋਂ ਵੀ ਵੱਧ ਜਵਾਨਾਂ ਨੇ ਫੌਜੀ ਹਥਿਆਰ ਲੈ ਕੇ ਗੱਡੀਆਂ ਰਾਹੀਂ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ।

25-26 ਦੇ ਕਰੀਬ ਸਾਡੀਆਂ ਫੌਜੀ ਗੱਡੀਆਂ ਸ੍ਰੀ ਗੰਗਾ ਨਗਰ ਤੋਂ ਅਬੋਹਰ ਵੱਲ ਨੂੰ ਬੜੀ ਤੇਜੀ ਨਾਲ ਅੱਗੇ ਵਧ ਰਹੀਆਂ ਸਨ । ਗੱਡੀਆਂ ਵਿੱਚ ਜਗ੍ਹਾ ਘੱਟ ਹੋਣ ਕਰਕੇ ਸ੍ਰੀ ਗੰਗਾਨਗਰ ਤੋਂ ਇੱਕ ਬੱਸ ਅਤੇ ਇੱਕ ਟਰੱਕ ਅਗਵਾ ਕਰ ਲਿਆ । ਜਿਹੜੇ ਜਵਾਨ ਪਿੱਛੇ ਰਹਿ ਗਏ ਸਨ, ਉਹਨਾਂ ਨੇ ਬੱਸ ਅਤੇ ਟਰੱਕ ਵਿੱਚ ਬੈਠ ਕੇ ਪੰਜਾਬ ਵੱਲ ਨੂੰ ਚਾਲੇ ਪਾ ਦਿੱਤੇ । ਸ੍ਰੀ ਗੰਗਾਨਗਰ ਤੋਂ 25/30 ਕਿਲੋਮੀਟਰ ਜਾ ਕੇ ਇੱਕ ਜੀਪ ਦਾ ਟਾਇਰ ਫਟ ਗਿਆ । ਉਸ ਉਪਰ ਟੈਂਕ ਤੋੜਨ ਵਾਲੀ ਇੱਕ ਆਰ ਸੀ ਐਲ ਗੰਨ ਫਿੱਟ ਕੀਤੀ ਹੋਈ ਸੀ । ਛੇ ਸੱਤ ਜਵਾਨ ਉਸ ਜੀਪ ਵਿੱਚ ਬੈਠੇ ਸਨ । ਇਹ ਜੀਪ ਫਟੇ ਹੋਏ ਟਾਇਰ ਨਾਲ ਹੀ ਇੱਕ ਕਿਲੋਮੀਟਰ ਤੱਕ ਚਲਦੀ ਗਈ । ਇਹ ਵੀ ਗੁਰੂ ਰਾਮਦਾਸ ਜੀ ਦਾ ਫੌਜੀਆਂ ਦੇ ਸਿਰ ਉਤੇ ਹੱਥ ਸੀ । ਜਦੋਂ ਪਿਛਲਾ ਟਰੱਕ ਵੀ ਜੀਪ ਦੇ ਕੋਲ ਆ ਗਿਆ ਤਾਂ ਆਰ ਸੀ ਐਲ ਗੰਨ ਟਰੱਕ ਦੇ ਉਪਰ ਲੱਦ ਕੇ ਅਬੋਹਰ ਵੱਲ ਨੂੰ ਚੱਲ ਪਿਆ ।

*ਸਵਾਲ - ਜਦੋਂ ਸਿੱਖ ਫੌਜੀ ਜਵਾਨ ਰੈਜਮੈਂਟ ਯੂਨਿਟ ਤੋਂ ਅੰਮ੍ਰਿਤਸਰ ਵੱਲ ਨੂੰ ਗੱਡੀਆਂ ਵਿੱਚ ਚੱਲ ਪਏ ਤਾਂ ਰਸਤੇ ਵਿੱਚ ਕੋਈ ਰੁਕਾਵਟ ਤਾਂ ਨਹੀਂ ਆਈ ? ਜਾਂਨੀ ਫੌਜ ਦੀ ਕਿਸੇ ਹੋਰ ਯੂਨਿਟ ਨਾਲ ਕੋਈ ਟਕਰਾਓ ਵੀ ਹੋਇਆ ?*

ਜਵਾਬ - ਸਾਡੀਆਂ ਗੱਡੀਆਂ ਚਲਦੀਆਂ ਹੋਈਆਂ ਅਬੋਹਰ ਲਾਗੇ ਪਹੁੰਚ ਗਈਆਂ । ਰਾਤ ਦੇ ਹਨ੍ਹੇਰੇ ਵਿੱਚ ਪਤਾ ਹੀ ਨਹੀਂ ਸੀ ਲੱਗਦਾ ਕਿ ਸੜਕ ਕਿੱਧਰ ਨੂੰ ਜਾਂਦੀ ਹੈ । ਜਦੋਂ ਗੱਡੀਆਂ ਸ੍ਰੀ ਮੁਕਤਸਰ ਸਾਹਿਬ ਦੇ ਕੋਲ ਗਈਆਂ ਤਾਂ ਫੌਜ ਨੇ ਅੱਗੇ ਲੱਗੇ ਨਾਕੇ ਤੇ ਇੱਕ ਗੱਡੀ ਘੇਰ ਕੇ ਆਪਣੇ ਕਬਜ਼ੇ ਵਿੱਚ ਕਰ ਲਈ । ਕਿਉਂਕਿ ਭਾਰਤੀ ਫੌਜ ਨੇ ਮੁਕਤਸਰ ਸਾਹਿਬ ਦੇ ਤਕਰੀਬਨ ਸਾਰੀਆਂ ਸੜਕਾਂ 'ਤੇ ਨਾਕੇ ਲਾਏ ਹੋਏ ਸਨ। ਫਿਰ ਅਸੀਂ ਆਪਣੀਆਂ ਬਾਕੀ ਗੱਡੀਆਂ ਪਿੱਛੇ ਮੋੜ ਕੇ ਹੋਰ ਰਸਤੇ ਪਾ ਲਈਆਂ । ਸਾਡੀ ਗੱਡੀ ਵਿੱਚ ਬੈਠੇ ਜਵਾਨ ਤੋਂ ਅਚਾਨਕ ਗੋਲੀ ਚੱਲ ਗਈ ਜੋ ਉਸ ਦੇ ਆਪਣੇ ਹੱਥ ਦੇ ਵਿੱਚੋਂ ਦੀ ਲੰਘ ਗਈ, ਜਿਸ ਨਾਲ ਉਹ ਜਵਾਨ ਜਖਮੀ ਹੋ ਗਿਆ । ਅੱਗੇ ਆਸਾ ਬੁੱਟਰ ਨਾਂ ਦਾ ਇੱਕ ਪਿੰਡ ਆਇਆ । ਉਸ ਵਕਤ ਅਗਲੇ ਦਿਨ 8 ਜੂਨ ਨੂੰ ਸਵੇਰੇ ਤੜਕੇ ਦੇ ਸਾਢੇ ਚਾਰ ਵੱਜ ਚੁੱਕੇ ਸਨ । ਜਦੋਂ ਗੱਡੀਆਂ ਇਸ ਪਿੰਡ ਪਹੁੰਚੀਆਂ ਤਾਂ ਉਸ ਜਖਮੀ ਜਵਾਨ ਨੂੰ ਇਲਾਜ ਵਾਸਤੇ ਪਿੰਡ ਵਿੱਚ ਉਤਾਰ ਦਿੱਤਾ ਗਿਆ । ਪਿੰਡ ਵਾਲੇ ਡਰ ਗਏ, ਉਹਨਾਂ ਨੇ ਸੋਚਿਆ ਕਿ ਇਹ ਫੌਜ ਸ਼ਾਇਦ ਸਾਨੂੰ ਮਾਰਨ ਵਾਸਤੇ ਆਈ ਹੈ । ਜਦੋਂ ਅਸੀਂ ਪਿੰਡ ਵਾਲਿਆਂ ਨੂੰ ਦੱਸਿਆ ਕਿ ਅਸੀਂ ਤਾਂ ਫੌਜ ਵਿੱਚੋਂ ਬਗਾਵਤ ਕਰਕੇ ਆਏ ਹਾਂ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਅਜ਼ਾਦ ਕਰਾਉਣ ਲਈ ਜਾ ਰਹੇ ਹਾਂ । ਫਿਰ ਪਿੰਡ ਵਾਲਿਆਂ ਦੇ ਹੌਸਲੇ ਵਧ ਗਏ । ਪਿੰਡ ਦੇ ਬਹੁਤ ਸਾਰੇ ਜਵਾਨ, ਇੱਥੋਂ ਤੱਕ ਕਿ ਬੀਬੀਆਂ ਭੈਣਾਂ ਵੀ ਫੌਜੀਆਂ ਦੇ ਨਾਲ ਅੰਮ੍ਰਿਤਸਰ ਨੂੰ ਜਾਣ ਲਈ ਤਿਆਰ ਹੋ ਗਈਆਂ । ਉਹ ਕਹਿਣ ਲੱਗੇ ਕਿ ਅਸੀਂ ਵੀ ਤੁਹਾਡੇ ਨਾਲ ਹੀ ਜਾ ਕੇ ਮਰਨਾ ਹੈ । ਸਾਡੇ ਜਵਾਨਾਂ ਨੇ ਪਿੰਡ ਵਾਲਿਆਂ ਨੂੰ ਹੌਸਲਾ ਦਿੱਤਾ ਕਿ ਤੁਸੀਂ ਫ਼ਿਕਰ ਨਾ ਕਰੋ, ਇਹ ਸਾਡਾ ਕੰਮ ਹੈ । ਤੁਸੀਂ ਘਰਾਂ ਨੂੰ ਵਾਪਸ ਚਲੇ ਜਾਵੋ, ਘਰ ਵਿੱਚ ਬੈਠ ਕੇ ਪਾਠ ਕਰੋ ਤੇ ਅਰਦਾਸ ਕਰੋ । ਇਹ ਸੁਣ ਕੇ ਪਿੰਡ ਦੇ ਲੋਕ ਫੌਜੀਆਂ ਦੇ ਖਾਣ-ਪੀਣ ਲਈ ਰੋਟੀਆਂ ਅਤੇ ਲੱਸੀ ਆਦਿ ਲੈ ਆਏ, ਪਰ ਅਸੀਂ ਕਿਹਾ ਕਿ ਸਾਡਾ ਕੁਝ ਵੀ ਖਾਣ ਨੂੰ ਜੀਅ ਨਹੀਂ ਕਰਦਾ । ਕੁਝ ਸਮਾਂ ਰੁਕਣ ਬਾਅਦ ਗੱਡੀਆਂ ਨੇ ਅੱਗੇ ਚਾਲੇ ਪਾ ਦਿੱਤੇ। ਅੱਗੇ ਇੱਕ ਨਹਿਰ ਆ ਗਈ । ਥੋੜ੍ਹਾ ਜਿਹਾ ਨਹਿਰੋ-ਨਹਿਰ ਜਾ ਕੇ ਇੱਕ ਪਿੰਡ ਆਇਆ । ਉਥੇ ਸਾਨੂੰ 8-9 ਵਜੇ ਦੇ ਕਰੀਬ ਇੱਕ ਬਜ਼ੁਰਗ ਸਾਈਕਲ 'ਤੇ ਜਾਂਦਾ ਹੋਇਆ ਮਿਲਿਆ, ਉਸ ਨੂੰ ਪੁੱਛਿਆ ਕਿ ਅੱਗੇ ਅਸੀਂ ਫਰੀਦਕੋਟ ਜ਼ਿਲ੍ਹੇ ਵੱਲ ਜਾਣਾ ਹੈ । ਉਹ ਬਜ਼ੁਰਗ 60-65 ਸਾਲ ਦਾ ਸੀ । ਉਸ ਨੇ ਸਾਨੂੰ ਦੱਸਿਆ ਕਿ ਅੱਗੇ ਫੌਜ ਤਾਇਨਾਤ ਹੈ ਤੇ ਸਾਰੀਆਂ ਸੜਕਾਂ ਰੋਕੀਆਂ ਹੋਈਆਂ ਹਨ । ਉਸ ਬਜ਼ੁਰਗ ਨੇ ਕਿਹਾ ਕਿ ਉਹ ਮੋਹਰੇ-ਮੋਹਰੇ ਸਾਈਕਲ 'ਤੇ ਜਾਂਦਾ ਹੈ ਤੇ ਕਿਸੇ ਸੁਰੱਖਿਅਤ ਰਸਤੇ ਵੱਲ ਪਾ ਆਉਂਦਾ ਹੈ । ਸਾਡੀ ਕਾਨਵਾਈ ਦੇ ਉਪਰ ਹੈਲੀਕਾਪਟਰ ਘੁੰਮ ਰਹੇ ਸਨ । ਉਹ ਆਪਣੇ ਸੈਟ ਦੁਆਰਾ ਆਪਣੇ ਅਫ਼ਸਰਾਂ ਨੂੰ ਸਾਡੀਆਂ ਗੱਡੀਆਂ ਦੀ ਸਥਿਤੀ ਬਾਰੇ ਦੱਸ ਰਹੇ ਸਨ ।

ਪਿੱਛੇ-ਪਿੱਛੇ ਭਾਰਤੀ ਫੌਜ ਸਾਡਾ ਪਿੱਛਾ ਕਰਦੀ ਆ ਰਹੀ ਸੀ । ਸੜਕ ਦੇ ਨੇੜੇ ਹੀ ਦਰਖਤਾਂ ਦੀ ਇੱਕ ਝਿੜੀ ਜਿਹੀ ਸੀ । ਸਾਡੀ ਕਾਨਵਾਈ ਕੁਝ ਸਮੇਂ ਲਈ ਉਥੇ ਰੁਕ ਗਈ। ਫਿਰ ਅਸੀਂ ਆਪਣੀਆਂ ਗੱਡੀਆਂ ਕੱਚੇ ਰਸਤਿਆਂ ਤੇ ਪਾ ਲਈਆਂ । ਗੱਡੀਆਂ ਵਿੱਚ ਤੇਲ ਵੀ ਬਹੁਤ ਘੱਟ ਰਹਿ ਗਿਆ ਸੀ । ਪਿੰਡਾਂ ਵਾਲਿਆਂ ਨੂੰ ਬੀ ਬੀ ਸੀ ਰੇਡੀਓ ਰਾਹੀਂ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਅਤੇ ਬਗਾਵਤ ਕਰਨ ਵਾਲੇ ਸਿੱਖ ਫੌਜੀਆਂ ਬਾਰੇ ਵੀ ਪਤਾ ਲੱਗ ਚੁੱਕਿਆ ਸੀ । ਪਿੰਡ ਵਾਲਿਆਂ ਨੂੰ ਜਦੋਂ ਪਤਾ ਲੱਗਾ ਕਿ ਸਾਨੂੰ ਡੀਜ਼ਲ ਚਾਹੀਦਾ ਹੈ ਤਾਂ ਉਹਨਾਂ ਨੇ ਆਪਣੇ ਟਰੈਕਟਰਾਂ ਲਈ ਰੱਖਿਆ ਡੀਜ਼ਲ ਵੀ ਲਿਆ ਕੇ ਸਾਡੀਆਂ ਗੱਡੀਆਂ ਲਈ ਦੇ ਦਿੱਤਾ। ਜਿਵੇਂ ਅਸੀਂ ਅੱਗੇ ਵਧ ਰਹੇ ਸਾਂ ਤਾਂ ਸਾਨੂੰ ਵੀ ਖਬਰ ਮਿਲ ਰਹੀ ਸੀ ਕਿ ਸਾਡੇ ਨਾਲ ਦੀਆਂ ਕੁਝ ਗੱਡੀਆਂ ਫੌਜ ਨੇ ਘੇਰ ਲਈਆਂ ਹਨ । ਪਿੰਡਾਂ ਵਾਲਿਆਂ ਨੇ ਸਾਨੂੰ ਦੱਸਿਆ ਕਿ ਤੁਸੀਂ ਫਰੀਦਕੋਟ ਜ਼ਿਲ੍ਹੇ ਵਿੱਚ ਆ ਗਏ ਹੋ । ਅੱਗੇ ਇੱਕ ਪਿੰਡ ਕੋਟ ਸੁਖੀਆ ਆਇਆ । ਸ਼ਾਮ ਦੇ 7 ਵੱਜ ਚੁੱਕੇ ਸਨ ਤੇ ਮੂੰਹ ਹਨ੍ਹੇਰਾ ਜਿਹਾ ਹੋ ਗਿਆ ਸੀ । ਸਾਰੇ ਪੰਜਾਬ ਵਿੱਚ ਫੌਜ ਵੱਲੋਂ ਕਰਫਿਊ ਲਾਇਆ ਹੋਇਆ ਸੀ। ਕੋਈ ਬਾਹਰ ਅੰਦਰ ਆ ਜਾ ਨਹੀਂ ਸੀ ਸਕਦਾ । ਉਥੇ ਸਾਨੂੰ ਪਤਾ ਲੱਗਿਆ ਕਿ ਭਾਰਤੀ ਫੌਜ ਨੇ ਪਿੱਛੇ ਆ ਕੇ ਪਿੰਡ ਸਮੇਤ ਸਾਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਹੈ । ਸਾਰੇ ਜਵਾਨਾਂ ਨੇ ਪਿੰਡ ਦੇ ਕੋਠਿਆਂ ਉਤੇ ਜਾ ਕੇ ਪੁਜ਼ੀਸ਼ਨਾਂ ਲੈ ਲਈਆਂ ਤੇ ਮੋਰਚੇ ਸੰਭਾਲ ਲਏ ।

ਫੌਜ ਨੇ ਸਾਨੂੰ ਘੇਰਾ ਪਾ ਕੇ ਸਪੀਕਰਾਂ ਰਾਹੀਂ ਬੋਲਣਾ ਸ਼ੁਰੂ ਕਰ ਦਿੱਤਾ, ਕਿ ਜਿਹੜੇ ਫੌਜੀ ਲਾਲਗੜ੍ਹ ਛਾਉਣੀ ਰਾਜਸਥਾਨ ਵਿੱਚੋਂ ਬਗਾਵਤ ਕਰਕੇ ਆਏ ਹਨ, ਉਹ ਆਤਮ ਸਮਰਪਣ ਕਰ ਦੇਣ । ਉਹਨਾਂ ਦੇ ਵਾਰ-ਵਾਰ ਕਹਿਣ ਤੇ ਸਾਡੇ ਵਿੱਚੋਂ ਉਹਨਾਂ ਦੀ ਕੋਈ ਗੱਲ ਮੰਨਣ ਲਈ ਤਿਆਰ ਨਹੀਂ ਸੀ। ਫਿਰ ਉਹਨਾਂ ਨੇ ਪਿੰਡ ਦੇ ਸਰਪੰਚ ਅਤੇ ਲੋਕਾਂ ਨੂੰ ਸਪੀਕਰ ਦੁਆਰਾ ਕਿਹਾ ਕਿ ਬਗਾਵਤ ਕਰਕੇ ਆਏ ਫੌਜੀ ਆਪਣੇ ਆਪ ਨੂੰ ਫੌਜ ਅੱਗੇ ਪੇਸ਼ ਕਰ ਦੇਣ । ਸਰਪੰਚ ਅਤੇ ਲੋਕ ਕਹਿਣ ਲੱਗੇ ਕਿ ਜੇ ਤੁਸੀਂ ਇਥੇ ਪਿੰਡ ਵਿੱਚ ਲੜੋਗੇ ਤਾਂ ਸਾਡਾ ਸਾਰਾ ਪਿੰਡ ਬਰਬਾਦ ਹੋ ਜਾਵੇਗਾ । ਤੁਸੀਂ ਤਾਂ ਪਹਿਲਾਂ ਹੀ ਮਰੇ ਹੋਏ ਹੋ । ਉਸ ਪਿੰਡ ਦੀ ਆਬਾਦੀ ਦੋ ਢਾਈ ਹਜ਼ਾਰ ਦੇ ਕਰੀਬ ਸੀ । ਪਿੰਡ ਦੇ ਲੋਕਾਂ ਦੀ ਗੱਲ ਮੰਨ ਕੇ ਅਸੀਂ ਫਿਰ ਹਥਿ-ਆਰ ਰੱਖ ਦਿੱਤੇ । ਭਾਰਤੀ ਫੌਜ ਨੇ ਸਾਨੂੰ ਗ੍ਰਿਫਤਾਰ ਕਰ ਲਿਆ ਤੇ ਉਥੋਂ ਸਾਨੂੰ ਆਪਣੀਆਂ ਗੱਡੀਆਂ ਵਿੱਚ ਬਿਠਾ ਕੇ ਲੈ ਗਏ । ਸਾਨੂੰ ਗ੍ਰਿਫ਼ਤਾਰ ਕਰਨ ਵਾਲੀ ਡੋਗਰਾ ਫੌਜ ਦੀ ਅਗਵਾਈ ਇੱਕ ਸਰਦਾਰ ਬ੍ਰਿਗੇਡੀਅਰ ਗੁਰਚਰਨ ਸਿੰਘ ਬੱਲ ਕਰ ਰਿਹਾ ਸੀ । ਗੱਡੀਆਂ ਸਾਰੀ ਰਾਤ ਚੱਲਦੀਆਂ ਰਹੀਆਂ, ਸਾਨੂੰ ਨਹੀਂ ਪਤਾ ਕਿ ਕਿੱਥੇ ਜਾ ਰਹੇ ਸਨ । ਸਾਰੇ ਰਸਤੇ ਵਿੱਚ ਨਾ ਕੁਝ ਖਾਣ ਨੂੰ ਨਾ ਪੀਣ ਲਈ ਪਾਣੀ ਦਿੱਤਾ ਗਿਆ । 9 ਜੂਨ ਨੂੰ ਸਵੇਰੇ ਪਤਾ ਲੱਗਿਆ ਕਿ ਸਾਨੂੰ ਰਾਜਸਥਾਨ ਵਿੱਚ ਸੂਰਤਗੜ੍ਹ ਲੈ ਆਏ ਹਨ।

*ਸਵਾਲ - ਉਸ ਵਕਤ ਤੁਸੀਂ ਕਿੰਨੇ ਕੁ ਫੌਜੀ ਗ੍ਰਿਫ਼ਤਾਰ ਹੋ ਕੇ ਉਥੇ ਪਹੁੰਚੇ ਅਤੇ ਕਿਹੋ ਜਿਹਾ ਮਾਹੌਲ ਸੀ ਉਸ ਥਾਂ ਦਾ ?*

ਜਵਾਬ - ਉਸ ਵੇਲੇ ਸਾਡੀ ਗਿਣਤੀ ਲੱਗਭੱਗ ਢਾਈ ਸੌ ਦੇ ਕਰੀਬ ਰਹਿ ਗਈ ਸੀ । ਇਥੇ ਸੂਰਤਗੜ੍ਹ ਵਿੱਚ ਫੌਜ ਨੇ ਕੰਡਿਆਲੀਆਂ ਤਾਰਾਂ ਲਾ ਕੇ ਕੈਂਪ ਨੂੰ ਆਰਜ਼ੀ ਜੇਹਲ ਦਾ ਰੂਪ ਦਿੱਤਾ ਹੋਇਆ ਸੀ ਤੇ ਆਸੇ-ਪਾਸੇ ਸਖਤ ਸੁਰੱਖਿਆ ਤੇ ਸਰਚ ਲਾਈਟਾਂ ਵਾਲੇ ਟਾਵਰਾਂ ਤੋਂ ਤੇਜ਼ ਰੌਸ਼ਨੀ ਪਾਈ ਜਾ ਰਹੀ ਸੀ । ਉਥੇ ਸਾਨੂੰ ਦੋ ਗਰੁੱਪਾਂ ਵਿੱਚ ਵੰਡ ਦਿੱਤਾ ਗਿਆ । ਬਗਾਵਤ ਕਰਨ ਵਾਲੇ ਜਿੰਨੇ ਵੀ ਹੌਲਦਾਰ, ਨਾਇਕ ਜਿੰਮੇਵਾਰ ਡਿਊਟੀਆਂ ਵਾਲੇ ਸਨ ਉਹਨਾਂ ਨੂੰ ਇੱਕ ਗਰੁੱਪ ਵਿੱਚ ਅਤੇ ਦੂਜੇ ਗਰੁੱਪ ਵਿੱਚ ਸਿਪਾਹੀਆਂ ਨੂੰ ਕਰ ਦਿੱਤਾ ਗਿਆ ।

ਬਾਕੀ ਅਗਲੇ ਅੰਕ ਵਿੱਚ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 32 'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**713. ਸਾਕਤ ਦੇ ਕੀ ਲੱਛਣ/ਕਰਮ ਹਨ?**

"ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥1॥ ਅੰਗ 239"।ਸਾਕਤ ਪੁਰਖ ਪ੍ਰਭੂ ਸਿਮਰਨ ਤੋਂ ਬਿਨਾ ਕੁੱਤਿਆਂ ਵਾਲੇ ਕੰਮ ਕਰਦਾ ਹੈ ਸਾਕਤ ਮਨੁੱਖ ਵੇਸਵਾ ਦੇ ਪੁੱਤਰ ਵਾਂਗ ਹੁੰਦਾ ਹੈ ਜਿਸਦਾ ਕੋਈ (ਪਿਤਾ ਦਾ) ਨਾਮ ਨਹੀਂ ਹੁੰਦਾ; ਭਾਵ ਪ੍ਰਲੋਕ ਵਿਚ ਉਸਦਾ ਕੋਈ ਵਾਲੀ ਵਾਰਸ ਨਹੀਂ ਹੁੰਦਾ। "ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥3॥ ਅੰਗ 239"।

ਸਾਕਤ ਮਨੁੱਖ ਝੂਠ ਬੋਲਦਾ ਹੈ ਤੇ ਆਪਣਾ ਮੂੰਹ ਕਾਲਾ ਕਰਦਾ ਹੈ । "ਬੋਲਹਿ ਕੂੜੁ ਸਾਕਤ ਮੁਖੁ ਕਾਰਾ ॥4॥ ਅੰਗ 239" । ਸਾਕਤ ਪੁਰਖ ਸਿਮਰਨ ਦੇ ਬਿਨਾ ਖੋਤੇ ਸਮਾਨ ਹੁੰਦਾ ਹੈ (ਖੋਤਾ ਸਦਾ ਸੁਆਹ ਮਿੱਟੀ ਵਿਚ ਲੇਟ ਕੇ ਖ਼ੁਸ਼ ਹੁੰਦਾ ਹੈ) । ਇਸੇ ਤਰ੍ਹਾਂ ਸਾਕਤ ਮਨੁੱਖ ਭਰਿਸ਼ਟੇ ਥਾਵਾਂ ਤੇ ਤੁਰਿਆ ਫਿਰਦਾ ਹੈ । ਸਿਮਰਨ ਤੋਂ ਬਿਨਾ ਸਾਕਤ ਮਨੁੱਖ ਹਲਕੇ ਕੁੱਤੇ ਵਾਂਗ ਹੁੰਦਾ ਹੈ (ਜੋ ਆਪਣੇ ਮਾਲਕ ਨੂੰ ਵੀ ਨਹੀਂ ਬਖ਼ਸ਼ਦਾ) । ਲੋਭੀ ਸਾਕਤ ਨੂੰ ਸੰਤੋਖ ਰੂਪੀ ਬੰਨ ਨਹੀਂ ਪੈਂਦਾ । ਸਾਕਤ ਮਨੁੱਖ ਸਿਮਰਨ ਤੋਂ ਬਿਨਾ ਆਪਣੀ ਆਤਮਾ ਨੂੰ ਮਾਰ ਲੈਂਦਾ ਹੈ । ਉਹ ਨੀਚ ਕੰਮ ਕਰਦਾ ਹੈ, ਉਸ ਦੀ ਨਾ ਹੀ ਉੱਚੀ ਕੁਲ ਰਹਿ ਜਾਂਦੀ ਹੈ ਨਾ ਹੀ ਉੱਚੀ ਜਾਤਿ । "ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥5॥ ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥ 6॥ ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥7॥ ਅੰਗ 239" । ਸਤਿਗੁਰੂ ਅਰਜਨ ਦੇਵ ਜੀ ਦਾ 239 ਅੰਗ ਤੇ ਸਾਕਤ ਤੇ ਇਹ ਇਕ ਸੁੰਦਰ ਸ਼ਬਦ ਹੈ। ਜੋ ਕੁਝ ਦਿੱਸ ਰਿਹਾ ਹੈ, ਉਹ ਨਾਲ਼ ਨਹੀਂ ਜਾਂਦਾ । ਪਰ ਮੂਰਖ ਸਾਕਤ ਮਨੁੱਖ ਦ੍ਰਿਸ਼ਟਮਾਨ ਵਿਚ ਫਸ ਕੇ ਖ਼ੁਆਰ ਹੋ ਕੇ ਮਰਦਾ ਹੈ । "ਜੋ ਦੀਸੈ ਸੋ ਸੰਗਿ ਨ ਗਇਓ॥ ਸਾਕਤੁ ਮੂੜੁ ਲਗੇ ਪਚਿ ਮੁਇਓ॥2॥ ਅੰਗ 241" । ਝੂਰਦਾ ਝੂਰਦਾ ਸਾਕਤ ਮਰ ਜਾਂਦਾ ਹੈ, ਜਿਸਦੇ ਹਿਰਦੇ ਵਿਚ (ਪ੍ਰਭੂ ਤੋਂ ਬਿਨਾ) ਦੂਜੇ (ਮਾਇਆ) ਦਾ ਪਿਆਰ ਹੁੰਦਾ ਹੈ । "ਝੂਰਤ ਝੂਰਤ ਸਾਕਤ ਮੂਆ ॥ ਜਾ ਕੈ ਰਿਦੈ ਹੋਤ ਭਾਉ ਬੀਆ ॥ ਅੰਗ 255" । (ਸਾਕਤ) ਜਿੰਨਾ ਚਿਰ ਜੀਊਂਦਾ ਰਿਹਾ ਰੱਬ ਨੂੰ ਯਾਦ ਨਾ ਕੀਤਾ, ਮਰ ਕੇ ਮਿੱਟੀ ਵਿਚ ਰਲ ਗਿਆ । ਸਾਕਤ ਪੁਰਸ਼ਾਂ ਨੇ ਆਪਣਾ ਜਨਮ ਵਿਅਰਥ ਅਕਾਰਥ ਗਵਾ ਲਿਆ, ਉਹ ਝੂਰ ਝੂਰ ਕੇ ਮਰ ਗਏ । ਹਿਰਦੇ-ਘਰ ਵਿਚ ਕੀਮਤੀ ਨਾਮ-ਰਤਨ ਹੁੰਦਿਆਂ ਭੀ ਉਹ ਬਦ-ਨਸੀਬ ਭੁੱਖੇ (ਤ੍ਰਿਸ਼ਨਾ 'ਚ) ਰਹੇ, ਤੇ ਪ੍ਰਭੂ ਤੋਂ ਦੂਰ ਰਹੇ । "ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥ ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥ ਅੰਗ 574"।

ਜਿਨ੍ਹਾਂ ਨੂੰ ਪ੍ਰਭੂ ਨੇ ਸਾਕਤ ਬਣਾਇਆ ਹੈ, ਕਾਲ ਚੱਕ੍ਰ ਉਹਨਾਂ ਨੂੰ ਗ੍ਰਸਦਾ ਹੈ । ਉਹਨਾਂ ਨੇ ਵਿਆਪਕ ਪ੍ਰਭੂ ਨੂੰ ਨਹੀਂ ਪਛਾਣਿਆ ਤੇ ਉਹ ਅਨੇਕਾਂ ਜੂਨਾਂ ਵਿਚ ਜੰਮਦੇ ਮਰਦੇ ਰਹਿੰਦੇ ਹਨ । "ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥ ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥ ਅੰਗ 254" ।

ਹੇ ਨਾਨਕ! ਸਾਕਤ (ਮਾਇਆਧਾਰੀ ਜੀਵ) ਮਾਇਆ ਦੀ ਖ਼ਾਤਰ ਕਈ ਤਰ੍ਹਾਂ ਦੀ ਘਾਲਣਾ ਘਾਲਦੇ ਹਨ, ਪਰ ਰੱਜਦੇ ਨਹੀਂ, ਤ੍ਰਿਸ਼ਨਾ ਮੁੱਕਦੀ ਨਹੀਂ । ਮਾਇਆ ਜੋੜ ਜੋੜ ਕੇ ਸਾਕਤ ਮਰ ਜਾਂਦੇ ਹਨ; ਮਾਇਆ ਨਾਲ ਨਹੀਂ ਨਿਭਦੀ । "ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥਿ ॥1॥ ਅੰਗ 257" । ਜਿੱਦਾਂ ਪਾਣੀ ਤੋਂ ਬਿਨਾ ਮੱਛੀ (ਤੜਫਦੀ) ਹੈ, ਓਦਾਂ ਹੀ ਸਾਕਤ ਜੀਵ ਮਾਇਆ ਦੀ ਪਿਆਸ (ਤ੍ਰਿਸ਼ਨਾ) ਵਿਚ ਮਰ ਜਾਂਦਾ ਹੈ । "ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ ਅੰਗ 597" । ਸਾਕਤ ਮਨੁੱਖ ਮਾਇਆ ਦੇ ਮੋਹ ਵਿਚ ਬੱਝੇ ਰਹਿੰਦੇ ਹਨ । ਉਹ ਜ਼ੋਰ ਲਾ ਕੇ ਜ਼ਹਿਰ ਰੂਪੀ ਮਾਇਆ ਇਕੱਠੀ ਕਰਦੇ ਹਨ । ਉਹ ਮਾਇਆ ਨੂੰ ਪਰਮਾਰਥ ਦੇ ਰਸਤੇ ਤੇ ਖ਼ਰਚ ਨਹੀਂ ਸਕਦੇ, ਤੇ ਉਹ ਸਿਰ ਉਤੇ ਜਮ ਦੀ ਪੀੜਾ ਸਹਾਰਦੇ ਹਨ । "ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀਰਾ॥ ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥2॥ ਅੰਗ 681" । ਸਾਕਤ ਮਨੁੱਖਾਂ ਨੇ ਪਾਪ ਕਰਮ ਕਰ ਕੇ ਜ਼ਹਿਰ ਰੂਪੀ ਮਾਇਆ-ਧਨ ਜਮ੍ਹਾਂ ਕੀਤਾ, ਪਰ ਮਰਨ ਉਪਰੰਤ ਇਹ ਧਨ ਇਕ ਕਦਮ ਭੀ ਉਹਨਾਂ ਦੇ ਨਾਲ ਨਹੀਂ ਜਾਂਦਾ । ਉਹ ਇਸ ਲੋਕ ਵਿਚ ਦੁਖੀ ਰਹੇ, ਮਰਨ ਵੇਲੇ ਇਹ ਧਨ ਹੱਥੋਂ ਖਿਸਕ ਗਿਆ, ਅੱਗੇ ਪਰਲੋਕ ਵਿਚ ਉਹਨਾਂ ਨੂੰ ਪ੍ਰਭੂ ਦੇ ਦਰਬਾਰ ਵਿਚ ਕੋਈ ਆਸਰਾ ਨਹੀਂ ਮਿਲਦਾ । "ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ॥ ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥5॥ ਅੰਗ 734" । ਮੂਰਖ ਸਾਕਤ ਮਨੁੱਖ ਮਾਇਆ (ਦੇ ਮੋਹ) ਵਿਚ ਬੱਝੇ ਰਹਿੰਦੇ ਹਨ, ਅਤੇ ਮਾਇਆ ਵਿਚ ਹੀ ਸਦਾ ਭਟਕਦੇ ਰਹਿੰਦੇ ਹਨ । ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੱਝੇ ਹੋਏ ਉਹ ਮਨੁੱਖ ਤ੍ਰਿਸ਼ਨਾ (ਦੀ ਅੱਗ) ਵਿਚ ਸੜਦੇ ਰਹਿੰਦੇ ਹਨ ਅਤੇ (ਜਨਮ ਮਰਨ ਦੇ ਗੇੜ ਵਿਚ) ਭੌਂਦੇ ਰਹਿੰਦੇ ਹਨ, ਜਿੱਦਾਂ ਤੇਲੀਆਂ ਦੇ ਬਲਦ ਕੋਹਲੂ ਦੁਆਲੇ ਭੌਂਦੇ ਰਹਿੰਦੇ ਹਨ । "ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥ ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥2॥ ਅੰਗ 800" । ਸਾਕਤ ਮਨੁੱਖ ਹਰ ਵੇਲੇ ਤ੍ਰਿਸ਼ਨਾ ਦੇ ਮਾਰੇ ਹੋਏ ਰਹਿੰਦੇ ਹਨ, ਤੇ ਅਵੈੜੇ ਜਮਰਾਜ ਦੇ ਦਰ ਤੇ ਖਲੋਤੇ (ਕਸ਼ਟ ਸਹਾਰਦੇ) ਰਹਿੰਦੇ ਹਨ । "ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ॥6॥ ਅੰਗ 981" । ਧਰਤੀ ਦੇ ਆਸਰੇ ਪ੍ਰਭੂ ਦਾ ਨਾਮ ਸਭ ਜੀਵਾਂ ਦੇ ਅੰਦਰ ਮੌਜੂਦ ਹੈ, ਪਰ ਸਾਕਤ ਅਹੰਕਾਰੀ ਮਨੁੱਖਾਂ ਨੂੰ ਉਹ ਦੂਰ ਜਾਪਦਾ ਹੈ । ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਸਾਕਤ ਮਨੁੱਖ ਕਦੇ (ਇਸ ਭੇਤ ਨੂੰ) ਨਹੀਂ ਸਮਝਦੇ, ਉਹ ਮਨੁੱਖਾ-ਜੀਵਨ ਦੀ ਬਾਜ਼ੀ ਜੂਏ 'ਚ ਹਾਰ ਦਿੰਦੇ ਹਨ । "ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥ ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥3॥ ਅੰਗ 1198" । ਸਾਕਤ ਮਨੁੱਖ ਸਦਾ (ਤ੍ਰਿਸ਼ਨਾ ਕਰਕੇ) ਭੁੱਖੇ ਰਹਿੰਦੇ ਹਨ, ਉਹ ਹਰ ਰੋਜ਼ (ਮਾਇਆ ਦੀ) ਥੁੜ ਹੈ, ਮਾਇਆ ਦੀ ਕਮੀ ਹੈ, ਹੀ ਕਰਦੇ ਰਹਿੰਦੇ ਹਨ । "ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ ॥ ਅੰਗ 1323" ।

ਮੂਰਖ ਤੇ ਅਗਿਆਨੀ ਸਾਕਤ ਆਦਮੀ ਦੀ ਜ਼ਿੰਦਗੀ ਮੈਂ ਮੈਂ ਕਰਦਿਆਂ (ਵਿਅਰਥ) ਗੁਜ਼ਰ ਜਾਂਦੀ ਹੈ । "ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥ ਅੰਗ 260", "ਬਿਰਥੀ ਸਾਕਤ ਕੀ ਆਰਜਾ ॥ ਅੰਗ 269" । ਅਤੇ, "ਮਿਥਿਆ ਜਨਮੁ ਸਾਕਤ ਸੰਸਾਰਾ ॥ ਅੰਗ 354" ॥ ਮੂਰਖ ਸਾਕਤ ਦੇ ਹਿਰਦੇ 'ਚ ਹਉਮੈ ਸੰਯੁਕਤ ਵਿਕਾਰੀ ਬੁੱਧੀ ਹੁੰਦੀ ਹੈ, ਜਿਸ ਕਰਕੇ ਉਹ ਬਹਿਸ ਮੁਬਾਸਿਆਂ 'ਚ ਪੈਂਦਾ ਹੈ । "ਝਗਰੁ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥ ਅੰਗ 260" ।

ਚਲਦਾ...


**ਪੰਜਾਬ ਟਾਈਮਜ਼**

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐


**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।**

NAME........................................................................
ADDRESS....................................................................
..........................................POST CODE..............................
TEL...........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
**or call on / WHATSAPP NO : 07966 388 388**
*www.panjabtimes.uk Email: Panjabtimes@aol.com*


# ਭਾਰਤੀ ਮੂਲ ਦੀ ਵਿਦਿਆਰਥਣ ਨੇ ਸਾਇੰਸ ਮੁਕਾਬਲੇ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ



ਸੈਕਰਾਮੈਂਟੋ, ਕੈਲੀਫੋਰਨੀਆ-ਕੈਲੀਫੋਰਨੀਆ ਹਾਈ ਸਕੂਲ ਦੀ ਨੌਂਵੀ ਦੀ ਵਿਦਿਆਰਥਣ ਭਾਰਤੀ ਮੂਲ ਦੀ ਯੁਕਤਾ ਪੰਡਿਤ ਨੇ 2026 ਰੀਜੇਨੇਰਨ ਇੰਟਰਨੈਸ਼ਨਲ ਸਾਇੰਸ ਐਂਡ ਇੰਜੀਨੀਅਰਿੰਗ ਫੇਅਰ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਫੀਨਿਕਸ ਵਿੱਚ ਆਯੋਜਿਤ ਇਸ ਮੁਕਾਬਲੇ ਵਿੱਚ ਨੌਂਵੀਂ ਤੋਂ ਬਾਰਵੀਂ ਕਲਾਸ ਦੇ 60 ਤੋਂ ਵੱਧ ਦੇਸ਼ਾਂ, ਖੇਤਰਾਂ ਅਤੇ ਪ੍ਰਦੇਸ਼ਾਂ ਦੇ ਲਗਭਗ 1,800 ਨੌਜਵਾਨ ਵਿਗਿਆਨੀ ਅਤੇ ਨਵੀਨਤਾਕਾਰੀ ਸ਼ਾਮਲ ਹੋਏ। ਪੰਡਿਤ ਨੇ ਕੰਪਿਊਟੇਸ਼ਨਲ ਬਾਇਓਲੋਜੀ ਅਤੇ ਬਾਇਓਇਨਫਾਰਮੈਟਿਕਸ ਸ਼੍ਰੇਣੀ ਵਿੱਚ ਹਿੱਸਾ ਲਿਆ ਤੇ ਤੀਸਰਾ ਸਥਾਨ ਪ੍ਰਾਪਤ ਕਰਕੇ 1200 ਪੌਂਡ ਦਾ ਪੁਰਸਕਾਰ ਜਿੱਤਿਆ। ਇਸ ਪ੍ਰੋਗਰਾਮ ਨੂੰ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਪਲੇਟਫਾਰਮ ਵਜੋਂ ਮਾਨਤਾ ਪ੍ਰਾਪਤ ਹੈ।

# ਦਰਵੇਸ਼ ਸਿਆਸਤਦਾਨ - ਗਿਆਨੀ ਕਰਤਾਰ ਸਿੰਘ ਨੂੰ ਯਾਦ ਕਰਦਿਆਂ

**10 ਜੂਨ ਬਰਸੀ 'ਤੇ ਵਿਸ਼ੇਸ਼**


- ਲੇਖਕ -
ਭਗਵਾਨ ਸਿੰਘ ਜੌਹਲ




Email:bhagwansinghjohal@gmail.com


ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਕਾਰਜ ਹੈ। ਅਜਿਹੇ ਬਹੁਤ ਵਿਰਲੇ ਇਨਸਾਨ ਮਿਲਣਗੇ, ਜਿਨ੍ਹਾਂ ਸਮੁੱਚਾ ਜੀਵਨ ਹੀ ਲੋਕ ਸੇਵਾ ਨੂੰ ਸਮਰਪਿਤ ਕੀਤਾ ਹੋਵੇ। ਅਜੋਕੇ ਸਮੇਂ ਵਿੱਚ ਅਜਿਹੇ ਇਨਸਾਨ ਲੱਭਿਆਂ ਵੀ ਨਹੀਂ ਮਿਲਦੇ। ਸਮੁੱਚਾ ਜੀਵਨ ਕੌਮੀ ਹਿੱਤਾਂ ਨੂੰ ਸਮਰਪਿਤ ਕਰਨ ਵਾਲੇ, ਸਹੀ ਅਰਥਾਂ ਵਿੱਚ ਦਰਵੇਸ਼ ਸਿਆਸਤਦਾਨ ਸਨ, ਗਿਆਨੀ ਕਰਤਾਰ ਸਿੰਘ। ਤਾਅ ਜ਼ਿੰਦਗੀ ਨਾ ਕਿਸੇ ਅਹੁਦੇ ਦੀ ਇੱਛਾ ਰੱਖੀ ਅਤੇ ਨਾ ਹੀ ਕੋਈ ਜਾਇਦਾਦ ਬਣਾਈ। 20ਵੀਂ ਸਦੀ ਦੀ ਰਾਜਨੀਤੀ ਵਿੱਚ ਕੌਮ ਦਾ ਦਿਮਾਗ ਸਮਝੇ ਜਾਣ ਵਾਲੇ ਗਿਆਨੀ ਕਰਤਾਰ ਸਿੰਘ ਦਾ ਜਨਮ 20 ਫ਼ਰਵਰੀ, 1902 ਈ: ਨੂੰ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰ: 40 ਕੰਗ ਬ੍ਰਾਂਚ (ਲਹਿੰਦਾ ਪੰਜਾਬ) ਪਿਤਾ ਸ. ਭਗਤ ਸਿੰਘ ਅਤੇ ਮਾਤਾ ਜਿਓ ਦੇ ਗ੍ਰਹਿ ਵਿਖੇ ਹੋਇਆ। ਉਸ ਸਮੇਂ ਸਿੱਖਿਆ ਦਾ ਪਾਸਾਰ ਹੁਣ ਵਾਂਗ ਨਹੀਂ ਸੀ ਹੋਇਆ। ਮੁੱਢਲੀ ਸਿੱਖਿਆ ਅਤੇ ਅੱਖਰ ਗਿਆਨ ਧਾਰਮਿਕ ਅਸਥਾਨਾਂ 'ਤੇ ਹੁੰਦਾ ਸੀ। ਗਿਆਨੀ ਜੀ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਹੀ ਸ਼ੁਰੂ ਕੀਤੀ। ਇਸ ਤੋਂ ਪਿੱਛੋਂ ਫਿਰ ਚੱਕ ਨੰ: 41 ਦੇ ਖ਼ਾਲਸਾ ਹਾਈ ਸਕੂਲ ਵਿੱਚ ਦਾਖਲਾ ਪ੍ਰਾਪਤ ਕੀਤਾ। ਇਸੇ ਸਕੂਲ ਵਿੱਚੋਂ 1921 ਈ: ਵਿੱਚ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਬਾਅਦ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲ ਤਾਂ ਹੋ ਗਏ, ਅਜੇ ਐਫ.ਏ. ਹੀ ਕਰਦੇ ਸਨ, ਅਚਾਨਕ ਬੀਮਾਰੀ ਨੇ ਘੇਰ ਲਿਆ, ਬੀਮਾਰੀ ਦੀ ਹਾਲਤ ਵਿੱਚ ਕਾਲਜ ਛੱਡਣਾ ਪਿਆ। ਪੜ੍ਹਾਈ ਦੀ ਰੁਚੀ ਰੱਖਣ ਦੀ ਲੋਚਾ ਮਨ ਵਿੱਚ ਹੀ ਰਹਿ ਗਈ।

ਗਿਆਨੀ ਜੀ ਦੇ ਘਰ ਦਾ ਮਾਹੌਲ ਧਾਰਮਿਕ ਹੋਣ ਕਰਕੇ ਗੁਰਬਾਣੀ ਕੀਰਤਨ ਨਾਲ ਵਿਸ਼ੇਸ਼ ਲਗਾਅ ਰੱਖਦੇ ਸਨ। ਅਜਿਹੀ ਧਾਰਮਿਕ ਰੁਚੀ ਹੋਣ ਕਾਰਨ ਅਤੇ ਸਿੱਖ ਇਤਿਹਾਸ ਨੂੰ ਜਾਨਣ ਦੀ ਉਤਸੁੱਕ-ਤਾ ਕਾਰਨ ਲੋਕਾਂ ਵੱਲੋਂ (ਗਿਆਨੀ) ਸ਼ਬਦ ਨਾਲ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਅੰਤ ਸਮੇਂ ਤੱਕ ਇਹੋ ਸ਼ਬਦ ਆਪ ਦੇ ਨਾਂਅ ਨਾਲ ਜੁੜਿਆ ਰਿਹਾ। 1925 ਈ: ਵਿੱਚ ਗੁਰਦੁਆਰਾ ਲਹਿਰ ਸਿਖਰ ਦੇ ਦਿਨਾਂ ਵਿੱਚ ਸੀ, ਇਸੇ ਸਾਲ ਗੁਰਦੁਆਰਾ ਐਕਟ ਭਾਰਤ ਦੀ ਅੰਗ੍ਰੇਜ਼ ਹਕੂਮਤ ਵੱਲੋਂ ਲਾਗੂ ਕੀਤਾ ਗਿਆ। ਉਸ ਸਮੇਂ ਪੰਜਾਬ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਉਸ ਸਮੇਂ ਦੇ ਪੰਜਾਬ ਵਿੱਚ ਪਾਕਿਸਤਾਨ ਵਿੱਚ ਵੱਸਦਾ ਲਹਿੰਦਾ ਪੰਜਾਬ, ਮੌਜੂਦਾ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿੱਚ ਸ਼ਾਮਿਲ ਪੁਰਾਣੇ ਪੰਜਾਬ ਦੇ ਗੁਰਦੁਆਰਾ ਸਾਹਿਬਾਨ ਵੀ ਸ਼ਾਮਿਲ ਸਨ। ਗਿਆਨੀ ਜੀ ਧਾਰਮਿਕ ਵਿਚਾਰਾਂ ਵਿੱਚ ਪ੍ਰਪੱਕਤਾ ਹੋਣ ਕਾਰਨ 1926 ਈ: ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਗਿਆਨੀ ਕਰਤਾਰ ਸਿੰਘ ਮੈਂਬਰ ਚੁਣ ਲਏ ਗਏ। ਇਸ ਤੋਂ ਅਗਲੇ ਵਰ੍ਹੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਚੁਣ ਲਏ ਗਏ। ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ। 30 ਅਕਤੂਬਰ, 1928 ਈ: ਨੂੰ ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਸਾਈਮਨ ਕਮਿਸ਼ਨ ਪ੍ਰਤੀ ਰੋਸ ਪ੍ਰਗਟ ਕੀਤਾ। ਇਸ ਤੋਂ ਬਾਅਦ 1930-31 ਵਿੱਚ ਚੱਲੇ ਨਾਫ਼ੁਰਮਾਨੀ ਅੰਦੋਲਨ ਵਿੱਚ ਹਿੱਸਾ ਲੈਣ ਕਾਰਨ ਇਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ।

ਕੌਮੀ ਦਰਦ ਦੀ ਚੀਸ ਹਰ ਸਮੇਂ ਹਿਰਦੇ ਵਿੱਚ ਕਾਇਮ ਰਹੀ। ਉਨ੍ਹਾਂ ਦੀ ਇਕੋ-ਇਕ ਖਾਹਿਸ਼ ਸੀ, ਸਾਡੇ ਸਿਆਸਤਦਾਨ ਸੱਚੇ-ਸੁੱਚੇ ਦੇਸ਼ ਭਗਤਾਂ ਵਾਂਗ ਆਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ। ਉਹ ਹਮੇਸ਼ਾਂ ਕਹਿੰਦੇ ਸਨ, ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਦੇਸ਼ ਨੂੰ ਗੁਲਾਮੀ ਤੋਂ ਛੁਟਕਾਰਾ ਮਿਲ ਸਕਦਾ। 1937 ਈ: ਵਿੱਚ ਸਾਂਝੇ ਪੰਜਾਬ ਦੀ ਵਿਧਾਨ ਸਭਾ ਦੀ ਚੋਣ ਹੋਈ। ਉਨ੍ਹਾਂ ਇਹ ਚੋਣ ਸਮੁੰਦਰੀ ਜੜ੍ਹਵਾਲਾ (ਲਹਿੰਦਾ ਪੰਜਾਬ) ਦੇ ਵਿਧਾਨ ਸਭਾ ਹਲਕਾ ਤੋਂ ਲੜੀ। ਇਸ ਚੋਣ ਵਿੱਚ ਇਸ ਹਲਕੇ ਤੋਂ ਵਿਧਾਨ ਸਭਾ ਮੈਂਬਰ ਚੁਣੇ ਗਏ। 1943 ਈ: ਵਿੱਚ ਉਨ੍ਹਾਂ ਪੰਜਾਬੀਆਂ ਦੇ ਦਰਦ ਨੂੰ ਸਮਝਦਿਆਂ ਅਜ਼ਾਦ ਪੰਜਾਬ ਬਣਾਉਣ ਦਾ ਵਿਚਾਰ ਪੇਸ਼ ਕੀਤਾ। ਉਨ੍ਹਾਂ ਦਾ ਵਿਚਾਰ ਸੀ, ਦੇਸ਼ ਦੀ ਆਜ਼ਾਦੀ ਦੀ ਲੜਾਈ ਜਿਹੜੀ ਉਸ ਸਮੇਂ ਸਿਖਰ 'ਤੇ ਸੀ,



ਗਿਆਨੀ ਕਰਤਾਰ ਸਿੰਘ

ਉਸ ਵਿੱਚ ਪੰਜਾਬੀ ਆਪਣਾ ਪੂਰਾ ਯੋਗਦਾਨ ਪਾ ਰਹੇ ਸਨ। ਉਨ੍ਹਾਂ ਨੂੰ ਜਾਪਦਾ ਸੀ ਜੇ ਇਸ ਸੰਘਰਸ਼ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਕੌਮ ਪਛੜ ਗਈ ਤਾਂ ਅਜ਼ਾਦ ਪੰਜਾਬ ਬਣਾਉਣ ਦਾ ਇਹ ਸੁਪਨਾ ਭਵਿੱਖ ਦੇ ਗਰਭ ਵਿੱਚ ਚਲਾ ਜਾਵੇਗਾ। ਉਸ ਸਮੇਂ ਦੂਜਾ ਸੰਸਾਰ ਯੁੱਧ ਚੱਲ ਰਿਹਾ ਸੀ, ਗਿਆਨੀ ਜੀ ਦਾ ਵਿਚਾਰ ਸੀ, ਸੰਸਾਰ ਜੰਗ ਦੀ ਭੱਠੀ ਵਿੱਚ ਲੱਖਾਂ ਸਿੱਖ ਨੌਜਵਾਨਾਂ ਨੂੰ ਬਾਲਣ ਵਜੋਂ ਅੰਗ੍ਰੇਜ਼ੀ ਹਕੂਮਤ ਮੌਤ ਦੇ ਮੂੰਹ ਵਿੱਚ ਧੱਕ ਰਹੀ ਹੈ।

ਇਸ ਤੋਂ ਅਗਲੇ ਸਾਲ 12 ਦਸੰਬਰ, 1944 ਈ: ਵਿੱਚ ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖ ਧਰਮ ਸਰਬੱਤ ਦੇ ਭਲੇ ਦਾ ਸਿਧਾਂਤ ਮੁਤਾਬਿਕ ਕਿਸੇ ਜਾਤ-ਪਾਤ ਵਿੱਚ ਵਿਸ਼ਵਾਸ਼ ਨਹੀਂ ਰੱਖਦਾ, ਸਗੋਂ ਸੰਸਾਰ ਦਾ ਸਰਬ-ਸਾਂਝਾ ਧਰਮ ਹੈ, ਉਨ੍ਹਾਂ ਇਸ ਕੰਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਸਿੱਖ ਕੌਮ ਦਾ ਧਿਆਨ ਇਸ ਪਾਸੇ ਲਾ ਕੇ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਕਥਿਤ ਪਛੜੀਆਂ ਸ਼੍ਰੇਣੀਆਂ ਨੂੰ ਗੁਰਦੁਆਰਾ ਕਮੇਟੀ ਵਿੱਚ ਪ੍ਰਤੀਨਿੱਧਤਾ ਦਿੱਤੀ ਜਾਵੇ।

ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ 1952 ਈ: ਵਿੱਚ ਗਿਆਨੀ ਜੀ ਨੂੰ ਪੰਜਾਬ ਵਿਧਾਨ ਕੌਂਸਿਲ ਦਾ ਮੈਂਬਰ ਬਣਾ ਦਿੱਤਾ ਗਿਆ। ਜਦੋਂ ਪੈਪਸੂ ਦਾ ਇਲਾਕਾ ਪੰਜਾਬ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਗਿਆਨੀ ਜੀ ਦੀ ਸੋਚ ਮੁਤਾਬਿਕ 1956 ਈ: ਵਿੱਚ ਫਿਰ ਗੁਰਦੁਆਰਾ ਐਕਟ ਵਿੱਚ ਸੋਧ ਕਰਵਾਈ ਗਈ। 1957 ਈ: ਦੀ ਪੰਜਾਬ ਵਿਧਾਨ ਸਭਾ ਦੀ ਚੋਣ ਸਮੇਂ ਗਿਆਨੀ ਕਰਤਾਰ ਸਿੰਘ ਫਿਰ ਵਿਧਾਇਕ ਚੁਣੇ ਗਏ। ਮੰਤਰੀ ਮੰਡਲ ਬਣਨ ਸਮੇਂ ਸ. ਪ੍ਰਤਾਪ ਸਿੰਘ ਕੈਰੋਂ ਦੇ ਮੰਤਰੀ ਮੰਡਲ ਵਿੱਚ ਆਪ ਨੂੰ ਪੰਜਾਬ ਦੇ ਮਾਲ ਤੇ ਖੇਤੀਬਾੜੀ ਮੰਤਰੀ ਵਜੋਂ ਸ਼ਾਮਿਲ ਕੀਤਾ ਗਿਆ। 1962 ਈ: ਦੀ ਵਿਧਾਨ ਸਭਾ ਦੀ ਚੋਣ ਸਮੇਂ ਵੀ ਆਪ ਮੁੜ ਵਿਧਾਨਕਾਰ ਚੁਣੇ ਗਏ। 16 ਅਪ੍ਰੈਲ, 1967 ਈ: ਨੂੰ ਆਪ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਦਿੱਤਾ। ਹੁਣ ਸਿਹਤ ਵਿੱਚ ਵਿਗਾੜ ਆਉਣ ਕਾਰਨ ਸਰਗਰਮ ਰਾਜਨੀਤੀ ਤੋਂ ਵੱਖ ਹੋ ਗਏ। ਆਖਰ ਕੁਦਰਤ ਦੇ ਨੇਮ ਮੁਤਾਬਿਕ 10 ਜੂਨ, 1974 ਈ: ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਆਪ ਸਦੀਵੀ ਵਿਛੋੜਾ ਦੇ ਗਏ। ਇਸ ਦਰਵੇਸ਼ ਸਿਆਸਤਦਾਨ ਦੀ ਯਾਦ ਵਿੱਚ ਉਸਾਰੇ ਗਏ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਟਾਂਡਾ (ਹੁਸ਼ਿਆਰਪੁਰ) ਦੀ ਇਮਾਰਤ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਵਾ ਰਹੀ ਹੈ।

# ਘੱਲੂਘਾਰਾ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ





ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਲੈਸਟਰ ਦੇ ਗੁਰਦਾਰਾ ਦਸਮੇਸ ਸਾਹਿਬ ਜਿਪਸੀ ਲੇਨ ਰੋਡ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਜੂਨ 1984 ਦੌਰਾਨ ਵਾਪਰੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪਿੰਡ ਜੁਲਾਹ ਮਾਜਰਾ, ਖਾੜਕੂਵਾਲ ਅਤੇ ਖੋਜਾ ਦੀ ਸਮੂਹ ਸੰਗਤ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ, ਜਿਨ੍ਹਾਂ ਦੇ ਭੋਗ ਪਾਏ ਗਏ। ਇਸ ਮੌਕੇ ਸਜੇ ਦੀਵਾਨਾਂ ਵਿੱਚ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਹਿਆਲਾ, ਭਾਈ ਕੁਲਬੀਰ ਸਿੰਘ, ਭਾਈ ਮਨਵਿੰਦਰ ਸਿੰਘ ਅਤੇ ਪੰਜਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਰਾਗੀ ਜਥਾ ਭਾਈ ਮਨਵਿੰਦਰ ਸਿੰਘ ਜੋਗੇਵਾਲ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਬਜੀਤ ਸੰਘਾ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਘੱਲੂਘਾਰਾ ਦਿਵਸ ਨੂੰ ਸਮਰਪਿਤ ਸਮਾਗਮ 6 ਜੂਨ ਤੱਕ ਰੋਜ਼ਾਨਾ ਸ਼ਾਮ ਸਮੇਂ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ 6 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿੱਚ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਹਿਆਲਾ, ਕਥਾਵਾਚਕ ਗਿਆਨੀ ਮੁਖਤਾਰ ਸਿੰਘ, ਭਾਈ ਕੁਲਵੰਤ ਸਿੰਘ ਬਲਤੂਰਾ (ਇਟਲੀ) ਅਤੇ ਗਿਆਨੀ ਮੱਖਣ ਸਿੰਘ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਅਤੇ ਜੂਨ 1984 ਦੀਆਂ ਘਟਨਾਵਾਂ ਨਾਲ ਜੋੜਨਗੇ। ਇਸ ਮੌਕੇ ਗਿਆਨੀ ਰਣਧੀਰ ਸਿੰਘ ਸੰਭਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਗੁਰਬਾਣੀ ਸ੍ਰਵਣ ਦੇ ਮਹੱਤਵ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸਟੇਜ ਸਕੱਤਰ ਦੀ ਸੇਵਾ ਭਾਈ ਸਰਬਜੀਤ ਸਿੰਘ ਨੇ ਨਿਭਾਈ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ, ਜਿਸ ਵਿੱਚ ਵੱਡੀਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਗੁਰੁ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ–40**

ਸੁਣ ਕੇ ਸਿੱਖਾਂ ਕਿਹਾ,

'ਧੰਨ ਗੁਰੂ ਕੀ ਸਿੱਖੀ!! ਮਹਾਰਾਜ! ਆਪ ਨੇ ਜੋ ਦੱਸਿਆ ਹੈ ਕਿ ਇਹ ਕਾਬੁਲ ਤੋਂ ਆਉਂਦੀ ਜਾਂਦੀ ਹੈ, ਇਹ ਕਿਵੇਂ ਸੰਭਵ ਹੈ'? ਹਜ਼ੂਰ ਨੇ ਬਚਨ ਕੀਤਾ,

'ਭਾਈ! ਇਸ ਵਿਚ ਕੁਝ ਅਸੰਭਵ ਨਹੀਂ। ਜੋ ਮਾਈਆਂ ਆਪਣੇ ਪਤੀ ਨੂੰ ਪਰਮਾਤਮਾ ਕਰ ਕੇ ਮੰਨਦੀਆਂ ਹਨ ਉਹ ਬਹੁਤ ਉੱਚ ਅਵਸਥਾ ਵਾਲੀਆਂ ਹੁੰਦੀਆਂ ਹਨ। ਅਸੀਂ ਪਹਿਲਾਂ ਵੀ ਆਖਿਆ ਕਰਦੇ ਹਾਂ ਕਿ ਜੋ ਬੀਬੀ ਸਦਾ ਆਪਣੇ ਪਤੀ ਦੇ ਸਤਿਕਾਰ ਵਿਚ ਆਗਿਆਕਾਰ ਰਹਿੰਦੀ ਹੈ, ਕਰਤਾਰ ਉਸ ਦੀਆਂ ਝੋਲੀਆਂ ਭਰਪੂਰ ਕਰਦਾ ਹੈ, ਉਸ ਨੂੰ ਹੋਰ ਕੋਈ ਕਰਮ-ਧਰਮ ਕਰਨਾ ਬਾਕੀ ਨਹੀਂ ਰਹਿੰਦਾ। ਪਤੀ ਦੀ ਆਗਿਆਕਾਰ ਅਰ ਭਾਵਨਾ ਸਹਿਤ ਸੇਵਕਾ ਹੋਣ 'ਤੇ ਉਸ ਵਿਚ ਬਾਕੀ ਸਾਰੇ ਸ਼ੁਭ ਗੁਣ ਪ੍ਰਗਟ ਹੋ ਜਾਂਦੇ ਹਨ ਅਰ ਉਹ ਪ੍ਰਵਾਰ ਵਿਚ ਸ੍ਰੇਸ਼ਟ ਕਰ ਕੇ ਜਾਣੀ ਜਾਂਦੀ ਹੈ'।

ਆਸਾ ਮਹਲਾ ੩॥..
ਸੋਹਾਗਣੀ ਆਪਿ ਸਵਾਰੀਓਨੁ
ਲਾਇ ਪ੍ਰੇਮ ਪਿਆਰੁ॥
ਸਤਿਗੁਰ ਕੈ ਭਾਣੈ ਚਲਦੀਆ
ਨਾਮੇ ਸਹਜਿ ਸੀਗਾਰੁ॥2॥
ਸਦਾ ਰਾਵਹਿ ਪਿਰੁ ਆਪਣਾ
ਸਚੀ ਸੇਜ ਸੁਭਾਇ॥
ਪਿਰ ਕੈ ਪ੍ਰੇਮਿ ਮੋਹੀਆ
ਮਿਲਿ ਪ੍ਰੀਤਮ ਸੁਖੁ ਪਾਇ॥3॥
ਗਿਆਨ ਅਪਾਰੁ ਸੀਗਾਰੁ ਹੈ
ਸੋਭਾਵੰਤੀ ਨਾਰਿ॥
ਸਾ ਸਭਰਾਈ ਸੁੰਦਰੀ
ਪਿਰ ਕੈ ਹੇਤਿ ਪਿਆਰਿ॥4॥
ਸੋਹਾਗਣੀ ਵਿਚਿ ਰੰਗੁ ਰਖਿਓਨੁ
ਸਚੈ ਅਲਖਿ ਅਪਾਰਿ॥
ਸਤਿਗੁਰਿ ਸੇਵਨਿ ਆਪਣਾ
ਸਚੈ ਭਾਇ ਪਿਆਰਿ॥5॥
ਗੁ.ਗ੍ਰ.ਸਾ. ਪੰਨਾ 426

ਤਬ ਸਾਹਿਬੋ ਕਿਹਾ– ਕੀ ਇਸ ਕੋ ਅਪਨੇ ਭਰਤੇ ਕੀ ਵਡੀ ਪ੍ਰੀਤ ਹੈ। ਪਰਮੇਸਰ ਕਰਕੇ ਇਸ ਨੇ ਅਪਨੇ ਭਰਤੇ ਕੋ ਸੇਵਾ ਹੈ। ਤਿਸ ਕਰ ਕੇ ਇਆਹ ਇਸ ਪਦ ਕੋ ਪ੍ਰਾਪਤ ਭਈ ਹੈ। ਇਸ ਕਾ ਭਰਤਾ ਗੁਰੂ ਕਾ ਸਿਖ ਹੈ। ਮ.ਪ੍ਰ.ਵਾਰਤਕ

ਸੁਣ ਕੇ ਸਭਨਾਂ ਸੀਸ ਨਿਵਾਇਆ।

ਪੰਚਮ ਪਾਤਸ਼ਾਹ ਜੀ ਦਾ ਏਸ ਸਿਧੀ ਬਾਰੇ ਕਥਨ ਹੈ:

ਪਰਮਾਣੋ ਪਰਜੰਤ ਆਕਾਸਹ
ਦੀਪ ਲੋਅ ਸਿਖੰਡਣਹ॥
ਗਛੇਣ ਨੈਣ ਭਾਰੇਣ ਨਾਨਕ
ਬਿਨਾ ਸਾਧੂ ਨ ਸਿਧ੍ਯ ਤੇ॥2॥
ਗੁ.ਗ੍ਰ.ਸਾ. ਪੰਨਾ 1360

**ਹੋਰ ਇਤਿਹਾਸਕ ਹਵਾਲੇ:**

ਦੋਹਰਾ॥
ਮਾਈ ਏਕ ਕਾਬਲ ਰਹੇ
ਸ੍ਰੀ ਸਤਿਗੁਰ ਕੀ ਸਿਖ।



ਬਾਉਲੀ ਸਾਹਿਬ ਸ੍ਰੀ ਗੋਇੰਦਵਾਲ

ਦਿਵਸ ਬਾਵਲੀ ਕਾਰ
ਨਿਸ ਹੋਇ ਲੋਪ ਨ ਦਿਖ।1॥
ਬਡੀ ਸਿਧ ਤਾ ਕੋ ਭਈ
ਜਹ ਚਾਹੇ ਤਹ ਜਾਇ।
ਪੁਤ੍ਰ ਪਾਲਨੇ ਡਾਰ ਕੇ
ਕਰੈ ਟਹਲ ਈਹਾ ਆਇ।11॥
ਤਬ ਬੋਲੇ ਗੁਰ ਦੀਨ ਦਿਆਲ।
ਇਹ ਪਤਿ ਸੇਵਕ ਅਰ ਭਗਤ ਬਿਸਾਲ।8॥
ਭਰਤਾ ਕੋ ਪਰਮੇਸਰ ਜਾਨੇ।
ਵਹ ਮੇਰਾ ਸਿਖ ਹਿਰਦੇ ਮੁਹਿ ਠਾਨੇ।..
ਤਾ ਤੇ ਸਿਧ ਅਵਸਥਾ ਪਾਈ।
ਗ੍ਰਿਹਸਤ ਮਾਹਿ ਦ੍ਰਿੜ ਭਗਤਿ ਕਮਾਈ।
ਇਸ ਸਮਾਨ ਪਤੀਬ੍ਰਤ ਨ ਕੋਇ।
ਗੁਰ-ਧਿਆਨੀ ਭਗਤੀ ਬਪੁ ਸੋਇ।14॥
ਮ.ਪ੍ਰ.

'ਇਮਿ ਪਤੀਬ੍ਰਤਾ ਮਹਿੰ ਬਹੁ ਬਲ ਹੈ।('ਇਉਂ ਪਤੀਬ੍ਰਤਾ ਵਿਚ ਬਹੁਤ ਸ਼ਕਤੀ ਹੈ)
ਧਰੇ ਸ਼ਕਤਿ ਗਮਨੇ ਸਭ ਥਲ ਹੈ।(ਇਸ ਸ਼ਕਤੀ ਨਾਲ ਉਹ ਕਿਤੇ ਵੀ ਜਾ ਆ ਸਕਦੀ ਹੈ)
ਯਾਂ ਤੇ ਕਾਬਲ ਤੇ ਚਲਿ ਆਈ।
(ਇਸ ਤਰਹ ਇਹ ਕਾਬੁਲ ਤੋਂ ਆਈ ਹੈ)
ਇਕ ਪਤੀਬ੍ਰਤ, ਪੁਨ ਸੇਵ ਕਮਾਈ।44॥
(ਇਕ ਇਹ ਪਤੀਬ੍ਰਤਾ ਹੈ ਫਿਰ ਪਤੀ ਦੀ ਸੇਵਾ ਕਰਦੀ ਹੈ)
ਸਤਿਗੁਰ ਧਿਆਨ ਧਰਹਿ ਦਿਨ ਰੈਨ।
(ਸਤਿਗੁਰਾਂ ਦਾ ਸਦਾ ਧਿਆਨ ਧਰਦੀ ਹੈ)
ਭਈ ਅਧਿਕ ਸ਼ਕਤਿਗਨ ਐਨ।
(ਬਹੁਤ ਬਲ ਵਾਲੀ ਹੋ ਗਈ ਹੈ)
ਗ੍ਰਸਤਿ ਬਿਖੈ ਜੇ ਭਗਤਿ ਕਰੰਤੇ।
(ਜੋ ਗ੍ਰਿਹਸਤ ਵਿਚ ਭਗਤੀ ਕਰਦੇ ਹਨ)
ਗੁਰ ਸੇਵਹਿੰ ਪ੍ਰਭ ਕੋ ਸਿਮਰੰਤੇ।45॥ (ਗੁਰੂ ਕੀ ਸੇਵਾ ਤੇ ਪ੍ਰਭੂ ਦਾ ਸਿਮਰਨ ਕਰਦੇ ਹਨ)
ਤਿਨ ਸਮਾਨ ਦੂਸਰ ਨਹਿੰ ਹੋਇ'। (ਉਨ੍ਹਾਂ ਵਰਗਾ ਹੋਰ ਕੋਈ ਦੂਜਾ ਨਹੀਂ')
ਸੁਨ ਗੁਰ ਤੇ ਹਰਖੇ ਸਭ ਕੋਇ। ..46॥55॥ ਰੁਤ 1 (ਇਹ ਸੁਣ ਕੇ ਸਭਨਾਂ ਨੂੰ ਖ਼ੁਸ਼ੀ ਹੋਈ)

ਗੁਰੂ ਕੀ ਹਵੇਲੀ, ਗੋਇੰਦਵਾਲ ਸਾਹਿਬ ਵਿਖੇ ਜਿਨ੍ਹਾਂ 22 ਮੰਜੀਦਾਰ ਗੁਰਸਿੱਖਾਂ ਦੇ ਇਕ ਤਖ਼ਤੀ 'ਤੇ ਨਾਂ ਉਕਰੇ ਹੋਏ ਹਨ, ਉਨ੍ਹਾਂ ਦੇ ਆਧਾਰ 'ਤੇ ਮੰਨਿਆ ਜਾਂਦਾ ਹੈ ਕਿ ਇਸ ਮਾਈ ਦਾ ਸ਼ੁਭ ਨਾਂ ਮਾਈ ਸੇਵਾ ਸੀ ਜਿਸਨੂੰ ਗੁਰੂ ਅਮਰਦਾਸ ਸਾਹਿਬ ਜੀ ਨੇ ਮੰਜੀ ਬਖ਼ਸ਼ ਕੇ ਕਾਬੁਲ ਦੀ ਪ੍ਰਚਾਰਕ ਥਾਪਿਆ।

**ਸੰਗਤਿ ਮੋ ਬਿਨ ਦੂਸਰ ਨਾਂਹੀ**

ਇਕ ਦਿਨ ਦੀ ਵਾਰਤਾ ਹੈ ਕਿ ਭਾਈ ਬੁੱਢਾ ਜੀ ਨੇ ਗੁਰੂ ਸਾਹਿਬ ਕੋਲ ਇੱਛਾ ਪਰਗਟ ਕੀਤੀ ਕਿ ਪਾਤਸ਼ਾਹ ਜੀ ਮੇਰੇ ਮਨ ਵਿਚ ਆਇਆ ਹੈ ਕਿ ਲੰਗਰ ਵਿਚ ਵੀ ਕੇਵਲ ਉਹੀ ਕੁਝ ਵਰਤਣਾ ਚਾਹੀਦਾ ਹੈ ਜੋ ਆਪ ਜੀ ਨੂੰ ਚੰਗਾ ਲਗਦਾ ਹੋਵੇ।ਜੇ ਆਪ ਜੀ ਨੂੰ ਓਗਰਾ (ਬਾਥੂ ਜੇਹਾ ਇਕ ਪ੍ਰਕਾਰ ਦਾ ਜੰਗਲੀ ਅੰਨ ਜੋ ਅਕਸਰ ਰੁੱਖਾ ਅਰ ਅਲੂਣਾ ਹੁੰਦਾ ਹੈ) ਹੀ ਭਾਉਂਦਾ ਹੈ ਤਾਂ ਗੁਰਸਿਖਾਂ ਲਈ ਵੀ ਓਹੀ ਵਰਤੇ ਜਦ ਕਿ ਗੁਰਸਿੱਖਾਂ ਲਈ ਤਾਂ ਕਈ ਪ੍ਰਕਾਰ ਦੇ ਪਕਵਾਨ ਬਣਦੇ ਹਨ। ਸੁਣ ਕੇ ਪਾਤਸ਼ਾਹ ਜੀ ਨੇ ਕਿਹਾ,

'ਬੁੱਢਿਆ! ਗੁਰਸਿੱਖਾਂ ਅਰ ਸਾਡੇ ਵਿਚ ਕੋਈ ਭੇਦ ਨਹੀਂ ਜੋ ਸਿੱਖ ਛਕਦੇ ਹਨ, ਜਾਣੋ, ਓਹ ਅਸੀਂ ਹੀ ਛਕ ਰਹੇ ਹਾਂ। ਓਗਰਾ ਖਾਣ ਨਾਲ ਸਾਨੂੰ ਲੰਮਾ ਸਮਾਂ ਬੈਠਣਾ ਸੌਖਾ ਰਹਿੰਦਾ ਹੈ, ਉਂਜ ਵੀ ਅਸੀਂ ਹੁਣ ਕਿਹੜੀ ਕੋਈ ਮੁਸ਼ੱਕਤ ਵਾਲੀ ਸੇਵਾ ਕਰਦੇ ਹਾਂ'।

'ਜੀ'। ਏਨਾ ਕਹਿ ਕੇ ਭਾਈ ਜੀ ਨੇ ਗੁਰੂ ਸਾਹਿਬ ਸਨਮੁਖ ਸੀਸ ਨਿਵਾ ਦਿੱਤਾ।

ਦੀਵਾਨ ਦੀ ਸਮਾਪਤੀ 'ਤੇ ਹਜ਼ੂਰ ਲੰਗਰ ਛਕਣ ਪੰਗਤ ਵਿਚ ਆ ਕੇ ਬੈਠੇ ਤਾਂ ਭਾਈ ਬੱਲੂ ਜੀ ਨੇ ਓਗਰਾ ਲਿਆਂਦਾ ਜਿਸ ਵਿਚ ਇਕ ਗੁਰਸਿੱਖ ਵੱਲੋਂ ਰੋਜ਼ਾਨਾ ਲਿਆਈ ਜਾਂਦੀ ਦਹੀ ਪਾਈ ਗਈ। ਸੰਗਤ ਵਿਚ ਸਦਾ ਵਾਂਗ ਤਾਜ਼ੀਆਂ ਬਣੀਆਂ ਸਬਜ਼ੀਆਂ ਪ੍ਰਸ਼ਾਦੇ ਤੇ ਘਿਉ ਨਾਲ ਤਰੋ-ਤਰ ਖੀਰ ਵਰਤਾਈ ਗਈ। ਸਭਨਾਂ ਦੇ ਛਕ ਲੈਣ 'ਤੇ ਭਾਈ ਬੱਲੂ ਹਜ਼ੂਰ ਨੂੰ ਹੱਥ ਸਾਫ਼ ਕਰਨ ਲਈ ਜਲ ਲਿਆਇਆ ਤਾਂ ਨਾਲ ਭਾਈ ਬੁੱਢਾ ਜੀ ਇਕ ਖੁਲ੍ਹਾ ਭਾਂਡਾ ਜਿਸ ਵਿਚ ਹੱਥ ਧੋਤੇ ਜਾ ਸੱਕਣ ਅਰ ਇਕ ਪਰਨਾ ਜਿਸ ਨਾਲ ਹੱਥ ਖ਼ੁਸ਼ਕ ਕੀਤੇ ਜਾ ਸੱਕਣ, ਲੈ ਕੇ ਆਏ।

ਜਦੋਂ ਪਾਤਸ਼ਾਹ ਜੀ ਹੱਥ ਧੋਣ ਲੱਗੇ ਤਾਂ ਅੱਜ ਉਨ੍ਹਾਂ ਮੂੰਹ ਵਾਲੇ ਪਾਣੀ ਦੀ ਕੁਰਲੀ ਉਸ ਖੁਲ੍ਹੇ ਭਾਂਡੇ ਵਿਚ ਹੀ ਕਰ ਦਿੱਤੀ। ਬੁੱਢਾ ਜੀ ਨੇ ਦੇਖਿਆ ਤਾਂ ਹੈਰਾਨ ਹੋਏ ਕਿ ਅਜਿਹਾ ਕਿਵੇਂ? ਸਤਿਗੁਰਾਂ ਨੂੰ ਤਾਂ ਅਸਾਂ ਓਗਰਾ ਪਰੋਸਿਆ ਹੈ ਅੰਨ ਤਾਂ ਪਰੋਸਿਆ ਹੀ ਨਹੀਂ, ਅਰ, ਸੰਗਤ ਨੂੰ ਤਰਹ ਤਰਹ ਦਾ ਭੋਜਨ ਪਰ, ਅੰਨ ਵਾਲੇ ਭੋਜਨ ਦੇ ਕਣ ਸਤਿਗੁਰਾਂ ਦੀ ਕੁਰਲੀ ਵਿਚ ਕਿਵੇਂ ਆ ਗਏ? ਭਾਈ ਜੀ ਦੀਆਂ ਅੱਖਾਂ ਵਿਚਲੀ ਹੈਰਾਨੀ ਵੇਖਦਿਆਂ ਗੁਰਦੇਵ ਜੀ ਨੇ ਫ਼ੁਰਮਾਇਆ,

'ਬੁੱਢਿਆ! ਅਸੀਂ ਤੁਹਾਨੂੰ ਦੱਸਿਆ ਸੀ ਕਿ ਸੰਗਤ ਜੋ ਕੁਝ ਛਕਦੀ ਹੈ ਸਾਨੂੰ ਉਸ ਦਾ ਆਧਾਰ ਹੁੰਦਾ ਹੈ, ਇਉਂ ਸਮਝ ਲਵੋ ਜੋ ਸੰਗਤ ਛਕਦੀ ਹੈ ਉਹ ਸਾਡੇ ਮੂੰਹ ਪੈਂਦਾ ਹੈ। ਗੁਰਸਿੱਖਾਂ ਅਰ ਸਾਡੇ ਵਿਚ ਕੋਈ ਅੰਤਰ ਨਹੀਂ'।

ਸੰਗਤ ਅਚਹਿ ਪ੍ਰੇਮ ਕੇ ਨਾਲ।
ਸੋ ਮੁਝ ਪਹੁੰਚਹਿ ਸਭ ਹੀ ਕਾਲ।
ਸੰਗਤਿ ਮੋ ਬਿਨ ਦੂਸਰ ਨਾਂਹੀ।
ਏਕ ਰੂਪ ਜਾਨਹੁਂ ਮਨ ਮਾਂਹੀ।
14॥65॥ ਰਾਸ 1

ਇਹ ਸੁਣ ਵੇਖ ਕੇ ਭਾਈ ਜੀ ਨਿਹਾਲ ਹੋ ਗਏ।ਇਹ ਘਟਨਾ ਜਾਣਦਿਆਂ ਇਕ ਦਿਨ ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ:

ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ
ਕਿ ਪੂਰੈ ਸਤਿਗੁਰ ਭਾਵੈ॥
ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਗੁ.ਗ੍ਰੰ.ਸਾ. ਪੰਨਾ 317

**ਭਾਈ ਗੁਰਦਾਸ ਜੀ:**

ਗੁਰ ਸਿਖਾਂ ਗੁਰ ਸਿਖ ਸੇਵਾ ਲਾਇਆ।
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।
ਤਪੜੁ ਝਾੜਿ ਵਿਛਾਇ ਧੂੜੀ ਨਾਇਆ।
ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣਿ ਮਹਾ ਪ੍ਰਸਾਦੁ
ਵੰਡਿ ਖਵਾਇਆ।10॥ ਵਾਰ 20

**ਹੋਰ ਇਤਿਹਾਸਕ ਹਵਾਲੇ:**


ਮਕਰਾ ਛੰਦ॥ ਸਤਿਗੁਰਿ ਚੁਲੀ ਜੋ ਕੀਨੀ।
ਬੁਢੇ ਦਿਖਾਈ ਦੀਨੀ।
ਸਭ ਅੰਨ ਅੰਸ ਜੇਤਾ ਸਭ ਦਾਂਤ ਸੋ ਨਿਕਾਰਾ।7॥
ਸ੍ਰੀ ਮੁਖ ਬਚਨ ਬਖਾਨਾ।
ਤੂ ਪਰਮ ਹਿਤੁ ਪੁਰਾਨਾ।
ਸੰਗਤ ਜੋ ਭੋਗ ਭੋਗੇ
ਰਸ ਭੋਗ ਮਹਿੰ ਅਧਾਰਾ।8॥
ਮੋ ਬਿਨ ਅਵਰ ਨ ਜਾਨੇ।
ਸਭ ਘਟ ਮੁਝੇ ਪਛਾਨੇ।
ਸਭ ਸੁਖ ਸਮੂਹ ਤਾ ਕੋ
ਜਿਨ ਗਯਾਨ ਯਹ ਬਿਚਾਰਾ।9॥28॥
ਮ.ਪ.

'ਗੁਰਮੁਖ ਸੰਗਤਿ ਅਰ ਮਮ ਮਾਂਹੀ।
('ਗੁਰੂ ਕੀ ਸੰਗਤ ਅਰ ਗੁਰੂ ਵਿਚ)
ਭੇਦ ਦੁਹਿਨ ਮੈ ਜਾਨੋ ਨਾਂਹੀ।
(ਦੁਹਾਂ ਵਿਚ ਕੋਈ ਫ਼ਰਕ ਨਾ ਜਾਨੋ)
ਮੈਂ ਸੰਗਤਿ ਕੇ ਸੰਗ ਅਭੇਦ।
(ਅਸੀਂ ਸੰਗਤ ਨਾਲ ਇਕ ਰੂਪ ਹਾਂ)
ਸੁਖ ਤੇ ਸੁਖੀ ਖੇਦ ਤੇ ਖੇਦ॥9॥
(ਸੰਗਤ ਦੇ ਦੁਖ ਵਿਚ ਦੁਖੀ ਤੇ ਸੁਖ ਵਿਚ ਸੁਖੀ)
ਜੋ ਸੰਗਤ ਰੁਚਿ ਕਰਤਿ ਅਹਾਰਾ।
(ਸੰਗਤ ਜੋ ਪ੍ਰੇਮ ਨਾਲ ਭੋਜਨ ਕਰਦੀ ਹੈ)
ਸੋ ਮੁਝ ਪਹੁੰਚੈ ਸੁਆਦਲ ਸਾਰਾ।..9॥65॥
ਰਾਸ 1 (ਉਹ ਸਭ ਸੁਆਦੀ ਸਾਨੂੰ ਪਹੁੰਚਦਾ ਹੈ)

ਚਲਦਾ.....

# ਪੰਜਾਬ, ਪੰਜਾਬੀ, ਪੰਜਾਬੀਅਤ, ਪੰਜਾਬੀ ਸੱਭਿਆਚਾਰ ਬਨਾਮ ਸਿੱਖੀ ਅਤੇ ਸਿੱਖ ਸੱਭਿਆਚਾਰ ਸਿੱਖ ਸਮਾਜ ਦੇ ਵੱਡੇ ਹਿੱਸੇ ਨੇ ਮ੍ਰਿਤਕ ਸੰਸਕਾਰ ਸਮੇਂ ਵੀ ਪੰਜਾਬੀ ਗੀਤ ਵਜਾਉਣੇ ਸ਼ੁਰੂ ਕਰ ਦਿੱਤੇ ਹਨ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਅਸੀਂ ਛੋਟੇ ਹੁੰਦੇ ਸਿੱਖ ਬਜ਼ੁਰਗਾਂ ਤੋਂ ਸੁਣਦੇ ਹੁੰਦੇ ਸੀ ਕਿ ਨਿਆਣੇ ਨੂੰ ਚਾਰ ਅੱਖਰ ਗੁਰਮੁਖੀ ਦੇ ਜ਼ਰੂਰ ਪੜ੍ਹਾਉਣੇ ਚਾਹੀਦੇ ਹਨ। ਉਹ ਇਹ ਨਹੀਂ ਸੀ ਕਹਿੰਦੇ ਕਿ ਪੰਜਾਬੀ ਪੜ੍ਹਾਉਣੀ ਚਾਹੀਦੀ ਹੈ। ਸਾਡੀ ਸਿੱਖ ਰਹਿਤ ਮਰਯਾਦਾ ਦੇ ਪੰਨਾ 20 ਉਤੇ ਇਹ ਦਰਜ ਹੈ ਕਿ ਸਿੱਖ ਨੂੰ ਗੁਰਮੁਖੀ ਵਿੱਦਿਆ ਪੜ੍ਹਨੀ ਜ਼ਰੂਰੀ ਹੈ – ਹੋਰ ਵਿੱਦਿਆ ਭੀ ਜ਼ਰੂਰ ਪੜ੍ਹੇ। ਸੰਤਾਨ ਨੂੰ ਗੁਰਸਿੱਖੀ ਦੀ ਵਿੱਦਿਆ ਦਿਵਾਉਣੀ ਸਿੱਖ ਦਾ ਫਰਜ਼ ਹੈ। – *ਸਿੱਖ ਰਹਿਤ ਮਰਯਾਦਾ*

ਜਦੋਂ ਤੋਂ 1996 ਦੀ ਮੋਗਾ ਕਾਨਫਰੰਸ ਵਿੱਚ ਸਿੱਖ ਖਾਸੇ ਨੂੰ ਮੁੱਢੋਂ ਤਿਲਾਂਜਲੀ ਦੇ ਕੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਆਪ ਨੂੰ ਪੰਜਾਬੀ ਪਾਰਟੀ ਐਲਾਨਿਆ ਹੈ, ਉਦੋਂ ਤੋਂ ਪੰਥ ਤੋਂ ਬਾਗ਼ੀ ਹੋ ਕੇ ਪੰਜਾਬ ਦੇ ਸਿੱਖਾਂ ਦੀ ਬਹੁ-ਗਿਣਤੀ ਨੇ ਆਪਣੇ ਆਪ ਨੂੰ ਪੰਜਾਬੀ ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। 11 ਮਈ 1981 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਇਕ ਵੱਖਰੀ ਕੌਮ ਹਨ ਦਾ ਮਤਾ ਵੀ ਪਾਸ ਕੀਤਾ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਏਨਾ ਭੂਤ ਸਵਾਰ ਹੋਇਆ, ਕਿ ਉਸ ਨੇ ਸਿੱਖਾਂ ਦੀ ਵਿਲੱਖਣਤਾ ਨੂੰ ਮਲੀਆਮੇਟ ਕਰਨ ਵਾਲੀ ਹਿੰਦੂਆਂ ਦੇ ਰੰਗਾਂ ਵਾਲੀ ਹੋਲੀ ਨੰਗੇ ਸਿਰ ਖੇਡਕੇ ਪੰਥਕ ਪਰੰਪਰਾਵਾਂ ਦਾ ਘਾਣ ਕੀਤਾ। ਖ਼ੈਰ ਆਪਾਂ ਗੱਲ ਕਰ ਰਹੇ ਸੀ, ਪੰਜਾਬ, ਪੰਜਾਬੀ, ਪੰਜਾਬੀਅਤ ਦਾ ਉਭਾਰ, ਬਨਾਮ ਸਿੱਖ ਸੱਭਿਆਚਾਰ ਦਾ ਨਿਘਾਰ। ਹੁਣ ਅਸੀਂ ਵੇਖਦੇ ਹਾਂ ਕਿ ਸਿੱਖ ਗਾਇਕ ਭਾਵੇਂ ਸਿੱਖ ਆਗੂ ਹੋਣ ਉਨ੍ਹਾਂ ਦੀ ਇਕੋ ਅਵਾਜ਼ ਕੰਨਾਂ ਵਿੱਚ ਪੈਂਦੀ ਹੈ ਕਿ ਅਸੀਂ ਪੰਜਾਬੀਆਂ ਨੇ ਆਹ ਕੀਤਾ, ਅਸੀਂ ਪੰਜਾਬੀ ਆਹ ਕਰ ਦਿਆਂਗੇ, ਅਸੀਂ ਪੰਜਾਬੀਆਂ ਨੇ ਦੁਨੀਆਂ ਵਿੱਚ ਪੰਜਾਬ ਦਾ ਨਾਂ ਰੌਸ਼ਨ ਕੀਤਾ, ਪੰਜਾਬੀਆਂ ਨੇ ਦੁਨੀਆਂ ਵਿੱਚ ਝੰਡੇ ਗੱਡ ਦਿੱਤੇ, ਕੜਾ ਪਛਾਣ ਪੰਜਾਬੀਆਂ ਦੀ, ਹਾਲਾਂਕਿ ਕੜਾ ਸਿੱਖਾਂ ਦੀ ਪਛਾਣ ਹੈ ਪੰਜਾਬੀਆਂ ਦੀ ਨਹੀਂ। ਝੰਡੇ ਤਾਂ ਦੁਨੀਆਂ ਭਰ ਵਿੱਚ ਸਿੱਖਾਂ ਨੇ ਗੱਡੇ ਹੋਏ ਹਨ। ਦੁਨੀਆਂ ਭਰ ਦੇ ਹਰ ਕੋਨੇ ਵਿੱਚ ਗੁਰ-ਦੁਆਰਾ ਸਾਹਿਬਾਨਾਂ ਦੀਆਂ ਇਮਾਰਤਾਂ ਉਤੇ ਸਿੱਖਾਂ ਦੇ ਨਿਸ਼ਾਨ ਸਾਹਿਬ ਝੂਲਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ: ਜੰਗਜੂ, ਕੌਮਾਂ ਗੁਲਾਮ ਹੋਣ ਦੇ ਬਾਵਜੂਦ ਵੀ ਆਪਣੀ ਕੌਮ ਦੀ ਅੱਡਰੀ, ਨਿਆਰੀ ਤੇ ਵਿਲੱਖਣ ਹੋਂਦ ਹਸਤੀ ਦਾ ਦਾਅਵਾ ਨਹੀਂ ਛੱਡਦੀਆਂ।

ਆਉ ਹੁਣ ਸਿੱਖਾਂ ਤੇ ਪੰਜਾਬੀਆਂ ਦੀ ਅੱਡਰੀ – ਅੱਡਰੀ ਹੋਂਦ-ਹਸਤੀ ਬਾਰੇ ਪੰਜਾਬ ਦੇ ਇਤਿਹਾਸ 'ਤੇ ਇਕ ਪੰਛੀ ਝਾਤ ਮਾਰੀਏ ਅਤੇ ਸਿੱਖ ਤੇ ਪੰਜਾਬੀ ਦੀ ਵੱਖਰੀ ਵੱਖਰੀ ਪਹਿਚਾਣ ਨੂੰ ਜਾਣਨ ਦਾ ਯਤਨ ਕਰੀਏ। ਇਹੋ ਜਿਹੀ ਕੋਈ ਵੀ ਮਿਸਾਲ ਨਹੀਂ ਮਿਲਦੀ, ਜਿਸ ਤੋਂ ਸਾਬਤ ਹੋ ਸਕੇ ਕਿ ਪੰਜਾਬੀਆਂ ਨੇ ਬਤੌਰ ਪੰਜਾਬੀ ਕੋਈ ਸਾਂਝਾ ਮਿਸ਼ਨ ਅਪਣਾਇਆ ਹੋਵੇ। ਮੁਗਲ ਕਾਲ ਦੌਰਾਨ ਪੰਜਾਬ ਦੀ ਅੱਧੀ ਤੋਂ ਵੀ ਵੱਧ ਵੱਸੋਂ ਮੁਸਲਮਾਨ ਬਣ ਚੁੱਕੀ ਸੀ, ਜਿਨ੍ਹਾਂ ਦੇ ਧਾਰਮਿਕ ਜਜ਼ਬਾਤ ਉਨ੍ਹਾਂ ਨੂੰ ਮੁਗਲ ਹਕੂਮਤ ਪ੍ਰਤੀ ਵਫ਼ਾਦਾਰ ਹੋਣ ਲਈ ਪ੍ਰੇਰਿਤ ਕਰਦੇ ਸਨ ਅਤੇ ਹਿੰਦੂ ਰਾਜਸੀ ਪੱਖ ਤੋਂ ਮੁਰਦਾ ਹੋ ਚੁੱਕੇ ਸਨ। ਇਸ ਕਰਕੇ ਉਨ੍ਹਾਂ ਸਥਿਤੀਆਂ ਅੰਦਰ ਸਿੱਖਾਂ ਤੋਂ ਬਿਨਾਂ ਪੰਜਾਬ ਦੇ ਹੋਰ ਕਿਸੇ ਵੀ ਵਰਗ ਅੰਦਰ ਕੌਮ ਪ੍ਰਸਤੀ ਦਾ ਜਜ਼ਬਾ ਪੈਦਾ ਨਹੀਂ ਸੀ ਹੋਇਆ। (ਨੋਟ – ਉਕਤ ਟਿੱਪਣੀ ਸ: ਅਜਮੇਰ ਸਿੰਘ ਨੇ ਕਿਸ ਬਿਧ ਰੁਲੀ ਪਾਤਸ਼ਾਹੀ ਦੇ ਪੰਨਾ 165 ਉਤੇ, Jagjit Singh, The Sikh Revolution, ਪੰਨਾ 256 ਅਤੇ Teja Singh, Sikhism : Its Ideals and Institutions, P97 ਦੇ ਹਵਾਲਿਆਂ ਨਾਲ ਕੀਤੀ ਹੈ) ਹੁਣ ਅਸੀਂ ਵੇਖਦੇ ਹਾਂ ਇਤਿਹਾਸਕਾਰ ਪ੍ਰੋਫ਼ੈਸਰ ਹਰੀ ਰਾਮ ਗੁਪਤਾ ਸਾਨੂੰ ਪੰਜਾਬੀਆਂ ਤੇ ਸਿੱਖਾਂ ਦੀ ਅੱਡਰੀ, ਅੱਡਰੀ ਹਸਤੀ ਦਾ ਫਰਕ ਸਾਨੂੰ ਕਿਵੇਂ ਸਮਝਾਉਂਦੇ ਹਨ। ਪ੍ਰੋ: ਹਰੀ ਰਾਮ ਗੁਪਤਾ ਲਿਖਦੇ ਹਨ: ਸਿੱਖਾਂ ਨੇ ਪੰਜਾਬ ਲਈ ਯੋਧਿਆਂ ਦਾ ਦੇਸ਼ ਦਾ ਕਾਬਲੇ ਰਸ਼ਕ ਨਾਂ ਜਿੱਤਿਆ ਹੈ ਅਤੇ ਸਿੱਖਾਂ ਨੂੰ ਹੀ ਇਸ ਗੱਲ ਦਾ ਮਾਣ ਹੋ ਸਕਦਾ ਹੈ ਕਿ ਉਨ੍ਹਾਂ ਨੇ ਵਿਦੇਸ਼ੀ ਹਮਲਾਵਰਾਂ ਅੱਗੇ ਛਾਤੀ ਡਾਹ ਕੇ ਉਨ੍ਹਾਂ ਨੂੰ ਠੱਲ੍ਹ ਪਾਈ ਹੈ। ਉਹ ਹਮਲਾਵਰ ਜੋ ਪਿਛਲੇ ਹਜ਼ਾਰਾਂ ਸਾਲਾਂ ਤੋਂ ਹੜ ਵਾਂਗ ਉੱਤਰ-ਪੱਛਮੀ ਦਰਿਆ ਵਿੱਚੋਂ ਦਾਖ਼ਲ ਹੁੰਦੇ ਰਹੇ ਹਨ। ਇਸ ਲਈ ਹਿੰਦੁਸਤਾਨ ਦੇ ਲੋਕਾਂ: ਖ਼ਾਸ ਕਰਕੇ ਪੰਜਾਬੀਆਂ ਨੂੰ ਸਿੱਖਾਂ ਦਾ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਹੈ, ਇਥੇ ਇਕ ਹੋਰ ਹਵਾਲਾ ਵੀ ਦੇਣਾ ਕੁਥਾਂ ਨਹੀ ਹੋਵੇਗਾ, ਇਕ ਹੋਰ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ 800 ਸੌ ਸਾਲਾਂ ਦੇ ਦੌਰ ਵਿੱਚ ਸਿੱਖ ਇਸ ਖ਼ਿੱਤੇ ਦੇ ਪਹਿਲੇ ਹੁਕਮਰਾਨ ਸਨ, ਜਿਹੜੇ ਇਸੇ ਧਰਤੀ ਦੇ ਜੰਮੇ-ਜਾਏ ਸਨ। ਸਿੱਖ ਮਾਨਸਿਕਤਾ ਵਿੱਚ ਰਾਜ ਕਰਨ ਦੀ ਚਾਹਤ ਦੀ ਜੜ੍ਹ ਇਸ ਪਹਿਲੂ ਵਿੱਚ ਲੱਗੀ ਹੋਈ ਹੈ। ਇਸ ਖਿੱਤੇ ਦੇ ਕਿਸੇ ਸਮੇਂ ਹੁਕਮ-ਰਾਨ ਰਹੇ ਹੋਣ ਦੀ ਮਾਨਸਿਕਤਾ ਹੀ ਹੈ ਜੋ ਸਮੇਂ ਸਮੇਂ 'ਤੇ ਸਿੱਖ ਸਮਾਜ ਦੀ ਧਾਰਮਿਕ-ਸਿਆਸੀ ਚੇਤਨਾ ਨੂੰ ਟੁੰਬਦੀ ਰਹਿੰਦੀ ਹੈ। ਇਹ ਭਾਈਚਾਰਾ (ਸਿੱਖ ਭਾਈਚਾਰਾ) ਹੁਣ ਵਿਸ਼ਵ-ਵਿਆਪੀ ਹੋ ਗਿਆ ਹੈ (ਹਵਾਲਾ ਪੁਸਤਕ, ਖਾਲਿਸਤਾਨ ਸੰਘਰਸ਼, ਕਹਾਣੀ ਬਲਦੇ ਦਰਿਆਵਾਂ ਦੀ) ਪੰਨਾ 9 – ਲੇਖਕ ਜਗਤਾਰ ਸਿੰਘ, ਅਠਾਰਵੀਂ ਸਦੀ ਵਿੱਚ ਪੰਜਾਬ ਨੂੰ ਮੁਗਲਾਂ ਤੇ ਅਫ਼ਗਾਨਾਂ ਤੋਂ ਅਜ਼ਾਦ ਕਰਵਾਉਣ ਲਈ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਪੰਜਾਬੀਆਂ ਦੇ ਨਹੀਂ। ਭਾਰਤ ਦੀ ਅਜ਼ਾਦੀ ਲਈ ਜੂਝਣ ਵਾਲਿਆਂ ਦੀ ਜਦੋਂ ਗਿਣਤੀ ਦੱਸੀ ਜਾਂਦੀ ਸੀ ਤਾਂ ਸ਼ਬਦ-ਸਿੱਖ ਅਤੇ ਗ਼ੈਰ ਸਿੱਖ ਵਰਤਿਆ ਜਾਂਦਾ ਸੀ, ਪੰਜਾਬੀ ਨਹੀਂ ਸੀ ਵਰਤਿਆ ਜਾਂਦਾ।

ਮਿਸਾਲ ਦੇ ਤੌਰ 'ਤੇ – ਭਾਰਤ ਦੀ ਅਜ਼ਾਦੀ ਵਿੱਚ ਸਿੱਖਾਂ ਦੇ ਯੋਗਦਾਨ ਦੇ ਅੰਕੜੇ ਹੇਠ ਲਿਖੇ ਅਨੁਸਾਰ ਲਿਖੇ ਜਾਂਦੇ ਸਨ: ਫਾਂਸੀ 'ਤੇ ਚੜ੍ਹਿਆਂ ਦੀ ਕੁੱਲ ਗਿਣਤੀ = 131 ਜਿਨ੍ਹਾਂ ਵਿੱਚੋਂ 93 ਸਿੱਖ, 28 ਗ਼ੈਰ ਸਿੱਖ। ਕੂਕਾ ਲਹਿਰ ਦੇ 91 ਸ਼ਹੀਦ, ਸਾਰੇ ਹੀ ਸਿੱਖ। ਅਕਾਲੀ ਲਹਿਰ ਦੇ ਸ਼ਹੀਦ – 500 ਸਾਰੇ ਹੀ ਸਿੱਖ। ਕਾਲੇ ਪਾਣੀ ਉਮਰ ਕੈਦ ਦੀ ਸਜ਼ਾ ਕੁੱਲ ਗਿਣਤੀ 2646, ਜਿਨ੍ਹਾਂ ਵਿੱਚੋਂ 2147 ਸਿੱਖ – 499 ਗ਼ੈਰ ਸਿੱਖ। ਸਿੱਖ ਦੀ ਥਾਂ ਪੰਜਾਬੀ ਸ਼ਬਦ ਦੀ ਵਰਤੋਂ ਕਰਨੀ ਬਹੁਤ ਵੱਡਾ ਗੁਨਾਹ ਹੈ। ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਕਿਤਾਬ ਅੰਗ੍ਰੇਜ਼ੀ ਵਿੱਚ ਛਪਵਾਈ ਹੈ ਜਿਸ ਦਾ ਸਿਰਲੇਖ ਹੈ: Kalapani, Punjabi's role in freedom struggle ਭਾਵ ਭਾਰਤ ਦੀ ਅਜ਼ਾਦੀ ਵਿੱਚ ਪੰਜਾਬੀਆਂ ਦਾ ਰੋਲ, ਇਥੇ ਵੀ ਸਿੱਖਾਂ ਦੀ ਥਾਂ ਪੰਜਾਬੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਅਸੀਂ ਉਪਰ ਸਪੱਸ਼ਟ ਕਰ ਆਏ ਹਾਂ ਕਿ ਕਾਲੇ ਪਾਣੀ ਉਮਰ ਕੈਦ ਦੀ ਸਜ਼ਾ ਭੁਗਤਣ ਵਾਲੇ 2646 ਭਾਰਤੀਆਂ ਵਿੱਚੋਂ 2147 ਸਿੱਖ ਸਨ। ਇਥੇ ਤੱਕ ਅਸੀਂ ਇਤਿਹਾਸ ਦੇ ਝਰੋਖੇ ਵਿੱਚੋਂ ਸਿੱਖ ਤੇ ਪੰਜਾਬੀ ਦੀ ਅੱਡਰੀ-ਅੱਡਰੀ ਹੋਂਦ ਹਸਤੀ ਦਾ ਜ਼ਿਕਰ ਕੀਤਾ ਹੈ। ਹੁਣ ਅਸੀਂ ਪੰਜਾਬੀ ਸੱਭਿਆਚਾਰ ਅਤੇ ਸਿੱਖ ਸੱਭਿਆਚਾਰ ਦਾ ਅੰਤਰ ਸਮਝਣ ਦਾ ਯਤਨ ਕਰਾਂਗੇ। ਪੰਜਾਬੀ ਸੱਭਿਆਚਾਰ ਦਾ ਅਰਥ ਹੈ – ਪੰਜਾਬੀ ਭਾਸ਼ਾ ਬੋਲਣ ਵਾਲਿਆਂ ਜਾਂ ਪੰਜਾਬ ਸੂਬੇ ਦੇ ਵਾਸੀਆਂ ਦਾ ਰਹਿਣ-ਸਹਿਣ, ਖਾਣ-ਪਾਣ, ਕਿਰਤ-ਵਿਰਤ, ਰਸਮ-ਰਿਵਾਜ ਆਦਿ। ਸਿੱਖ ਮੂਲ ਰੂਪ ਵਿੱਚ ਪੰਜਾਬ ਦੇ ਵਾਸੀ ਹੋਣ ਕਾਰਨ ਪੰਜਾਬ ਦਾ ਮੁੱਖ ਅੰਗ ਹਨ। ਸਿੱਖਾਂ ਤੋਂ ਇਲਾਵਾ ਪੰਜਾਬ ਵਿੱਚ ਦੂਜੇ ਫਿਰਕਿਆਂ ਦੇ ਲੋਕ (ਹਿੰਦੂ-ਮੁਸਲਮਾਨ-ਈਸਾਈ ਆਦਿ) ਵੀ ਰਹਿੰਦੇ ਹਨ, ਜਿਹੜੇ ਆਪੋ-ਆਪਣੇ ਧਰਮ ਅਨੁਸਾਰ ਪੂਜਾ ਪਾਠ ਕਰਦੇ, ਰੀਤਾਂ-ਰਸਮਾਂ ਨੂੰ ਮੰਨਦੇ ਹਨ ਅਤੇ ਆਪਣੇ ਨਿਰਬਾਹ ਲਈ ਕਿਰਤ-ਵਿਰਤ ਕਰਦੇ ਹਨ। ਸਾਰੇ ਪੰਜਾਬ ਵਾਸੀਆਂ ਵਿੱਚ ਪੰਜਾਬੀ ਬੋਲੀ ਇਕ ਸਾਂਝੀ ਕੜੀ ਹੈ। ਸਿੱਖ ਇਕ ਵੱਖਰੀ ਕੌਮ ਹੈ।

ਸਿੱਖ ਨਿਰਧਾਰਤ ਰਹਿਤ ਮਰਿਯਾਦਾ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ। ਉਨ੍ਹਾਂ ਦਾ ਜਨਮ ਤੇ ਨਾਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ, ਮ੍ਰਿਤਕ ਸੰਸਕਾਰ ਅਤੇ ਹੋਰ ਰਹੁ ਰੀਤਾਂ ਬਾਕੀ ਫਿਰਕਿਆਂ ਨਾਲੋਂ ਭਿੰਨ ਹਨ। ਗੁਰਸਿੱਖਾਂ ਦੀ ਸਾਬਤ ਸੂਰਤ ਤੇ ਪੰਜ ਕਕਾਰਾਂ ਵਾਲੀ ਰਹਿਤ ਉਨ੍ਹਾਂ ਦੇ ਵੱਖਰੇ ਸਿੱਖ ਸੱਭਿਆਚਾਰ ਨੂੰ ਪ੍ਰਗਟਾਉਂਦੀ ਹੈ। ਇਹ ਸਿੱਖਾਂ ਦੀ ਦਿੱਖ ਨੂੰ ਨਿਆਰਾਪਨ ਵੀ ਪ੍ਰਦਾਨ ਕਰਦੀ ਹੈ। ਸਿੱਖਾਂ ਦੇ ਗੁਰਦੁਆਰਿਆਂ ਵਿੱਚ ਸੰਗਤ ਤੇ ਪੰਗਤ ਦੀ ਨਿਰਾਲੀ ਸ਼ਾਨ ਹੈ। ਸਿੱਖਾਂ ਦੀ ਅਰਦਾਸ ਵਿੱਚ ਉਨ੍ਹਾਂ ਦੇ ਸਰਬਤ ਦੇ ਭਲੇ ਦੀ ਜਾਚਨਾ ਉਨ੍ਹਾਂ ਦੀ ਵੱਖਰੀ ਸੱਭਿਅਤਾ ਪ੍ਰਗਟ ਕਰਦੀ ਹੈ। ਵੱਖਰੇ ਧਰਮ ਵਿਸ਼ਵਾਸ਼ਾਂ, ਰਹੁ-ਰੀਤਾਂ, ਤਿਉਹਾਰਾਂ ਆਦਿ ਦੇ ਕਾਰਨ ਸਿੱਖ ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ ਨੂੰ ਇਕ ਨਹੀਂ ਕਿਹਾ ਜਾ ਸਕਦਾ। ਭਾਵੇਂ ਸਿੱਖ ਸੱਭਿਆਚਾਰ ਦਾ ਸਮੁੱਚੇ ਪੰਜਾਬੀ ਸੱਭਿਆਚਾਰ 'ਤੇ ਡੂੰਘਾ ਤੇ ਅਮਿਟ ਪ੍ਰਭਾਵ ਹੈ। ਆਸ ਕਰਦਾ ਹਾਂ ਪਾਠਕ ਜਨ ਸਿੱਖ ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ ਵਿੱਚਲਾ ਅੰਤਰ ਸਮਝ ਗਏ ਹੋਣਗੇ। ਸਿੱਖ ਮਰਿਯਾਦਾ ਮ੍ਰਿਤਕ ਸੰਸਕਾਰ ਅਨੁਸਾਰ ਮ੍ਰਿਤਕ ਪ੍ਰਾਣੀ ਦੀ ਦੇਹ ਨੂੰ ਅਗਨ ਭੇਟ ਕਰਨ ਤੋਂ ਪਹਿਲਾਂ ਕੇਵਲ ਸੋਹਿਲੇ ਦਾ ਪਾਠ ਅਤੇ ਅਰਦਾਸ ਕੀਤੀ ਜਾਂਦੀ ਹੈ। ਪਰ ਹੁਣ ਥੋੜ੍ਹੇ ਚਿਰ ਤੋਂ ਵੇਖਣ ਵਿੱਚ ਆਇਆ ਹੈ ਕਿ ਮ੍ਰਿਤਕ ਪ੍ਰਾਣੀ ਦੀ ਦੇਹ ਨੂੰ ਅਗਨ ਭੇਟ ਕਰਦਿਆਂ ਸਾਰ ਹੀ ਕੋਈ ਨਾ ਕੋਈ ਪੰਜਾਬੀ ਦਾ ਗੀਤ ਵੱਜਣਾ ਸ਼ੁਰੂ ਹੋ ਜਾਂਦਾ ਹੈ, ਮਿਸਾਲ ਦੇ ਤੌਰ 'ਤੇ ਜੋ ਮੈਂ ਆਪਣੇ ਕੰਨੀ ਸੁਣਿਆ ਹੈ: ਤੇਰੇ ਜਾਣ ਦੀ ਪੀੜ ਕਿਵੇਂ ਜਰਾਂਗਾ ਮੈਂ, ਤੂੰ ਨਹੀਂ ਬੋਲਦੀ ਰਕਾਨੇ ਤੇਰੇ ਵਿੱਚ ਤੇਰਾ ਯਾਰ ਬੋਲਦਾ, ਗਿੱਧਿਆਂ ਦੀ ਰਾਣੀਏ ਨੀ ਗਿੱਧੇ ਵਿੱਚ ਆ ਆਦਿ ਗੀਤ ਵਜਾਕੇ ਸੋਗ-ਮਈ ਮਾਹੌਲ ਨੂੰ ਇਕ ਨਮੋਸ਼ੀ ਜਨਕ ਤੇ ਹਾਸੋ-ਹੀਣਾ ਮਾਹੌਲ ਬਣਾ ਦਿੱਤਾ ਜਾਂਦਾ ਹੈ।

ਜਦੋਂ ਪੁੱਛਿਆ ਜਾਂਦਾ ਹੈ ਕਿ ਇਹ ਗੀਤ ਕਿਉਂ ਵਜਾਇਆ ਗਿਆ ਤਾਂ ਜੁਆਬ ਮਿਲਦਾ ਹੈ ਇਹ ਗੀਤ ਮਰਨ ਵਾਲੇ ਜਾਂ ਮਰਨ ਵਾਲੀ ਨੂੰ ਬਹੁਤ ਪਸੰਦ ਸੀ। ਭਾਵ ਮਰਨ ਵਾਲੇ ਨੂੰ ਜਾਂ ਮਰਨ ਵਾਲੀ ਨੂੰ ਗੁਰਬਾਣੀ ਦੇ ਸੋਹਿਲੇ ਦਾ ਪਾਠ ਜੋ ਮ੍ਰਿਤਕ ਸਰੀਰ ਨੂੰ ਅਗਨ ਭੇਟ ਕਰਨ ਤੋਂ ਪਹਿਲਾਂ ਪੜ੍ਹਿਆ ਜਾਂਦਾ ਹੈ ਅਤੇ ਫਿਰ ਮ੍ਰਿਤਕ ਨਮਿਤ ਰਖਵਾਏ ਗਏ ਸਹਿਜ ਪਾਠ ਸਮੇਂ ਗੁਰਦੁਆਰੇ ਆ ਕੇ ਅਲਾਹਣੀਆਂ, ਨੌਵੇਂ ਪਾਤਿਸ਼ਾਹ ਦੇ ਭੋਗ ਦੇ ਸਲੋਕ, ਰਾਮਕਲੀ ਦੀ ਸਦ, ਅਤੇ ਅਨੰਦ ਸਾਹਿਬ ਦੀ ਗੁਰਬਾਣੀ ਪਸੰਦ ਨਹੀਂ ਸੀ, ਉਹਨਾਂ ਨੂੰ ਪੰਜਾਬੀ ਗੀਤ ਪਸੰਦ ਸੀ ਜਿਹੜੇ ਸਿੱਖ ਦੀ ਸੁਰਤ ਵਿੱਚ ਖਿੰਡਾਓ ਪੈਦਾ ਕਰਦੇ ਹਨ। ਮ੍ਰਿਤਕ ਸੰਸਕਾਰ ਸਮੇਂ ਨਮੋਸ਼ੀ ਭਰਿਆ ਇਹ ਵਰਤਾਰਾ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ – ਗੁਰਬਾਣੀ ਦੀ ਤੌਹੀਨ ਕਰਨ ਵਾਲਾ ਇਹ ਵਰਤਾਰਾ ਬਹੁਤ ਹੀ ਚਿੰਤਾਜਨਕ ਹੈ। ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੇ ਗੁਰਮਤਿ ਵਿਰੋਧੀ ਵਰਤਾਰੇ ਨੂੰ ਰੋਕਣ ਲਈ ਯਤਨ ਜਰੂਰ ਕਰਨ। **ਭੁੱਲਾਂ ਚੁੱਕਾਂ ਦੀ ਖਿਮਾਂ**

**ਗੁਰੂ ਪੰਥ ਦਾ ਦਾਸ**
**ਜਥੇਦਾਰ ਮਹਿੰਦਰ ਸਿੰਘ ਯੂ.ਕੇ.**

ਲੜੀਵਾਰ ਨਾਵਲ

ਲੇਖਕ
ਗੁਰਨਾਮ ਬਾਵਾ
ਮ +91 83073 6430




# ਬੰਦੂਕ ਤੋਂ ਕਲਮ ਤੱਕ

**ਸੋਨੂੰ ਢਾਬੇ ਦੇ ਆਉਣ ਦਾ ਇੰਤਜ਼ਾਰ ਕਰਦਾ ਬੋਲਿਆ, ਬਾਈ ਇਹ ਐਂਟਰੀ ਕੀ ਹੁੰਦੀ ਹੈ ? ਨਿਰਮਲ ਨੇ ਹੱਸ ਕੇ ਕਿਹਾ, ਇਹ ਐਂਟਰੀ, ਇਨ੍ਹਾਂ ਦੇ ਬੀੜੀ-ਪਾਨ ਦਾ ਖਰਚਾ ਜੋ ਸਾਨੂੰ ਦੇਣਾ ਪੈਂਦਾ । ਵੈਸੇ ਤਾਂ ਇਨ੍ਹਾਂ ਦੀ ਅਸਲ ਡਿਊਟੀ ਚੈਕਿੰਗ ਕਰਨ ਦੀ ਹੈ । ਕੋਈ ਜਾਇਜ਼-ਨਜਾਇਜ਼ ਸਮਾਨ ਤਾਂ ਨਹੀਂ ਹੈ ਪਰ ਪਤੰਦਰਾਂ ਨੇ ਦੋ ਨੰਬਰ ਦਾ ਕੰਮ ਕਰਨ ਵਾਲਿਆਂ ਦਾ ਕੰਮ ਸੌਖਾ ਕਰ ਰੱਖਿਆ। ਚੱਲ ਆਪਣਾ ਵੀ ਇਸ ਵਿੱਚ ਫਾਇਦਾ ਹੀ ਹੈ, ਨਹੀਂ ਤਾਂ ਕਈ ਸਵਾਲ ਕਰਨੇ ਸੀ ਆਪਾਂ ਨੂੰ ਵੀ ਇਨ੍ਹਾਂ ਨੇ। ਦੋਵੇਂ ਹੱਸ ਪਏ । ਢਾਬਾ ਵੀ ਆ ਗਿਆ ਨਿਰਮਲ ਨੇ ਅੱਗਾ ਪਿੱਛਾ ਦੇਖ ਕੇ ਗੱਡੀ ਢਾਬੇ ਦੇ ਅੱਗੇ ਖੁੱਲ੍ਹੇ ਮੈਦਾਨ ਵਿੱਚ ਇਕ ਪਾਸੇ ਲਿਆ ਖੜ੍ਹੀ ਕਰ ਦਿੱਤੀ। ਉਥੇ ਪਹਿਲਾਂ ਹੀ ਦੱਸ ਪੰਦਰਾਂ ਟਰੱਕ ਖੜ੍ਹੇ ਸਨ । ਅੱਜ ਦੀ ਰਾਤ ਦੋਵੇਂ ਰੋਟੀ ਖਾ, ਖਾਲੀ ਪਏ ਮੰਜਿਆਂ 'ਤੇ ਸੌਂ ਗਏ ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-10**

## ਭਾਗ 12

ਗੱਲਾਂ ਕਰਦੇ-ਕਰਦੇ ਦੋਵੇਂ ਕਾਨਪੁਰ ਲੰਘ ਗਏ ਸਨ। ਰਾਤ ਸੰਘਣੀ ਪੈ ਗਈ ਸੀ। ਨਿਰਮਲ ਨੇ ਸੋਨੂੰ ਦੇ ਚੁੱਪ ਹੁੰਦਿਆਂ ਕਿਹਾ, ਅੱਛਾ, ਇਹ ਗੱਲ ਹੈ, ਥੋੜ੍ਹਾ ਬਹੁਤ ਤਾਂ ਤੂੰ ਵੀ ਉਨ੍ਹਾਂ ਨੂੰ ਮਿਲਣ ਤੋਂ ਪਹਿਲਾਂ ਹੀ ਖਾੜਕੂਆਂ ਨਾਲ ਹਮਦਰਦੀ ਰੱਖਦਾ ਹੀ ਸੀ। ਚੱਲ ਐਥੇ ਤੱਕ ਤਾਂ ਠੀਕ ਹੈ ਪਰ ਤੂੰ ਭਗੌੜਾ ਕਿਵੇਂ ਹੋਇਆ ?

ਸੋਨੂੰ ਨੇ ਠੰਡਾ ਹਉਕਾ ਭਰਿਆ ਤੇ ਜਵਾਬ ਦਿੰਦੇ ਹੋਏ ਕਿਹਾ, ਬਾਈ ਜੀ, ਬੜੀ ਲੰਬੀ ਕਹਾਣੀ ਹੈ। ਤੁਸੀਂ ਚਾਹੁੰਦੇ ਹੋ ਕਿ ਮੈਂ ਇਕੋ ਸਾਹ ਵਿੱਚ ਹੀ ਸੁਣਾ ਦਿਆਂ।

ਨਿਰਮਲ ਹੱਸ ਕੇ ਬੋਲਿਆ, ਨਹੀਂ ਯਾਰ, ਅਜੇ ਤਾਂ ਆਪਾਂ ਕਾਨਪੁਰ ਟੱਪੇ ਆਂ, ਬੜਾ ਲੰਮਾ ਸਫ਼ਰ ਹੈ ਆਪਣਾ, ਹਾਲੇ ਤਾਂ ਆਪਾਂ ਬਿਹਾਰ ਵਿੱਚ ਦਾਖਿਲ ਹੋਣਾ, ਫਿਰ ਜਾ ਕੇ ਆਪਾਂ ਬੰਗਾਲ ਵਿੱਚ ਵੜਾਂਗੇ, ਖੁੱਲ੍ਹਾ ਸਮਾਂ ਹੈ ਆਪਣੇ ਕੋਲ।

ਸੋਨੂੰ ਦੇ ਮੂੰਹੋ ਨਿਕਲ ਗਿਆ, ਬਾਈ ਜੀ ਅੱਜ ਦੀ ਰਾਤ ਚੱਲਦੇ ਹੀ ਰਹਿਣਾ ਜਾਂ ਰੁਕਣਾ ਕਿਧਰੇ ?

ਨਿਰਮਲ ਫਿਰ ਹੱਸ ਕੇ ਬੋਲਿਆ, ਭੁੱਖ ਤਾਂ ਮੈਨੂੰ ਵੀ ਲੱਗ ਗਈ ਹੈ ਪਰ ਇਕ ਘੰਟਾ ਹੋਰ ਸਬਰ ਕਰ ਲੈ ਆਪਣਾ ਪੱਕਾ ਢਾਬਾ ਆਉਣ ਵਾਲਾ ਹੈ। ਉਥੇ ਆਪਾਂ ਰਾਤ ਰੁਕਾਂਗੇ ਕਿਉਂਕਿ ਰਾਤ ਨੂੰ ਚੱਲਣਾ ਅੱਗੇ ਠੀਕ ਨਹੀਂ ਹੈ। ਤੂੰ ਆਪਣੀ ਗੱਲ ਅੱਗੇ ਨਹੀਂ ਤੋਰਨੀ ਤਾਂ ਕੋਈ ਗੱਲ ਨਹੀਂ, ਏਹ ਕਿਤਾਬ ਹੀ ਪੜ੍ਹ ਲੈ।

ਸੋਨੂੰ ਨੇ ਸੱਚਮੁੱਚ ਫਿਰ ਕਿਤਾਬ ਚੁੱਕ ਲਈ ਤੇ ਪੜ੍ਹਨ ਲੱਗ ਪਿਆ। ਉਸ ਨੇ ਕੁਝ ਕੁ ਪੰਨੇ ਹੀ ਪੜ੍ਹੇ ਹੋਣਗੇ ਕਿ ਇਕ ਪੁਲਸ ਨਾਕਾ ਆ ਗਿਆ।

ਨਿਰਮਲ ਨੇ ਸੋਨੂੰ ਨੂੰ ਕਿਹਾ, ਤੂੰ ਆ ਕਿਤਾਬ ਬੰਦ ਕਰ ਕੇ ਰੱਖ ਦੇ ਇਨ੍ਹਾਂ ਨੂੰ ਐਂਟਰੀ ਦੇਣ ਲਈ ਰੁਕਣਾ ਪੈਣਾ। ਤੈਨੂੰ ਕਿਤਾਬ ਪੜ੍ਹਦੇ ਦੇਖ ਇਨ੍ਹਾਂ ਨੂੰ ਸ਼ੱਕ ਹੋ ਜਾਣੈ ਕਿ ਇਕ ਅਨਪੜ੍ਹ ਕਲੀਨਰ ਕਿਵੇਂ ਪੜ੍ਹ ਰਿਹਾ ? ਇਨ੍ਹਾਂ ਲਈ ਤਾਂ ਡਰਾਈਵਰ ਤੇ ਕਲੀਨਰ ਅਨਪੜ੍ਹ ਬੁਝੜ ਹੀ ਹੁੰਦੇ ਆ।

ਸੋਨੂੰ ਨੇ ਨਿਰਮਲ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਕਿਤਾਬ ਬੰਦ ਕਰਕੇ ਇਕ ਪਾਸੇ ਬੈਗ ਹੇਠਾਂ ਰੱਖ ਦਿੱਤਾ। ਨਿਰਮਲ ਨੇ ਸਿਪਾਹੀ ਦੇ ਟਾਰਚ ਮਾਰਨ ਦੇ ਇਸ਼ਾਰੇ ਨੂੰ ਸਮਝਦੇ ਹੀ ਗੱਡੀ ਰੋਕ ਲਈ ਅਤੇ ਇਕ ਪੰਜਾਹ ਦਾ ਨੋਟ ਸੱਜੇ ਹੱਥ ਵਿੱਚ ਰੱਖ ਲਿਆ।

ਉਸ ਦੀ ਖਿੜਕੀ ਕੋਲ ਆ ਇਕ ਪੁਲਸ ਵਾਲਾ ਹੱਥ ਉਤਾਂਹ ਕਰਦਿਆਂ ਬੋਲਿਆ, ਕਿਆ ਹਾਲ ਹੈ ? ਸਰਦਾਰ ਜੀ ਕਿਧਰ ਜਾ ਰਹੇ ਹੋ ?

ਨਿਰਮਲ ਨੇ ਹੱਸ ਕੇ ਉਸ ਨੂੰ ਨੋਟ ਫੜਾਉਂਦਿਆਂ ਕਿਹਾ, ਸਭ ਠੀਕ ਹੈ ਬੱਸ ਕਲਕੱਤਾ ਤੱਕ ਜਾ ਰਹੇ ਹੈਂ।

ਐਨਾ ਕਹਿ ਕੇ ਨਿਰਮਲ ਨੇ ਗੱਡੀ ਤੋਰ ਲਈ ਤੇ ਪੁਲਸ ਵਾਲਾ ਪਿੱਛੇ ਹਟ ਗਿਆ। ਪੁਲਸ ਵਾਲੇ ਨੇ ਇਕੱਲੇ ਪੈਸੇ ਹੀ ਨਹੀਂ ਫੜੇ, ਸਗੋਂ ਉਸ ਨੇ ਅੱਡੀਆਂ ਚੁੱਕ ਕੇ ਕੈਬਿਨ ਵਿੱਚ ਵੀ ਝਾਤੀ ਮਾਰੀ ਸੀ ਪਰ ਕੈਬਿਨ ਦੀ ਲਾਇਟ ਨਾ ਜਗਾਉਣ ਕਰਕੇ ਹਨੇਰੇ ਵਿੱਚ ਬੱਸ ਉਸ ਨੂੰ ਗੱਡੀ ਵਿੱਚ ਬੈਠਾ ਸਿਰਫ਼ ਇਕ ਕਲੀਨਰ ਹੀ ਨਜ਼ਰ ਆਇਆ। ਇਸ ਕਰਕੇ ਉਸ ਨੂੰ ਕੋਈ ਜ਼ਿਆਦਾ ਸ਼ੱਕ ਵੀ ਨਹੀਂ ਸੀ ਹੋਇਆ।

ਸੋਨੂੰ ਢਾਬੇ ਦੇ ਆਉਣ ਦਾ ਇੰਤਜ਼ਾਰ ਕਰਦਾ ਬੋਲਿਆ, ਬਾਈ ਇਹ ਐਂਟਰੀ ਕੀ ਹੁੰਦੀ ਹੈ ? ਨਿਰਮਲ ਨੇ ਹੱਸ ਕੇ ਕਿਹਾ, ਇਹ ਐਂਟਰੀ, ਇਨ੍ਹਾਂ ਦੇ ਬੀੜੀ-ਪਾਨ ਦਾ ਖਰਚਾ ਜੋ ਸਾਨੂੰ ਦੇਣਾ ਪੈਂਦਾ। ਵੈਸੇ ਤਾਂ ਇਨ੍ਹਾਂ ਦੀ ਅਸਲ ਡਿਊਟੀ ਚੈਕਿੰਗ ਕਰਨ ਦੀ ਹੈ। ਕੋਈ ਜਾਇਜ਼-ਨਜਾਇਜ਼ ਸਮਾਨ ਤਾਂ ਨਹੀਂ ਹੈ ਪਰ ਪਤੰਦਰਾਂ ਨੇ ਦੋ ਨੰਬਰ ਦਾ ਕੰਮ ਕਰਨ ਵਾਲਿਆਂ ਦਾ ਕੰਮ ਸੌਖਾ ਕਰ ਰੱਖਿਆ। ਚੱਲ ਆਪਣਾ ਵੀ ਇਸ ਵਿੱਚ ਫਾਇਦਾ ਹੀ ਹੈ, ਨਹੀਂ ਤਾਂ ਕਈ ਸਵਾਲ ਕਰਨੇ ਸੀ ਆਪਾਂ ਨੂੰ ਵੀ ਇਨ੍ਹਾਂ ਨੇ।

ਦੋਵੇਂ ਹੱਸ ਪਏ। ਢਾਬਾ ਵੀ ਆ ਗਿਆ ਨਿਰਮਲ ਨੇ ਅੱਗਾ ਪਿੱਛਾ ਦੇਖ ਕੇ ਗੱਡੀ ਢਾਬੇ ਦੇ ਅੱਗੇ ਖੁੱਲ੍ਹੇ ਮੈਦਾਨ ਵਿੱਚ ਇਕ ਪਾਸੇ ਲਿਆ ਖੜ੍ਹੀ ਕਰ ਦਿੱਤੀ। ਉਥੇ ਪਹਿਲਾਂ ਹੀ ਦੱਸ ਪੰਦਰਾਂ ਟਰੱਕ ਖੜ੍ਹੇ ਸਨ। ਅੱਜ ਦੀ ਰਾਤ ਦੋਵੇਂ ਰੋਟੀ ਖਾ, ਖਾਲੀ ਪਏ ਮੰਜਿਆਂ 'ਤੇ ਸੌਂ ਗਏ।

## ਭਾਗ 13

ਨਿਰਮਲ ਗੱਡੀ ਚਲਾਉਂਦਾ-ਚਲਾਉਂਦਾ ਬੋਲਿਆ, ਰਾਤ ਨੀਂਦ ਠੀਕ ਆ ਗਈ ਸੀ?

ਸੋਨੂੰ ਨੇ ਜਵਾਬ ਦੇਂਦੇ ਕਿਹਾ, ਹਾਂ, ਨੀਂਦ ਤਾਂ ਚੰਗੀ ਆ ਗਈ ਸੀ, ਪਰ ਸ਼ਹਿਰ ਬਾਰੇ ਚਿੰਤਾ ਜਿਹੀ ਬਣੀ ਰਹੀ, ਪਤਾ ਨਹੀਂ ਕਿਉਂ?


ਨਿਰਮਲ ਨੇ ਸੋਨੂੰ ਵੱਲ ਮੂੰਹ ਕਰ ਕੇ ਵੇਖਿਆ ਤੇ ਬੋਲਿਆ, ਹੋ ਜਾਂਦਾ ਕਈ ਵਾਰ, ਤੂੰ ਚਿੰਤਾ ਨਾ ਕਰ, ਆਪਾਂ ਸਹੀ ਸਲਾਮਤ ਪੁੱਜ ਜਾਣਾ ਟਿਕਾਣੇ 'ਤੇ।

ਨਿਰਮਲ ਨੇ ਗੱਲ ਬਦਲਣ ਲਈ ਫਿਰ ਉਹੀ ਸਵਾਲ ਕਰ ਦਿੱਤਾ, ਵਈ, ਦੱਸ ਆਪਣੀ ਕਹਾਣੀ, ਕਿਵੇਂ ਇਸ ਰਾਹ 'ਤੇ ਪਿਆ ?

ਸੋਨੂੰ ਬੋਲਿਆ, ਸੁਣ ਬਈ ਇਸ ਰਾਹ ਮੈਂ ਪਿਆ ਜਾਂ ਮੈਨੂੰ ਇਸ ਕੁੱਤੇ ਸਿਸਟਮ ਨੇ ਪਾਇਆ... ਵਰਿੰਦਰ ਦਾ ਹੁਣ ਮੇਰੇ ਘਰ ਆਉਣਾ ਜਾਣਾ ਆਮ ਹੀ ਹੋ ਗਿਆ ਸੀ। ਦੂਜੇ ਪਾਸੇ ਮੇਰਾ ਗਿਆਰਵੀਂ ਦਾ ਸਾਲ ਵੀ ਪੂਰਾ ਹੋ ਗਿਆ ਸੀ। ਐਧਰ ਇਨ੍ਹਾਂ ਦੋਵਾਂ ਦੀ ਬੀ. ਐਡ ਖ਼ਤਮ ਹੋ ਗਈ ਸੀ। ਉਸ ਤੋਂ ਬਾਅਦ ਇਹ ਦੋਵੇਂ ਇਕਦਮ ਅਲੋਪ ਹੋ ਗਏ। ਇਕ ਦਿਨ ਅਖ਼ਬਾਰ ਵਿੱਚ ਖ਼ਬਰ ਆਈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦੁਆਬਾ ਵਿੱਚ ਆਪਣੀ ਲਹਿਰ ਨੂੰ ਦੁਬਾਰਾ ਖੜ੍ਹਾ ਕਰ ਲਿਆ ਹੈ। ਇਸ ਖ਼ਬਰ ਨੇ ਮੇਰੇ ਕੰਨ ਖੜ੍ਹੇ ਕਰ ਦਿੱਤੇ ਸਨ। ਕਿਉਂਕਿ ਇਹ ਬਿਆਨ ਵਰਿੰਦਰ ਨੇ ਅਖ਼ਬਾਰਾਂ ਵਿੱਚ ਦਿੱਤਾ ਸੀ। ਮੈਂ ਉਨ੍ਹਾਂ ਨੂੰ ਮਿਲਣ ਲਈ ਸੋਚ ਹੀ ਰਿਹਾ ਸੀ ਕਿ ਵਰਿੰਦਰ ਆਪ ਹੀ ਮੈਨੂੰ ਮਿਲਣ ਘਰ ਆ ਗਿਆ। ਬੱਸ ਫਿਰ ਕੰਮ ਚੱਲ ਪਿਆ। ਵਰਿੰਦਰ ਮੈਨੂੰ ਐਧਰ ਉਧਰ ਸੁਨੇਹਾ ਦੇਣ ਭੇਜ ਦਿੰਦਾ ਸੀ। ਮੈਂ ਵੀ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਕਰ ਕੇ ਆਉਂਦਾ ਸੀ।

ਇਕ ਸ਼ਾਮ ਵਰਿੰਦਰ ਨਾਲ ਇਕ ਹੋਰ ਮੁੰਡਾ ਸਾਡੇ ਘਰ ਆਇਆ। ਇਹ ਦੋਵੇਂ ਕੋਈ ਰਾਤ ਦੇ ਅੱਠ ਕੁ ਵਜੇ ਆਏ ਸਨ। ਮੈਂ ਦੋਹਾਂ ਨੂੰ ਚੁਬਾਰੇ ਵਿੱਚ ਬਿਠਾ, ਹੇਠਾਂ ਆ ਗਿਆ। ਜਦ ਮੈਂ ਦੁਬਾਰਾ ਪਾਣੀ ਦੇ ਗਿਲਾਸ ਲੈ ਕੇ ਗਿਆ ਤਾਂ ਵਰਿੰਦਰ ਤੇ ਉਸ ਨੌਜਵਾਨ ਨੇ ਡੱਬ ਵਿੱਚੋਂ ਕੱਢ ਕੇ ਮੇਜ਼ 'ਤੇ ਰਿਵਾਲਵਰ ਰੱਖੇ ਹੋਏ ਸਨ। ਇਹ ਪਹਿਲੀ ਵਾਰ ਸੀ ਜਦ ਮੈਂ ਇਨ੍ਹਾਂ ਕੋਲ ਹਥਿਆਰ ਦੇਖੇ ਸਨ।

ਮੈਂ ਉਨ੍ਹਾਂ ਨੂੰ ਰੋਟੀ ਖਵਾ ਕੇ, ਖ਼ਾਲੀ ਭਾਂਡੇ ਲੈ ਕੇ ਹੇਠਾਂ ਜਾਣ ਲੱਗਾ ਤਾਂ ਮੈਨੂੰ ਵਰਿੰਦਰ ਨੇ ਹੌਲੀ ਜਿਹੀ ਕਿਹਾ, ਤੂੰ ਅੱਜ ਹੇਠਾਂ ਹੀ ਸੌਂ ਜਾਈਂ ਤੇ ਥੋੜ੍ਹੀ ਬਿੜਕ ਵੀ ਰੱਖੀਂ ਬਾਹਰ ਦੀ।




ਸਵੇਰੇ ਵਰਿੰਦਰ ਮੇਰੇ ਉਪਰ ਜਾਣ ਤੋਂ ਪਹਿਲਾਂ ਹੀ ਜਾਣ ਲਈ ਤਿਆਰ ਬੈਠਾ ਸੀ। ਮੈਨੂੰ ਉਪਰ ਆਇਆ ਦੇਖ ਕੇ ਵਰਿੰਦਰ ਬੋਲਿਆ, ਇਹ ਸਿੰਘ, ਅੱਜ ਐਥੇ ਹੀ ਰਹੇਗਾ, ਮੈਂ ਵੀ ਸ਼ਾਮ ਤੱਕ ਆ ਜਾਊਂਗਾ।

ਫਿਰ ਉਸ ਨੌਜਵਾਨ ਵੱਲ ਦੇਖ ਕੇ ਬੋਲਿਆ, ਤੁਸੀਂ ਅੰਦਰ ਹੀ ਰਹਿਣਾ ਬਾਹਰ ਨਾ ਨਿਕਲਣਾ, ਲੰਗਰ ਪਾਣੀ ਛਕ ਆਰਾਮ ਕਰੋ, ਮੈਂ ਆਇਆ ਸ਼ਾਮ ਨੂੰ...

ਹੇਠਾਂ ਆ ਕੇ ਵਰਿੰਦਰ ਨੇ ਕਿਹਾ, ਕੰਵਲ ਮੈਨੂੰ ਸਾਈਕਲ 'ਤੇ ਗੁਰੂ ਨਾਨਕ ਪੁਰਾ ਦੇ ਰੇਲਵੇ ਫਾਟਕ ਤੱਕ ਛੱਡ ਕੇ ਆ।

ਰਾਤ ਦੇ ਨੌਂ ਕੁ ਵਜੇ ਵਰਿੰਦਰ ਆ ਗਿਆ। ਅਗਲੀ ਸਵੇਰੇ ਉਹ ਉਸ ਨੌਜਵਾਨ ਨੂੰ ਨਾਲ ਲੈ ਕੇ ਚਲਾ ਗਿਆ।

ਇਕ ਹਫ਼ਤੇ ਬਾਅਦ ਮੇਰੀ ਮਾਂ ਰੋਜ਼ ਵਾਂਗ ਸਵੇਰੇ ਚਾਰ ਵਜੇ ਉੱਠ ਗਈ ਸੀ। ਉਹ ਇਸ਼ਨਾਨ ਕਰ ਕੇ ਗੁਰਦਵਾਰਾ ਸਾਹਿਬ ਮੱਥਾ ਟੇਕਣ ਜਾਣ ਦੀ ਤਿਆਰੀ ਕਰ ਰਹੀ ਸੀ ਤਾਂ ਸਾਡੇ ਘਰ ਦਾ ਬਾਹਰ ਵਾਲਾ ਦਰਵਾਜ਼ਾ ਖੜਕਿਆ। ਮਾਂ ਹੈਰਾਨ ਹੋਈ ਇਸ ਵੇਲੇ ਕੌਣ ਹੋਊ ? ਫਿਰ ਉਸ ਨੇ ਆਵਾਜ਼ ਦੇ ਕੇ ਪੁੱਛਿਆ, ਕੌਣ ਹੈ ?

ਅੱਗੋਂ ਆਵਾਜ਼ ਆਈ, ਬੂਹਾ ਤਾਂ ਖੋਲ੍ਹੋ। ਇਸ ਸਭ ਵਿੱਚ ਮੇਰੀ ਵੀ ਨੀਂਦ ਖੁੱਲ੍ਹ ਗਈ।

ਮਾਂ ਦੇ ਬੂਹਾ ਖੋਲ੍ਹਦਿਆਂ ਇਕ ਥਾਣੇਦਾਰ ਤੇ ਸੱਤ-ਅੱਠ ਪੁਲਸ ਵਾਲੇ ਅੰਦਰ ਆ ਵਿਹੜੇ ਵਿੱਚ ਖੜ੍ਹ ਗਏ। ਥਾਣੇਦਾਰ ਨੇ ਰੋਅਬ ਨਾਲ ਪੁੱਛਿਆ, ਬੁੱਢੀਏ ਤੇਰਾ ਮੁੰਡਾ ਕਿੱਥੇ ਹੈ ?

ਮਾਂ ਡਰ ਗਈ ਤੇ ਮੈਂ ਵੀ ਰੌਲਾ ਪੈਂਦਾ ਸੁਣ ਕੇ ਬਾਹਰ ਆਉਂਦਿਆਂ ਬੋਲਿਆ, ਹਾਂ ਜੀ ਦੱਸੋ, ਕੀ ਗੱਲ ਹੈ ਸਰ ?

ਉਹ ਅੱਗੋਂ ਕੋਈ ਜਵਾਬ ਦਿੰਦਾ, ਮਾਂ ਬੋਲ ਪਈ, ਜਨਾਬ ਗੱਲ ਕੀ ਹੋਈ ? ਕੀ ਕਸੂਰ ਹੈ ਇਸ ਦਾ ?

ਮੈਨੂੰ ਦੋ ਪੁਲਸ ਵਾਲਿਆਂ ਬਾਹਾਂ ਤੋਂ ਫੜ ਲਿਆ। ਜਦ ਮੈਨੂੰ ਲਿਜਾਣ ਲੱਗੇ ਤਾਂ ਮਾਂ ਨੇ ਫਿਰ ਰੋਂਦਿਆਂ ਤੇ ਤਰਲਾ ਲੈ ਕੇ ਪੁੱਛਿਆ, ਕੋਈ ਕਸੂਰ ਤਾਂ ਦੱਸੋ ਇਸ ਦਾ?

ਰੌਲਾ ਸੁਣ ਕੇ ਗੁਆਂਢੀ ਵੀ ਆ ਗਏ ਸਨ। ਉਨ੍ਹਾਂ ਵੀ ਇਹੋ ਸਵਾਲ ਪੁੱਛਿਆ, ਜਨਾਬ ਕੀ ਗੱਲ ਹੋ ਗਈ? ਕਿਉਂ ਤੇ ਕਿੱਥੇ ਲੈ ਕੇ ਚੱਲੇ ਹੋ ?

ਚਲਦਾ......

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

# ਲਕਸ਼ਮੀ ਪੂਜਾ ਬਨਾਮ ਬੰਦੀ ਛੋੜ ਦਿਵਸ : ਕਰਨਲ ਨਿਸ਼ਾਨ ਦੀਆਂ ਤਾਰੀਖਾਂ 100% ਗਲਤ

ਸਰਬਜੀਤ ਸਿੰਘ ਸੈਕਰਾਮੈਂਟੋ



ਦੁਨੀਆਂ ਦੇ ਹੋਰ ਹਿੱਸਿਆ ਵਾਂਗ ਆਪਣੇ ਦੇਸ਼ ਵਿੱਚ ਵੀ ਮੁੱਢ ਕਦੀਮ ਤੋਂ ਵੱਖ-ਵੱਖ ਦਿਨ-ਤਿਉਹਾਰ ਮਨਾਏ ਜਾਂਦੇ ਹਨ। ਜਿਨ੍ਹਾਂ ਦਾ ਸਬੰਧ ਧਰਮ, ਇਤਿਹਾਸ, ਮਿਥਿਹਾਸ ਅਤੇ ਮੌਸਮਾਂ ਆਦਿ ਨਾਲ ਹੈ। ਇਨ੍ਹਾਂ ਤਿਉਹਾਰਾਂ ਦਾ ਆਰੰਭ ਮੌਸਮ ਦੀ ਤਬਦੀਲੀ ਵੇਲੇ, ਮਨੋਰੰਜਨ ਲਈ, ਕੁਦਰਤੀ ਆਫਤਾਂ ਦੀ ਕਰੋਪੀ ਤੋਂ ਬਚਣ ਲਈ ਪੂਜਾ ਆਦਿ ਦੇ ਰੂਪ ਵਿੱਚ ਹੋਇਆਂ ਹੋਵੇਗਾ। ਵੇਲੇ ਦੇ ਮੁੱਖੀਆਂ, ਪੁਜਾਰੀਆਂ ਜਾਂ ਸ਼ੈਤਾਨ ਕਿਸਮ ਦੇ ਲੋਕਾਂ ਨੇ ਆਪਣੀ ਸਹੂਲਤ ਲਈ ਵੱਖ-ਵੱਖ ਤਿਉਹਾਰਾਂ ਲਈ ਵੱਖ-ਵੱਖ ਮਰਯਾਦਾ ਜਾਂ ਰੀਤੀ-ਰਿਵਾਜਾਂ ਦਾ ਵਿਕਾਸ ਕੀਤਾ। ਸਮੇਂ-ਸਮੇਂ ਇਨ੍ਹਾਂ ਦਿਨਾਂ ਨਾਲ ਹੋਰ ਘਟਨਾਵਾਂ ਵੀ ਜੁੜਦੀਆਂ ਗਈਆਂ। ਇਨ੍ਹਾਂ ਤਿਉਹਾਰਾਂ ਵਿੱਚੋਂ ਇਕ ਹੈ ਦੀਵਾਲੀ ਦਾ ਤਿਉਹਾਰ।

ਦੀਵਾਲੀ:- ਜੋ ਅਸਲ ਵਿੱਚ ਧੰਨ-ਦੌਲਤ, ਖੁਸ਼ਹਾਲੀ, ਕਿਸਮਤ, ਅਤੇ ਸੁੰਦਰਤਾ ਦੀ ਦੇਵੀ ਲਕਸ਼ਮੀ ਜਾਂ ਲੱਛਮੀ ਦੀ ਪੂਜਾ ਦਾ ਤਿਉਹਾਰ ਹੈ। ਹਿੰਦੂ ਮਿਥਿਹਾਸ ਮੁਤਾਬਕ ਲਕਸ਼ਮੀ, ਆਦਿ ਦੇਵਤੇ ਵਿਸ਼ਨੂੰ ਦੀ ਪਤਨੀ ਹੈ। ਸਮੇਂ ਸਮੇਂ ਇਸ ਤਿਉਹਾਰ ਨਾਲ ਹੋਰ ਪਾਤਰ ਵੀ ਜੁੜਦੇ ਗਏ, ਜਿਵੇ ਗਣੇਸ਼ ਅਤੇ ਬਾਬਾ ਵਿਸ਼ਵਕਰਮਾ ਆਦਿ। ਸਭ ਤੋਂ ਅਹਿਮ ਪਾਤਰ ਹੈ ਅਯੁੱਧਿਆ ਦੇ ਰਾਜੇ ਦਸ਼ਰਥ ਦਾ ਜੇਠਾਂ ਪੁੱਤਰ ਰਾਮ। ਜਿਸ ਬਾਰੇ ਆਮ ਧਾਰਨਾ ਹੈ ਕਿ ਭਗਵਾਨ ਰਾਮ ਜੀ, ਘਰੇਲੂ ਕਾਰਨਾਂ ਕਾਰਕੇ ਮਿਲੇ 14 ਸਾਲ ਦੇ ਬਣਵਾਸ ਉਪ੍ਰੰਤ, ਕੱਤਕ ਦੀ ਮੱਸਿਆ ਵਾਲੇ ਦਿਨ ਆਪਣੇ ਪ੍ਰਵਾਰ ਸਮੇਤ ਅਯੁੱਧਿਆ ਵਿੱਚ ਵਾਪਸ ਆਏ ਸਨ। ਉਨ੍ਹਾਂ ਦੇ ਵਾਪਸ ਆਉਂਣ ਦੀ ਖੁਸ਼ੀ ਵਿੱਚ, ਅਯੁੱਧਿਆ ਵਾਸੀਆਂ ਨੇ ਦੀਵੇ ਬਾਲ ਕੇ ਖੁਸ਼ੀ ਮਨਾਈ ਸੀ। ਇਸ ਨੁਕਤੇ ਨਾਲ ਕਰਨਲ ਸੁਰਜੀਤ ਸਿੰਘ ਨਿਸ਼ਾਨ ਵੀ ਸਹਿਮਤ ਹਨ। ਉਹ ਆਪਣੇ ਲੇਖ, "ਬੰਦੀ ਛੋੜ ਦਿਵਸ ਅਤੇ ਦੀਵਾਲੀ" ਵਿੱਚ ਲਿਖਦੇ ਹਨ, "ਇਹ ਮੰਨਿਆ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਜੀ 14 ਸਾਲਾਂ ਦਾ ਬਨਵਾਸ ਪੂਰਾ ਕਰ ਕੇ ਇਸ ਦਿਨ ਅਯੋਧਿਆ ਨਗਰੀ ਵਿੱਚ ਪਹੁੰਚੇ ਸਨ ਤੇ ਨਗਰੀ ਦੇ ਲੋਕਾਂ ਨੇ ਦੀਵੇ ਬਾਲ ਕੇ ਖ਼ੁਸ਼ੀਆਂ ਮਨਾਈਆਂ ਸਨ"।

ਬੰਦੀ ਛੋੜ ਦਿਵਸ:- ਸਿੱਖ ਇਤਿਹਾਸ ਦੇ ਮੁਤਾਬਕ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮੌਕੇ ਦੀ ਮੁਗਲ ਹਕੂਮਤ ਨੇ, ਕੁਝ ਸਮਾਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਸੀ। ਇਸ ਕੈਦ ਦੇ ਸਮੇਂ ਸਬੰਧੀ ਵਿਦਵਾਨਾਂ ਵਿੱਚ ਕਾਫੀ ਮੱਤਭੇਦ ਹਨ। ਗੁਰੂ ਜੀ ਦੀ ਰਿਹਾਈ ਬਾਰੇ ਕਿਹਾ ਜਾਂਦਾ ਹੈ ਕਿ ਦੀਵਾਲੀ ਵਾਲੇ ਦਿਨ ਉਨ੍ਹਾ ਨੂੰ ਰਿਹਾ ਕੀਤਾ ਗਿਆ ਸੀ। ਗੁਰੂ ਜੀ ਨੇ ਆਪਣੇ ਨਾਲ 52 ਪਹਾੜੀ ਰਾਜਿਆਂ ਨੂੰ ਵੀ, ਜੋ ਉਸੇ ਕਿਲ੍ਹੇ ਵਿੱਚ ਕੈਦ ਸਨ, ਆਪਣੇ ਨਾਲ ਹੀ ਰਿਹਾ ਕਰਵਾਇਆਂ ਸੀ। ਇਸ ਕਾਰਨ ਹੀ ਗੁਰੂ ਜੀ ਨੂੰ 'ਦਾਤਾ ਬੰਦੀ ਛੋੜ' ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਦੂਜੀ ਧਾਰਨਾ ਇਹ ਹੈ ਕਿ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਰਿਹਾਈ ਤੋਂ ਪਿਛੋਂ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਗੁਰੂ ਸਾਹਿਬ ਜੀ ਦੇ ਆਉਣ ਦੀ ਖੁਸ਼ੀ ਵਿੱਚ ਸੰਗਤਾਂ ਨੇ ਘਿਓ ਦੇ ਦੀਵੇ ਜਗਾਏ ਸਨ। ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਜੀ, ਦੀਵਾਲੀ ਵਾਲੇ ਦਿਨ ਕਿਲ੍ਹੇ ਵਿੱਚੋਂ ਰਿਹਾ ਹੋਏ ਸਨ ਜਾਂ ਦੀਵਾਲੀ ਵਾਲੇ ਦਿਨ ਗੁਰੂ ਸਾਹਿਬ ਜੀ ਅੰਮ੍ਰਿਤਸਾਰ ਸਾਹਿਬ ਵਿਖੇ ਪੁੱਜੇ ਸਨ?

| ਥਿੱਤ | ਸੰਮਤ ਨਾਨਕਸ਼ਾਹੀ | ਵਾਰ | ਤਾਰੀਖ | ਸੰਮਤ ਨਾਨਕਸ਼ਾਹੀ | ਵਾਰ | ਤਾਰੀਖ |
|---|---|---|---|---|---|---|
| ਕ:ਵ:ਮੱਸਿਆ | 547 | ਬੁੱਧਵਾਰ | 11-11-2015 | 590 | ਸ਼ਨਿੱਚਰਵਾਰ | 16-11-2058 |
| ਕ:ਵ:ਮੱਸਿਆ | 548 | ਐਤਵਾਰ | 30-10-2016 | 591 | ਬੁੱਧਵਾਰ | 05-11-2059 |
| ਕ:ਵ:ਮੱਸਿਆ | 549 | ਵੀਰਵਾਰ | 19-10-2017 | 592 | ਐਤਵਾਰ | 24-10-2060 |
| ਕ:ਵ:ਮੱਸਿਆ | 550 | ਬੁੱਧਵਾਰ | 07-11-2018 | 593 | ਸ਼ੁੱਕਰਵਾਰ | 11-11-2061 |
| ਕ:ਵ:ਮੱਸਿਆ | 551 | ਸੋਮਵਾਰ | 28-10-2019 | 594 | ਬੁੱਧਵਾਰ | 01-11-2062 |
| ਕ:ਵ:ਮੱਸਿਆ | 552 | ਐਤਵਾਰ | 15-11-2020 | 595 | ਐਤਵਾਰ | 21-10-2063 |
| ਕ:ਵ:ਮੱਸਿਆ | 553 | ਵੀਰਵਾਰ | 04-11-2021 | 596 | ਸ਼ਨਿੱਚਰਵਾਰ | 08-11-2064 |
| ਕ:ਵ:ਮੱਸਿਆ | 554 | ਮੰਗਲਵਾਰ | 25-10-2022 | 597 | ਵੀਰਵਾਰ | 29-10-2065 |
| ਕ:ਵ:ਮੱਸਿਆ | 555 | ਸੋਮਵਾਰ | 13-11-2023 | 598 | ਮੰਗਲਵਾਰ | 19-10-2066 |
| ਕ:ਵ:ਮੱਸਿਆ | 556 | ਸ਼ੁੱਕਰਵਾਰ | 01-11-2024 | 599 | ਐਤਵਾਰ | 06-11-2067 |
| ਕ:ਵ:ਮੱਸਿਆ | 557 | ਮੰਗਲਵਾਰ | 21-10-2025 | 600 | ਸ਼ੁੱਕਰਵਾਰ | 26-10-2068 |
| ਕ:ਵ:ਮੱਸਿਆ | 558 | ਸੋਮਵਾਰ | 09-11-2026 | 601 | ਬੁੱਧਵਾਰ | 13-11-2069 |
| ਕ:ਵ:ਮੱਸਿਆ | 559 | ਸ਼ੁੱਕਰਵਾਰ | 29-10-2027 | 602 | ਐਤਵਾਰ | 02-11-2070 |
| ਕ:ਵ:ਮੱਸਿਆ | 560 | ਬੁੱਧਵਾਰ | 18-10-2028 | 603 | ਸ਼ੁੱਕਰਵਾਰ | 23-10-2071 |
| ਕ:ਵ:ਮੱਸਿਆ | 561 | ਮੰਗਲਵਾਰ | 06-11-2029 | 604 | ਵੀਰਵਾਰ | 10-11-2072 |
| ਕ:ਵ:ਮੱਸਿਆ | 562 | ਸ਼ਨਿੱਚਰਵਾਰ | 26-10-2030 | 605 | ਸੋਮਵਾਰ | 30-10-2073 |
| ਕ:ਵ:ਮੱਸਿਆ | 563 | ਸ਼ੁੱਕਰਵਾਰ | 14-11-2031 | 606 | ਸ਼ਨਿੱਚਰਵਾਰ | 20-10-2074 |
| ਕ:ਵ:ਮੱਸਿਆ | 564 | ਬੁੱਧਵਾਰ | 03-11-2032 | 607 | ਸ਼ੁੱਕਰਵਾਰ | 08-11-2075 |
| ਕ:ਵ:ਮੱਸਿਆ | 565 | ਐਤਵਾਰ | 23-10-2033 | 608 | ਮੰਗਲਵਾਰ | 27-10-2076 |
| ਕ:ਵ:ਮੱਸਿਆ | 566 | ਸ਼ੁੱਕਰਵਾਰ | 10-11-2034 | 609 | ਸੋਮਵਾਰ | 15-11-2077 |
| ਕ:ਵ:ਮੱਸਿਆ | 567 | ਬੁੱਧਵਾਰ | 31-10-2035 | 610 | ਸ਼ੁੱਕਰਵਾਰ | 04-11-2078 |
| ਕ:ਵ:ਮੱਸਿਆ | 568 | ਐਤਵਾਰ | 19-10-2036 | 611 | ਮੰਗਲਵਾਰ | 24-10-2079 |
| ਕ:ਵ:ਮੱਸਿਆ | 569 | ਸ਼ਨਿੱਚਰਵਾਰ | 07-11-2037 | 612 | ਸੋਮਵਾਰ | 11-11-2080 |
| ਕ:ਵ:ਮੱਸਿਆ | 570 | ਵੀਰਵਾਰ | 28-10-2038 | 613 | ਸ਼ਨਿੱਚਰਵਾਰ | 01-11-2081 |
| ਕ:ਵ:ਮੱਸਿਆ | 571 | ਬੁੱਧਵਾਰ | 16-11-2039 | 614 | ਬੁੱਧਵਾਰ | 21-10-2082 |
| ਕ:ਵ:ਮੱਸਿਆ | 572 | ਐਤਵਾਰ | 04-11-2040 | 615 | ਮੰਗਲਵਾਰ | 09-11-2083 |
| ਕ:ਵ:ਮੱਸਿਆ | 573 | ਵੀਰਵਾਰ | 24-10-2041 | 616 | ਐਤਵਾਰ | 29-10-2084 |
| ਕ:ਵ:ਮੱਸਿਆ | 574 | ਬੁੱਧਵਾਰ | 12-11-2042 | 617 | ਵੀਰਵਾਰ | 18-10-2085 |
| ਕ:ਵ:ਮੱਸਿਆ | 575 | ਐਤਵਾਰ | 01-11-2043 | 618 | ਬੁੱਧਵਾਰ | 06-11-2086 |
| ਕ:ਵ:ਮੱਸਿਆ | 576 | ਵੀਰਵਾਰ | 20-10-2044 | 619 | ਐਤਵਾਰ | 26-10-2087 |
| ਕ:ਵ:ਮੱਸਿਆ | 577 | ਬੁੱਧਵਾਰ | 08-11-2045 | 620 | ਸ਼ਨਿੱਚਰਵਾਰ | 13-11-2088 |
| ਕ:ਵ:ਮੱਸਿਆ | 578 | ਸੋਮਵਾਰ | 29-10-2046 | 621 | ਬੁੱਧਵਾਰ | 02-11-2089 |
| ਕ:ਵ:ਮੱਸਿਆ | 579 | ਸ਼ਨਿੱਚਰਵਾਰ | 19-10-2047 | 622 | ਸੋਮਵਾਰ | 23-10-2090 |
| ਕ:ਵ:ਮੱਸਿਆ | 580 | ਸ਼ੁੱਕਰਵਾਰ | 06-11-2048 | 623 | ਐਤਵਾਰ | 11-11-2091 |
| ਕ:ਵ:ਮੱਸਿਆ | 581 | ਮੰਗਲਵਾਰ | 26-10-2049 | 624 | ਵੀਰਵਾਰ | 30-10-2092 |
| ਕ:ਵ:ਮੱਸਿਆ | 582 | ਸੋਮਵਾਰ | 14-11-2050 | 625 | ਮੰਗਲਵਾਰ | 20-10-2093 |
| ਕ:ਵ:ਮੱਸਿਆ | 583 | ਸ਼ੁੱਕਰਵਾਰ | 03-11-2051 | 626 | ਸੋਮਵਾਰ | 08-11-2094 |
| ਕ:ਵ:ਮੱਸਿਆ | 584 | ਮੰਗਲਵਾਰ | 22-10-2052 | 627 | ਸ਼ੁੱਕਰਵਾਰ | 28-10-2095 |
| ਕ:ਵ:ਮੱਸਿਆ | 585 | ਸੋਮਵਾਰ | 10-11-2053 | 628 | ਬੁੱਧਵਾਰ | 14-11-2096 |
| ਕ:ਵ:ਮੱਸਿਆ | 586 | ਸ਼ੁੱਕਰਵਾਰ | 30-10-2054 | 629 | ਐਤਵਾਰ | 03-11-2097 |
| ਕ:ਵ:ਮੱਸਿਆ | 587 | ਬੁੱਧਵਾਰ | 20-10-2055 | 630 | ਸ਼ੁੱਕਰਵਾਰ | 24-10-2098 |
| ਕ:ਵ:ਮੱਸਿਆ | 588 | ਮੰਗਲਵਾਰ | 07-11-2056 | 631 | ਵੀਰਵਾਰ | 12-11-2099 |
| ਕ:ਵ:ਮੱਸਿਆ | 589 | ਐਤਵਾਰ | 28-10-2057 | 632 | ਮੰਗਲਵਾਰ | 02-11-2100 |

79

ਬੰਦੀ ਛੋੜ ਪੁਰਬ (ਦਿਵਾਲੀ) ਕੱਤਕ ਵਦੀ ਮੱਸਿਆ

ਕਰਨਲ ਨਿਸ਼ਾਨ ਜੀ ਲਿਖਦੇ ਹਨ, "ਸਿੱਖ ਧਰਮ ਅੰਦਰ ਬੰਦੀਛੋੜ ਦਿਵਸ ਦਾ ਪਿਛੋਕੜ ਅਤੇ ਮਹੱਤਵ ਗੁਰੂ ਹਰਿਗੋਬਿੰਦ ਮਹਾਰਾਜ ਦਾ ਗਵਾਲੀਅਰ ਦੇ ਕਿਲ੍ਹੇ ਅੰਦਰ ਕੈਦ ਹਿੰਦੁਸਤਾਨ ਦੇ 52 ਹਿੰਦੂ ਰਾਜਿਆਂ ਦੀ ਕਿਲ੍ਹੇ 'ਚੋਂ ਬੰਦ ਖ਼ਲਾਸੀ ਕਰਵਾਉਣ ਵਾਲੀ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਹੈ। ਕਿਲ੍ਹੇ ਵਿਚੋਂ 52 ਰਾਜਿਆਂ ਦੀ ਬੰਦ ਖ਼ਲਾਸੀ ਕਰਵਾਉਣ ਕਾਰਨ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਨੂੰ ਬੰਦੀ ਛੋੜ ਦਾਤਾ ਕਿਹਾ ਜਾਣ ਲੱਗ ਪਿਆ ਅਤੇ ਉਸ ਦਿਨ ਨੂੰ ਬੰਦੀ ਛੋੜ ਦਿਵਸ ਕਿਹਾ ਜਾਣ ਜਾਂਦਾ ਹੈ। ਗੁਰ ਇਤਿਹਾਸ ਅਨੁਸਾਰ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਨੂੰ ਮੁਕਤ ਕਰਵਾ ਕੇ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਕਿਲ੍ਹੇ ਵਿਚੋਂ ਬਾਹਰ ਆਏ ਤਾਂ ਗਵਾਲੀਅਰ ਦੇ ਕਿਲ੍ਹੇ ਦੇ ਦਰੋਗੇ ਹਰਿਦਾਸ ਨੇ ਦੀਵਾਲੀ ਮਨਾਈ। ਉਸ ਦਿਨ ਕੱਤਕ ਦੀ ਮੱਸਿਆ ਹੋਣ ਕਾਰਨ ਵੀ ਗਵਾਲੀਅਰ ਵਿੱਚ ਹੋਰ ਹਿੰਦੂ ਘਰਾਂ ਵਿੱਚ ਵੀ ਦਲੇਰੀ ਨਾਲ ਦੀਵਾਲੀ ਮਨਾਈ ਗਈ ਅਤੇ ਇਸ ਲਈ ਬੰਦੀਛੋੜ ਦਿਵਸ ਤੇ ਦੀਵਾਲੀ ਆਪਸ ਵਿੱਚ ਰਲ ਮਿਲ ਗਏ"।

ਆਓ, ਕਰਨਲ ਨਿਸ਼ਾਨ ਦੇ ਲਿਖਤੀ ਦਾਵੇ ਦੀ ਪੜਤਾਲ ਕਰੀਏ। ਭਾਵੇ ਕਰਨਲ ਨਿਸ਼ਾਨ ਜੀ ਨੇ ਕਿਸੇ ਇਤਿਹਾਸਿਕ ਵਸੀਲੇ ਦਾ ਜਿਕਰ ਨਹੀਂ ਕੀਤਾ, ਪਰ ਕਿਤਾਬਾਂ ਨਾਲ ਵਾਹ-ਵਾਸਤਾ ਰੱਖਣ ਵਾਲੇ ਸੱਜਣ ਜਾਣਦੇ ਹਨ ਕਿ ਇਹ ਸਾਖੀ ਭੱਟ ਵੱਹੀਆਂ ਵਿੱਚ ਦਰਜ ਹੈ। ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ ਕੀਤੀ ਕਿਤਾਬ 'ਗੁਰੂ ਕੀਆਂ ਸਾਖੀਆਂ" ਵਿੱਚ ਇਹ ਸਾਖੀ ਇਵੇ ਦਰਜ ਹੈ, "ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖੜ੍ਰੀ ਚੱਕ ਗੁਰੂ ਕਾ, ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੈ ਛਿਹਤ੍ਰਾ ਕੱਤਕ ਮਾਸੇ ਕ੍ਰਿਸ਼ਨਾ ਪੱਖੇ ਚੌਦਸ ਕੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੂਏ"। (ਪੰਨਾ 30) ਇਥੇ ਗੁਰੂ ਜੀ ਦੇ ਕਿਲ੍ਹੇ ਵਿੱਚੋਂ ਬਾਹਰ ਆਉਣ ਦੀ ਤਿੱਥ ਕੱਤਕ ਵਦੀ ਚੌਦਸ, ਸੰਮਤ 1676 ਬਿ: (26 ਅਕਤੂਬਰ 1619 ਈ: ਜੂਲੀਅਨ) ਦਰਜ ਹੈ।

"ਨਾਇਕ ਹਰੀ ਰਾਮ ਦਰੋਗਾ ਬੇਟਾ ਹਰਿ ਬੰਸ ਲਾਲ ਕਾ ਪੋਤਾ ਠਾਕਰ ਦਾਸ ਕਾ ਪੜਪੋਤਾ ਧਰਮ ਚੰਦ ਕਾ ਬੰਸ ਰਾਧਾ ਕ੍ਰਿਸ਼ਨ ਕੀ ਚੰਦ੍ਰ ਬੰਸੀ ਜਾਦਵ ਬੜਤੀਆ ਕਨਾਵਤ ਨੇ ਸੰਮਤ 1676 ਕਤਿਕ ਬਦੀ ਚਉਦਸ ਕੇ ਦਿਹੁ ਬੰਦੀ ਛੋਰ ਗੁਰੂ ਹਰਿ ਗੋਬਿੰਦ ਜੀ ਕੇ ਬਾਵਨ ਰਾਜਯੋਂ ਕੇ ਸਾਥ ਬੰਧਨ ਮੁਕਤ ਹੋਇ ਕੇ ਆਨੇ ਕੀ ਖੁਸ਼ੀ ਮੇਂ ਦੀਪ ਮਾਲਾ ਕੀ-ਸਾਰੀ ਨਗਰੀ ਮੇਂ ਖੁਸ਼ੀਆਂ ਕੇ ਬਾਦਲ ਛਾਇ ਗਏ। ਗੁਰੂ ਜੀ ਏਕ ਦਿਬਸ ਨਾਇਕ ਹਰੀ ਰਾਮ ਕੇ ਗ੍ਰਹਿ ਮੇਂ ਨਿਵਾਸ ਕਰਕੇ ਬਦਾਇਗੀ ਲੀ ਰਾਸਤੇ ਕਾ ਪੰਧ ਮੁਕਾਇ ਆਗਰੇ ਬਾਦਸ਼ਾਹ ਜਹਾਂਗੀਰ ਕੇ ਪਾਸ ਜਾਇ ਨਿਵਾਸ ਕੀਆ"। (ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 78)


ਪੜਤਾਲ ਕਰਨ ਤੇ ਜਾਣਕਾਰੀ ਮਿਲੀ ਹੈ ਕਿ ਸੰਮਤ 1676 ਬਿ: ਵਿੱਚ ਲਕਸ਼ਮੀ ਪੂਜਾ (ਦੀਵਾਲੀ) ਕੱਤਕ ਦੀ ਚੌਦਸ ਨੂੰ ਸੀ ਨਾ ਕਿ ਕੱਤਕ ਦੀ ਮੱਸਿਆ ਨੂੰ। ਕੱਤਕ ਦੀ ਮੱਸਿਆ ਦਾ ਆਰੰਭ 26 ਅਕਤੂਬਰ ਨੂੰ 11:21 ਮੰ ਤੇ ਹੋਇਆ ਸੀ ਅਤੇ ਸਮਾਪਤੀ 27 ਤਾਰੀਖ ਨੂੰ 12:03 ਵੰ ਤੇ ਹੋਈ ਸੀ। ਕਿਉਂਕਿ 27 ਤਾਰੀਖ ਨੂੰ ਸਵੇਰੇ ਸੂਰਜ ਚੜਨ ਵੇਲੇ (6:51 ਮੰ) ਮੱਸਿਆ ਦੀ ਤਿੱਥ ਸੀ ਇਸ ਲਈ, ਮੱਸਿਆ 27 ਅਕਤੂਬਰ ਦੀ ਹੀ ਸੀ। ਪਰ ਲਕਸ਼ਮੀ ਪੂਜਾ ਦਾ ਮਹੂਰਤ, ਸ਼ਾਮ ਵੇਲੇ (ਸੂਰਜ ਛਿੱਪਣ ਤੋਂ ਪਿਛੋਂ) ਦਾ ਹੋਣ ਕਾਰਨ, ਇਹ ਪੂਜਾ ਪਹਿਲੇ ਦਿਨ ਕੀਤੀ ਜਾਣ ਦਾ ਵਿਧਾਨ ਹੈ। ਇਸ ਲਈ ਦੀਵਾਲੀ 26 ਅਕਤੂਬਰ ਨੂੰ ਮਨਾਈ ਗਈ ਸੀ।

ਕਰਨਲ ਨਿਸ਼ਾਨ ਨੇ ਆਪਣੀ ਕਿਤਾਬ 'ਗੁਰਪੁਰਬ ਦਰਪਣ" ਦੇ ਪੰਨਾ 79 ਉੱਪਰ 'ਬੰਦੀ ਛੋੜ ਪੁਰਬ (ਦੀਵਾਲੀ) ਕੱਤਕ ਦੀ ਮੱਸਿਆ" ਦੇ ਸਿਰਲੇਖ ਹੇਠ ਆਉਣ ਵਾਲੇ ਸਾਲਾਂ (2015-2100) ਦੀਆਂ ਦੀਵਾਲੀ ਦੀਆਂ ਤਾਰੀਖਾਂ ਦਰਜ ਕੀਤੀਆਂ ਹਨ। ਜਿਨ੍ਹਾਂ ਬਾਰੇ ਸਰਦਾਰ ਪਾਲ ਸਿੰਘ ਪੁਰੇਵਾਲ ਨੇ ਸਿਆਟਲ ਵਿਖੇ ਹੋਏ ਸੈਮੀਨਾਰ (15 ਜੁਲਾਈ 2017 ਈ:) ਵਿੱਚ ਕਿਹਾ ਸੀ, ਜੇ ਕਰਨਲ ਨਿਸ਼ਾਨ, ਆਪਣੀਆਂ ਲਿਖੀਆਂ ਤਾਰੀਖਾਂ ਨੂੰ 100% ਸਹੀ ਸਾਬਿਤ ਕਰ ਦੇਣ ਤਾਂ ਮੇਰੇ ਵੱਲੋਂ 5 ਲੱਖ ਰ: ਦਾ ਇਨਾਮ ਦਿੱਤਾ ਜਾਵੇਗਾ। 90% ਤੇ 4 ਲੱਖ, 80% ਤੇਂ 3 ਲੱਖ 70% ਤੇ 2 ਲੱਖ ਅਤੇ 60% ਤਾਰੀਖਾਂ ਸਹੀ ਸਾਹਿਬ ਕਰਨ ਤੇ 1 ਇਕ ਲੱਖ ਰ: ਦਾ ਇਨਾਮ ਦਿੱਤਾ ਜਵੇਗਾ। ਯਾਦ ਰਹੇ ਕਰਨਲ ਨਿਸ਼ਾਨ ਨੇ ਨਾਨਕਸ਼ਾਹੀ ਕੈਲੰਡਰ ਦੀ ਇਕ ਤਾਰੀਖ ਸਹੀ ਸਾਹਿਬ ਕਰਨ ਤੇ 1 ਲੱਖ ਰ: ਦਾ ਇਨਾਮ ਰੱਖਿਆ ਹੋਇਆ ਹੈ। (ਪੰਨਾ 95) ਆਪਣੇ ਨਵੇਂ ਲੇਖ, "ਬੰਦੀ ਛੋੜ ਦਿਵਸ ਅਤੇ ਦੀਵਾਲੀ" ਵਿੱਚ ਕਰਨਲ ਨਿਸ਼ਾਨ ਨੇ ਗੁਰੂ ਜੀ ਦੇ ਕਿਲ੍ਹੇ 'ਚ ਬਾਹਰ ਆਉਣ ਦੀ ਤਾਰੀਖ ਕੱਤਕ ਦੀ ਮੱਸਿਆ ਲਿਖੀ ਹੈ। ਜੋ ਕਿ ਸਹੀ ਨਹੀਂ ਹੈ। ਅਸਲ ਵਿੱਚ, ਭੱਟ ਵਹੀ ਮੁਤਾਬਕ ਇਹ ਤਾਰੀਖ ਕੱਤਕ ਵਦੀ ਚੌਦਸ ਹੈ। "ਸੰਮਤ ਸੋਲਾਂ ਸੈ ਛਿਹਤ੍ਰਾ ਕੱਤਕ ਮਾਸੇ ਕ੍ਰਿਸ਼ਨਾ ਪੱਖੇ ਚੌਦਸ ਕੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੂਏ"। ਇਸ ਕਾਰਨ ਕਰਨਲ ਨਿਸ਼ਾਨ ਵੱਲੋਂ ਆਪਣੀ ਕਿਤਾਬ ਵਿੱਚ ਲਿਖੀਆਂ ਤਾਰੀਖਾਂ (ਪੰਨਾ 79) 100% ਗਲਤ ਸਾਬਿਤ ਹੋ ਜਾਂਦੀਆਂ ਹਨ।

ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋ ਆਪਣੀ ਕਿਤਾਬ ਵਿੱਚ ਦਰਜ ਕੀਤੀਆਂ 'ਕੱਤਕ ਦੀ ਮੱਸਿਆ' ਮੁਤਾਬਕ ਤਾਰੀਖਾਂ (ਪੰਨਾ 79), ਜੇ ਕਰ ਤਾਂ ਲਕਸ਼ਮੀ ਪੂਜਾ (ਦੀਵਾਲੀ) ਦੀਆਂ ਹਨ ਤਾਂ ਲੱਗ-ਭੱਗ 50% ਗਲਤ ਹਨ ਅਤੇ ਜੇ ਕਰ ਇਹ ਤਾਰੀਖਾਂ ਬੰਦੀ ਛੋੜ ਦਿਵਸ ਦੀਆਂ ਹਨ ਤਾਂ 100% ਗਲਤ ਹਨ। ਕਰਨਲ ਨਿਸ਼ਾਨ ਨੂੰ ਅੱਜ ਦਾ ਸਵਾਲ, ਦਰਬਾਰ ਸਾਹਿਬ ਵਿਖੇ ਦੀਪ ਮਾਲ ਕਿਹੜੇ ਦਿਨ, ਭਾਵ ਜਦੋਂ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਬਾਹਰ ਆਏ ਸਨ ਜਾਂ ਜਿਸ ਦਿਨ ਗੁਰੂ ਜੀ ਦਰਬਾਰ ਸਾਹਿਬ ਪੁੱਜੇ ਸਨ, ਕੀਤੀ ਗਈ ਗਈ ਸੀ?

# ਕੀ ਪੰਜਾਬ ਸਿਆਸੀ ਖਿਲਾਅ ਵਿੱਚੋਂ ਨਿਕਲ ਸਕੇਗਾ ?

ਗੁਰਮੀਤ ਸਿੰਘ ਪਲਾਹੀ
9815802070



ਪੰਜਾਬ ਦੀ ਮੌਜੂਦਾ ਸਿਆਸੀ ਅਤੇ ਸਮਾਜਿਕ ਸਥਿਤੀ ਇਸ ਵੇਲੇ ਬੇਹੱਦ ਨਾਜ਼ੁਕ ਅਤੇ ਡਾਵਾਂਡੋਲ ਦੌਰ ਵਿੱਚੋਂ ਲੰਘ ਰਹੀ ਹੈ। ਸੂਬੇ ਵਿੱਚ ਇੱਕ ਅਜਿਹਾ ਗੰਭੀਰ ਸਿਆਸੀ ਅਤੇ ਬੌਧਿਕ ਖਲਾਅ ਪੈਦਾ ਹੋ ਚੁੱਕਾ ਹੈ, ਜਿਸ ਨੇ ਹਰ ਦਰਦਮੰਦ ਪੰਜਾਬੀ ਨੂੰ ਡੂੰਘੀ ਚਿੰਤਾ ਵਿੱਚ ਪਾ ਦਿੱਤਾ ਹੈ। 2022 ਵਿੱਚ 'ਬਦਲਾਅ' ਦੇ ਵੱਡੇ ਦਾਅਵਿਆਂ ਅਤੇ ਇਤਿਹਾਸਕ ਬਹੁਮਤ ਨਾਲ ਸੱਤਾ ਵਿੱਚ ਆਈ 'ਆਮ ਆਦਮੀ ਪਾਰਟੀ' (ਆਪ) ਜਿਸ ਢੰਗ ਨਾਲ ਅੱਜ ਲੋਕਾਂ ਵਿੱਚ ਆਪਣਾ ਅਧਾਰ ਗੁਆ ਰਹੀ ਹੈ, ਉਹ ਚਿੰਤਾਜਨਕ ਹੈ। ਹਾਲਾਂਕਿ ਸਰਕਾਰ ਵੱਲੋਂ ਨਿੱਤ ਦਿਨ ਇਹ ਦਾਅਵੇ ਕੀਤੇ ਜਾਂਦੇ ਹਨ ਕਿ ਉਨ੍ਹਾਂ ਨੇ 300 ਯੂਨਿਟ ਮੁਫ਼ਤ ਬਿਜਲੀ, ਔਰਤਾਂ ਨੂੰ 1000 ਰੁਪਏ ਮਹੀਨਾ ਅਤੇ ਡਿਜੀਟਲ ਸੇਵਾਵਾਂ ਦੇ ਕੇ ਪੰਜਾਬ ਨੂੰ ਸਵਾਰਿਆ ਹੈ, ਪਰ ਕੀ ਜ਼ਮੀਨੀ ਸੱਚਾਈ ਇਨ੍ਹਾਂ ਸਰਕਾਰੀ ਦਾਅਵਿਆਂ ਤੋਂ ਕੋਹਾਂ ਦੂਰ ਨਹੀਂ ਹੈ ?

'ਆਪ' ਲੋਕਾਂ ਵਿੱਚ ਉਹ ਵਿਸ਼ਵਾਸ ਅਤੇ ਉਮੀਦ ਬਰਕਰਾਰ ਨਹੀਂ ਰੱਖ ਸਕੀ, ਜਿਸ ਦੀ ਤਵੱਕੋ ਪੰਜਾਬ ਦੇ ਲੋਕਾਂ ਨੇ ਕੀਤੀ ਸੀ। ਲੋਕਾਂ ਨੇ ਰਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਇਸ ਉਮੀਦ ਨਾਲ ਵੋਟ ਪਾਈ ਸੀ ਕਿ ਇਹ ਪਾਰਟੀ ਭ੍ਰਿਸ਼ਟਾਚਾਰ ਮੁਕਤ ਪੰਜਾਬ ਸਿਰਜੇਗੀ, ਕਿਸਾਨਾਂ ਦੀ ਬਾਂਹ ਫੜੇਗੀ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰੇਗੀ। ਪਰ ਅੱਜ ਹਾਲਾਤ ਉਲਟ ਹਨ।

ਸੂਬੇ ਦੇ ਸਰਕਾਰੀ ਮੁਲਾਜ਼ਮ ਲਗਾਤਾਰ ਆਪਣੇ 18% ਡੀਏ ਅਤੇ ਹੋਰ ਭੱਤਿਆਂ ਲਈ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਕਿਸਾਨਾਂ ਦੀਆਂ ਫ਼ਸਲਾਂ ਦੇ ਲਾਹੇਵੰਦ ਮੁੱਲ ਦੇਣ ਵਿੱਚ ਸਰਕਾਰ ਨਾਕਾਮ ਰਹੀ ਹੈ।

ਸਾਰੀ ਸਥਿਤੀ ਦੇ ਬਾਵਜੂਦ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਮੁੱਖ ਵਿਰੋਧੀ ਧਿਰ ਕਾਂਗਰਸ ਖੁਦ ਕਈ ਧੜਿਆਂ ਵਿੱਚ ਵੰਡੀ ਹੋਈ ਹੈ। ਉਸ ਦੇ ਆਗੂ ਆਪਸ ਵਿੱਚ ਹੀ ਉਲਝੇ ਹੋਏ ਹਨ ਅਤੇ ਹਰ ਕੋਈ ਮੁੱਖ ਮੰਤਰੀ ਦੀ ਕੁਰਸੀ ਦਾ ਦਾਅਵੇਦਾਰ ਬਣਿਆ ਬੈਠਾ ਹੈ। ਕੀ ਜਨਤਾ ਦੇ ਬੁਨਿਆਦੀ ਮਸਲਿਆਂ 'ਤੇ ਵਿਰੋਧੀ ਧਿਰ ਕਾਂਗਰਸ ਵੱਲੋਂ ਕੋਈ ਠੋਸ ਲਾਮਬੰਦੀ ਜਾਂ ਸਾਰਥਕ ਵਿਰੋਧ ਦੇਖਣ ਨੂੰ ਨਹੀਂ ਮਿਲ ਰਿਹਾ ਹੈ ?

ਪੰਜਾਬ ਦੀ ਸਿਆਸਤ ਦਾ ਇਹ ਇਤਿਹਾਸ ਰਿਹਾ ਹੈ ਕਿ ਇੱਥੋਂ ਦੇ ਲੋਕਾਂ ਨੇ ਹਮੇਸ਼ਾ ਖੇਤਰੀ ਪਾਰਟੀਆਂ ਉੱਤੇ ਵੱਡਾ ਯਕੀਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਉਹਨਾਂ ਇਤਿਹਾਸਕ ਖੇਤਰੀ ਪਾਰਟੀਆਂ ਵਿੱਚੋਂ ਇੱਕ ਹੈ, ਜਿਸ ਨੂੰ ਪੰਜਾਬੀਆਂ ਨੇ ਬੇਹੱਦ ਮਾਣ ਬਖਸ਼ਿਆ, ਕਿਉਂਕਿ ਪੰਜਾਬੀ ਮਾਨਸਿਕਤਾ ਹਮੇਸ਼ਾ ਆਪਣੀ ਖੇਤਰੀ ਲੀਡਰਸ਼ਿਪ ਦੇ ਹੱਕ ਵਿੱਚ ਭੁਗਤਦੀ ਰਹੀ ਹੈ। ਪਰ ਅਫ਼ਸੋਸ ਕਿ ਸਮਾਂ ਪਾ ਕੇ ਅਕਾਲੀ ਦਲ ਵੱਲੋਂ ਕੁਝ ਇਹੋ ਜਿਹੀਆਂ ਇਤਿਹਾਸਕ ਗ਼ਲਤੀਆਂ ਕੀਤੀਆਂ ਗਈਆਂ, ਜਿਨ੍ਹਾਂ ਨਾਲ ਉਸ ਨੂੰ ਆਪਣਾ ਰਾਜ ਭਾਗ ਗੁਆਉਣਾ ਪਿਆ ਅਤੇ ਪਾਰਟੀ ਲਗਾਤਾਰ ਪਛੜਦੀ ਗਈ। ਕੀ ਅੱਜ ਵੀ ਸ਼੍ਰੋਮਣੀ ਅਕਲੀ ਦਲ ਆਪਣਾ ਅਧਾਰ ਮੁੜ ਬਣਾਉਣ ਵਿੱਚ ਕਾਮਯਾਬ ਹੋ ਰਿਹਾ ਹੈ ?

ਅਕਾਲੀ ਦਲ ਸਭ ਤੋਂ ਵੱਡੀ ਭੁੱਲ ਪੰਜਾਬ ਵਿੱਚ ਭਾਜਪਾ ਨਾਲ ਲੰਮਾ ਗੱਠਜੋੜ ਕਰਨਾ ਗਿਣਿਆ ਜਾਂਦਾ ਹੈ, ਜੋ ਪੰਜਾਬ ਦੇ ਸੂਝਵਾਨ ਲੋਕਾਂ ਨੂੰ ਮਨੋ-ਚਿਤੋ ਕਦੇ ਵੀ ਪ੍ਰਵਾਨ ਨਹੀਂ ਸੀ। ਭਾਜਪਾ ਵਰਗੀ ਪਾਰਟੀ-ਜੋ ਕੇਂਦਰੀਕਰਨ ਦੀ ਸਿਆਸਤ ਕਰਦੀ ਹੈ ਅਤੇ ਦੇਸ਼ ਭਰ ਦੀਆਂ ਖੇਤਰੀ ਪਾਰਟੀਆਂ ਨੂੰ ਆਪਣੇ ਵਿੱਚ ਜਜ਼ਬ ਕਰਕੇ ਖ਼ਤਮ ਕਰਦੀ ਆ ਰਹੀ ਹੈ-ਉਸ ਕੋਲੋਂ ਇਹ ਤਵੱਕੋ ਨਹੀਂ ਸੀ ਕੀਤੀ ਜਾ ਸਕਦੀ ਕਿ ਉਹ ਪੰਜਾਬ ਦੇ ਨਿਰੋਲ ਹਿੱਤਾਂ, ਪਾਣੀਆਂ ਅਤੇ ਖੇਤੀਬਾੜੀ ਦੀ ਰਾਖੀ ਕਰੇਗੀ। ਅਕਾਲੀ ਦਲ ਨੇ ਸੱਤਾ ਦੇ ਮੋਹ ਵਿੱਚ ਇਸ ਖ਼ਤਰੇ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਦਾ ਖਮਿਆਜ਼ਾ ਉਸ ਨੂੰ ਆਪਣਾ ਵਜੂਦ ਗੁਆ ਕੇ ਭੁਗਤਣਾ ਪੈ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਖੋ-ਵੱਖਰੇ ਧੜਿਆਂ ਵਿੱਚ ਵੰਡਿਆ ਗਿਆ ਹੈ। ਪਾਰਟੀ ਦੇ ਕਮਜ਼ੋਰ ਹੁੰਦਿਆਂ ਹੀ ਪੈਦਾ ਹੋਏ ਖਲਾਅ ਵਿੱਚ ਇੱਕ ਪਾਸੇ 'ਤੱਤੇ ਦਲ' ਅਤੇ ਗਰਮ-ਖਿਆਲੀ ਲੋਕ ਸ਼ਾਮਲ ਹੋ ਗਏ ਹਨ, ਜੋ ਕੱਟੜਤਾ ਦੀਆਂ ਗੱਲਾਂ ਕਰਦੇ ਹਨ। ਪਰ ਪੰਜਾਬ ਦੇ ਅਸਲ ਹਿੱਤ ਇਸ ਕੱਟੜਤਾ ਤੋਂ ਬਿਲਕੁਲ ਵੱਖਰੇ ਹਨ। ਬਿਨਾਂ ਸ਼ੱਕ, ਪੰਜਾਬ ਵਿੱਚ ਮੁੜ ਉਹੀ ਖੇਤਰੀ ਪਾਰਟੀ ਅੱਗੇ ਆ ਸਕਦੀ ਹੈ, ਜਿਹੜੀ ਪੰਜਾਬ ਦੇ ਹਿੱਤਾਂ ਦੀ ਸੱਚੀ ਰਾਖੀ ਕਰੇ, ਲੋਕਾਂ ਦੀ ਸਹੀ ਤਰਜਮਾਨੀ ਕਰੇ, ਅਤੇ ਸਭ ਤੋਂ ਅਹਿਮ- 'ਅਨੰਦਪੁਰ ਸਾਹਿਬ ਦੇ ਮਤੇ' ਦੇ ਉਸ ਮੂਲ ਸੰਕਲਪ ਨੂੰ ਮੁੜ ਸੁਰਜੀਤ ਕਰੇ ਜਿਸ ਵਿੱਚ ਸੂਬਿਆਂ ਨੂੰ ਵੱਧ ਅਧਿਕਾਰ ਅਤੇ ਖੁਦਮੁਖਤਿਆਰੀ ਦੇਣ ਦੀ ਵਕਾਲਤ ਕੀਤੀ ਗਈ ਸੀ। ਕੀ ਇਸ ਗੱਲ ਨੂੰ ਸਿਆਸੀ ਧਿਰਾਂ ਸਮਝ ਰਹੀਆਂ ਹਨ ?

ਇਸੇ ਸਿਆਸੀ ਅਸਥਿਰਤਾ ਅਤੇ ਖੇਤਰੀ ਪਾਰਟੀਆਂ ਦੀ ਕਮਜ਼ੋਰੀ ਦਾ ਫਾਇਦਾ ਚੁੱਕਣ ਲਈ ਭਾਜਪਾ ਪੰਜਾਬ ਵਿੱਚ ਹਮਲਾਵਰ ਰੁਖ਼ ਅਖਤਿਆਰ ਕਰ ਰਹੀ ਹੈ। ਪਿੰਡਾਂ ਵਿੱਚ ਅਧਾਰ ਨਾ ਹੋਣ ਕਰਕੇ, ਭਾਜਪਾ ਕੇਂਦਰੀਕਰਨ ਦੀ ਆਪਣੀ ਸਿਆਸਤ ਨੂੰ ਅੱਗੇ ਵਧਾਉਣ ਲਈ ਦੂਜੀਆਂ ਪਾਰਟੀਆਂ ਦੇ ਵੱਡੇ, ਖ਼ਾਸ ਕਰਕੇ ਸਿੱਖ ਅਤੇ ਪਗੜੀਧਾਰੀ ਨੇਤਾਵਾਂ (ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ) ਨੂੰ ਆਪਣੇ ਵਿੱਚ ਸ਼ਾਮਲ ਕਰ ਰਹੀ ਹੈ ਤਾਂ ਜੋ ਪਿੰਡਾਂ ਵਿੱਚ ਅਧਾਰ ਵਧਾਇਆ ਜਾ ਸਕੇ, ਜਿੱਥੇ ਕਿਸਾਨ ਅੰਦੋਲਨ ਕਾਰਨ ਉਨ੍ਹਾਂ ਦਾ ਬਾਈਕਾਟ ਹੋਇਆ ਸੀ। ਭਾਜਪਾ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਸਾਬਕਾ ਕਾਂਗਰਸੀ ਨੇਤਾ, ਜੋ ਕੁਝ ਸਮਾਂ ਪਹਿਲਾਂ ਭਾਜਪਾ ਵਿੱਚ ਸਾਮਲ ਹੋ ਗਏ ਸਨ, ਨੂੰ ਭਾਜਪਾ ਦਾ ਸੂਬਾ ਪ੍ਰਧਾਨ ਐਲਾਨਿਆਂ ਗਿਆ ਹੈ।

ਪਰ ਪੰਜਾਬ ਵਿੱਚ ਭਾਜਪਾ ਦੇ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਸੂਬੇ ਦੀ ਭੂਗੋਲਿਕ ਬਣਤਰ ਹੈ। ਪੰਜਾਬ ਵਿੱਚ ਬਹੁਤਾ ਪੇਂਡੂ ਖਿੱਤਾ ਹੋਣ ਕਾਰਨ ਅਤੇ ਸ਼ਹਿਰੀ ਖਿੱਤਾ ਬਹੁਤ ਘੱਟ ਹੋਣ ਕਾਰਨ, ਇੱਥੇ ਆਰ.ਐੱਸ.ਐੱਸ. ਦਾ ਸੰਗਠਨਾਤਮਕ ਪ੍ਰਭਾਵ ਬੇਹੱਦ ਘੱਟ ਹੈ। ਭਾਵੇਂ ਕਿ ਸ਼ਹਿਰੀ ਇਲਾਕਿਆਂ ਵਿੱਚ ਆਰ. ਐੱਸ. ਐੱਸ. ਆਪਣੀਆਂ ਸ਼ਾਖਾਵਾਂ ਲਗਾਉਂਦੀ ਹੈ ਅਤੇ ਚੋਣਾਂ ਵੇਲੇ ਪੂਰੇ ਯਤਨਾਂ ਨਾਲ ਭਾਜਪਾ ਦੇ ਪਿੱਛੇ ਖੜ੍ਹਦੀ ਹੈ, ਪਰ ਪੰਜਾਬ ਦੇ ਵਿਸ਼ਾਲ ਪਿੰਡਾਂ ਵਿੱਚ ਆਰ.ਐੱਸ.ਐੱਸ. ਦਾ ਕੋਈ ਵਜੂਦ ਜਾਂ ਪ੍ਰਭਾਵ ਨਹੀਂ ਹੈ।

ਭਾਜਪਾ ਵੱਲੋਂ ਲਗਾਤਾਰ ਆਈ.ਬੀ., ਈ.ਡੀ. ਅਤੇ ਹੋਰ ਕੇਂਦਰੀ ਏਜੰਸੀਆਂ ਰਾਹੀਂ ਪੰਜਾਬ ਵਿੱਚ ਰੇਡਾਂ ਕੀਤੀਆਂ ਜਾ ਰਹੀਆਂ ਹਨ। ਵਿਰੋਧੀ ਧਿਰਾਂ ਦੇ ਨੇਤਾਵਾਂ ਉੱਤੇ ਕੇਸ ਦਰਜ ਕੀਤੇ ਜਾ ਰਹੇ ਹਨ ਤਾਂ ਜੋ ਵਿਰੋਧ ਦੀ ਆਵਾਜ਼ ਨੂੰ ਦਬਾਇਆ ਜਾ ਸਕੇ। ਇਸ ਤੋਂ ਵੀ ਅਗਲਾ ਹੱਥਕੰਡਾ ਪੰਜਾਬ ਦੇ ਡੇਰਿਆਂ 'ਤੇ ਕੀਤੀ ਜਾ ਰਹੀ ਸਿਆਸਤ ਹੈ। ਭਾਜਪਾ ਵੱਲੋਂ ਪ੍ਰਮੁੱਖ ਡੇਰਿਆਂ, ਜਿਵੇਂ ਕਿ ਡੇਰਾ ਸੱਚਖੰਡ ਬੱਲਾਂ, ਰਾਧਾ ਸੁਆਮੀ ਡੇਰਾ ਬਿਆਸ, ਅਤੇ ਡੇਰਾ ਸੱਚਾ ਸੌਦਾ (ਰਾਮ ਰਹੀਮ) ਦੇ ਮੁਖੀਆਂ ਤਾਈਂ ਪਹੁੰਚ ਕਰਨ ਦਾ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ, ਤਾਂ ਜੋ ਪੇਂਡੂ ਅਤੇ ਦਲਿਤ ਵੋਟਰਾਂ ਵਿੱਚ ਸੰਨ੍ਹ ਲਾਈ ਜਾ ਸਕੇ। ਪਰ ਇਹ ਸਮਝਣ ਵਾਲੀ ਗੱਲ ਹੈ ਕਿ ਕਿਸਾਨ ਅੰਦੋਲਨ ਵੇਲੇ ਪੇਂਡੂ ਖ਼ਾਸ ਕਰਕੇ ਕਿਸਾਨ ਭਾਜਪਾ ਤੋਂ ਮਨੋਂ ਦੂਰ ਹੋ ਚੁੱਕੇ ਹਨ।

ਇਸਦੇ ਬਾਵਜੂਦ ਵੀ ਭਾਜਪਾ ਚੁੱਪ ਨਹੀਂ ਬੈਠੀ। ਵੋਟਰ ਸੂਚੀਆਂ ਦੀ ਸੁਧਾਈ ਦੇ ਕੰਮ ਰਾਹੀਂ ਪੰਜਾਬ ਵਿੱਚ ਰਹਿ ਰਹੇ ਲਗਭਗ 30 ਲੱਖ ਪ੍ਰਵਾਸੀ ਮਜ਼ਦੂਰਾਂ ਦੀਆਂ ਵੋਟਾਂ ਨੂੰ ਪੱਕਾ ਕਰਨਾ ਅਤੇ 15 ਲੱਖ ਐੱਨ.ਆਰ.ਆਈ. ਵੋਟਰਾਂ ਦੀਆਂ ਵੋਟਾਂ ਨੂੰ ਕੱਟਣ-ਕਟਾਉਣ ਦੀ ਸਿਆਸਤ ਚੱਲ ਰਹੀ ਹੈ, ਤਾਂ ਜੋ ਪੇਂਡੂ ਖੇਤਰਾਂ ਦੇ ਵੋਟ ਸਮੀਕਰਨਾਂ ਨੂੰ ਬਦਲਿਆ ਜਾ ਸਕੇ। ਪਰ ਭਾਜਪਾ ਭਾਵੇਂ ਇਹ ਸਾਰੇ ਹੱਥਕੰਡੇ ਅਪਣਾ ਲਵੇ, ਪੰਜਾਬ ਦੀ ਵੱਖਰੀ ਸਮਾਜਿਕ ਤਾਸੀਰ ਅਤੇ ਪਿੰਡਾਂ ਵਿੱਚ ਆਰ.ਐੱਸ.ਐੱਸ. ਦੇ ਅਧਾਰ ਦੀ ਘਾਟ ਕਾਰਨ ਉਸ ਨੂੰ ਇੱਥੇ ਇੱਕੋ ਦਮ ਸਫ਼ਲਤਾ ਮਿਲਣੀ ਬਿਲਕੁਲ ਅਸੰਭਵ ਲੱਗਦੀ ਹੈ।

ਇਸ ਸਾਰੀ ਸਿਆਸੀ ਜੋੜ-ਤੋੜ, ਏਜੰਸੀਆਂ ਦੇ ਡਰ ਅਤੇ ਡੇਰਾ ਸਿਆਸਤ ਦੇ ਸ਼ੋਰ-ਗੁਲ ਵਿੱਚ ਪੰਜਾਬ ਦੇ ਅਸਲ ਮੁੱਦੇ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ। ਪੰਜਾਬ ਦਾ ਜ਼ਮੀਨਦੋਜ਼ ਪਾਣੀ ਨਿੱਤ ਦਿਨ ਖ਼ਤਰਨਾਕ ਪੱਧਰ ਤੱਕ ਮੁੱਕਦਾ ਜਾ ਰਿਹਾ ਹੈ। ਪਾਣੀ ਜ਼ਹਿਰੀਲਾ ਹੋਣ ਕਰਕੇ ਮਾਲਵਾ ਪੱਟੀ ਵਿੱਚ ਕੈਂਸਰ ਮਹਾਂਮਾਰੀ ਵਾਂਗ ਫੈਲ ਰਿਹਾ ਹੈ। ਰੁਜ਼ਗਾਰ ਦੇ ਮੌਕੇ ਨਾ ਹੋਣ ਕਰਕੇ ਪੰਜਾਬੀ ਨੌਜਵਾਨ ਲੱਖਾਂ ਰੁਪਏ ਦੇ ਕਰਜ਼ੇ ਚੁੱਕ ਕੇ 'ਆਈਲੈਟਸ' ਦੇ ਸਹਾਰੇ ਬਾਹਰਲੇ ਮੁਲਕਾਂ ਵੱਲ ਹਿਜਰਤ ਕਰ ਰਿਹਾ ਹੈ। ਨੌਜਵਾਨਾਂ ਦੇ ਬਾਹਰ ਜਾਣ ਅਤੇ ਦੂਜੇ ਸੂਬਿਆਂ ਤੋਂ ਆ ਰਹੀ ਆਬਾਦੀ ਦੇ ਇੱਥੇ ਪੱਕੇ ਤੌਰ 'ਤੇ ਵਸਣ ਕਾਰਨ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਡੈਮੋਗ੍ਰਾਫਿਕ ਬਣਤਰ ਵਿੱਚ ਬਹੁਤ ਵੱਡਾ ਬਦਲਾਅ ਆ ਰਿਹਾ ਹੈ। ਮਾਂ-ਬੋਲੀ ਪੰਜਾਬੀ ਨੂੰ ਅਜੇ ਤੱਕ ਪ੍ਰਸ਼ਾਸਨ ਅਤੇ ਅਦਾਲਤਾਂ ਵਿੱਚ ਬਣਦਾ ਰੁਤਬਾ ਨਹੀਂ ਮਿਲਿਆ। ਕਾਨੂੰਨ ਵਿਵਸਥਾ ਦੀ ਸਥਿਤੀ ਇੰਨੀ ਨਾਜ਼ੁਕ ਹੋ ਚੁੱਕੀ ਹੈ ਕਿ ਦਿਨ-ਦਿਹਾੜੇ ਹੁੰਦੀਆਂ ਵਾਰਦਾਤਾਂ ਨੇ ਆਮ ਨਾਗਰਿਕ ਦੇ ਮਨ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਸੂਬਾ ਲਗਭਗ 3.5 ਲੱਖ ਕਰੋੜ ਤੋਂ ਵਧੇਰੇ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਜੋ ਵੀ ਧਿਰ ਰਾਜ ਕਰਨ ਆਉਂਦੀ ਹੈ, ਉਹ ਨਵਾਂ ਕਰਜ਼ਾ ਚੁੱਕ ਕੇ ਰਾਜ-ਭਾਗ ਚਲਾਉਂਦੀ ਹੈ ਅਤੇ ਵੋਟਾਂ ਲਈ ਮੁਫ਼ਤ ਦੀਆਂ ਸਹੂਲਤਾਂ ਵੰਡਦੀ ਹੈ। ਅਸਲ ਵਿੱਚ, ਲੋਕਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਮੰਗਤੇ ਬਣਾਉਣ ਦੀ ਲੋੜ ਨਹੀਂ, ਸਗੋਂ ਚੰਗੀ ਸਿੱਖਿਆ ਅਤੇ ਸਨਮਾਨਜਨਕ ਰੁਜ਼ਗਾਰ ਦੇਣ ਦੀ ਲੋੜ ਹੈ। ਪਰ ਇਸ ਮਾਮਲੇ ਵਿੱਚ ਕਾਂਗਰਸ, ਅਕਾਲੀ ਦਲ ਅਤੇ ਹੁਣ 'ਆਪ'- ਕੀ ਇਹ ਸਾਰੀਆਂ ਪਾਰਟੀਆਂ ਹਮਾਮ ਵਿੱਚ ਨੰਗੀਆਂ ਨਹੀਂ ਹਨ ?

ਕੇਂਦਰੀ ਸੱਤਾ (ਭਾਜਪਾ) ਇਹ ਸੋਚਦੀ ਹੈ ਕਿ ਪੰਜਾਬ ਵਿੱਚ ਏਜੰਸੀਆਂ ਦੇ ਡਰ, ਡੇਰਾ ਸਿਆਸਤ ਅਤੇ ਜੋੜ-ਤੋੜ ਰਾਹੀਂ ਵੱਖੋ-ਵੱਖਰੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਨਾਲ ਰਲਾ ਕੇ ਉਹ ਪੰਜਾਬ 'ਤੇ ਮੁਕੰਮਲ ਕਾਬੂ ਪਾ ਲਵੇਗੀ, ਜਿਵੇਂ ਕਿ ਉਨ੍ਹਾਂ ਨੇ ਬੰਗਾਲ ਵਿੱਚ ਮੁੱਖ ਵਿਰੋਧੀ ਧਿਰ ਬਣ ਕੇ ਵੱਡੀ ਸੇਂਧ ਲਾਈ ਸੀ। ਪਰ ਦਿੱਲੀ ਦੇ ਹਾਕਮ ਇਹ ਸੱਚਾਈ ਭੁੱਲ ਰਹੇ ਹਨ ਕਿ ਪੰਜਾਬ ਕਦੇ ਵੀ ਬੰਗਾਲ ਨਹੀਂ ਬਣ ਸਕਦਾ। ਬੰਗਾਲ ਦੀ ਸਿਆਸਤ ਦਾ ਸੁਭਾਅ ਬਿਲਕੁਲ ਵੱਖਰਾ ਸੀ, ਜਿੱਥੇ ਆਰ.ਐੱਸ.ਐੱਸ. ਦੇ ਕਾਡਰ ਨੇ ਲੰਮਾ ਸਮਾਂ ਕੰਮ ਕੀਤਾ। ਪੰਜਾਬ ਦੀ ਤਾਸੀਰ, ਇੱਥੋਂ ਦਾ ਇਤਿਹਾਸ, ਪਿੰਡਾਂ ਦੀ ਬਣਤਰ ਅਤੇ ਲੋਕਾਂ ਦੀ ਮਾਨਸਿਕਤਾ ਬਿਲਕੁਲ ਵੱਖਰੀ ਹੈ। ਪੰਜਾਬ ਦੇ ਲੋਕਾਂ ਦੀ ਸੋਚ ਕਦੇ ਵੀ ਫਿਰਕੂ ਨਹੀਂ ਰਹੀ। ਪੰਜਾਬੀਆਂ ਨੇ ਹਮੇਸ਼ਾ ਆਪਸੀ ਭਾਈਚਾਰਕ ਸਾਂਝ (ਸਾਂਝੀਵਾਲਤਾ) ਨੂੰ ਪਹਿਲ ਦਿੱਤੀ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੰਜਾਬ ਅਤੇ ਦਿੱਲੀ (ਕੇਂਦਰੀ ਹਕੂਮਤ) ਦਾ ਟਕਰਾਅ ਸਦੀਆਂ ਪੁਰਾਣਾ ਹੈ। ਪੰਜਾਬ ਦੇ ਲੋਕਾਂ ਨੇ ਸਦਾ ਦਿੱਲੀ ਦੇ ਤਖ਼ਤ ਨਾਲ ਲੋਹਾ ਲਾ ਕੇ ਰੱਖਿਆ ਹੈ ਤੇ ਕਦੇ ਵੀ ਆਪਣੀ ਅਣਖ ਦਾ ਸੌਦਾ ਨਹੀਂ ਕੀਤਾ। 1975 ਦੀ ਐਮਰਜੈਂਸੀ ਵੇਲੇ ਜਦੋਂ ਪੂਰੇ ਦੇਸ਼ ਵਿੱਚ ਡਰ ਕਾਰਨ ਖਾਮੋਸ਼ੀ ਛਾਈ ਹੋਈ ਸੀ, ਉਦੋਂ ਪੰਜਾਬ ਦੀ ਧਰਤੀ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵਿਰੁੱਧ ਸਭ ਤੋਂ ਵੱਡਾ ਮੋਰਚਾ ਲਾਇਆ ਸੀ।

ਪੰਜਾਬੀ ਸੁਭਾਅ ਤੋਂ ਹੀ ਬਾਗੀ, ਗ਼ੈਰਤਮੰਦ ਅਤੇ ਸੰਘੀ ਢਾਂਚੇ ਦੇ ਹਾਮੀ ਹਨ, ਉਹ ਦਿੱਲੀ ਦੀ ਅਧੀਨਗੀ, ਕੇਂਦਰੀ ਏਜੰਸੀਆਂ ਦੇ ਡਰ ਜਾਂ ਕੇਂਦਰੀ ਧੱਕੇਸ਼ਾਹੀ ਨੂੰ ਕਦੇ ਪ੍ਰਵਾਨ ਨਹੀਂ ਕਰਦੇ। ਭਾਜਪਾ ਭਾਵੇਂ ਪੰਜਾਬ ਵਿੱਚ ਕਿੰਨੀ ਵੀ ਕੋਸ਼ਿਸ਼ ਕਰ ਲਵੇ, ਭਾਵੇਂ ਉਹ ਕਾਂਗਰਸ ਨੂੰ ਮੁੜ ਕਾਬਜ਼ ਹੋਣ ਤੋਂ ਰੋਕਣ ਲਈ ਪਿੱਛੇ ਰਹਿ ਕੇ 'ਆਪ' ਦੇ ਰਾਜ-ਭਾਗ ਨੂੰ ਸਵੀਕਾਰ ਕਰਨ ਦੀ ਰਣਨੀਤੀ ਅਪਣਾ ਲਵੇ, ਪਰ ਉਹ ਪੰਜਾਬੀ ਮਾਨਸਿਕਤਾ, ਇੱਥੋਂ ਦੀ ਪੇਂਡੂ-ਸਮਾਜਿਕ ਬਣਤਰ ਅਤੇ ਅਣਖ ਨੂੰ ਖਰੀਦ ਨਹੀਂ ਸਕਦੀ। ਪੰਜਾਬੀ ਮੁਫ਼ਤਖੋਰੀ ਦੇ ਜਾਲ, ਡੇਰਾਵਾਦ ਦੇ ਭੁਲੇਖਿਆਂ, ਆਰ.ਐੱਸ.ਐੱਸ. ਦੇ ਪ੍ਰਭਾਵ ਜਾਂ ਕੇਂਦਰੀ ਡਰ ਅੱਗੇ ਕਦੇ ਨਹੀਂ ਝੁਕਦੇ। ਦਿੱਲੀ ਦੀ ਹਮਲਾਵਰ ਸਿਆਸਤ ਪੰਜਾਬ ਦੀ ਸਾਂਝੀਵਾਲਤਾ ਅਤੇ ਅਣਖੀਲੇ ਇਤਿਹਾਸ ਦੀ ਕੰਧ ਨਾਲ ਟਕਰਾ ਕੇ ਹਮੇਸ਼ਾ ਨਾਕਾਮ ਹੁੰਦੀ ਰਹੀ ਹੈ, ਅਤੇ ਇਸ ਵਾਰ ਵੀ ਪੰਜਾਬ ਆਪਣੀ ਵੱਖਰੀ ਹੋਂਦ, ਸੂਬਾਈ ਖੁਦਮੁਖਤਿਆਰੀ ਅਤੇ ਪਛਾਣ ਨੂੰ ਹਰ ਕੀਮਤ 'ਤੇ ਬਰਕਰਾਰ ਰੱਖੇਗਾ।

* * * * * * *

# ਗਜਨੀ ਦੇ ਬਜ਼ਾਰਾਂ ਦਾ ਅਸਲੀ ਸੱਚ

**ਸੰਦੀਪ ਕੁਮਾਰ**
7009807121


















ਇਤਿਹਾਸ ਦੀਆਂ ਉਹ ਘਟਨਾਵਾਂ ਜੋ ਸਦੀਆਂ ਬਾਅਦ ਵੀ ਲੋਕਾਂ ਦੀਆਂ ਯਾਦਾਂ ਵਿੱਚ ਘੁੰਮਦੀਆਂ ਰਹਿੰਦੀਆਂ ਹਨ, ਅਕਸਰ ਅਸਲੀਅਤ ਅਤੇ ਮਿਥਿਹਾਸ ਦੇ ਗੁੰਝਲਦਾਰ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਗਜਨੀ ਦੇ ਬਾਜ਼ਾਰ ਇਸੇ ਤਰ੍ਹਾਂ ਦੀ ਇੱਕ ਵਿਵਾਦਾਸਪਦ ਅਤੇ ਅੰਧਕਾਰਮਈ ਕਹਾਣੀਆਂ ਹਨ। ਇਨ੍ਹਾਂ ਬਾਜ਼ਾਰਾਂ ਨੂੰ ਭਾਰਤੀ ਇਤਿਹਾਸ ਵਿੱਚ ਉਸ ਸਥਾਨ ਵਜੋਂ ਯਾਦ ਕੀਤਾ ਜਾਂਦਾ ਹੈ ਜਿੱਥੇ ਮਹਿਮੂਦ ਗਜ਼ਨੀ ਵੱਲੋਂ ਭਾਰਤ ਤੋਂ ਅਗਵਾ ਕੀਤੀਆਂ ਔਰਤਾਂ ਅਤੇ ਕੁੜੀਆਂ ਨੂੰ ਟਕੇ ਟਕੇ ਸਿਰ ਵੇਚਿਆ ਜਾਂਦਾ ਸੀ। ਇਸ ਬਾਰੇ ਬਹੁਤ ਸਾਰੀਆਂ ਲੋਕ-ਕਥਾਵਾਂ ਅਤੇ ਆਧੁਨਿਕ ਰਾਜਨੀਤਿਕ ਬਿਆਨ ਵੀ ਚੱਲਦੇ ਹਨ। ਪਰ ਅਸਲੀਅਤ ਇਸ ਤੋਂ ਬਹੁਤ ਵੱਖਰੀ ਅਤੇ ਵਧੇਰੇ ਗੁੰਝਲਦਾਰ ਹੈ। ਇਸ ਲੇਖ ਵਿੱਚ ਅਸੀਂ ਉਪਲਬਧ ਇਤਿਹਾਸਕ ਸਰੋਤਾਂ ਅਧਾਰ ਤੇ ਗਜਨੀ ਦੇ ਗੁਲਾਮ ਬਾਜ਼ਾਰਾਂ ਦੀ ਅਸਲੀ ਕਹਾਣੀ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਉਸ ਨਾਲ ਜੁੜੀਆਂ ਗਲਤਫਹਿਮੀਆਂ ਨੂੰ ਵੀ ਦੂਰ ਕਰਾਂਗੇ।

ਗਜਨੀ, ਜੋ ਅੱਜ ਦੇ ਅਫਗਾਨਿਸਤਾਨ ਵਿੱਚ ਇੱਕ ਛੋਟਾ ਜਿਹਾ ਸ਼ਹਿਰ ਹੈ, 10ਵੀਂ ਅਤੇ 11ਵੀਂ ਸਦੀ ਵਿੱਚ ਇੱਕ ਤਾਕਤਵਰ ਰਾਜਧਾਨੀ ਵਜੋਂ ਉਭਰਿਆ। ਇਸ ਦਾ ਰਾਜਵੰਸ਼ ਘਜ਼ਨਵਿਦ ਰਾਜ ਵਜੋਂ ਜਾਣਿਆ ਜਾਂਦਾ ਹੈ, ਜਿਸ ਦੀ ਨੀਂਹ ਸੇਬੁਕਤਗੀਨ ਨੇ 977 ਈਸਵੀ ਵਿੱਚ ਰੱਖੀ ਸੀ। ਉਸ ਦਾ ਪੁੱਤਰ ਮਹਿਮੂਦ ਗਜ਼ਨੀ (998-1030 ਈ.) ਇਸ ਰਾਜ ਨੂੰ ਉਚਾਈਆਂ ਤੱਕ ਲੈ ਗਿਆ। ਮਹਿਮੂਦ ਨੇ ਆਪਣੀ ਫੌਜੀ ਤਾਕਤ ਅਤੇ ਧਾਰਮਿਕ ਉਤਸਾਹ ਨੂੰ ਵਰਤ ਕੇ ਭਾਰਤ ਉੱਤੇ ਲਗਭਗ 17 ਵੱਡੇ ਹਮਲੇ ਕੀਤੇ। ਇਹ ਹਮਲੇ ਸਿਰਫ ਲੁੱਟ ਅਤੇ ਧਨ ਇਕੱਠਾ ਕਰਨ ਲਈ ਨਹੀਂ ਸਨ, ਬਲਕਿ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਗੁਲਾਮ ਬਣਾਉਣ ਲਈ ਵੀ ਸਨ। ਉਸ ਸਮੇਂ ਮੱਧ ਏਸ਼ੀਆ ਅਤੇ ਇਸਲਾਮੀ ਖੇਤਰਾਂ ਵਿੱਚ ਗੁਲਾਮ ਵਪਾਰ ਇੱਕ ਵਿਆਪਕ ਅਤੇ ਲਾਭਦਾਇਕ ਵਪਾਰ ਸੀ। ਗਜਨੀ ਇਸ ਵਪਾਰ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ।

ਇਤਿਹਾਸਕਾਰ ਅਲ-ਉਤਬੀ, ਜੋ ਮਹਿਮੂਦ ਦਾ ਆਪਣਾ ਇਤਿਹਾਸਕਾਰ ਸੀ, ਆਪਣੀ ਰਚਨਾ ਤਾਰੀਖ ਅਲ-ਯਾਮੀਨੀ ਵਿੱਚ ਇਸ ਦਾ ਵਿਸਥਾਰ ਨਾਲ ਵਰਣਨ ਕਰਦਾ ਹੈ। ਉਸ ਅਨੁਸਾਰ 1001 ਈਸਵੀ ਵਿੱਚ ਪਹਿਲੇ ਵੱਡੇ ਹਮਲੇ ਤੋਂ ਹੀ ਹਜ਼ਾਰਾਂ ਲੋਕ ਗੁਲਾਮ ਬਣਾਏ ਗਏ। ਥਾਨੇਸਰ (1015 ਈ.) ਵਿੱਚ ਲਗਭਗ ਦੋ ਲੱਖ ਗੁਲਾਮ ਲਿਆਂਦੇ ਗਏ, ਜਿਸ ਨਾਲ ਗਜਨੀ ਇੱਕ ਭਾਰਤੀ ਸ਼ਹਿਰ ਵਾਂਗ ਲੱਗਣ ਲੱਗਾ। ਸਾਲ 1018-19 ਵਿੱਚ ਕਨੌਜ ਅਤੇ ਮਥੁਰਾ ਉੱਤੇ ਹਮਲੇ ਤੋਂ ਬਾਅਦ 53,000 ਤੋਂ ਵੱਧ ਗੁਲਾਮ ਲਿਆਂਦੇ ਗਏ। ਇਨ੍ਹਾਂ ਵਿੱਚ ਮਰਦ, ਔਰਤਾਂ ਅਤੇ ਬੱਚੇ ਸਭ ਸ਼ਾਮਲ ਸਨ। ਇਹ ਗੁਲਾਮ ਗਜਨੀ ਦੇ ਬਾਜ਼ਾਰਾਂ ਵਿੱਚ ਵੇਚੇ ਜਾਂਦੇ ਸਨ। ਇਨ੍ਹਾਂ ਬਾਜ਼ਾਰਾਂ ਵਿੱਚ ਗੁਲਾਮਾਂ ਦੀਆਂ ਕੀਮਤਾਂ ਬਹੁਤ ਘੱਟ ਹੁੰਦੀਆਂ ਸਨ - ਆਮ ਤੌਰ ਤੇ ਇੱਕ ਵਿਅਕਤੀ ਲਈ 2 ਤੋਂ 10 ਦਿਰਹਮ ਤੱਕ। ਇਹ ਮੁੱਲ ਇੰਨਾ ਘੱਟ ਸੀ ਕਿ ਵਪਾਰੀ ਦੂਰ-ਦੂਰ ਤੋਂ ਆ ਕੇ ਖਰੀਦਦੇ ਸਨ ਅਤੇ ਉਨ੍ਹਾਂ ਨੂੰ ਖੁਰਾਸਾਨ, ਇਰਾਕ ਅਤੇ ਹੋਰ ਇਸਲਾਮੀ ਖੇਤਰਾਂ ਵਿੱਚ ਲੈ ਜਾਂਦੇ ਸਨ।

ਇਹ ਬਾਜ਼ਾਰ ਗੁਲਾਮੀ ਦੀ ਉਸ ਵਿਆਪਕ ਪ੍ਰਣਾਲੀ ਦਾ ਹਿੱਸਾ ਸਨ ਜੋ ਅਬਾਸੀ ਖਲੀਫਾ ਕਾਲ ਤੋਂ ਚੱਲੀ ਆ ਰਹੀ ਸੀ। ਗਜਨੀ ਵਿੱਚ ਇਹ ਬਾਜ਼ਾਰ 10ਵੀਂ ਸਦੀ ਦੇ ਅਖੀਰ ਤੋਂ ਸ਼ੁਰੂ ਹੋਏ ਅਤੇ 11ਵੀਂ ਸਦੀ ਵਿੱਚ ਆਪਣੀ ਉਚਾਈ ਤੱਕ ਪਹੁੰਚੇ। ਮਹਿਮੂਦ ਦੀ ਮੌਤ (1030 ਈ.) ਤੋਂ ਬਾਅਦ ਵੀ ਘਜ਼ਨਵਿਦ ਰਾਜ ਵਿੱਚ ਗੁਲਾਮ ਵਪਾਰ ਜਾਰੀ ਰਿਹਾ, ਪਰ ਭਾਰਤ ਤੋਂ ਵੱਡੇ ਪੈਮਾਨੇ ਉੱਤੇ ਗੁਲਾਮ ਲਿਆਉਣ ਦਾ ਸਿਲਸਿਲਾ ਘੱਟ ਹੋ ਗਿਆ। 12ਵੀਂ ਸਦੀ ਵਿੱਚ ਘੁਰੀਦਾਂ ਵੱਲੋਂ ਗਜਨੀ ਉੱਤੇ ਹਮਲਿਆਂ ਨਾਲ ਇਸ ਰਾਜ ਦਾ ਅੰਤ ਹੋਇਆ ਅਤੇ ਗੁਲਾਮ ਵਪਾਰ ਦਾ ਕੇਂਦਰ ਹੌਲੀ-ਹੌਲੀ ਦਿੱਲੀ ਵੱਲ ਚਲਾ ਗਿਆ। ਇਸ ਤਰ੍ਹਾਂ ਗਜਨੀ ਦੇ ਬਾਜ਼ਾਰਾਂ ਦੀ ਸਭ ਤੋਂ ਵੱਧ ਗਤੀਸ਼ੀਲ ਮਿਆਦ ਲਗਭਗ 1000 ਤੋਂ 1100 ਈਸਵੀ ਤੱਕ ਰਹੀ, ਜੋ ਕੁੱਲ ਮਿਲਾ ਕੇ ਲਗਭਗ ਦੋ ਸਦੀਆਂ ਤੱਕ ਚੱਲੀ।

ਇਹ ਬਾਜ਼ਾਰ ਭਾਰਤ ਲਈ ਇੱਕ ਵੱਡੀ ਤ੍ਰਾਸਦੀ ਸਨ। ਹਜ਼ਾਰਾਂ ਔਰਤਾਂ ਅਤੇ ਕੁੜੀਆਂ ਨੂੰ ਘਰਾਂ ਤੋਂ ਉਖਾੜ ਕੇ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਗੁਲਾਮ ਵਜੋਂ ਵੇਚਿਆ ਗਿਆ। ਇਸ ਨਾਲ ਨਾ ਸਿਰਫ ਭਾਰਤੀ ਸਮਾਜ ਦੀਆਂ ਢਾਂਚਾਗਤ ਤਬਾਹੀਆਂ ਹੋਈਆਂ ਬਲਕਿ ਇੱਕ ਲੰਬੇ ਸਮੇਂ ਤੱਕ ਚੱਲਣ ਵਾਲੀ ਯਾਦ ਵੀ ਬਣੀ। ਆਧੁਨਿਕ ਭਾਰਤੀ ਇਤਿਹਾਸ ਵਿੱਚ ਇਸ ਨੂੰ ਇੱਕ ਉਦਾਹਰਨ ਵਜੋਂ ਵਰਤਿਆ ਜਾਂਦਾ ਹੈ ਜੋ ਬਾਹਰੀ ਹਮਲਾਵਰਾਂ ਵੱਲੋਂ ਹੋਏ ਲੁੱਟ ਅਤੇ ਅਤਿਆਚਾਰ ਨੂੰ ਦਰਸਾਉਂਦੀ ਹੈ। ਪਰ ਇਸ ਨਾਲ ਇੱਕ ਗਲਤਫਹਿਮੀ ਵੀ ਜੁੜ ਗਈ ਹੈ। ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਸਿੱਖ ਯੋਧਿਆਂ ਨੇ ਗਜਨੀ ਦੇ ਬਾਜ਼ਾਰਾਂ ਵਿੱਚੋਂ ਔਰਤਾਂ ਅਤੇ ਭੈਣਾਂ ਨੂੰ ਬਚਾ ਕੇ ਲਿਆਂਦਾ ਸੀ। ਇਹ ਧਾਰਨਾ ਇਤਿਹਾਸਕ ਤੌਰ ਤੇ ਗਲਤ ਹੈ।

ਸਿੱਖ ਧਰਮ ਦੀ ਰਸਮੀ ਸਥਾਪਨਾ ਖਾਲਸਾ ਪੰਥ ਵਜੋਂ 1699 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਈ ਸੀ, ਜੋ ਮਹਿਮੂਦ ਗਜ਼ਨੀ ਤੋਂ ਲਗਭਗ 670 ਸਾਲ ਬਾਅਦ ਹੈ। ਇਸ ਲਈ ਸਿੱਖ ਯੋਧੇ ਗਜਨੀ ਦੇ ਬਾਜ਼ਾਰਾਂ ਨਾਲ ਸਿੱਧੇ ਤੌਰ ਤੇ ਜੁੜੇ ਹੀ ਨਹੀਂ ਸਨ। ਇਹ ਕਹਾਣੀ ਅਸਲ ਵਿੱਚ 18ਵੀਂ ਸਦੀ ਦੀ ਇੱਕ ਘਟਨਾ ਨਾਲ ਜੁੜੀ ਹੋਈ ਹੈ। ਤੀਜੀ ਪਾਨੀਪਤ ਦੀ ਲੜਾਈ (1761 ਈ.) ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਵੱਲੋਂ ਅਗਵਾ ਕੀਤੀਆਂ ਲਗਭਗ 22,000 ਮਰਾਠਾ ਔਰਤਾਂ ਅਤੇ ਬੱਚਿਆਂ ਨੂੰ ਅਫਗਾਨਿਸਤਾਨ ਲੈ ਜਾਇਆ ਜਾ ਰਿਹਾ ਸੀ। ਸਿੱਖ ਮਿਸਲਾਂ ਨੇ ਇਸ ਸਮੇਂ ਅਚਾਨਕ ਹਮਲੇ ਕਰ ਕੇ ਬਹੁਤ ਸਾਰੀਆਂ ਔਰਤਾਂ ਨੂੰ ਬਚਾਇਆ। ਖਾਸ ਕਰਕੇ ਜੱਸਾ ਸਿੰਘ ਅਹਲੂਵਾਲੀਆ ਵਰਗੇ ਯੋਧਿਆਂ ਨੇ ਇਸ ਵਿੱਚ ਅਗਵਾਈ ਕੀਤੀ। ਇਹਨਾਂ ਔਰਤਾਂ ਨੂੰ ਘੋੜਿਆਂ ਉੱਤੇ ਬਿਠਾ ਕੇ ਵਾਪਸ ਪਹੁੰਚਾਇਆ ਗਿਆ ਅਤੇ ਜਿਹਨਾਂ ਔਰਤਾਂ ਨੂੰ ਉਹਨਾਂ ਦੇ ਘਰਦਿਆਂ ਵੱਲੋਂ ਪ੍ਰਵਾਨ ਨਹੀਂ ਕੀਤਾ ਗਿਆ ਉਹਨਾਂ ਔਰਤਾਂ ਨਾਲ ਇਹਨਾਂ ਸਿੱਖ ਯੋਧਿਆਂ ਵੱਲੋਂ ਵਿਆਹ ਵੀ ਕੀਤੇ ਗਏ। ਇਹ ਘਟਨਾ ਸਿੱਖ ਬਹਾਦਰੀ ਦੀ ਆਦਰਸ਼ ਮਿਸਾਲ ਹੈ, ਪਰ ਇਸ ਨੂੰ ਗਜਨੀ ਦੇ ਬਾਜ਼ਾਰਾਂ ਨਾਲ ਜੋੜਨਾ ਇੱਕ ਗਲਤੀ ਜਾਂ ਮਿਥਿਹਾਸਕ ਮਿਸ਼ਰਣ ਹੈ। ਅਬਦਾਲੀ ਵੀ ਅਫਗਾਨ ਰਾਜਾ ਸੀ ਅਤੇ ਗਜਨੀ ਉਸ ਦੇ ਰਾਜ ਵਿੱਚ ਆਉਂਦਾ ਸੀ, ਇਸ ਲਈ ਦੋਵਾਂ ਵਿਚਕਾਰ ਗੁੰਝਲ ਉਤਪੰਨ ਹੋ ਗਈ।

ਅਸਲ ਵਿੱਚ ਗਜਨੀ ਦੇ ਬਾਜ਼ਾਰ ਗੁਲਾਮੀ ਦੀ ਉਸ ਨਿਰਦਈ ਪ੍ਰਥਾ ਨੂੰ ਦਰਸਾਉਂਦੇ ਹਨ ਜੋ ਉਸ ਸਮੇਂ ਦੀ ਰਾਜਨੀਤੀ ਅਤੇ ਆਰਥਿਕਤਾ ਦਾ ਹਿੱਸਾ ਸੀ। ਇਹ ਸਿਰਫ ਇੱਕ ਧਰਮ ਜਾਂ ਇੱਕ ਵਿਅਕਤੀ ਦੀ ਕਹਾਣੀ ਨਹੀਂ ਸੀ, ਬਲਕਿ ਯੁੱਧ, ਲੁੱਟ ਅਤੇ ਮਨੁੱਖੀ ਸ਼ੋਸ਼ਣ ਦੀ ਇੱਕ ਵੱਡੀ ਪ੍ਰਣਾਲੀ ਸੀ। ਆਧੁਨਿਕ ਸਮੇਂ ਵਿੱਚ ਇਸ ਨੂੰ ਰਾਜਨੀਤਿਕ ਤੌਰ ਤੇ ਵਰਤਣ ਨਾਲ ਇਤਿਹਾਸ ਨੂੰ ਸਰਲੀਕਰਨ ਕਰ ਦਿੱਤਾ ਜਾਂਦਾ ਹੈ ਅਤੇ ਅਸਲ ਤੱਥ ਲੁਕ ਜਾਂਦੇ ਹਨ। ਇਸ ਲਈ ਇਤਿਹਾਸ ਨੂੰ ਤੱਥਾਂ ਦੇ ਅਧਾਰ ਤੇ ਸਮਝਣਾ ਬਹੁਤ ਜ਼ਰੂਰੀ ਹੈ। ਗਜਨੀ ਦੇ ਬਾਜ਼ਾਰ ਇੱਕ ਯਾਦਗਾਰ ਹਨ ਜੋ ਸਾਨੂੰ ਯਾਦ ਦਿਵਾਉਂਦੇ ਹਨ ਕਿ ਯੁੱਧ ਅਤੇ ਗੁਲਾਮੀ ਮਨੁੱਖੀ ਸਭਿਆਚਾਰ ਲਈ ਕਿੰਨੀ ਵੱਡੀ ਤਬਾਹੀ ਲੈ ਕੇ ਆਉਂਦੇ ਹਨ।

ਅੱਜ ਵੀ ਜਦੋਂ ਅਸੀਂ ਇਸ ਬਾਰੇ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਨੂੰ ਨਫਰਤ ਫੈਲਾਉਣ ਲਈ ਨਹੀਂ, ਬਲਕਿ ਸਿੱਖਿਆ ਲੈਣ ਲਈ ਵਰਤਣਾ ਚਾਹੀਦਾ ਹੈ। ਗਜਨੀ ਦੇ ਬਾਜ਼ਾਰਾਂ ਦਾ ਅਸਲੀ ਸੱਚ ਇਹ ਹੈ ਕਿ ਉਹ ਇੱਕ ਖਾਸ ਇਤਿਹਾਸਕ ਦੌਰ ਦੀ ਉਪਜ ਸਨ, ਜਿਸ ਵਿੱਚ ਰਾਜਨੀਤਿਕ ਤਾਕਤ, ਧਾਰਮਿਕ ਉਤਸਾਹ ਅਤੇ ਆਰਥਿਕ ਲਾਭ ਇੱਕ ਥਾਂ ਉੱਤੇ ਆ ਗਏ ਸਨ। ਉਸ ਨੂੰ ਆਧੁਨਿਕ ਰਾਜਨੀਤੀ ਜਾਂ ਧਾਰਮਿਕ ਬਿਆਨ ਨਾਲ ਗੁੰਝਲਦਾਰ ਬਣਾਉਣ ਨਾਲ ਅਸੀਂ ਇਤਿਹਾਸ ਦੀ ਅਸਲੀਅਤ ਤੋਂ ਦੂਰ ਹੋ ਜਾਂਦੇ ਹਾਂ। ਇਸ ਲਈ ਤੱਥਾਂ ਨੂੰ ਉਨ੍ਹਾਂ ਦੇ ਸੰਦਰਭ ਵਿੱਚ ਸਮਝਣਾ ਅਤੇ ਉਨ੍ਹਾਂ ਤੋਂ ਸਬਕ ਲੈਣਾ ਹੀ ਸਭ ਤੋਂ ਵਧੀਆ ਤਰੀਕਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# 3,000 ਕੁਸ਼ਤੀਆਂ ਵਿਚ ਅਜੇਤੂ: 15 ਘੰਟੇ ਕਸਰਤ ਤੇ 6 ਕੁੱਕੜ ਖਾਣ ਵਾਲੇ 'ਦਿ ਗ੍ਰੇਟ ਗਾਮਾ' ਦੀ ਖ਼ੌਫ਼ਨਾਕ ਦਾਸਤਾਨ

## ✪ ਇਤਿਹਾਸ ਦਾ ਉਹ 'ਸੁਪਰਮੈਨ' ਜਿਸ ਨੂੰ ਦੁਨੀਆ ਦਾ ਕੋਈ ਮਾਈ ਦਾ ਲਾਲ ਚਿੱਤ ਨਾ ਕਰ ਸਕਿਆ

**ਨਿਊਜ਼ ਸਟੋਰੀ**

ਕੁਸ਼ਤੀ ਦੇ ਇਤਿਹਾਸ ਵਿੱਚ ਇੱਕ ਅਜਿਹਾ ਨਾਮ ਦਰਜ ਹੈ, ਜਿਸ ਨੂੰ ਸੁਣਦਿਆਂ ਹੀ ਵਿਰੋਧੀ ਭਲਵਾਨਾਂ ਦੇ ਪਸੀਨੇ ਛੁੱਟ ਜਾਂਦੇ ਸਨ-'ਦਿ ਗ੍ਰੇਟ ਗਾਮਾ'। ਬ੍ਰਿਟਿਸ਼ ਭਾਰਤ ਦੇ ਇਸ ਅਜੇਤੂ ਭਲਵਾਨ ਦੀ ਕਹਾਣੀ ਅੱਜ ਵੀ ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਲਈ ਇੱਕ ਮਿਸਾਲ ਹੈ। ਹਾਲ ਹੀ ਵਿੱਚ ਪ੍ਰਕਾਸ਼ਿਤ ਖੋਜ ਅਤੇ ਇਤਿਹਾਸਕ ਦਸਤਾਵੇਜ਼ਾਂ ਮੁਤਾਬਕ, ਗਾਮਾ ਭਲਵਾਨ ਦਾ ਅਸਲ ਨਾਮ ਗ਼ੁਲਾਮ ਹੁਸੈਨ ਸੀ (ਨਾ ਕਿ ਗ਼ੁਲਾਮ ਮੁਹੰਮਦ, ਜਿਵੇਂ ਕਿ ਆਮ ਤੌਰ 'ਤੇ ਮੰਨਿਆ ਜਾਂਦਾ ਹੈ)। ਉਨ੍ਹਾਂ ਦਾ ਜਨਮ 22 ਮਈ 1878 ਨੂੰ ਰਿਆਸਤ ਦਤੀਆ (ਮੌਜੂਦਾ ਮੱਧ ਪ੍ਰਦੇਸ਼) ਵਿੱਚ ਇੱਕ ਕਸ਼ਮੀਰੀ ਮੂਲ ਦੇ ਪਰਿਵਾਰ ਵਿੱਚ ਹੋਇਆ ਸੀ। ਗਾਮਾ ਭਲਵਾਨ ਦੇ ਸਿਰ ਤੋਂ ਪਿਤਾ ਦਾ ਪਰਛਾਵਾਂ ਉਦੋਂ ਹੀ ਉੱਠ ਗਿਆ ਸੀ ਜਦੋਂ ਉਹ ਅਜੇ 6 ਸਾਲ ਦੇ ਵੀ ਨਹੀਂ ਸਨ ਹੋਏ ਸਨ। ਉਨ੍ਹਾਂ ਦੇ ਮਾਮੂ ਈਦਾ ਭਲਵਾਨ ਨੇ ਉਨ੍ਹਾਂ ਨੂੰ ਪਾਲਿਆ ਅਤੇ ਇੱਕ ਮਹਾਨ ਚੈਂਪੀਅਨ ਬਣਾਉਣ ਦਾ ਵਾਅਦਾ ਕੀਤਾ।ਮਹਿਜ਼ 10 ਸਾਲ ਦੀ ਉਮਰ ਵਿੱਚ ਗਾਮਾ ਨੇ ਜੋਧਪੁਰ ਵਿਖੇ ਇੱਕ ਮੁਕਾਬਲੇ ਵਿੱਚ 400 ਭਲਵਾਨਾਂ ਦੇ ਵਿਚਕਾਰ ਸਭ ਤੋਂ ਵੱਧ ਉਠਕ-ਬੈਠਕ ਲਗਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਬਹਾਦਰੀ ਨੂੰ ਦੇਖ ਕੇ ਜੋਧਪੁਰ ਦੇ ਮਹਾਰਾਜਾ ਜਸਵੰਤ ਸਿੰਘ ਨੇ ਉਨ੍ਹਾਂ ਨੂੰ ਆਪਣੀ ਸਰਪਰਸਤੀ ਵਿੱਚ ਲੈ ਲਿਆ। ਗਾਮਾ ਭਲਵਾਨ ਦਿਨ ਵਿੱਚ ਲਗਭਗ 15 ਘੰਟੇ ਕਸਰਤ ਕਰਦੇ ਸਨ। ਉਨ੍ਹਾਂ ਦੇ ਰੋਜ਼ਾਨਾ ਦੇ ਨਿਯਮ ਵਿੱਚ 6,000 ਸਪਾਟੇ (ਬੈਠਕਾਂ), 5,000 ਡੰਡ ਅਤੇ ਲਗਭਗ 5 ਮਣ (200 ਕਿਲੋ ਦੇ ਕਰੀਬ) ਵਜ਼ਨੀ ਪੱਥਰ ਨੂੰ ਗਲ ਵਿੱਚ ਪਾ ਕੇ ਇੱਕ ਮੀਲ ਤੱਕ ਦੌੜਨਾ ਸ਼ਾਮਲ ਸੀ। ਇਸ ਅਸਧਾਰਨ ਸਰੀਰਕ ਮਿਹਨਤ ਨੂੰ ਬਰਕਰਾਰ ਰੱਖਣ ਲਈ ਗਾਮਾ ਦੀ ਖ਼ੁਰਾਕ ਵੀ ਸ਼ਾਹੀ ਅਤੇ ਹੈਰਾਨੀਜਨਕ ਸੀ। ਉਹ ਰੋਜ਼ਾਨਾ 20 ਲੀਟਰ ਦੁੱਧ ਅਤੇ 10 ਸੇਰ ਯਖ਼ਨੀ (ਮਟਨ/ਚਿਕਨ ਦਾ ਸ਼ੋਰਬਾ), 6 ਕੁੱਕੜ ਜਾਂ 4.5 ਕਿਲੋ ਮਟਨ, ਅੱਧਾ ਲੀਟਰ ਘਿਉ, ਪੌਣੇ ਕਿਲੋ ਮੱਖਣ ਅਤੇ ਪੌਣ ਸੇਰ ਬਾਦਾਮ, ਭਾਰੀ ਮਾਤਰਾ ਵਿੱਚ ਫਲ ਅਤੇ ਕਈ ਤਰ੍ਹਾਂ ਦੇ ਮੁਰੱਬੇ ਖਾਂਦੇ ਸਨ।

**ਪਟਿਆਲਾ ਵਿਚ 30 ਸਕਿੰਟਾਂ ਵਿਚ ਵਿਸ਼ਵ ਚੈਂਪੀਅਨ ਢੇਰ !**

ਗਾਮਾ ਭਲਵਾਨ ਦਾ ਪਟਿਆਲਾ ਰਿਆਸਤ ਨਾਲ ਬਹੁਤ ਡੂੰਘਾ ਸਬੰਧ ਰਿਹਾ। ਸਾਲ 1912 ਵਿੱਚ ਉਹ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਦੇ ਦਰਬਾਰ ਨਾਲ ਜੁੜ ਗਏ, ਜਿੱਥੇ ਉਨ੍ਹਾਂ ਦੀ ਮਹੀਨਾਵਾਰ ਤਨਖ਼ਾਹ 500 ਰੁਪਏ ਤੈਅ ਕੀਤੀ ਗਈ। ਇਤਿਹਾਸ ਦੀ ਸਭ ਤੋਂ ਮਸ਼ਹੂਰ ਕੁਸ਼ਤੀ 28 ਜਨਵਰੀ 1928 ਨੂੰ ਪਟਿਆਲਾ ਵਿਖੇ ਹੋਈ। ਇਸ ਮੁਕਾਬਲੇ ਵਿੱਚ ਗਾਮਾ ਦਾ ਸਾਹਮਣਾ ਪੋਲੈਂਡ ਦੇ ਵਿਸ਼ਵ ਚੈਂਪੀਅਨ ਸਟੈਨਿਸਲਾਵ ਸਾਇਗਾਨੀਵੋਵਿਚ (ਜ਼ਬਿਸ਼ਕੋ) ਨਾਲ ਹੋਇਆ। ਇਸ ਤੋਂ ਪਹਿਲਾਂ 1910 ਵਿੱਚ ਲੰਡਨ ਵਿੱਚ ਦੋਵਾਂ ਵਿਚਕਾਰ ਮੈਚ ਢਾਈ ਘੰਟੇ ਚੱਲਣ ਤੋਂ ਬਾਅਦ ਡਰਾਅ ਰਿਹਾ ਸੀ, ਕਿਉਂਕਿ



ਜ਼ਬਿਸ਼ਕੋ ਜ਼ਮੀਨ 'ਤੇ ਲੇਟ ਗਿਆ ਸੀ।

"ਗਾਮਾ, ਤੁਸੀਂ ਵਾਕਈ ਸ਼ੇਰ ਹੋ!": ਪਟਿਆਲਾ ਦੇ ਸਟੇਡੀਅਮ ਵਿੱਚ ਇੱਕ ਲੱਖ ਤੋਂ ਵੱਧ ਦਰਸ਼ਕਾਂ ਦੀ ਮੌਜੂਦਗੀ ਵਿੱਚ, ਜਿਵੇਂ ਹੀ ਕੁਸ਼ਤੀ ਸ਼ੁਰੂ ਹੋਈ, ਗਾਮਾ ਸ਼ੇਰ ਵਾਂਗ ਝਪੱਟੇ ਅਤੇ ਮਹਿਜ਼ 30 ਸਕਿੰਟਾਂ ਵਿੱਚ 300 ਪਾਊਂਡ ਵਜ਼ਨੀ ਜ਼ਬਿਸ਼ਕੋ ਨੂੰ ਚਿੱਤ ਕਰ ਦਿੱਤਾ। ਹਾਰਨ ਤੋਂ ਬਾਅਦ ਜ਼ਬਿਸ਼ਕੋ ਦੇ ਮੂੰਹੋਂ ਇਹ ਸ਼ਬਦ ਨਿਕਲੇ। ਇਸ ਜਿੱਤ ਤੋਂ ਖ਼ੁਸ਼ ਹੋ ਕੇ ਮਹਾਰਾਜਾ ਨੇ ਉਨ੍ਹਾਂ ਨੂੰ ਕੀਮਤੀ ਮੋਤੀਆਂ ਦਾ ਹਾਰ, ਚਾਂਦੀ ਦਾ ਗੁਰਜ਼ ਅਤੇ ਇੱਕ ਪਿੰਡ ਇਨਾਮ ਵਿੱਚ ਦਿੱਤਾ।

ਭਾਰਤ ਵਿੱਚ ਸਿਰਫ਼ ਰਹੀਮ ਸੁਲਤਾਨੀ ਵਾਲਾ ਹੀ ਅਜਿਹੇ ਭਲਵਾਨ ਸਨ, ਜਿਨ੍ਹਾਂ ਨੇ ਗਾਮਾ ਨੂੰ ਸਖ਼ਤ ਟੱਕਰ ਦਿੱਤੀ ਅਤੇ ਜਿਨ੍ਹਾਂ ਬਾਰੇ ਖ਼ੁਦ ਗਾਮਾ ਕਹਿੰਦੇ ਸਨ ਕਿ ਉਨ੍ਹਾਂ ਦੀ ਵਜ੍ਹਾ ਨਾਲ ਹੀ ਮੈਨੂੰ ਸ਼ੋਹਰਤ ਮਿਲੀ।

ਭਾਵੇਂ ਗਾਮਾ ਖ਼ੁਦ ਨੂੰ ਮਜ਼ਾਕ ਵਿੱਚ 'ਕੱਚੀ ਪਾਸ, ਪੱਕੀ ਫ਼ੇਲ' (ਪ੍ਰਾਇਮਰੀ ਫ਼ੇਲ) ਕਹਿੰਦੇ ਸਨ, ਪਰ ਉਹ ਬੇਹੱਦ ਸਾਹਿਤਕ ਰੁਚੀਆਂ ਵਾਲੇ ਇਨਸਾਨ ਸਨ। ਉਹ ਬੜੇ ਚਾਅ ਨਾਲ ਉਰਦੂ ਅਤੇ ਠੇਠ ਪੰਜਾਬੀ ਬੋਲਦੇ ਸਨ। ਉਨ੍ਹਾਂ ਨੂੰ ਅੱਲਾਮਾ ਇਕਬਾਲ ਦੀ 'ਬਾਂਗ-ਏ-ਦਰਾ' ਸੁਣਨਾ ਅਤੇ ਹਿੰਦੀ ਕਵੀਆਂ ਦੇ ਦੋਹੇ ਜ਼ੁਬਾਨੀ ਯਾਦ ਸਨ।

1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਗਾਮਾ ਭਲਵਾਨ ਪਟਿਆਲਾ ਤੋਂ ਲਾਹੌਰ (ਪਾਕਿਸਤਾਨ) ਚਲੇ ਗਏ ਸਨ। ਬਹੁਤ ਘੱਟ ਲੋਕ ਜਾਣਦੇ ਹਨ ਕਿ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਪਤਨੀ ਬੇਗਮ ਕੁਲਸੁਮ ਨਵਾਜ਼, ਅਸਲ ਵਿੱਚ ਗਾਮਾ ਭਲਵਾਨ ਦੀ ਦੋਹਤੀ (ਧੀ ਰਜ਼ੀਆ ਬੇਗਮ ਦੀ ਬੇਟੀ) ਸੀ।

ਆਪਣੇ ਜੀਵਨ ਵਿੱਚ 3,000 ਤੋਂ ਵੱਧ ਕੁਸ਼ਤੀਆਂ ਲੜਨ ਵਾਲੇ ਅਤੇ ਕਦੇ ਨਾ ਹਾਰਨ ਵਾਲੇ ਰੁਸਤਮ-ਏ-ਜ਼ਮਾਂ ਗਾਮਾ ਭਲਵਾਨ ਨੂੰ ਜੀਵਨ ਦੇ ਆਖ਼ਰੀ ਸਾਲਾਂ ਵਿੱਚ ਬੀਮਾਰੀ ਨੇ ਘੇਰ ਲਿਆ। 23 ਮਈ 1960 ਨੂੰ ਲਾਹੌਰ ਵਿਖੇ ਉਨ੍ਹਾਂ ਨੇ ਆਖ਼ਰੀ ਸਾਹ ਲਿਆ।

ਮੌਤ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਦੀ ਪਤਨੀ ਵਜ਼ੀਰ ਬੇਗਮ ਨੇ ਤਕਲੀਫ਼ ਦੇਖ ਕੇ ਉਨ੍ਹਾਂ ਨੂੰ 'ਚਿੱਤ ਲੇਟਣ' ਦੀ ਸਲਾਹ ਦਿੱਤੀ ਸੀ। ਇਹ ਉਸ ਸ਼ਖ਼ਸ ਲਈ ਇੱਕ ਭਾਵੁਕ ਸਲਾਹ ਸੀ ਜਿਸ ਨੇ ਸਾਰੀ ਜ਼ਿੰਦਗੀ ਅਖਾੜੇ ਵਿੱਚ ਕਦੇ ਚਿੱਤ ਹੋਣਾ ਸਿੱਖਿਆ ਹੀ ਨਹੀਂ ਸੀ। ਗਾਮਾ ਭਲਵਾਨ ਨੂੰ ਲਾਹੌਰ ਵਿੱਚ ਦਰਬਾਰ ਪੀਰ ਮੱਕੀ ਦੇ ਕੋਲ ਸਪੁਰਦ-ਏ-ਖ਼ਾਕ ਕੀਤਾ ਗਿਆ।

# ਬੇਅਦਬੀ ਐਕਟ ਮਾਮਲਾ: 'ਵਾਰਿਸ ਪੰਜਾਬ ਦੇ' ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪਿਆ ਸਮਰਥਨ ਪੱਤਰ

ਅੰਮ੍ਰਿਤਸਰ-ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਨੂੰ ਲੈ ਕੇ ਸਿੱਖ ਪੰਥ ਅੰਦਰ ਚਿੰਤਾਵਾਂ ਅਤੇ ਵਿਰੋਧ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਸਬੰਧ ਵਿੱਚ 'ਅਕਾਲੀ ਦਲ ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਕਾਰਜਕਾਰੀ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਜਥੇਦਾਰ ਨੂੰ ਇੱਕ ਪੱਤਰ ਸੌਂਪਿਆ, ਜਿਸ ਵਿੱਚ ਐਕਟ ਸਬੰਧੀ ਅਕਾਲ ਤਖ਼ਤ ਸਾਹਿਬ ਵੱਲੋਂ ਉਠਾਏ ਗਏ ਇਤਰਾਜ਼ਾਂ ਨਾਲ ਪੂਰਨ ਸਹਿਮਤੀ ਪ੍ਰਗਟਾਈ ਗਈ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਤਰਸੇਮ ਸਿੰਘ ਨੇ ਸਪੱਸ਼ਟ ਆਖਿਆ ਕਿ ਸਿੱਖ ਮਾਮਲਿਆਂ ਜਾਂ ਧਾਰਮਿਕ ਗ੍ਰੰਥਾਂ ਦੀ ਸੁਰੱਖਿਆ ਨਾਲ ਸਬੰਧਤ ਕੋਈ ਵੀ ਕਾਨੂੰਨ ਬਣਾਉਣ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਸਿੱਖਾਂ ਦੀਆਂ ਸਰਵਉੱਚ ਸੰਸਥਾਵਾਂ, ਜਿਵੇਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪ੍ਰਮੁੱਖ ਸਿੱਖ ਜਥੇਬੰਦੀਆਂ ਨੂੰ



ਭਰੋਸੇ ਵਿੱਚ ਲੈਣਾ ਚਾਹੀਦਾ ਸੀ, ਜੋ ਕਿ ਨਹੀਂ ਕੀਤਾ ਗਿਆ। ਐਕਟ ਵਿੱਚ ਸ਼ਾਮਲ ਕਸਟੋਡੀਅਨ ਧਾਰਾ ਬਾਰੇ ਚਿੰਤਾ ਜਤਾਉਂਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਸਖ਼ਤ ਅਤੇ ਗੁੰਝਲਦਾਰ ਧਾਰਾਵਾਂ ਸਿੱਖਾਂ ਨੂੰ ਆਪਣੇ ਹੀ ਗੁਰੂ ਅਤੇ ਸਿੱਖੀ ਤੋਂ ਦੂਰ ਕਰ ਦੇਣਗੀਆਂ।

**ਗ੍ਰੰਥੀ ਸਿੰਘਾਂ ਅਤੇ ਪ੍ਰਬੰਧਕਾਂ ਖ਼ਿਲਾਫ਼ ਦੁਰਵਰਤੋਂ ਦਾ ਡਰ:** ਇਹ ਖ਼ਦਸ਼ਾ ਜਤਾਇਆ ਗਿਆ ਹੈ ਕਿ ਭਵਿੱਖ ਵਿੱਚ ਇਸ ਕਾਨੂੰਨ ਦੀਆਂ ਧਾਰਾਵਾਂ ਦੀ ਵਰਤੋਂ ਸਿੱਖਾਂ, ਗ੍ਰੰਥੀ ਸਿੰਘਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਖ਼ਿਲਾਫ਼ ਇੱਕ ਹਥਿਆਰ ਵਜੋਂ ਕੀਤੀ ਜਾ ਸਕਦੀ ਹੈ। ਕਿਸੇ ਵੀ ਨਿਰਦੋਸ਼ ਸਿੱਖ 'ਤੇ ਬੇਅਦਬੀ ਦਾ ਝੂਠਾ ਦੋਸ਼ ਲਗਾ ਕੇ ਉਸ ਨੂੰ ਲੰਬੇ ਸਮੇਂ ਲਈ ਕਾਨੂੰਨੀ ਪੇਚੀਦਗੀਆਂ ਵਿੱਚ ਫਸਾਇਆ ਜਾ ਸਕਦਾ ਹੈ।

**ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਪ੍ਰਵਾਨਗੀ**-ਤਰਸੇਮ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਨੇ ਕਾਨੂੰਨ ਬਣਾਉਣ ਵੇਲੇ ਸਿੱਖ ਸੰਸਥਾਵਾਂ ਵੱਲੋਂ ਪਹਿਲਾਂ ਸੱਦੀ ਗਈ ਇਕੱਤਰਤਾ ਦੌਰਾਨ ਉਠਾਏ ਗਏ ਮੁੱਦਿਆਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ 'ਅਕਾਲੀ ਦਲ ਵਾਰਿਸ ਪੰਜਾਬ ਦੇ' ਇਸ ਬੇਹੱਦ ਸੰਵੇਦਨਸ਼ੀਲ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦਾ ਹੈ। ਜਥੇਦਾਰ ਵੱਲੋਂ ਸਮੁੱਚੇ ਪੰਥ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਜੋ ਵੀ ਅੰਤਿਮ ਫ਼ੈਸਲਾ ਲਿਆ ਜਾਵੇਗਾ, ਪਾਰਟੀ ਉਸ ਦਾ ਹਰ ਪੱਧਰ 'ਤੇ ਡਟ ਕੇ ਸਮਰਥਨ ਕਰੇਗੀ।

ਇਸ ਅਹਿਮ ਮੌਕੇ ਉਨ੍ਹਾਂ ਦੇ ਨਾਲ ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਰਛਪਾਲ ਸਿੰਘ ਸੋਸਣ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਸੁਖਬੀਰ ਸਿੰਘ ਚੀਮਾ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਗੁਰਜਿੰਦਰ ਸਿੰਘ ਅਤੇ ਪ੍ਰਗਟ ਸਿੰਘ ਸਮੇਤ ਕਈ ਹੋਰ ਪ੍ਰਮੁੱਖ ਆਗੂ ਵੀ ਮੌਜੂਦ ਸਨ।

# ਫ਼ਲਸਤੀਨ ਦੇ ਮਾਸੂਮਾਂ ਦਾ ਖ਼ੂਨ, ਹਥਿਆਰ ਕੰਪਨੀਆਂ ਦੇ ਅਰਬਾਂ ਡਾਲਰਾਂ ਦੇ ਠੇਕੇ, ਇਨਸਾਨੀਅਤ ਬੇਵੱਸ

**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**



ਸਾਲ 2024 ਦੇ ਜਨਵਰੀ ਮਹੀਨੇ ਦੀ ਇੱਕ ਸਰਦ ਸਵੇਰ ਨੂੰ ਨੀਦਰਲੈਂਡ ਦੇ ਸ਼ਹਿਰ 'ਦ ਹੇਗ' ਵਿਖੇ ਸਥਿਤ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਅੰਤਰਰਾਸ਼ਟਰੀ ਅਦਾਲਤ) ਦੇ ਬਾਹਰ ਹਜ਼ਾਰਾਂ ਲੋਕ ਇਸਰਾਇਲ ਵਲੋਂ ਫ਼ਲਸਤੀਨ ਗਜ਼ਾ ਵਿੱਚ ਹੋ ਰਹੀ ਨਸਲਕੁਸ਼ੀ ਦੇ ਵਿਰੋਧ ਵਿੱਚ ਇਕੱਠੇ ਹੋਏ ਸਨ। ਉਸ ਵੇਲੇ ਦੁਨੀਆ ਇੱਕ ਇਤਿਹਾਸਕ ਮੋੜ 'ਤੇ ਖੜ੍ਹੀ ਸੀ। ਦੂਜੇ ਪਾਸੇ, ਨਹਜ਼ਾਰਾਂ ਕਿਲੋਮੀਟਰ ਦੂਰ ਗਜ਼ਾ ਦੀ ਮਿੱਟੀ ਵਿੱਚ ਦੱਬੇ ਹੋਏ ਬੱਚੇ, ਮਾਵਾਂ, ਬਜ਼ੁਰਗ ਅਤੇ ਘਰ ਆਪਣੀ ਹੀ ਤਬਾਹੀ ਦਾ ਸਿੱਧਾ ਪ੍ਰਸਾਰਣ ਦੁਨੀਆ ਨੂੰ ਦਿਖਾ ਰਹੇ ਸਨ। ਇਹ ਮਨੁੱਖੀ ਇਤਿਹਾਸ ਦਾ ਸ਼ਾਇਦ ਪਹਿਲਾ ਐਸਾ ਮੰਜ਼ਰ ਸੀ, ਜਿੱਥੇ ਇੱਕ ਕੌਮ ਆਪਣੀ ਨਸਲਕੁਸ਼ੀ ਨੂੰ ਮੋਬਾਈਲ ਫ਼ੋਨਾਂ ਅਤੇ ਇੰਟਰਨੈੱਟ ਰਾਹੀਂ ਦੁਨੀਆ ਅੱਗੇ ਰੋਜ਼ ਲਾਈਵ ਕਰ ਰਹੀ ਸੀ, ਪਰ ਇਸ ਦੇ ਬਾਵਜੂਦ, ਦੁਨੀਆ ਦੇ ਵੱਡੇ ਦੇਸ਼, ਮਨੁੱਖੀ ਅਧਿਕਾਰਾਂ ਦੀਆਂ ਗੱਲਾਂ ਕਰਨ ਵਾਲੀਆਂ ਸਰਕਾਰਾਂ, ਲੋਕ ਸਮੂਹ, ਸੰਸਥਾਵਾਂ ਅਤੇ ਲੋਕਤੰਤਰ ਦੇ ਠੇਕੇਦਾਰ ਦੇਸ਼ ਜਾਂ ਤਾਂ ਚੁੱਪ ਸਨ ਜਾਂ ਉਹਨਾਂ ਨੇ ਇਸਰਾਇਲ ਲਈ ਹਥਿਆਰਾਂ ਦੀਆਂ ਸਪਲਾਈ ਲਾਈਨਾਂ ਖੁੱਲ੍ਹੀਆਂ ਰੱਖੀਆਂ ਹੋਈਆਂ ਸਨ।

ਇੰਗਲੈਂਡ ਅਤੇ ਆਇਰਲੈਂਡ ਵਿੱਚ ਬਤੌਰ ਵਕੀਲ ਸੇਵਾਵਾਂ ਨਿਭਾਉਂਦੀ ਅਤੇ ਵਿਸ਼ਵ ਵਿੱਚ ਮਨੁੱਖੀ ਅਧਿਕਾਰਾਂ ਦੀ ਚੋਟੀ ਦੀ ਹਮਾਇਤੀ, ਐਡਵੋਕੇਟ ਬਲਿੰਨੇ ਨੀ ਘਰਾਲੇਘ (Blinne Ní Ghráliagh) ਨੇ ਅਦਾਲਤ ਵਿੱਚ ਖੜ੍ਹ ਕੇ ਬਹੁਤ ਹੀ ਭਾਵੁਕ ਅਤੇ ਤਾਰਕਿਕ ਲਹਿਜੇ ਵਿੱਚ ਕਿਹਾ ਸੀ ਕਿ "ਇਹ ਇਤਿਹਾਸ ਦੀ ਪਹਿਲੀ ਨਸਲਕੁਸ਼ੀ ਹੈ, ਜਿੱਥੇ ਪੀੜਤ ਲੋਕ ਆਪਣੀ ਤਬਾਹੀ ਨੂੰ ਖੁਦ ਲਾਈਵ ਪ੍ਰਸਾਰਿਤ ਕਰ ਰਹੇ ਹਨ।" ਉਸ ਸਮੇਂ ਹਰ ਦਿਨ ਔਸਤਨ 247 ਫ਼ਲਸਤੀਨੀ ਮਾਰੇ ਜਾ ਰਹੇ ਸਨ। ਹਰ ਦਿਨ 48 ਮਾਵਾਂ ਦਮ ਤੋੜ ਰਹੀਆਂ ਸਨ ਅਤੇ ਹਰ ਘੰਟੇ ਪੰਜ ਤੋਂ ਵੱਧ ਮਾਸੂਮ ਬੱਚੇ ਮਾਰੇ ਜਾ ਰਹੇ ਸਨ। ਹਾਲਾਤ ਦੀ ਭਿਆਨਕਤਾ ਨੂੰ ਦੇਖਦਿਆਂ ਡਾਕਟਰਾਂ ਨੇ ਇੱਕ ਨਵਾਂ ਡਾਕਟਰੀ ਸ਼ਬਦ ਬਣਾਇਆ ਸੀ। -WCNSF- ਮਤਲਬ "Wounded Child, No Surviving Family" ਅਰਥਾਤ ਅਜਿਹਾ ਜ਼ਖ਼ਮੀ ਬੱਚਾ, ਜਿਸ ਦਾ ਸਾਰਾ ਪਰਿਵਾਰ ਜੰਗ ਵਿੱਚ ਮਾਰਿਆ ਜਾ ਚੁੱਕਾ ਹੋਵੇ)।

26 ਜਨਵਰੀ 2024 ਨੂੰ ਅੰਤਰਰਾਸ਼ਟਰੀ ਅਦਾਲਤ ਨੇ ਸੁਣਵਾਈ ਕਰਦਿਆਂ ਸਪਸ਼ਟ ਕਿਹਾ ਸੀ ਕਿ ਫ਼ਲਸਤੀਨ ਦੇ ਗਜ਼ਾ ਖੇਤਰ ਵਿੱਚ "ਨਸਲਕੁਸ਼ੀ ਦਾ ਸੰਭਾਵੀ ਖ਼ਤਰਾ" ਮੌਜੂਦ ਹੈ ਅਤੇ ਸਾਰੇ ਦੇਸ਼ਾਂ ਨੂੰ ਉਨ੍ਹਾਂ ਦੇ ਮਨੁੱਖੀ ਫ਼ਰਜ਼ ਯਾਦ ਕਰਵਾਏ ਸਨ। ਪਰ ਉਸ ਤੋਂ ਬਾਅਦ ਕੀ ਹੋਇਆ? ਕੀ ਦੁਨੀਆ ਨੇ ਇਸਰਾਇਲ ਨੂੰ ਹਥਿਆਰ ਭੇਜਣੇ ਰੋਕ ਦਿੱਤੇ? ਕੀ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੇ ਇਸਰਾਇਲ ਨੂੰ ਇੱਕਲਾ ਛੱਡ ਦਿੱਤਾ?




ਜਵਾਬ ਹੈ—ਬਿਲਕੁਲ ਨਹੀਂ। ਅਸਲ ਵਿੱਚ, ਇਸ ਦੇ ਉਲਟ ਹੋਇਆ। ਅਦਾਲਤੀ ਆਦੇਸ਼ਾਂ ਨੂੰ ਛਿੱਕੇ ਟੰਗ ਕੇ ਹਥਿਆਰਾਂ ਦੀਆਂ ਖੇਪਾਂ ਹੋਰ ਵਧਾ ਦਿੱਤੀਆਂ ਗਈਆਂ। ਅਲ-ਜਜ਼ੀਰਾ ਨਿਊਜ਼ ਗਰੁੱਪ ਦੀ ਮਈ 2026 ਵਿੱਚ ਪ੍ਰਕਾਸ਼ਿਤ ਹੋਈ ਇੱਕ ਲੰਬੀ ਖੋਜ ਰਿਪੋਰਟ ਨੇ ਹੈਰਾਨ ਅਤੇ ਆਮ ਮਨਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਇੱਕ ਵੱਡਾ ਖੁਲਾਸਾ ਕੀਤਾ। ਇਸਰਾਇਲੀ ਟੈਕਸ ਅਥਾਰਟੀ (ITA) ਅਤੇ ਕਸਟਮ ਵਿਭਾਗ ਦੇ ਅਧਿਕਾਰਤ ਅੰਕੜਿਆਂ ਮੁਤਾਬਕ, ਫ਼ਲਸਤੀਨ ਜੰਗ ਦੌਰਾਨ ਘੱਟੋ-ਘੱਟ 51 ਦੇਸ਼ਾਂ ਅਤੇ ਖੁਦਮੁਖ਼ਤਿਆਰ ਖੇਤਰਾਂ ਤੋਂ ਫ਼ੌਜੀ ਸਮਾਨ, ਹਥਿਆਰਾਂ ਦੇ ਪੁਰਜ਼ੇ, ਵਿਸਫੋਟਕ, ਗੋਲਾ-ਬਾਰੂਦ ਅਤੇ ਬਖਤਰਬੰਦ ਗੱਡੀਆਂ ਆਦਿ ਦੇ ਹਿੱਸੇ ਲਗਾਤਾਰ ਇਸਰਾਇਲ ਤੱਕ ਪਹੁੰਚਦੇ ਰਹੇ। ਇਹ ਸਿਰਫ਼ ਇਕੱਲੇ ਅਮਰੀਕਾ ਦੀ ਕਹਾਣੀ ਨਹੀਂ ਸੀ, ਬਲਕਿ ਇਸ ਖ਼ੂਨੀ ਖੇਡ ਰੋਮਾਨੀਆ, ਤਾਈਵਾਨ, ਚੈਕ ਗਣਰਾਜ, ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਕੈਨੇਡਾ, ਸਿੰਗਾਪੁਰ, ਤੁਰਕੀ ਅਤੇ ਹੋਰ ਕਈ ਦੇਸ਼ ਬਰਾਬਰ ਸ਼ਾਮਲ ਸਨ।

ਇਹ ਸਿਰਫ਼ ਹਥਿਆਰਾਂ ਦੀ ਸਾਧਾਰਨ ਵਿਕਰੀ ਦਾ ਮਾਮਲਾ ਨਹੀਂ ਸੀ, ਬਲਕਿ ਇਹ ਇੱਕ ਗਲੋਬਲ ਪੱਧਰੀ ਜੰਗੀ ਸਪਲਾਈ ਚੇਨ (Global War Supply Chain) ਸੀ, ਜਿਸ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ, ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੀਆਂ ਨਾਮਵਰ ਸਰਕਾਰਾਂ ਵੀ ਸ਼ਾਮਲ ਸਨ।

ਇਸਰਾਇਲੀ ਟੈਕਸ ਅਥਾਰਟੀ ਦੇ ਡਾਟਾ ਮੁਤਾਬਕ, ਅਕਤੂਬਰ 2023 ਤੋਂ ਅਕਤੂਬਰ 2025 ਤੱਕ 2,603 ਜੰਗੀ ਖੇਪਾਂ ਇਸਰਾਇਲ ਵਿੱਚ ਦਾਖ਼ਲ ਹੋਈਆਂ। ਇਨ੍ਹਾਂ ਦੀ ਕੁੱਲ ਕੀਮਤ 3.22 ਬਿਲੀਅਨ ਸ਼ੇਕਲ ਯਾਨੀ ਲਗਭਗ 885 ਮਿਲੀਅਨ ਡਾਲਰ ਸੀ। ਸਭ ਤੋਂ ਹੈਰਾਨੀ ਅਤੇ ਅਫ਼ਸੋਸ ਦੀ ਗੱਲ ਇਹ ਸੀ ਕਿ ਇਸ ਦਾ 91 ਫ਼ੀਸਦੀ ਹਿੱਸਾ ਉਸ ਸਮੇਂ ਤੋਂ ਬਾਅਦ ਆਇਆ, ਜਦੋਂ ਅੰਤਰਰਾਸ਼ਟਰੀ ਅਦਾਲਤ ਨੇ ਫ਼ਲਸਤੀਨ ਦੇ ਗਜ਼ਾ ਖੇਤਰ ਵਿੱਚ "ਨਸਲਕੁਸ਼ੀ ਦੇ ਸੰਭਾਵੀ ਖ਼ਤਰੇ" ਦੀ ਗੱਲ ਨੂੰ ਸਵੀਕਾਰ ਕਰ ਲਿਆ ਸੀ। ਜੰਗ ਤੋਂ ਪਹਿਲਾਂ ਦੇ 20 ਮਹੀਨਿਆਂ ਵਿੱਚ ਇਹ ਆਯਾਤ 1.41 ਬਿਲੀਅਨ ਸ਼ੇਕਲ ਸੀ ਅਰਥਾਤ ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਵਪਾਰ ਲਗਭਗ ਦੋਗੁਣੀ ਤੋਂ ਵੀ ਵੱਧ ਹੋ ਗਿਆ।

ਹੁਣ ਸਵਾਲ ਪੈਦਾ ਹੋਵੇਗਾ ਕਿ ਉਹ ਕਿਹੜੇ ਦੇਸ਼ ਹਨ, ਜੋ ਇਸਰਾਇਲ ਦੇ ਸਭ ਤੋਂ ਵੱਡੇ ਜੰਗੀ ਸਾਜ਼ੋ-ਸਾਮਾਨ ਦੇ ਸਪਲਾਇਰ ਸਨ? ਖੋਜ ਪੜਤਾਲ ਅਨੁਸਾਰ ਅਮਰੀਕਾ 42 ਫ਼ੀਸਦੀ, ਰੋਮਾਨੀਆ 8 ਫ਼ੀਸਦੀ, ਤਾਈਵਾਨ 4 ਫ਼ੀਸਦੀ ਅਤੇ ਚੈਕ ਗਣਰਾਜ 3 ਫ਼ੀਸਦੀ ਦੀ ਹਿੱਸੇਦਾਰੀ ਨਾਲ ਸਭ ਤੋਂ ਵੱਡੇ ਸਪਲਾਇਰ ਦੇਸ਼ ਰਹੇ। ਇਹ ਚਾਰੇ ਦੇਸ਼ ਮਿਲ ਕੇ ਇਸਰਾਇਲ ਦੇ ਕੁੱਲ ਜੰਗੀ ਆਯਾਤ ਦਾ ਲਗਭਗ 60 ਫ਼ੀਸਦੀ ਹਿੱਸਾ ਬਣਦੇ ਹਨ।

ਬਾਕੀ ਕੁਝ ਵੱਡੇ ਦੇਸ਼ ਇਸ ਪ੍ਰਕਾਰ ਹਨ— ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਸਪੇਨ, ਕੈਨੇਡਾ, ਬੈਲਜੀਅਮ, ਨੀਦਰਲੈਂਡ, ਆਸਟਰੀਆ, ਹੰਗਰੀ, ਸਲੋਵਕੀਆ, ਬੁਲਗਾਰੀਆ, ਪੋਲੈਂਡ, ਸਿੰਗਾਪੁਰ, ਤੁਰਕੀ (ਰਿਪੋਰਟ ਮੁਤਾਬਕ ਤੁਰਕੀ ਦੇ ਜਨਤਕ ਤੌਰ 'ਤੇ ਸਖ਼ਤ ਬਿਆਨਬਾਜ਼ੀ ਅਤੇ ਵਪਾਰਕ ਪਾਬੰਦੀਆਂ ਦੇ ਬਾਵਜੂਦ ਕਸਟਮ ਰਿਕਾਰਡ ਵਿੱਚ ਉਸ ਦੇ ਖ਼ੁਫੀਆ ਸਪਲਾਈ ਲਿੰਕ ਸਾਹਮਣੇ ਆਏ), ਜਾਪਾਨ, ਦੱਖਣੀ ਕੋਰੀਆ, ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਆਦਿ ਦੇਸ਼ ਹਨ।

ਅਲ-ਜਜ਼ੀਰਾ ਗਰੁੱਪ ਨੇ ਆਪਣੀ ਰਿਪੋਰਟ ਵਿੱਚ ਸਪਸ਼ਟ ਕੀਤਾ ਹੈ ਕਿ ਇਹਨਾਂ 51 ਦੇਸ਼ਾਂ ਵਿੱਚੋਂ ਕਈਆਂ ਤੋਂ ਇਹ ਸਮਾਨ ਸਿੱਧਾ ਇਸਰਾਇਲ ਨਹੀਂ ਭੇਜਿਆ ਗਿਆ, ਬਲਕਿ 'ਥਰਡ-ਪਾਰਟੀ ਲਾਇਸੈਂਸ' ਜਾਂ 'ਇਨਕਾਰਪੋਰੇਸ਼ਨ ਲਾਇਸੈਂਸ' ਦੇ ਤਹਿਤ ਭੇਜਿਆ ਗਿਆ ਸੀ। ਇਸ ਦਾ ਮਤਲਬ ਹੈ ਕਿ ਹਥਿਆਰਾਂ ਦੇ ਪੁਰਜ਼ੇ ਪਹਿਲਾਂ ਕਿਸੇ ਦੂਜੇ ਦੇਸ਼ (ਜਿਵੇਂ ਅਮਰੀਕਾ ਜਾਂ ਜਰਮਨੀ) ਵਿੱਚ ਹਥਿਆਰ ਤਿਆਰ ਕਰਨ ਲਈ ਭੇਜੇ ਗਏ ਅਤੇ ਉੱਥੋਂ ਪੂਰੀ ਤਰ੍ਹਾਂ ਤਿਆਰ ਹੋ ਕੇ ਉਹ ਇਸਰਾਇਲ ਦੀ ਫ਼ੌਜ ਤੱਕ ਪਹੁੰਚੇ। ਇਹ ਅੰਕੜੇ ਸਿਰਫ਼ ਵਪਾਰਕ ਕਾਰੋਬਾਰ ਨਹੀਂ ਦਿਖਾਉਂਦੇ, ਬਲਕਿ ਇਹ ਦੱਸਦੇ ਹਨ ਕਿ ਫ਼ਲਸਤੀਨ ਦੇ ਗਜ਼ਾ ਉੱਤੇ ਡਿੱਗਣ ਵਾਲੇ ਬੰਬਾਂ ਦੀ ਖ਼ੂਨੀ ਲੜੀ ਦੁਨੀਆ ਭਰ ਦੇ ਕਾਰਖ਼ਾਨਿਆਂ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਕਾਰਪੋਰੇਟ ਜੰਗੀ ਉਦਯੋਗਾਂ ਨਾਲ ਕਿੰਨੀ ਡੂੰਘੀ ਜੁੜੀ ਹੋਈ ਸੀ।

**ਲੇਖ ਸਬੰਧੀ ਕੁਝ ਅਹਿਮ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। 1: ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਇਸ ਨੂੰ ਸਿਰਫ਼ 'ਇਸਰਾਇਲ-ਗਜ਼ਾ ਜੰਗ' ਲਿਖਣਾ ਸਹੀ ਨਹੀਂ ਹੈ, ਸਗੋਂ 'ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ (ਹਮਾਸ) ਜੰਗ' ਲਿਖਣਾ ਕਾਨੂੰਨੀ ਤੌਰ 'ਤੇ ਦਰੁਸਤ ਹੈ। 7 ਅਕਤੂਬਰ 2023 ਨੂੰ ਸ਼ੁਰੂ ਹੋਈ ਇਹ ਜੰਗ ਅਜੇ ਵੀ ਸੀਮਿਤ ਸੀਜ਼ਫ਼ਾਇਰ ਦੇ ਨਾਲ ਲਗਾਤਾਰ ਜਾਰੀ ਹੈ। ਇਹ ਲੇਖ ਪਾਠਕਾਂ ਨੂੰ ਇਸ ਮਸਲੇ ਰਾਹੀਂ ਸੰਸਾਰ ਦੇ ਵੱਖ-ਵੱਖ ਦੇਸ਼ਾਂ, ਖਾੜੀ ਤੇ ਮੁਸਲਿਮ ਮੁਲਕਾਂ, ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਸੰਯੁਕਤ ਰਾਸ਼ਟਰ ਦੇ ਦੋਹਰੇ ਚਿਹਰੇ ਨੂੰ ਸਮਝਣ ਵਿੱਚ ਮਦਦ ਕਰੇਗਾ। ਨਾਲ ਹੀ ਇਹ ਹਥਿਆਰ ਕੰਪਨੀਆਂ ਦੇ ਵਪਾਰ, ਮੀਡੀਆ ਦੀ ਭੂਮਿਕਾ ਦਾ ਵਿਸ਼ਲੇਸ਼ਣ ਹੈ। 2: ਲੇਖ ਵਿੱਚ ਭਾਸ਼ਾ ਨਿਯਮਾਂ ਮੁਤਾਬਕ 'ਇਜ਼ਰਾਇਲ' ਨੂੰ 'ਇਸਰਾਇਲ' ਅਤੇ 'ਗਾਜ਼ਾ' ਨੂੰ 'ਗਜ਼ਾ' ਲਿਖਿਆ ਗਿਆ ਹੈ। ਗਜ਼ਾ ਇੱਕ ਛੋਟਾ ਜਿਹਾ ਖੇਤਰ ਹੈ, ਜਿਸ ਦੇ ਲਗਭਗ 64% ਹਿੱਸੇ 'ਤੇ ਇਸ ਵੇਲੇ ਇਸਰਾਇਲੀ ਫ਼ੌਜ ਦਾ ਕਬਜ਼ਾ ਹੋ ਚੁੱਕਾ ਹੈ। ਸੰਯੁਕਤ ਰਾਸ਼ਟਰ (UN) ਦੇ ਰਿਕਾਰਡ ਵਿੱਚ ਗਜ਼ਾ ਦੀ ਥਾਂ 'ਫ਼ਲਸਤੀਨ' ਨਾਂ ਦਰਜ ਹੈ, ਜਿਸ ਨੂੰ "Non-member Observer State" ਦਾ ਰਸਮੀ ਦਰਜਾ ਪ੍ਰਾਪਤ ਹੈ। ਉਮੀਦ ਹੈ ਕਿ ਸੰਸਾਰ ਸਿਆਸਤ ਦੇ ਇਸ ਅਹਿਮ ਅਤੇ ਸੰਵੇਦਨਸ਼ੀਲ ਮਸਲੇ 'ਤੇ ਆਧਾਰਿਤ ਇਹ ਖੋਜ-ਪੱਤਰ ਆਪ ਜੀ ਦੇ ਪਾਠਕਾਂ ਲਈ ਬੇਹੱਦ ਗਿਆਨਵਰਧਕ ਸਾਬਤ ਹੋਵੇਗਾ।**

**ਧੰਨਵਾਦ ਸਹਿਤ--- ਗੁਰਪ੍ਰੀਤ ਸਿੰਘ ਬਿਲਿੰਗ**

ਇਸਰਾਇਲ ਬਨਾਮ ਫ਼ਲਸਤੀਨ ਦੀ ਜੰਗ ਨੇ ਇਹ ਵੀ ਸਾਬਤ ਕੀਤਾ ਕਿ ਆਧੁਨਿਕ ਜੰਗਾਂ ਹੁਣ ਸਿਰਫ਼ ਸਰਹੱਦਾਂ ਜਾਂ ਕੌਮਾਂ ਵਿਚਾਲੇ ਨਹੀਂ ਲੜੀਆਂ ਜਾਂਦੀਆਂ, ਸਗੋਂ ਇਹ ਗਲੋਬਲ ਅਰਥਵਿਵਸਥਾ ਦਾ ਇੱਕ ਬਹੁਤ ਵੱਡਾ ਮੁਨਾਫ਼ੇ ਵਾਲਾ ਕਾਰੋਬਾਰ ਬਣ ਚੁੱਕੀਆਂ ਹਨ। ਯੂਰਪੀ ਸ਼ੇਅਰ ਬਾਜ਼ਾਰਾਂ ਵਿੱਚ ਜੰਗ ਦੌਰਾਨ ਵੱਡੀਆਂ ਰੱਖਿਆ (Defense) ਕੰਪਨੀਆਂ ਦੇ ਸ਼ੇਅਰ ਲਗਾਤਾਰ ਚੜ੍ਹਦੇ ਰਹੇ। ਲਾਕਹੀਡ ਮਾਰਟਿਨ, ਰੇਥੀਓਨ, ਨੌਰਥਰੋਪ ਗਰੁਮੈਨ ਅਤੇ ਬੀ. ਏ. ਈ ਸਿਸਟਮਜ਼ ਵਰਗੀਆਂ ਨਾਮਵਰ ਕੰਪਨੀਆਂ ਨੇ ਅਰਬਾਂ ਡਾਲਰ ਦੇ ਨਵੇਂ ਜੰਗੀ ਠੇਕੇ ਹਾਸਲ ਕੀਤੇ। ਜੰਗ ਜਿੰਨੀ ਲੰਮੀ ਖਿੱਚਦੀ ਗਈ, ਮਨੁੱਖੀ ਲਾਸ਼ਾਂ ਦੇ ਢੇਰਾਂ 'ਤੇ ਹਥਿਆਰ ਉਦਯੋਗ ਦਾ ਮੁਨਾਫ਼ਾ ਉਨਾ ਹੀ ਵਧਦਾ ਗਿਆ।

ਵੱਖ-ਵੱਖ ਦੇਸ਼ਾਂ ਜਾਂ ਕੰਪਨੀਆਂ ਵੱਲੋਂ ਭੇਜੇ ਗਏ ਸਮਾਨ ਵਿੱਚ ਹੈਵੀ ਫਰਾਗ ਕੰਪੋਨੈਂਟ, 155 ਐਮਐਮ ਪ੍ਰੋਜੈਕਟਾਈਲ ਬਾਡੀਆਂ, ਬੂਸਟਰ ਪੈਲਟ ਅਤੇ ਗੋਲਾ-ਬਾਰੂਦ ਆਦਿ ਦੇ ਧਾਤੂ ਹਿੱਸੇ ਸ਼ਾਮਲ ਸਨ। ਹਥਿਆਰਾਂ ਦੇ ਮਾਹਿਰਾਂ ਮੁਤਾਬਕ, ਇਹ ਉਹ ਘਾਤਕ ਹਿੱਸੇ ਹਨ ਜੋ ਧਮਾਕਿਆਂ ਦੌਰਾਨ ਬੰਬ ਦੇ ਧਾਤੂ ਟੁਕੜਿਆਂ (Splinters) ਨੂੰ ਬਹੁਤ ਵੱਡੇ ਖੇਤਰ ਵਿੱਚ ਫੈਲਾ ਕੇ ਵਧੇਰੇ ਜਾਨੀ ਨੁਕਸਾਨ ਕਰਦੇ ਹਨ। ਰਾਫੇਲ ਐਡਵਾਂਸ ਡਿਫੈਂਸ ਸਿਸਟਮ ਅਤੇ ਆਈ. ਐਮ. ਆਈ. ਸਿਸਟਮ ਵਰਗੀਆਂ ਇਸਰਾਇਲੀ ਕੰਪਨੀਆਂ ਨੂੰ ਵੱਖ-ਵੱਖ ਦੇਸ਼ਾਂ ਦੀਆਂ ਕੰਪਨੀਆਂ ਵੱਲੋਂ ਸਿੱਧੇ ਤੌਰ 'ਤੇ ਹਥਿਆਰਾਂ ਦੇ ਭਾਗ ਭੇਜੇ ਗਏ।

**ਚਲਦਾ....**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤਵਾੜ

ਜਦੋਂ ਕਿਸ਼ਤਵਾੜ ਸਿੱਖਾਂ ਦੇ ਕਬਜ਼ੇ ਵਿੱਚ ਆਇਆ ਤਾਂ ਇਥੋਂ ਦੇ ਪੁਰਾਤਨ ਕਿਲ੍ਹੇ ਨੂੰ ਕੈਦਖਾਨੇ ਵਿੱਚ ਤਬਦੀਲ ਕੀਤਾ ਗਿਆ। 1941 ਦੀ ਜਨਗਣਨਾ ਅਨੁਸਾਰ ਇਥੋਂ ਦੀ ਸਿੱਖ ਆਬਾਦੀ 123 ਸੀ। ਸਿੱਖ ਤਵਾਰੀਖ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਕਿਸ਼ਤਵਾੜ ਅਤੇ ਠਾਠਰੀ ਵਿੱਚ ਆਪਣੇ ਮੁਬਾਰਕ ਕਦਮ ਪਾਏ ਸਨ। ਇਥੇ ਗੁਰੂ ਸਾਹਿਬ ਸਿੱਧਾਂ ਦੀ ਬਗੀਚੀ ਵਿੱਚ ਠਹਿਰੇ ਅਤੇ ਸਿੱਧਾਂ ਨਾਲ ਵਿਚਾਰ ਚਰਚਾ ਕੀਤੀ। ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਸਿੱਧ ਮੰਡਲੀ ਗੁਰੂ ਜੀ ਦੇ ਚਰਨੀਂ ਲੱਗੀ। ਕਿਸ਼ਤਵਾੜ ਗੁਰੂ ਨਾਨਕ ਸਾਹਿਬ ਕਿਹੜੇ ਰਸਤੇ ਬਾਣੀਂ ਆਏ ਉਹ ਅਜੇ ਖੋਜ–ਤਲਬ ਹੈ।

ਪੁਰਾਣੇ ਗ੍ਰੰਥਾਂ ਵਿੱਚ ਕਿਸ਼ਤਵਾੜ ਨੂੰ ਕਸਟਵਾਰ ਜਾਂ ਕੇਕਯ ਕਰਕੇ ਲਿਖਿਆ ਮਿਲਦਾ ਹੈ। ਰਾਜਾ ਦਸ਼ਰਥ ਦੀ ਰਾਣੀ ਕੈਕਈ ਇਥੋਂ ਦੇ ਰਾਜਾ ਦੀ ਹੀ ਪੁੱਤਰੀ ਸੀ। ਸ. ਸ਼ੇਰ ਸਿੰਘ ਐਮ.ਐਸ.ਸੀ. ਜਦੋਂ ਡੋਡਾ ਵਿੱਚ ਡੀ.ਐਫ.ਉ. ਲੱਗੇ ਸਨ ਤਾਂ ਉਨ੍ਹਾਂ ਸਿਕਲੀਗਰ ਅਤੇ ਨੀਵੀਆਂ ਜਾਤਾਂ ਨੂੰ ਸਿੱਖ ਬਣਾਇਆ, ਜਿਸ ਕਾਰਨ 20–25 ਘਰ (ਸਿੱਖਾਂ) ਦੇ ਆਬਾਦ ਹਨ। ਗੁਰਦੁਆਰੇ ਵੀ ਉਨ੍ਹਾਂ ਨੇ ਹੀ ਬਣਵਾਏ ਸਨ।

**ਪੁਸਤਕ ਸੂਚੀ:–**

1. ਮੁਹੰਮਦ ਯੂਸਫ ਟੈਂਗ (ਚੀਫ਼ ਐਡੀਟਰ)– ਕੋਸ਼ਰ ਇਨਸਾਈਕਲੋਪੀਡੀਆ, ਜਿਲਦ 2, ਸ੍ਰੀਨਗਰ, 1989
2. ਕੋਹਲੀ, ਸੁਰਿੰਦਰ ਸਿੰਘ, ਪ੍ਰੋ.– ਟ੍ਰੈਵਲਜ਼ ਆਫ਼ ਗੁਰੂ ਨਾਨਕ, ਚੰਡੀਗੜ੍ਹ, 1978
3. ਗਿਆਨ ਸਿੰਘ, ਗਿਆਨੀ– ਤਵਾਰੀਖ ਗੁਰੂ ਖਾਲਸਾ, ਪਟਿਆਲਾ, 1970
4. ਸਰਨਾ, ਡਾ. ਜਸਬੀਰ ਸਿੰਘ– ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005

## ਕਿਲ੍ਹਾ ਰਾਏਪੁਰ

ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਇਕ ਛੋਟਾ ਜਿਹਾ ਕਸਬਾ ਕਿਲ੍ਹਾ ਰਾਏਪੁਰ ਹੈ। ਇਸ ਨਗਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਇਤਿਹਾਸਕ ਗੁਰ–ਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਹੈ। ਇਹ ਗੁਰਦੁਆਰਾ ਸਾਹਿਬ ਪਿਛਲੇ ਕੁਝ ਵਰ੍ਹਿਆਂ ਵਿੱਚ ਹੀ ਬਣਿਆ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਇਕ ਪ੍ਰਚਾਰ ਫੇਰੀ ਸਮੇਂ 1631 ਵਿੱਚ ਢਿੱਲੋਂ ਤੋਂ ਗੁੱਜਰਵਾਲ ਜਾਣ ਸਮੇਂ ਠਹਿਰੇ ਸਨ।

ਇਸ ਗੁਰਦੁਆਰੇ ਅੰਦਰ ਪ੍ਰਕਾਸ਼ ਅਸਥਾਨ ਬਣਿਆ ਹੈ, ਜਿਸ ਦੇ ਉਪਰ ਗੁੰਬਦ ਸੁਸ਼ੋਭਿਤ ਹੈ। ਇਸ ਦੇ ਨਾਲ ਵਾਲੇ ਕਮਰੇ ਵਿੱਚ ਕੁਝ ਸ਼ਸ਼ਤਰ ਦਰਸ਼ਨ–ਦੀਦਾਰ ਕਰਨ ਲਈ ਰੱਖੇ ਗਏ ਹਨ। ਇਸ ਗੁਰਦੁਆਰੇ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰ–ਅਸਥਾਨ ਐਕਟ ਦੇ ਸੈਕਸ਼ਨ 85 ਅਧੀਨ ਹੈ। ਕਿਲ੍ਹਾ ਰਾਏਪੁਰ ਰੇਲਵੇ ਸਟੇਸ਼ਨ ਵੀ ਹੈ।



ਗੁਰਦੁਆਰਾ ਪਾਤਾਲਪੁਰੀ ਕੀਰਤਪੁਰ ਸਾਹਿਬ

ਪੁਸਤਕ ਸੂਚੀ:–

1. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
2. ਸਰਨਾ, ਡਾ. ਜਸਬੀਰ ਸਿੰਘ– ਤੇਰਗਜ਼ਨ ਗੁਰੂ ਹਰਿਗੋਬਿੰਦ ਸਾਹਿਬ, ਕਸ਼ਮੀਰ, 2001

## ਕੀਰਤਪੁਰ ਸਾਹਿਬ

ਪੰਜਾਬ ਦੇ ਜ਼ਿਲ੍ਹਾ ਰੂਪ ਨਗਰ (ਰੋਪੜ) ਵਿੱਚ ਸ਼ਿਵਾਲਿਕ ਪਹਾੜੀਆਂ ਦੇ ਦਾਮਨ ਵਿੱਚ ਕਸਬਾ ਕੀਰਤਪੁਰ ਸਾਹਿਬ ਆਉਂਦਾ ਹੈ। ਕੀਰਤਪੁਰ ਸਾਹਿਬ ਦਾ ਅਕਸ਼ਾਂਸ਼ 760–35 ਅਤੇ ਰੇਖਾਂਸ਼ ਦੇਸ਼ਾਂਤਰ 310–11 ਹੈ। ਕੀਰਤਪੁਰ ਸਾਹਿਬ ਪਿੰਡ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਬਾਬਾ ਗੁਰਦਿੱਤਾ ਜੀ ਨੇ ਰੱਖੀ ਸੀ। ਭੱਟਵਹੀਆਂ ਅਨੁਸਾਰ ਪਿੰਡ ਦੀ ਨੀਂਹ ਗੁਰੂ ਨਾਨਕ ਸਾਹਿਬ ਦੇ ਬੇਟੇ ਬਾਬਾ ਸ੍ਰੀ ਚੰਦ ਨੇ 1 ਮਈ 1626 ਨੂੰ ਰੱਖੀ ਸੀ। ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਅਤੇ ਫਗਵਾੜੇ ਦੀਆਂ ਲੜਾਈਆਂ ਤੋਂ ਬਾਅਦ 1635 ਵਿੱਚ ਕੀਰਤਪੁਰ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਵੀ ਇਸੇ ਨਗਰ ਵਿੱਚ ਹੋਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਕਈ ਵੇਰ ਇਥੇ ਆਏ। ਇਕ ਹੋਰ ਸੋਮੇ ਮੁਤਾਬਿਕ ਗੁਰੂ ਨਾਨਕ ਸਾਹਿਬ ਵੀ ਆਪਣੀ ਇਕ ਉਦਾਸੀ ਸਮੇਂ ਇਥੋਂ ਲੰਘੇ ਸਨ। ਇਸ ਨਗਰ ਵਿੱਚ ਛੇ ਗੁਰੂ ਸਾਂ–ਹਬਾਨ ਦੀਆਂ ਯਾਦਗਾਰਾਂ ਕਾਇਮ ਹਨ। ਇਨ੍ਹਾਂ ਤੋਂ ਇਲਾਵਾ ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ ਅਤੇ ਬੀਬੀ ਰੂਪ ਕੌਰ (ਪੁੱਤਰੀ ਗੁਰੂ ਹਰਿਰਾਇ ਸਾਹਿਬ) ਦੇ ਇਤਿਹਾਸਕ ਅਸਥਾਨ ਵੀ ਬਣੇ ਹੋਏ ਹਨ। ਇਸ ਨਗਰ ਵਿੱਚ ਬਹੁਤ ਸਾਰੇ ਇਤਿਹਾਸਕ ਅਸਥਾਨ ਹਨ, ਜੋ ਇਸ ਪ੍ਰਕਾਰ ਹਨ।

### 1. ਗੁਰਦੁਆਰਾ ਚਰਨ ਕੰਵਲ ਪਾਤਸ਼ਾਹੀ ਪਹਿਲੀ:

ਇਸ ਥਾਂ ਗੁਰੂ ਨਾਨਕ ਸਾਹਿਬ ਆਪਣੀ ਇਕ ਉਦਾਸੀ ਸਮੇਂ ਬਿਰਾਜੇ ਹਨ। ਉਸ ਸਮੇਂ ਕੀਰਤਪੁਰ ਸਾਹਿਬ ਦਾ ਮੁੱਢ ਨਹੀਂ ਬੱਝਾ ਸੀ। ਜਦੋਂ ਗੁਰੂ ਨਾਨਕ ਸਾਹਿਬ ਦੇ ਆਉਣ ਦਾ ਪਤਾ ਲੱਗਾ, ਤਾਂ ਇਕ ਮੁਸਲਮਾਨ ਸਾਈਂ ਬੁੱਢਣ ਸ਼ਾਹ ਗੁਰੂ ਜੀ ਕੋਲ ਦੁੱਧ ਲੈ ਕੇ ਹਾਜ਼ਰ ਹੋਇਆ। ਰਿਵਾਇਤ ਅਨੁਸਾਰ ਗੁਰੂ ਸਾਹਿਬ ਨੇ ਅੱਧਾ ਦੁੱਧ ਪੀਤਾ ਅਤੇ ਬਾਕੀ ਸਾਈਂ ਜੀ ਨੂੰ ਮੋੜ ਦਿੱਤਾ, ਕਿ ਮੇਰਾ ਇਕ ਸਿੱਖ ਆ ਕੇ ਇਸ ਨੂੰ ਪੀਵੇਗਾ। ਇਸ ਸਾਈਂ ਦੀ ਮਜ਼ਾਰ (ਕਬਰ) ਡੇਰਾ ਬਾਬਾ ਗੁਰਦਿੱਤਾ ਜੀ ਤੋਂ 200 ਮੀਟਰ ਦੂਰ ਪੂਰਵ ਵੱਲ ਹੈ। ਗੁਰਦੁਆਰਾ ਚਰਨ ਕੰਵਲ ਉਚੀ ਕੁਰਸੀ ਅਤੇ ਪੱਥਰ ਦੀਆਂ ਦੀਵਾਰਾਂ ਕਾਰਨ ਕਿਲ੍ਹੇ ਦਾ ਝਾਉਲਾ ਪੈਂਦਾ ਹੈ। ਇਸ ਦੀ ਪ੍ਰਮੁੱਖ ਇਮਾਰਤ ਰਾਜਾ ਭੂਪ ਸਿੰਘ ਆਫ਼ ਰੋਪੜ ਨੇ 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਬਣਾਈ ਸੀ।

### 2. ਗੁਰਦੁਆਰਾ ਸ਼ੀਸ਼ ਮਹੱਲ:

ਇਹ ਪਹਿਲੀ ਇਮਾਰਤ ਹੈ, ਜੋ 1624 ਵਿੱਚ ਕੀਰਤਪੁਰ ਦੀ ਨੀਂਹ ਰੱਖਣ ਮਗਰੋਂ ਬਣੀ ਹੈ। ਇਹ ਅਸਲੋਂ ਬਾਬਾ ਗੁਰਦਿੱਤਾ ਜੀ ਦਾ ਘਰ ਸੀ, ਜਿਸ ਵਿੱਚ ਮਈ 1635 ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਰਹਿੰਦੇ ਰਹੇ ਹਨ। ਇਸ ਥਾਂ 'ਤੇ 1624 ਤੋਂ ਬਾਅਦ ਖਾਸ ਕਰ 1635 ਤੋਂ 1663 ਤੱਕ ਗੁਰੂ ਪਰਿਵਾਰ ਦਾ ਘਰ ਸੀ। ਗੁਰੂ ਹਰਿਰਾਇ ਸਾਹਿਬ (16 ਜਨਵਰੀ 1630) ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ (20 ਜੁਲਾਈ 1652) ਦਾ ਜਨਮ, ਇਸੇ ਥਾਂ ਹੋਇਆ ਸੀ। ਰਾਮ ਰਾਇ ਅਤੇ ਬੀਬੀ ਰੂਪ ਕੌਰ ਦਾ ਜਨਮ ਵੀ ਇਸੇ ਗ੍ਰਹਿ ਹੋਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਦੇ ਚੱਕ ਨਾਨਕੀ ਚਲੇ ਜਾਣ ਮਗਰੋਂ ਇਸ ਦੀ ਇਮਾਰਤ ਢਹਿੰਦੀ ਗਈ ਅਤੇ ਆਸ–ਪਾਸ ਲੋਕਾਂ ਨੇ ਕਬਜ਼ਾ ਕਰ ਲਿਆ। ਪੁਰਾਣੀ ਇਮਾਰਤ ਢਾਹ ਕੇ ਨਵੀਂ ਇਮਾਰਤ ਜੋ ਲੰਮੀ ਅਤੇ ਸੁੰਦਰ ਹੈ, ਉਸਾਰੀ ਗਈ ਹੈ। ਸ਼ੀਸ਼ ਮਹੱਲ ਪ੍ਰਸਿੱਧ ਹੋਣ ਕਾਰਨ ਹੀ ਹੁਣ ਨਵੀਂ ਇਮਾਰਤ ਦੇ ਅੰਦਰ ਸ਼ੀਸ਼ੇ ਲਾਏ ਗਏ ਹਨ ਅਤੇ ਦੀਵਾਰਾਂ 'ਤੇ ਸੋਨੇ ਦੀ ਪਾਨ ਚਾੜ੍ਹੀ ਗਈ ਹੈ।

### 3 ਗੁਰਦੁਆਰਾ ਤਖ਼ਤ ਕੋਟ ਸਾਹਿਬ:

ਕੀਰਤਪੁਰ ਸਾਹਿਬ ਆਉਣ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਅਸਥਾਨ 'ਤੇ ਆਪਣਾ ਤਖ਼ਤ ਕਾਇਮ ਕੀਤਾ ਸੀ ਅਤੇ ਕਿਲ੍ਹਾ ਬਣਵਾਇਆ ਸੀ। ਗੁਰੂ ਸਾਹਿਬ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਕਾਰਵਾਈ ਇਸੇ ਜਗ੍ਹਾ ਤੋਂ ਚਲਾਇਆ ਕਰਦੇ ਸਨ। ਗੁਰੂ ਹਰਿਰਾਇ ਸਾਹਿਬ (8 ਮਾਰਚ 1644) ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ (7 ਅਕਤੂਬਰ 1661) ਦੀ ਗੱਦੀ ਨਸ਼ੀਨੀ ਇਸੇ ਥਾਂ 'ਤੇ ਹੋਈ ਸੀ। ਬਾਹਰਲੀਆਂ ਰਿਆਸਤਾਂ ਤੋਂ ਆਏ ਰਾਜੇ, ਮਹਾਰਾਜੇ ਤੇ ਅਮੀਰ ਇਸੇ ਥਾਂ 'ਤੇ ਆ ਕੇ ਗੁਰੂ ਸਾਹਿਬ ਦੇ ਦਰਸ਼ਨ–ਦੀਦਾਰੇ ਕਰਦੇ ਸਨ। ਇਸ ਤਖ਼ਤ ਸਾਹਿਬ ਦੇ ਅੰਦਰ ਇਕ ਮੁਰੱਬਾ ਕਮਰਾ ਅਤੇ ਪ੍ਰਕਾਸ਼ ਅਸਥਾਨ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਹ ਪ੍ਰਕਾਸ਼ ਅਸਥਾਨ, ਹਾਲ ਦੇ ਉੱਤਰੀ ਸਿਰੇ ਵੱਲ ਹੈ। ਤਖ਼ਤ ਸਾਹਿਬ ਦੇ ਉਪਰ ਗੁੰਬਦ–ਨੁਮਾ ਸੋਨੇ ਦਾ ਕਲਸ ਨਜ਼ਰੀਂ ਪੈਂਦਾ ਹੈ।

### 4. ਗੁਰਦੁਆਰਾ ਹਰਿਮੰਦਰ ਸਾਹਿਬ ਪਾਤਸ਼ਾਹੀ ਛੇਵੀਂ:

ਇਸ ਥਾਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਬਾਗ ਲਗਵਾਇਆ ਹੋਇਆ ਸੀ। ਇਸ ਬਾਗ ਵਿੱਚ ਚਾਰੇ ਪਾਸੇ ਫੁਹਾਰੇ ਚੱਲਿਆ ਕਰਦੇ ਸਨ। ਬਾਗ ਵਿੱਚ ਕਿਸਮ–ਕਿਸਮ ਦੇ ਫੁੱਲ ਅਤੇ ਜੜ੍ਹੀ–ਬੂਟੀਆਂ ਦੇ ਦਰਖ਼ਤ ਲੱਗੇ ਹੋਏ ਸਨ। ਇਸ ਬਾਗ ਨੂੰ ਨੌਲੱਖਾ ਬਾਗ ਆਖਿਆ ਜਾਂਦਾ ਸੀ। ਇਸ ਵਿੱਚ ਅੱਠ ਕੋਨਿਆਂ ਵਾਲਾ ਫੁਹਾਰਾ ਵੀ ਹੋਇਆ ਕਰਦਾ ਸੀ। ਇਸ ਨੌਲੱਖਾ ਬਾਗ ਵਿੱਚ ਜਦੋਂ (ਗੁਰੂ) ਹਰਿਰਾਇ ਸਾਹਿਬ ਇਕ ਵੇਰ ਸੈਰ ਕਰ ਰਹੇ ਸਨ ਤਾਂ ਅਚਾਨਕ ਉਨ੍ਹਾਂ ਦੇ ਚੋਲੇ ਨਾਲ ਇਕ ਖ਼ੂਬਸੂਰਤ ਫੁੱਲ ਅਟਕ ਕੇ ਹੇਠਾਂ ਡਿੱਗ ਗਿਆ ਸੀ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਕੀਦ ਕੀਤੀ ਕਿ, ਧਿਆਨ ਰੱਖਿਆ ਕਰੋ। ਜਦੋਂ ਗੁਰੂ ਹਰਿਰਾਇ ਸਾਹਿਬ ਗੁਰੂ ਬਣੇ ਤਾਂ ਉਨ੍ਹਾਂ ਇਸ ਬਾਗ ਨੂੰ ਚਿੜੀਆ ਘਰ ਵਿੱਚ ਤਬਦੀਲ ਕਰ ਦਿੱਤਾ, ਜਿਥੇ ਸ਼ਿਕਾਰ ਕਰਨ ਦੌਰਾਨ ਫੜੇ ਗਏ ਪੰਛੀ ਅਤੇ ਜਾਨਵਰ ਆਦਿ ਰੱਖੇ ਜਾਂਦੇ ਸਨ।

ਇਕ ਰਿਵਾਇਤ ਮੁਤਾਬਿਕ ਦਾਰਾ ਸ਼ਿਕੋਹ ਗੁਰੂ ਹਰਿਰਾਇ ਸਾਹਿਬ ਨੂੰ ਇਸੇ ਬਾਗ ਵਿੱਚ ਮਿਲਣ ਆਇਆ ਸੀ। ਗੁਰੂ ਸਾਹਿਬ ਨੇ ਉਸ ਨੂੰ ਇਕ ਹਰੜ ਦਿੱਤੀ ਜਿਸ ਨੇ ਉਸ ਨੂੰ ਇਕ ਲੰਮੀ ਬੀਮਾਰੀ ਤੋਂ ਛੁਟਕਾਰਾ ਦਿੱਤਾ ਸੀ।

ਪੁਰਾਣੇ ਗੁਰਦੁਆਰਾ ਸਾਹਿਬ ਦੀ ਇਮਾਰਤ, ਜਿਸ ਦੇ ਵਿੱਚ ਪੁਰਾਣੀਆਂ ਸਰਹੰਦੀ ਇੱਟਾਂ ਲੱਗੀਆਂ ਹੋਈਆਂ ਹਨ ਕੇਂਦਰ ਵਿੱਚ ਇਕ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰ–ਦੁਆਰੇ ਨਾਲ ਪੰਜ ਏਕੜ ਜ਼ਮੀਨ ਲੱਗੀ ਹੋਈ ਹੈ।

ਬਾਕੀ ਅਗਲੇ ਹਫ਼ਤੇ ਪੜ੍ਹੋ

– ਲੇਖਕ –
ਗਿਆਨੀ ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਗੋਇੰਦਵਾਲ ਵਾਲੀਆਂ ਪੋਥੀਆਂ ਗੁਰਬਾਣੀ ਦਾ ਸਭ ਤੋਂ ਪਹਿਲਾ ਸੰਚਯ ਹੈ । ਜਿਸ ਵਿੱਚ ਭਗਤ ਬਾਣੀ ਸੰਕਲਿਤ ਹੈ । ਭਾਵੇਂ ਇਸ ਤੋਂ ਪਹਿਲਾਂ ਦੀ ਪੋਥੀ, ਗੁਰੂ ਹਰਿਸਹਾਇ ਵਾਲੀ ਭੀ ਹੈ । ਹਰਿਸਹਾਇ ਵਾਲੀ ਪੋਥੀ ਵਿੱਚ ਵਾਧੇ ਹੁੰਦੇ ਰਹਿਣ ਕਾਰਣ ਉਸ ਦੇ ਮੂਲ ਪ੍ਰਾਚੀਨ ਰੂਪ ਬਾਰੇ ਦ੍ਰਿੜਤਾ ਨਾਲ ਕਹਿਣਾ ਔਖਾ ਹੈ** । ਇਸ ਪ੍ਰਸੰਗ ਵਿੱਚ ਉਸ ਪੋਥੀ ਦੀ ਚਰਚਾ ਇਥੇ ਨਹੀਂ ਕੀਤੀ । ਸੰਮਤ ੧੬੫੨ ਦੀ ਇਕ ਸੂਚਨਾ ਗੋਇੰਦਵਾਲ ਵਾਲੀਆਂ ਪੋਥੀਆਂ ਦੇ ਅਰੰਭ ਵਿੱਚ ਲਿਖੀ ਹੈ । ਪ੍ਰੰਤੂ ਪੋਥੀਆਂ ਦੇ ਵਿੱਚਲੇ ਸਬੂਤ ਦੱਸਦੇ ਹਨ, ਉਹ ਸੂਚਨਾ ਪੋਥੀਆਂ ਲਿਖਣ ਦੀ ਨਹੀਂ, ਉਸ ਸੂਚਨਾ ਦੇ ਲਿਖਣ ਦੀ ਹੈ, ਉਸ ਵੇਲੇ ਦੀ, ਜਦ ਗੁਰੂ ਅਰਜਨ ਜੀ ਨੇ ਆਦਿ ਬੀੜ ਲਈ ਪੋਥੀਆਂ ਪ੍ਰਾਪਤ ਕਰਨ ਦਾ ਯਤਨ ਆਰੰਭ ਕੀਤਾ ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–45**

ਬੰਧਚਿ ਬੰਧਨੁ ਪਾਇਆ॥
ਮੁਕਤੈ ਗੁਰਿ ਅਨਲੁ ਬੁਝਾਇਆ॥
ਜਬ ਨਖਸਿਖ ਇਹੁ ਮਨੁ ਚੀਨਾ॥
ਤਬ ਅੰਤਰਿ ਮਜਨੁ ਕੀਨਾ॥
ਬੇਧੀਅਲੇ ਚਕ੍ਰ ਭੁਅੰਗਾ॥
ਭੇਟੀਅਲੇ ਰਾਇ ਨਿਸੰਗਾ।
ਸਸਿ ਕੀਨੇ ਸੂਰ ਗਿਰਾਸਾ॥
ਜਬ ਕੁੰਭਕੁ ਭਰਿਪੁਰਿ ਲੀਣਾ॥
ਤਹ ਬਾਜੇ ਅਨਹਦ ਬੀਣਾ॥

(ਰਾਮਕਲੀ ਕਬੀਰ ਜੀ–971)

ਕਬੀਰ ਜੀ ਦੇ ਸ਼ਬਦ ਵਿੱਚ ਮੁਕਤੇ ਗੁਰ ਅਨਲ ਬੁਝਾਇਆ ਵਾਕ ਆਰੰਭ ਵਿੱਚ ਹੀ ਹੈ। ਭਾਵ ਹੈ, ਗੁਰੂ ਨੇ ਅੱਗ ਬੁਝਾਈ। ਗੁਰੂ ਨਾਨਕ ਜੀ ਦੇ ਰਾਗ ਰਾਮਕਲੀ ਵਿੱਚ ਉਚਾਰੇ ਪਦੇ ਦੀਆਂ ਤੁਕਾਂ ਹਨ:

ਪੁਰਖ ਮਹਿ ਨਾਰਿ ਨਾਰਿ
ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥
ਧੁਨਿ ਮਹਿ ਧਿਆਨੁ ਧਿਆਨ ਮਹਿ
ਜਾਨਿਆ ਗੁਰਮੁਖਿ ਅਕਥ ਕਹਾਨੀ॥

(ਰਾਮਕਲੀ ਮ.1–879)

ਕਬੀਰ ਜੀ ਦਾ ਸਾਰੰਗ ਵਿੱਚ ਵਾਕ ਹੈ:

ਨਾਰੀ ਤੇ ਜੋ ਪੁਰਖੁ ਕਰਾਵੈ,
ਪੁਰਖਨ ਤੇ ਜੋ ਨਾਰੀ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ
ਤਿਸੁ ਮੂਰਤਿ ਬਲਹਾਰੀ॥

(ਸਾਰੰਗ ਕਬੀਰ–1252)

ਪੁਰਖਾਂ ਵਿੱਚ ਨਾਰੀ, ਨਾਰੀਆਂ ਵਿੱਚ ਪੁਰਖ ਅਛਪ ਰੂਪ ਵਿੱਚ ਰਹਿਣ ਵਾਲੀ ਜੀਵ ਉਤਪਤੀ ਦੀ ਕਿਰਿਆ ਦੇ ਰਹੱਸ ਵੱਲ ਸੰਕੇਤ ਹੈ। ਇਹ ਤੁਕਾਂ ਗੂੜ੍ਹ ਭਾਵ ਵਾਲੇ ਗੁਰ ਸ਼ਬਦ, ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਵਿੱਚ ਆਉਂਦੀਆਂ ਹਨ। ਜਿਵੇਂ ਸਮੁੰਦਰ ਵਿੱਚ ਬੂੰਦਾਂ ਹਨ, ਬੂੰਦਾਂ ਵਿੱਚ ਸਮੁੰਦਰ ਵਿਆਪ ਰਿਹਾ ਹੈ– ਤਿਵੇਂ ਹੀ ਈਸ਼ਵਰ ਜੀਵਾਂ ਵਿੱਚ ਪ੍ਰਵਿਰਤ ਹੈ। ਪੁਰਖਾਂ ਦੇ (ਵੀਰਜ) ਤੱਤ ਤੋਂ ਨਾਰੀਆਂ ਪੈਦਾ ਹੁੰਦੀਆਂ ਹਨ, ਨਾਰੀਆਂ ਦੇ ਰਕਤ ਤੱਤ ਤੋਂ ਪੁਰਖ ਪੈਦਾ ਹੁੰਦੇ ਹਨ, ਇਹ (ਪ੍ਰਮੇਸ਼ਰ ਦੀ) ਅਕੱਥ ਕਹਾਣੀ ਹੈ, ਇਸੇ ਤਰ੍ਹਾਂ ਹੀ ਧੁਨੀ ਵਿੱਚੋਂ ਧਿਆਨੁ ਉਪਜਦਾ ਹੈ, ਧਿਆਨ ਰਾਹੀਂ ਧੁਨੀ ਰੂਪ ਪ੍ਰਮੇਸ਼ਰ ਦੀ ਲਖਤਾ ਹੁੰਦੀ ਹੈ। ਮਨ ਵਿੱਚ ਜੋਤ ਹੈ, ਜੋਤ ਵਿੱਚ ਮਨ ਹੈ, ਪੰਜੇ ਗਿਆਨ ਇੰਦਰੇ ਮਿਲਾ ਲੈਣ ਦੀ ਸਾਧਨਾਂ ਤੋਂ ਇਹ ਭੇਦ ਜਾਣਿਆ ਜਾਂਦਾ ਹੈ।

ਗੁਰੂ ਨਾਨਕ ਜੀ ਦੇ ਉਚ ਪੱਧਰ ਦਾ ਸਰਲ ਜਿਹਾ ਪ੍ਰਭਾਵ ਕਬੀਰ ਜੀ ਨੇ, ਨਾਰੀ ਤੋ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ਵਾਕ ਵਿੱਚ ਕਹਿਕੇ ਸਾਧੂ ਕੇ ਪ੍ਰੀਤਮ– ਸਾਧੂਆਂ ਦੇ ਪ੍ਰਿਯ ਪ੍ਰਮੇਸ਼ਰ ਤੋਂ ਬਲਹਾਰਨੇ ਜਾਣ ਦਾ ਗੁਣ ਅਨੁਵਾਦ ਕੀਤਾ ਹੈ।

ਕਬੀਰ ਜੀ ਨੇ ਰੂਪਕ ਗੁਰੂ ਨਾਨਕ ਜੀ ਵਾਲਾ ਹੀ ਵਰਤਿਆ ਹੈ, ਉਸ ਲਈ ਪ੍ਰਮਾਣ ਦੇਖੇ ਅਤੇ ਨਿਰਖੇ ਜਾਣ ਵਾਲੇ ਹਨ। ਕੁਦਰਤ ਦੀ ਸਥੂਲ ਲੀਲਾ ਵਾਲੇ ਕੂਪ ਤੇ ਮੇਰ ਕਰਾਵੈ ਜਿਹੇ ਦਿੱਤੇ ਹਨ, ਗੁਰੂ ਨਾਨਕ ਜੀ ਵਾਂਗ ਮੂਲ ਵਿਸ਼ੇ ਪ੍ਰਤੀ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਵਾਲੀ ਸਿੱਧੀ ਪਹੁੰਚ ਦੀ ਥਾਂ ਬੇਨਤੀ ਰੂਪ ਹੋਕੇ, ਭੇਦ ਸਮਝਾਉਣ ਵਾਲੇ ਸੰਤਾਂ ਦੀ ਸ਼ੈਲੀ ਉੱਤੇ ਹੋਕੇ ਆਪਣੇ ਖਿਆਲ ਪ੍ਰਗਟਾਏ ਹਨ:

ਰਾਜਾਸ੍ਰਮ ਮਿਤੀ ਨਹੀਂ ਜਾਨੀ ਤੇਰੀ॥
ਤੇਰੇ ਸੰਤਨ ਕੀ ਹਉ ਚੇਰੀ॥ਰਹਾਉ॥
ਹਸਤੋ ਜਾਇ ਸੁ ਰੋਵਤੁ ਆਵੈ॥
ਰੋਵਤੁ ਜਾਇ ਸੁ ਹਸੈ॥
ਬਸਤੋ ਹੋਇ ਹੋਇ ਸੋ ਊਜਰੁ
ਊਜਰੁ ਹੋਇ ਸੁ ਬਸੈ॥
ਜਲ ਤੇ ਥਲ ਕਰਿ ਥਲ ਤੇ
ਕੂਆ ਰੂਪ ਤੇ ਮੇਰੁ ਕਰਾਵੈ॥
ਧਰਤੀ ਤੇ ਆਕਾਸਿ ਚਢਾਵੈ
ਚਢੇ ਅਕਾਸਿ ਗਿਰਾਵੈ॥2॥
ਭੇਖਾਰੀ ਤੇ ਰਾਜੁ ਕਰਾਵੈ
ਰਾਜਾ ਤੇ ਭੇਖਾਰੀ॥
ਖਲ ਮੂਰਖ ਤੇ ਪੰਡਿਤੁ
ਕਰਿਬੋ ਪੰਡਿਤ ਤੇ ਮੁਗਧਾਰੀ॥3॥
ਨਾਰੀ ਤੇ ਜੋ ਪੁਰਖੁ ਕਰਾਵੈ
ਪੁਰਖਨ ਤੇ ਜੋ ਨਾਰੀ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ
ਤਿਸੁ ਮੂਰਤਿ ਬਲਿਹਾਰੀ॥


(ਸਾਰੰਗ ਕਬੀਰ–1252)

ਗੁਰੂ ਨਾਨਕ ਜੀ ਦੇ ਅਤੇ ਕਬੀਰ ਜੀ ਦੇ ਸ਼ਬਦ ਸਾਹਮਣੇ ਖੁਦ ਹੀ ਨਿਰਣੈ ਹੋ ਜਾਂਦਾ ਹੈ। ਇਕ ਗੁਰ ਬਾਣੀ ਹੈ ਦੂਜੀ ਭਗਤ ਬਾਣੀ। ਇਕ (ਕਬੀਰ) ਸਾਧੂ ਕੋ ਪ੍ਰੀਤਮ ਕਹਿੰਦੈ, ਗੁਰੂ ਨਾਨਕ ਬੂਝਹੁ ਬ੍ਰਹਿਮ ਗਿਆਨੀ ਪ੍ਰਤੀ ਹੋਕਾ ਦਿੰਦੇ ਹਨ। ਪ੍ਰਭਾਵ ਪਾਉਣ ਵਾਲੇ ਵਿਚਾਰ ਤੇ ਖਿਆਲ, ਬੁੱਝੋ ਜੀ ਗਿਆਨ ਦੇ ਰਸੀਓ ਕਿਸ ਦੇ ਹੋਏ?

## ਗੁਰੂ ਨਾਨਕ ਅਤੇ ਕਬੀਰ ਜੀ ਦੇ ਮੇਲ ਦੇ ਸਬੂਤ

ਭਗਤਾਂ ਦੀ ਬਾਣੀ ਦਾ ਸਭ ਤੋਂ ਪ੍ਰਾਚੀਨ ਤੇ ਪ੍ਰਮਾਣਿਕ ਸੰਕਲਨ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਹੈ। ਇਸ ਤੋਂ ਪਹਿਲਾਂ ਭਗਤਾਂ ਦੀਆਂ ਕਾਫੀ ਰਚਨਾਵਾਂ ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚ ਆਈਆਂ, ਜਿਨ੍ਹਾਂ ਵਿੱਚੋਂ ਦੋ ਪੋਥੀਆਂ ਪ੍ਰਾਪਤ ਹਨ। ਬਾਕੀ ਦੋ ਪੋਥੀਆਂ ਨਾ ਮਿਲਣ ਤੋਂ ਉਨ੍ਹਾਂ ਪੋਥੀਆਂ ਵਿੱਚ ਕਿੰਨੀ ਬਾਣੀ ਸੀ, ਇਸ ਬਾਰੇ ਕੁਝ ਕਹਿਣਾ ਅਸੰਭਵ ਹੈ। ਇਹ ਪੋਥੀਆਂ ਹੁਣ ਤੱਕ ਦੀ ਖੋਜ ਅਨੁਸਾਰ ਲਿਖਤੀ ਰੂਪ ਵਿੱਚ ਬਾਣੀ ਦਾ ਸਭ ਤੋਂ ਪ੍ਰਾਚੀਨ ਸੰਗ੍ਰਹਿ ਹਨ*। ਕੁਝ ਚਿਰ ਨਾਗਰੀ ਪ੍ਰਚਾਰਣੀ ਸਭਾ ਕਾਂਸ਼ੀ ਵਾਲਿਆਂ ਵੱਲੋਂ ਲੱਭੀ ਇਕ ਪੋਥੀ ਕਬੀਰ ਗ੍ਰੰਥਾਵਲੀ ਦੀ ਚਰਚਾ ਚੱਲੀ ਸੀ, ਜਿਸ ਦੇ ਅਖ਼ੀਰ ਵਿੱਚ 1561 ਸੰਮਤ ਮੋਟੀ ਤੇ ਵੱਖਰੀ ਕਲਮ ਤੋਂ ਲਿਖਿਆ ਹੋਇਆ ਸੀ। ਜਿਸ ਮਲੂਕ ਦਾਸ ਲਈ ਇਹ ਪੋਥੀ ਲਿਖੀ ਗਈ, ਉਸ ਦੇ ਢੇਰ ਚਿਰ ਪਿੱਛੋਂ ਹੋਣ ਦਾ ਪਤਾ ਉਸ ਲਿਖਤ ਤੋਂ ਹੀ ਚੱਲ ਜਾਂਦਾ ਹੈ। ਇਸ ਲਿਖਤ ਦਾ ਸੰਮਤ ਸਾਰਗ੍ਰਾਹੀ ਵਿਦਵਾਨਾਂ ਵਿੱਚ ਜਾਹਲੀ ਹੋਣ ਦੀ ਗੱਲ ਨਾਲ ਹੀ ਚੱਲ ਪਈ ਸੀ। ਇੰਝ ਨਿਰਸੰਦੇਹ ਗੋਇੰਦਵਾਲ ਵਾਲੀਆਂ ਪੋਥੀਆਂ ਗੁਰਬਾਣੀ ਦਾ ਸਭ ਤੋਂ ਪਹਿਲਾ ਸੰਚਯ ਹੈ। ਜਿਸ ਵਿੱਚ ਭਗਤ ਬਾਣੀ ਸੰਕਲਿਤ ਹੈ। ਭਾਵੇਂ ਇਸ ਤੋਂ ਪਹਿਲਾਂ ਦੀ ਪੋਥੀ, ਗੁਰੂ ਹਰਿਸਹਾਇ ਵਾਲੀ ਭੀ ਹੈ। ਹਰਿਸਹਾਇ ਵਾਲੀ ਪੋਥੀ ਵਿੱਚ ਵਾਧੇ ਹੁੰਦੇ ਰਹਿਣ ਕਾਰਣ ਉਸ ਦੇ ਮੂਲ ਪ੍ਰਾਚੀਨ ਰੂਪ ਬਾਰੇ ਦ੍ਰਿੜਤਾ ਨਾਲ ਕਹਿਣਾ ਔਖਾ ਹੈ**। ਇਸ ਪ੍ਰਸੰਗ ਵਿੱਚ ਉਸ ਪੋਥੀ ਦੀ ਚਰਚਾ ਇਥੇ ਨਹੀਂ ਕੀਤੀ। ਸੰਮਤ 1652 ਦੀ ਇਕ ਸੂਚਨਾ ਗੋਇੰਦਵਾਲ ਵਾਲੀਆਂ ਪੋਥੀਆਂ ਦੇ ਅਰੰਭ ਵਿੱਚ ਲਿਖੀ ਹੈ। ਪ੍ਰੰਤੂ ਪੋਥੀਆਂ ਦੇ ਵਿੱਚਲੇ ਸਬੂਤ ਦੱਸਦੇ ਹਨ, ਉਹ ਸੂਚਨਾ ਪੋਥੀਆਂ ਲਿਖਣ ਦੀ ਨਹੀਂ, ਉਸ ਸੂਚਨਾ ਦੇ ਲਿਖਣ ਦੀ ਹੈ, ਉਸ ਵੇਲੇ ਦੀ, ਜਦ ਗੁਰੂ ਅਰਜਨ ਜੀ ਨੇ ਆਦਿ ਬੀੜ ਲਈ ਪੋਥੀਆਂ ਪ੍ਰਾਪਤ ਕਰਨ ਦਾ ਯਤਨ ਆਰੰਭ ਕੀਤਾ। ਪੋਥੀਆਂ ਵਿੱਚ ਗੁਰੂ ਰਾਮਦਾਸ ਜੀ ਦੀ ਉਦੋਂ ਦੀ ਲਿਖਤ ਹੈ ਜਦੋਂ ਉਹ ਭਾਈ ਜੇਠਾ ਹੀ ਸਨ– ਉਨ੍ਹਾਂ ਦੇ ਹੱਥਾਂ ਦੀ ਲਿਖੀ ਬਾਣੀ ਦੇ ਪੱਤਰੇ ਭੀ ਇਨ੍ਹਾਂ ਪ੍ਰਤੀਤ ਹੁੰਦੇ ਪੋਥੀਆਂ ਵਿੱਚ ਹਨ ਅਤੇ ਕੁਝ ਪੱਤਰਿਆਂ ਉੱਤੇ ਲਿਖੀਆਂ ਸੂਚਨਾਵਾਂ ਭੀ ਹਨ। ਜਿਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਪੋਥੀਆਂ ਲਿਖਣ ਦਾ ਕਾਰਜ, ਉਸ ਵੇਲੇ ਹੋਇਆ ਜਦੋਂ

* ਇਕ ਪੋਥੀ (ਦੇਵਨਾਗਰੀ ਅੱਖਰਾਂ ਵਿੱਚ) ਜਿਸ ਦਾ ਨਾਂ ਸੂਰਦਾਸ ਦੇ ਪਦੇ ਹੈ ਹੁਣ ਹੁਣੇ ਪ੍ਰਾਪਤ ਹੋਈ ਹੈ–ਇਸ ਪੋਥੀ ਦੇ ਲਿਖਣ ਦਾ ਸੰਮਤ 1652 ਹੈ। ਇਸ ਪੋਥੀ ਵਿੱਚ ਸੂਰਦਾਸ ਦੇ ਪਦਿਆਂ ਨਾਲੋਂ ਵੱਧ ਉੱਤਰੀ ਭਾਰਤ ਦੇ ਹੋਰ ਭਗਤਾਂ ਦੀ ਬਾਣੀ ਸ਼ਾਮਿਲ ਹੈ, ਇਨ੍ਹਾਂ ਵਿੱਚ ਗੁਰੂ ਗ੍ਰੰਥ ਵਿੱਚ ਆਏ ਛੇ ਭਗਤਾਂ ਦੀ ਬਾਣੀ ਵੀ ਲਿਖੀ ਹੋਈ ਮਿਲਦੀ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਪ੍ਰਕਾਰ ਦੇ ਭਗਤ ਬਾਣੀ ਦੇ ਸੰਗ੍ਰਹਿ ਉਸ ਸਮੇਂ ਪ੍ਰਚੱਲਿਤ ਸਨ।




** ਇਨ੍ਹਾਂ ਸਭਨਾਂ ਪੋਥੀਆਂ ਬਾਰੇ ਆਦਿ ਪੋਥੀਆਂ ਨਾਂ ਦੇ ਵੱਖਰੇ ਗ੍ਰੰਥ ਵਿੱਚ ਵਿਚਾਰ ਕੀਤੀ ਗਈ ਹੈ।

ਗੁਰੂ ਰਾਮਦਾਸ ਜੀ ਗੱਦੀ ਉੱਤੇ ਸੁਭਾਇਮਾਨ ਨਹੀਂ ਹੋਏ ਸੀ ਅਤੇ ਗੁਰੂ ਅਮਰਦਾਸ ਗੁਰਗੱਦੀ ਉੱਤੇ ਬਿਰਾਜਮਾਨ ਸਨ। ਗੁਰੂ ਅਮਰਦਾਸ ਜੀ 2 ਅੱਸੂ 1631 ਬਿ: ਨੂੰ ਜੋਤੀ ਜੋਤ ਸਮਾਏ ਸਨ, ਭਾਈ ਜੇਠਾ ਜੀ ਇਸ ਦਿਨ ਤੋਂ ਗੁਰੂ ਰਾਮਦਾਸ ਬਣੇ। ਨਿਸਚੇ ਹੀ ਪੋਥੀਆਂ ਇਸ ਤੋਂ ਪਹਿਲਾਂ ਦੀਆਂ ਲਿਖੀਆਂ ਹਨ ਜਦੋਂ ਆਪ ਜੀ ਹਾਲਾਂ ਭਾਈ ਜੇਠਾ ਜੀ ਸਨ।

ਪੋਥੀਆਂ ਵਿੱਚ ਵੱਖੋ ਵੱਖਰੇ ਰਾਗਾਂ ਵਿੱਚ ਗੁਰਬਾਣੀ ਤੋਂ ਪਿੱਛੋਂ ਭਗਤ ਬਾਣੀ ਲਿਖੀ ਗਈ ਹੈ। ਉਸ ਵਿੱਚ ਤਿੰਨ ਚਾਰ ਥਾਵਾਂ ਉੱਤੇ ਇਕ ਮਹੱਤਵਪੂਰਨ ਸੂਚਨਾ ਭਗਤ ਬਾਣੀ ਤੋਂ ਪਹਿਲਾਂ ਸਿਰਲੇਖਾਂ ਦੇ ਰੂਪ ਵਿੱਚ ਕਰਕੇ ਦਿੱਤੀ ਹੋਈ ਮਿਲਦੀ ਹੈ: ਨਾਮਾ ਕਬੀਰ ਭਗਤ ਗੁਰੂ ਬਾਬੇ ਕੇ, ਇਹ ਸੂਚਨਾ ਐਵੇਂ ਹੀ ਸੁੱਟ ਪਾਉਣ ਵਾਲੀ ਨਹੀਂ, ਇਸ ਦਾ ਇਤਿਹਾਸਕ ਮਹੱਤਵ ਹੈ– ਗੰਭੀਰ ਅਰਥ ਹੈ। ਇਸ ਵਾਰਤਕ ਟੁਕੜੀ ਦਾ ਕਾਵਿ ਰੂਪ ਗੁਰੂ ਅਮਰਦਾਸ ਜੀ ਰਾਹੀਂ ਹੋਇਆ, ਇੰਝ ਮਿਲਦਾ ਹੈ:

*ਨਾਮਾ ਛੀਬਾ ਕਬੀਰੁ ਜੋੁਲਾਹਾ
ਪੂਰੇ ਗੁਰ ਤੇ ਗਤਿ ਪਾਈ।
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ
ਹਉਮੈ ਜਾਤਿ ਗਵਾਈ।
ਸੁਰਿ ਨਰ ਤਿਨ ਕੀ ਬਾਣੀ ਗਾਵਹਿ
ਕੋਇ ਨ ਮੇਟੈ ਭਾਈ।

(ਸਿਰੀ ਰਾਗ ਮ.3–67)

ਗੁਰੂ ਅਮਰਦਾਸ ਜੀ ਦੇ ਵਾਕ ਤੋਂ ਪ੍ਰਗਟ ਹੈ ਨਾਮੇ (ਛੀਬੇ) ਤੇ ਕਬੀਰ (ਜੁਲਾਹੇ) ਨੇ ਪੂਰੇ ਗੁਰੂ ਤੋਂ (ਗੁਰੂਆਂ ਤੋਂ ਨਹੀਂ) ਗਤ ਪਾਈ ਸੀ। ਦੂਜਾ ਪਹਿਲੂ ਇਹ ਹੈ ਕਿ ਇਨ੍ਹਾਂ ਦੀ ਬਾਣੀ ਸੁਰ ਨਰ ਗਾਉਂਦੇ ਹਨ। ਅਤੇ ਉਹ ਬਾਣੀ ਪ੍ਰਵਾਨਤ ਬਾਣੀ ਹੋ ਗਈ ਸੀ। ਜਿਸ ਨੂੰ ਕੱਚੀ ਬਾਣੀ ਦੇ ਘੇਰੇ ਵਿੱਚ ਨਹੀਂ ਲਿਆਂਦਾ ਜਾ ਸਕਦਾ।

ਕੁਝ ਸੱਜਣ ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ, ਗੁਰੂ ਅਮਰਦਾਸ ਜੀ ਦਾ ਹੀ ਵਾਕ ਲੈਕੇ ਉਨ੍ਹਾਂ ਵੱਲੋਂ ਹੀ ਕੋਇ ਨਾ ਮੇਟੈ ਭਾਈ, ਦੇ ਭਾਵ ਮਿਟਾਉਣ ਦੀਆਂ ਗਲਤੀਆਂ ਕਰਨ ਵਿੱਚ ਜੁਟੇ ਰਹਿੰਦੇ ਹਨ। ਇਹ ਵਾਕ ਉਸ ਦ੍ਰਿਸ਼ਟੀ ਨੂੰ ਭੀ ਕੱਟਦਾ ਹੈ। ਨਾਮਾ ਕਬੀਰ ਭਗਤ ਗੁਰੂ ਬਾਬੇ ਕੇ।

ਚਲਦਾ......

# SACRILEGE, STATE INTERFERENCE AND THE SIKH QUESTION IN PUNJAB

– ਲੇਖਕ –
ਇਕਬਾਲ ਸਿੰਘ ਲਾਲਪੁਰਾ
ਫੋਨ: 91 97800 03333



The recent confrontation between Sikh institutions and the Punjab Government over the proposed anti-sacrilege law is not merely a legal or political disagreement. It touches the deepest emotions of the Sikh community and raises serious questions regarding religious freedom, constitutional morality, State interference in religious affairs, and the continued failure of governments to uncover the truth behind repeated sacrilege incidents in Punjab over the last fifteen years.The recent meeting between Akal Takht officiating Jathedar Giani Kuldeep Singh Gargaj and SGPC President Harjinder Singh Dhami with Punjab Governor Gulab Chand Kataria at Gurdwara Sri Manji Sahib, Alamgir, reflects the seriousness of the issue. The Sikh leadership has objected to several provisions of the proposed law and has demanded a review after consultation with Panthic institutions. The announcement of a Panthic convention at Baba Bakala further indicates that the matter is being viewed not as a routine legislative issue but as one directly connected with Sikh religious autonomy and maryada.The debate, however, cannot be confined to legal drafting alone. It compels the nation to honestly examine certain fundamental questions which governments have consistently avoided answering.Why are incidents of sacrilege repeatedly occurring in Punjab alone? Why is Sri Guru Granth Sahib Ji consistently becoming the target? Why have successive governments and police agencies failed to expose the complete conspiracy despite fifteen years of investigations, SITs, transfers of cases, and political promises? And why are governments repeatedly attempting to legislate on matters connected with Sikh religious conduct without fully consulting Sikh institutions? These questions are central to the present confrontation.Punjab occupies a unique place in India's civilizational and political history. For Sikhs, it is not merely a territorial state but the land sanctified by the Gurus, martyrs, and the institutions of the Khalsa Panth. Whenever forces have attempted to destabilize Punjab socially or politically, religion has often become the easiest instrument to provoke emotional reactions and communal mistrust. The repeated sacrilege incidents appear too systematic and too sensitive to be dismissed merely as isolated criminal acts by unstable individuals. Every incident immediately creates anger, unrest, protests, and political polarization. It affects not only Punjab but Sikhs across the world because Sri Guru Granth Sahib Ji is not viewed as an ordinary scripture. For Sikhs, Sri Guru Granth Sahib Ji is the eternal Guru, bestowed Guruship by Sri Guru Gobind Singh Ji. Any disrespect to Guru Sahib is therefore considered an assault on the spiritual authority and identity of the Sikh community itself.This is precisely why the repeated targeting of Sri Guru Granth Sahib Ji raises suspicion in the minds of ordinary people that a deeper conspiracy may exist behind these incidents. No society can repeatedly witness attacks on its holiest spiritual institution without questioning who benefits from the resulting unrest.Unfortunately, despite repeated assurances, the complete truth has never emerged.

Punjab has historically maintained one of the strongest intelligence and policing systems in the country. During difficult years of militancy and terrorism, complicated networks operating across borders were identified and dismantled. It therefore becomes difficult for the common citizen to understand how repeated sacrilege incidents over such a long period could remain unresolved.Governments changed, SITs were formed, political accusations continued, yet the larger conspiracy remains unidentified in the public mind. This failure has damaged public confidence in institutions and strengthened suspicion that either investigations were not pursued sincerely or political considerations prevented the complete truth from coming before the people.The emotional wounds became deeper when sacrilege-related protests led to police firing and loss of innocent lives. Instead of healing Punjab through transparency and justice, successive administrations allowed mistrust to grow. The issue gradually transformed from a criminal matter into a crisis of faith between the people and the State.Equally important is the question why Sri Guru Granth Sahib Ji alone repeatedly becomes the target. Sri Guru Granth Sahib Ji represents a universal spiritual vision. It contains not only the bani of Sikh Gurus but also the sacred writings of Hindu bhagats and Muslim saints. It speaks of equality, human dignity, compassion, justice, and the unity of mankind. It rejects caste discrimination, fanaticism, hatred, and oppression. Its message is meant for humanity as a whole.Sri Guru Arjun Dev Ji, after compiling the Adi Granth, entrusted Sikhs with the sacred responsibility of preparing copies and spreading Gurbani so that the divine message could reach every human being. The Sikh tradition was never based upon restricting the dissemination of Gurbani. The Gurus wanted the light of spiritual wisdom to spread universally. For this reason, neither Maharaja Ranjit Singh nor any Sikh ruler felt the need to impose excessive legal restrictions regarding publication or dissemination of Gurbani. Reverence for Guru Sahib emerged from spiritual discipline, devotion, education, and maryada accepted by the community itself, not through fear created by State legislation.This historical perspective is important in understanding the current objections raised by Sikh institutions. Sikhs are not opposing punishment for sacrilege. Every civilized society must punish deliberate attempts to hurt religious sentiments and disturb communal harmony. The objection arises because many provisions of the proposed law are seen as allowing governmental interference in matters connected with Sikh maryada and Panthic authority.The Sikh Rehat Maryada did not originate from governments or legislatures. It evolved through the teachings of the Guru Sahiban, Gurbani, hukamnamas, and collective Panthic traditions accepted by the community over centuries. Sikh institutions therefore believe that interpretation of maryada, religious terminology, and matters concerning Guru Sahib must remain within the Panthic framework rather than governmental control.It is also important to remember that governments cannot protect the sanctity of religion merely through publicity campaigns or symbolic gestures. The much-publicised "Dhanwad Yatra" undertaken in the state to project extraordinary achievements of the government appears to many people as a political exercise and mere gimmick in comparison to the seriousness of the sacrilege issue. The real message would have been stronger had those in authority demonstrated personal commitment to Sikh maryada, moral accountability, and exemplary conduct in public life. Reverence for religion is inspired more by conduct and sincerity than by political celebrations or advertisements.This concern is not new. It is rooted in historical commitments made by the Indian State itself. The understanding reached between Master Tara Singh and Prime Minister Jawaharlal Nehru in 1959 recognized the necessity of consulting Sikh institutions on matters relating to Sikh religious affairs. It was agreed that legislation concerning Sikh issues should involve consultation and approval through the SGPC General House. That understanding reflected respect for Sikh institutional autonomy and recognition of the distinct religious character of the Sikh community.

Unfortunately, the present controversy suggests that this spirit of consultation has weakened. Similarly, during the government of Shri Atal Bihari Vajpayee in 1998-99, the draft of the All India Sikh Gurdwara Act was sent to the SGPC for examination and consultation. The principle followed was dialogue with Sikh institutions rather than unilateral action by the State. Even today, that draft remains pending, but the approach demonstrated sensitivity towards Sikh sentiments and traditions. The contrast with the present situation is therefore significant. Sikh institutions feel that instead of building consensus through consultation, the State is attempting to legislate first and consult later. This naturally creates confrontation and mistrust.The larger constitutional issue also cannot be ignored. India is a democratic republic committed to religious freedom. The Constitution guarantees every religious denomination the right to manage its own affairs in matters of religion. Excessive State involvement in defining or regulating religious conduct can create dangerous precedents for all communities. Once governments begin interpreting maryada or religious terminology, the boundary between religion and political authority becomes blurred.

... Continue on page 40

# F.C.KHALSA LEICESTER DEDICATE THREE WINNERS' CUPS AT WALSALL TOURNAMENT TO THEIR FOOTBALL COACH SARDAR JAGIR SINGH BASSI





On a beautiful hot record-breaking temperature weekend the Asian football teams and supporters from around the United Kingdom converged to the West Midlands for the Khalsa Football Federation KFF tournament supported by Walsall Asian Sports Association WASA and local Gurdwaras on 23-24 May 2026 at the Aston University Playing Fields, Birmingham Road, Walsall, West Midlands.

The annual Shaheedi tournament included KFF Senior football, KFF Junior and Youth football in which nearly 70 teams participated and was enjoyed by thousands of football lovers.

In the Premier Division semi-finals GSA played against FC Khalsa Leicester and Singh Sabha Slough Hounslow played Guru Ravidas with GSA and Singh Sabha Slough Hounslow progressing to the final. Premier Division was won by Singh Sabha Slough Hounslow. Division 1 was won by Queens ParkBedford who beat GSA in the final. F.C. Khalsa Leicester won the Over 35's Division beating Punjab United Wolverhampton in the final. F.C.Khalsa Leicester also won the Over 45's Division by beating Wondervaults in the final.

On behalf of F.C.Khalsa Leicester Santokh Singh commented "Walsall has always been my favourite KFF tournament-thank you to all the sewadars and organisers who make this possible. F.C. Khalsa winning both Veterans sections and Rana and Raul's Under 15's success has kept everyone at our club smiling all weekend…that's what it's all about. The club would like to dedicate the three winners' cups to our dear beloved football coach Sardar Jagir Singh Bassi who will forever remain in our hearts."

In the Junior football section teams competed in the Under 8's , Under 9''s, Under 11's , Under 13's and Under 15's. The Under 15's Champions at KFF Walsall were FC Khalsa Leicester whose team manager Raul Singh Bassi said " I am absolutely delighted winning the tournament and dedicate the win to my late grandfather Jagir Singh Bassi".

One of the special guests at the tournament was Baljit Singh Brar, Senior Journalist and Editor of Daily Punjab Times, Jalandhar, published in Punjabi and English in India and Canada had in depth discussions with Gurdaver Singh, President of Khalsa Football Federation KFF in how to improve the tournaments in future.

Rashpal Singh on behalf of Khalsa Football Federation KFF said "As always, Walsall tournament is excellently organised by WASA and always well attended."

***Report: Tarlochan Singh Virk***

***... Continue from page 39***

Future governments may misuse such powers for political or ideological purposes. Sikh concerns therefore emerge not merely from emotion but from constitutional principles and historical experience.The answer to sacrilege cannot lie only in criminal law. Faith is protected primarily through spiritual education, moral consciousness, social responsibility, and respect for religious traditions. Laws may punish offenders, but they cannot create reverence in society. Punjab today needs healing rather than renewed confrontation. The atmosphere of suspicion and emotional unrest surrounding sacrilege incidents has already harmed the social fabric of the state. Political parties must avoid using religious emotions for temporary advantage, and governments must recognize the sensitivity of Sikh religious institutions.The need of the hour is sincere dialogue between the State and Panthic bodies. Any legislation concerning Sikh religious matters should emerge only after wide consultation with the SGPC, Akal Takht, Sikh scholars, legal experts, and representatives of the community.

Consensus strengthens democracy; unilateralism weakens trust.At the same time, there must be a transparent and time-bound effort to uncover the complete truth behind sacrilege incidents of the last fifteen years. Punjab deserves answers. The Sikh community deserves answers. Unless the larger conspiracy, if any, is exposed before the nation, suspicions and mistrust will continue to poison public life.Sri Guru Granth Sahib Ji belongs not merely to Sikhs but to humanity. Its message is universal. The Guru teaches truth, humility, justice, equality, compassion, and peaceful coexistence. The sanctity of Guru Sahib can never be protected merely through fear of punishment. It can only be preserved through collective reverence, moral education, and spiritual awakening. Punjab has already suffered enough through violence, mistrust, and political manipulation. The present confrontation should therefore become an opportunity for introspection rather than escalation. Governments must respect religious autonomy, Sikh institutions must continue guiding society responsibly, and all communities must work together to preserve peace and harmony. Only truth, dialogue, and mutual respect can ensure justice for sacrilege victims, dignity for religious institutions, and lasting peace for Punjab.

Former Chairman National
Commission for Minorities
Government of India
Iqbalsingh _73 @ yahoo.co.in

# ਇਟਲੀ ਵਿੱਚ ਦੋ ਪਾਕਿਸਤਾਨੀ ਮੂਲ ਦੇ ਨਾਗਰਿਕਾਂ ਵਲੋਂ ਅਪਣੇ ਹੀ ਮੁਲਕ ਦੇ ਨਾਗਰਿਕਾਂ ਨਾਲ ਕੀਤੀ ਰੂਹ ਕੰਬਾਊ ਵਾਰਦਾਤ, ਚਾਰ ਲੋਕਾਂ ਨੂੰ ਜਿੰਦਾ ਸਾੜਿਆ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)-ਇਟਲੀ ਦੇ ਦੱਖਣੀ ਸੂਬਾ ਕਲਾਬਰੀਆ ਦੇ ਜਿਲ੍ਹਾ ਕੋਜੇਂਸਾ ਦੇ ਕਸਬਾ ਐਮੋਦੋਲਾਰਾ ਵਿਖੇ ਬੀਤੇ ਕੱਲ ਸਵੇਰੇ ਬਹੁਤ ਹੀ ਰੂਹ ਕੰਬਾਊ ਘਟਨਾ ਵਾਪਰੀ ਜਿਸ ਵਿੱਚ ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨੀ ਮੂਲ ਦੇ ਦੋ ਵਿਅਕਤੀਆਂ ਵਲੋਂ ਆਪਣੇ ਹੀ ਦੇਸ਼ ਦੇ 4 ਲੋਕਾਂ ਨੂੰ ਕਾਰ ਵਿੱਚ ਜਿੰਦਾ ਸ਼ਾੜ੍ਹ ਕੇ ਮਾਰ ਦਿੱਤਾ ਗਿਆ. ਘਟਨਾ ਦੀ ਜਾਣਕਾਰੀ ਸਭ ਤੋਂ ਪਹਿਲਾਂ ਅੱਗ ਬੁਝਾਊ ਦਸਤੇ ਨੂੰ ਮਿਲੀ ਸੀ। ਜਦੋਂ ਦਸਤੇ ਨੇ ਕਾਰ ਦੀ ਅੱਗ 'ਤੇ ਕਾਬੂ ਪਾਇਆ, ਤਾਂ ਅੰਦਰੋਂ ਚਾਰ ਬੁਰੀ ਤਰ੍ਹਾਂ ਸੜੀਆਂ ਹੋਈਆਂ ਲਾਸ਼ਾਂ ਮਿਲਣ ਕਾਰਨ ਸਨਸਨੀ ਫੈਲ ਗਈ। ਕੋਜੇਂਸਾ ਪੁਲਸ ਨੇ ਜਦੋਂ ਪੈਟਰੋਲ ਪੰਪ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ, ਤਾਂ ਇਸ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ। ਵੀਡੀਓ ਨਿਗਰਾਨੀ ਫੁਟੇਜ ਵਿੱਚ ਦੇਖਿਆ ਗਿਆ ਕਿ ਦੋ ਵਿਅਕਤੀ ਗੱਡੀ ਦੇ ਆਲੇ-ਦੁਆਲੇ ਘੁੰਮ ਰਹੇ ਸਨ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਕਾਰ ਦੇ ਅੰਦਰੋਂ ਦਰਵਾਜ਼ੇ ਬੰਦ ਕਰ ਰਿਹਾ ਸੀ, ਜਦਕਿ ਦੂਜਾ ਕਾਰ ਦੇ ਅਗਲੇ ਹਿੱਸੇ 'ਤੇ ਕੋਈ ਜਲਣਸ਼ੀਲ ਪਦਾਰਥ ਸੁੱਟ ਰਿਹਾ ਸੀ। ਇਸ ਸਾਜ਼ਿਸ਼ ਤਹਿਤ ਚਾਰਾਂ ਮਜ਼ਦੂਰਾਂ ਨੂੰ ਕਾਰ ਦੇ ਅੰਦਰ ਹੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿੱਚ ਪੁਲਿਸ ਵਲੋਂ ਕੱਲ ਸ਼ਾਮੀ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਵਿੱਲਾ ਪਿਆਨਾ ਤੋਂ ਗ੍ਰਿਫਤਾਰ ਕਰਕੇ ਕੋਜੇਂਸਾ ਥਾਣੇ ਲਿਜਾਇਆ ਗਿਆ। ਜਿੱਥੇ ਉਨ੍ਹਾਂ ਤੋ ਇਸ ਘਟਨਾ ਦੇ ਕਾਰਨਾਂ ਵਾਰੇ ਬਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਰੂਹ ਕੰਬਾਊ ਘਟਨਾ ਦੇ ਕਾਰਨ ਪੂਰੇ ਇਟਲੀ ਵਿੱਚ ਸੋਗ ਦੀ ਲਹਿਰ ਹੈ ਅਤੇ ਪ੍ਰਵਾਸੀ ਭਾਈਚਾਰਾ ਇਨ੍ਹਾਂ ਬੇਰਹਿਮੀਆਂ ਦੋਸ਼ੀਆਂ ਲਈ ਸਖ਼ਤ ਤੋ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰ ਰਿਹਾ ਹੈ।

# ਮੁਰੇਲ ਘਪਲੇ ਦੀ ਸਾਂਝੀ ਜਾਂਚ ਲਈ ਸਕਾਟਿਸ਼ ਸੰਸਦ ਅਤੇ ਵੈਸਟਮਿੰਸਟਰ ਨੂੰ ਅਪੀਲ

**ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੇ ਸਾਬਕਾ ਪਹਿਲੇ ਮੰਤਰੀ ਜੈਕ ਮੈਕੋਨਿਲ ਨੇ ਮੰਗ ਕੀਤੀ ਹੈ ਕਿ ਸਾਬਕਾ ਸਕਾਟਿਸ਼ ਨੈਸ਼ਨਲ ਪਾਰਟੀ ਦੇ ਮੁੱਖ ਕਾਰਜਕਾਰੀ ਪੀਟਰ ਮੁਰਿੱਲ ਵੱਲੋਂ ਪਾਰਟੀ ਦੇ ਫੰਡਾਂ ਵਿੱਚ ਕੀਤੀ ਗਈ ਹੇਰਾਫੇਰੀ ਦੀ ਜਾਂਚ ਲਈ ਸਕਾਟਲੈਂਡ ਦੀ ਸੰਸਦ ਅਤੇ ਬਰਤਾਨੀਆ ਸੰਸਦ ਵੱਲੋਂ ਸਾਂਝੀ ਜਾਂਚ ਕਰਵਾਈ ਜਾਵੇ।**

ਮੈਕੋਨਿਲ ਨੇ ਕਿਹਾ ਕਿ ਇਹ ਮਾਮਲਾ ਕੇਵਲ ਸਕਾਟਿਸ਼ ਨੈਸ਼ਨਲ ਪਾਰਟੀ ਤੱਕ ਸੀਮਿਤ ਨਹੀਂ ਹੈ, ਸਗੋਂ ਰਾਜਨੀਤਿਕ ਪਾਰਟੀਆਂ ਨੂੰ ਮਿਲਣ ਵਾਲੇ ਜਨਤਕ ਧਨ, ਪਾਰਟੀ ਖਾਤਿਆਂ ਦੀ ਨਿਗਰਾਨੀ ਅਤੇ ਦਾਨੀ ਲੋਕਾਂ ਦੇ ਪੈਸੇ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਬ੍ਰਿਟਿਸ਼ ਸੰਸਦ ਦੀ ਪਬਲਿਕ ਅਕਾਊਂਟਸ ਕਮੇਟੀ ਅਤੇ ਸਕਾਟਿਸ਼ ਸੰਸਦ ਦੀ ਸਮਕਾਲੀ ਕਮੇਟੀ ਮਿਲ ਕੇ ਜਾਂਚ ਕਰਨ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਪਾਰਟੀ ਵਿੱਚ ਅਜਿਹੀ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਸਕਾਟਿਸ਼ ਨੈਸ਼ਨਲ ਪਾਰਟੀ ਲਗਭਗ ਇੱਕ ਦਹਾਕੇ ਤੱਕ ਵੈਸਟਮਿੰਸਟਰ ਵਿੱਚ ਤੀਜੀ ਸਭ ਤੋਂ ਵੱਡੀ ਪਾਰਟੀ ਰਹੀ ਅਤੇ ਇਸ ਦੌਰਾਨ ਉਸ ਨੂੰ ਪਾਰਟੀ ਕਾਰਜਾਂ ਲਈ ਲੱਖਾਂ ਪੌਂਡ ਦਾ ਜਨਤਕ ਧਨ ਮਿਲਿਆ। ਇਸ ਲਈ ਇਹ ਵੀ ਦੇਖਣ ਦੀ ਲੋੜ ਹੈ ਕਿ ਪਾਰਟੀ ਦੇ ਖਾਤਿਆਂ 'ਤੇ ਦਸਤਖ਼ਤ ਕਰਨ ਅਤੇ ਵਿੱਤੀ ਨਿਗਰਾਨੀ ਦੀ ਪ੍ਰਕਿਰਿਆ ਕਿੰਨੀ ਗੰਭੀਰਤਾ ਨਾਲ ਨਿਭਾਈ ਗਈ। ਦੱਸਣਯੋਗ ਹੈ ਕਿ ਪੀਟਰ ਮੁਰੇਲ ਨੇ ਹਾਲ ਹੀ ਵਿੱਚ ਐਡਿਨਬਰਗ ਦੀ ਹਾਈ ਕੋਰਟ ਵਿੱਚ ਪਾਰਟੀ ਦੇ ਲਗਭਗ ਚਾਰ ਲੱਖ ਪੌਂਡ ਤੋਂ ਵੱਧ ਫੰਡਾਂ ਦੀ ਹੇਰਾਫੇਰੀ ਕਰਨ ਦਾ ਦੋਸ਼ ਕਬੂਲ ਕੀਤਾ ਹੈ। ਇਹ ਰਕਮ 2010 ਤੋਂ 2022 ਦੇ ਦਰਮਿਆਨ ਪਾਰਟੀ ਦੇ ਖਾਤਿਆਂ ਵਿਚੋਂ ਗਲਤ ਤਰੀਕੇ ਨਾਲ ਵਰਤੀ ਗਈ ਸੀ।

ਦੂਜੇ ਪਾਸੇ ਸਕਾਟਲੈਂਡ ਦੇ ਪਹਿਲੇ ਮੰਤਰੀ ਜੌਹਨ ਸਵਿੰਨੀ ਨੇ ਹੁਣ ਤੱਕ ਸੰਸਦ ਵੱਲੋਂ ਜਾਂਚ ਦੀ ਮੰਗ ਨੂੰ ਰੱਦ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੁਲਿਸ ਦੀ ਪੰਜ ਸਾਲ ਲੰਬੀ ਜਾਂਚ ਅਤੇ ਅਦਾਲਤੀ ਕਾਰਵਾਈ ਨੇ ਮਾਮਲੇ ਦੇ ਤੱਥ ਸਪੱਸ਼ਟ ਕਰ ਦਿੱਤੇ ਹਨ ਅਤੇ ਹੋਰ ਸੰਸਦੀ ਜਾਂਚ ਨਾਲ ਕੋਈ ਵਾਧੂ ਜਾਣਕਾਰੀ ਸਾਹਮਣੇ ਨਹੀਂ ਆਵੇਗੀ। ਹਾਲਾਂਕਿ ਵਿਰੋਧੀ ਪਾਰਟੀਆਂ ਅਤੇ ਕੁਝ ਸਾਬਕਾ ਆਗੂਆਂ ਦਾ ਕਹਿਣਾ ਹੈ ਕਿ ਮੁਰੇਲ ਦੇ ਅਪਰਾਧ ਤੋਂ ਇਲਾਵਾ ਇਹ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਪਾਰਟੀ ਦੀ ਵਿੱਤੀ ਨਿਗਰਾਨੀ ਪ੍ਰਣਾਲੀ ਕਿਵੇਂ ਨਾਕਾਮ ਰਹੀ ਅਤੇ ਇੰਨੇ ਸਾਲਾਂ ਤੱਕ ਇਹ ਗੜਬੜ ਕਿਸੇ ਦੀ ਨਜ਼ਰ ਵਿੱਚ ਕਿਉਂ ਨਹੀਂ ਆਈ।

ਇਸ ਵੇਲੇ ਵੈਸਟਮਿੰਸਟਰ ਦੀ ਸਕਾਟਿਸ਼ ਅਫੇਅਰਜ ਕਮੇਟੀ ਵੀ ਇਸ ਮਾਮਲੇ 'ਤੇ ਆਪਣੀ ਜਾਂਚ ਸ਼ੁਰੂ ਕਰਨ ਬਾਰੇ ਵਿਚਾਰ ਕਰ ਰਹੀ ਹੈ, ਜਦਕਿ ਕਈ ਸਿਆਸੀ ਆਗੂ ਸਾਂਝੀ ਸੰਸਦੀ ਜਾਂਚ ਨੂੰ ਲੋਕਤੰਤਰ ਅਤੇ ਜਨਤਕ ਭਰੋਸੇ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਦੱਸ ਰਹੇ ਹਨ।

## ਸੀਚੇਵਾਲ ਹੋਏ ਕੁਸ਼ਤੀ ਮੁਕਾਬਲਿਆਂ ਵਿੱਚ ਢੰਡੋਵਾਲੀਆ ਅਨਮੋਲ ਸਿੰਘ ਪਹਿਲਾ ਤਗਮਾਂ ਜਿੱਤ ਗਿਆ





ਢੰਡੋਵਾਲ - (ਪੰਜਾਬ ਟਾਈਮਜ਼) - ਬੀਤੇ ਦਿਨੀਂ ਮਿਤੀ 01 ਜੂਨ 2026 ਨੂੰ ਪਿੰਡ ਸੀਚੇ-ਵਾਲ ਵਿਖੇ ਹੋਏ 'ਸਿਤਾਰੇ ਪੰਜਾਬ' ਖਿਤਾਬ ਲਈ ਪਹਿਲਵਾਨਾਂ ਦੇ ਸਖਤ ਕੁਸ਼ਤੀ ਮੁਕ-ਾਬਲੇ ਹੋਏ । ਇਸ ਦੌਰਾਨ ਆਸ ਪਾਸ ਦੇ ਪਿੰਡਾਂ ਦੇ ਬਹੁਤ ਸਾਰੇ ਭਲਵਾਨਾਂ ਨੇ ਭਾਗ ਲਿਆ ਤੇ ਆਪਣਾ ਜ਼ੋਰ ਦਿਖਾਇਆ । ਇਹਨਾਂ ਮੁਕਾਬਲਿਆਂ ਦੇ ਤੀਹ ਕਿਲੋ ਭਾਰ ਵਰਗ ਵਿੱਚੋਂ ਅਨਮੋਲ ਸਿੰਘ ਢੰਡੋਵਾਲੀਏ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਪਿੰਡ ਦਾ ਨਾਮ ਰੋਸ਼ਨ ਕੀਤਾ । ਇਸ ਹੋਣਹਾਰ ਬੱਚੇ ਦੀ ਪਾਲਣ ਪੋਸਣ ਦੀ ਜਿੰਮੇਵਾਰੀ ਭਾਈ ਪਾਲ ਸਿੰਘ ਫਰਾਂਸ ਨੇ ਲਈ ਹੋਈ ਹੈ। ਉਹਨਾਂ ਦੀ ਦੇਖਭਾਲ ਵਿਚ ਪਲ ਰਹੇ ਇਸ ਬੱਚੇ ਵਿੱਚ ਢੰਡੋਵਾਲ ਪਿੰਡ ਦੇ ਵਾਸੀਆਂ ਨੂੰ ਬਹੁਤ ਵੱਡੀਆਂ ਆਸਾਂ ਹਨ । ਯਾਦ ਰਹੇ ਭਾਈ ਪਾਲ ਸਿੰਘ ਫਰਾਂਸ ਕਈ ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਾਉਣ ਅਤੇ ਖੇਡਾਂ ਲਈ ਪ੍ਰੇਰਤ ਕਰਨ ਵਿੱਚ ਲੱਗੇ ਹੋਏ ਹਨ ਤਾਂ ਜੋ ਪੰਜਾਬ ਦੀ ਜਵਾਨੀ ਸਿੱਧੇ ਰਾਹ ਚੱਲ ਕੇ ਪੰਜਾਬ ਦਾ ਨਾਂ ਸਾਰੀ ਦੁਨੀਆ ਵਿੱਚ ਉੱਚਾ ਕਰੇ ।


## ਭਾਰਤੀ ਨਾਗਰਿਕ ਨੂੰ ਸੈਕਸ ਤਸਕਰੀ ਮਾਮਲੇ ਵਿੱਚ 10 ਸਾਲ ਕੈਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 27 ਸਾਲਾ ਭਾਰਤੀ ਨਾਗਰਿਕ ਕਵਨਕੁਮਾਰ ਪਟੇਲ ਨੂੰ ਸੈਕਸ ਤਸਕਰੀ ਦੇ ਮਾਮਲੇ ਵਿੱਚ 10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਹ ਜਾਣਕਾਰੀ ਸੰਘੀ ਵਕੀਲਾਂ ਨੇ ਦਿੱਤੀ ਹੈ। ਸਜ਼ਾ ਪੂਰੀ ਕਰਨ ਤੋਂ ਬਾਅਦ ਉਸ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੀਨੀਅਰ ਯੂ ਐਸ ਜ਼ਿਲਾ ਜੱਜ ਜੋਸਫ਼ ਐਫ. ਬੈਟੇਲਨ ਨੇ ਹੋਮਲੈਂਡ ਸਿਕਿਓਰਿਟੀ ਟਾਸਕ ਫੋਰਸ ਅਤੇ ਓਮਾਹਾ ਪੁਲਿਸ ਵਿਭਾਗ ਦੁਆਰਾ ਕੀਤੀ ਗਈ ਜਾਂਚ ਤੋਂ ਬਾਅਦ ਇਹ ਸਜ਼ਾ ਸੁਣਾਈ । ਇਹ ਮਾਮਲਾ ਜਨਵਰੀ 2025 ਦਾ ਹੈ ਜਦੋਂ ਓਮਾਹਾ ਦੇ ਅਮੈਰੀਕਨ ਹੋਟਲ ਵਿੱਚ ਜਿਥੇ ਪਟੇਲ ਕੰਮ ਕਰਦਾ ਸੀ, ਅਧਿਕਾਰੀਆਂ ਨੇ 15 ਅਤੇ 16 ਸਾਲ ਦੀਆਂ ਦੋ ਕੁੜੀਆਂ ਨੂੰ ਬਰਾਮਦ ਕੀਤਾ, ਜਿਨਾਂ ਨੂੰ ਵਪਾਰਕ ਸੈਕਸ ਲਈ ਹੋਟਲ ਵਿੱਚ ਲਿਆਂਦਾ ਗਿਆ ਸੀ। ਪਟੇਲ ਨੇ ਆਪਣਾ ਗੁਨਾਹ ਮੰਨ ਲਿਆ ਸੀ।

## ਵਿਆਹ ਸ਼ਾਦੀਆਂ ਵਿੱਚ ਸੋਨਾ ਕੋਈ ਸ਼ੌਕ ਲਈ ਨਹੀਂ ਖਰੀਦ ਕਰਦਾ ਮਜਬੂਰੀ ਲਈ ਖਰੀਦਨਾ ਪੈਂਦਾ ਹੈ

### ਪਾਠਕਾਂ ਦੇ ਪੱਤਰ

ਕੋਈ ਭੀ ਯੋਜਨਾ ਹੈ ਸਹੀ ਤਰੀਕੇ ਨਾਲ ਬਣਾਈ ਜਾਵੇ, ਉਸ ਵਿੱਚ ਇਮਾਨਦਾਰੀ ਨਾਲ ਕੰਮ ਕੀਤਾ ਜਾਵੇ, ਉਸ ਦਾ ਨਤੀਜਾ ਸਹੀ ਨਿਕਲਦਾ ਹੈ। ਸਾਡੇ ਮੁਲਕ ਵਿੱਚ ਹੀ ਨਹੀਂ ਸਾਡੇ ਸਾਰੇ ਏਸ਼ੀਆ ਦੇ ਮੁਲਕਾਂ ਵਿੱਚ ਇਹੋ ਰਿਵਾਜ ਹੈ, ਕੋਈ ਭੀ ਯੋਜਨਾ ਹੈ ਜਾਂ ਕੰਮ ਹੈ ਜਦੋਂ ਸਿਰ 'ਤੇ ਪੈਂਦਾ ਹੈ ਫਿਰ ਉਸ ਬਾਰੇ ਸੋਚਿਆ ਜਾਂਦਾ ਹੈ, ਪਰ ਯੂਰਪੀਨ ਦੇਸ਼ਾਂ ਵਿੱਚ ਹਰ ਇਕ ਗੱਲ ਹਰ ਯੋਜਨਾ ਦਾ ਵਿਚਾਰ ਪਹਿਲਾਂ ਕੀਤਾ ਜਾਂਦਾ ਹੈ ਫਿਰ ਉਸ ਨੂੰ ਸ਼ੁਰੂ ਕੀਤਾ ਜਾਂਦਾ ਹੈ। ਮਿਸਾਲ ਪਹਿਲਾਂ ਹੁਣ ਪੰਜਾਬ ਵਿੱਚ ਛੋਟੀ ਸਰਕਾਰ ਦੀਆਂ ਵੋਟਾਂ ਪੈਣੀਆਂ ਹਨ, ਝੱਟਪਟ ਤਿਆਰੀ ਕਰ ਲਈ ਹੈ ਹੁਣ ਹੀ ਯੋਜਨਾ ਸ਼ੁਰੂ ਕਰ ਦਿੱਤੀ ਹੈ ਕਿ ਵੋਟਾਂ ਮਸ਼ੀਨਾਂ ਨਾਲ ਪੈਣ ਜਾਂ ਬੈਲਟ ਪੇਪਰ ਰਾਹੀਂ। ਸਾਰਿਆਂ ਨੂੰ ਪਤਾ ਹੈ ਪਹਿਲਾਂ ਵੋਟਾਂ ਬੈਲਟ ਪੇਪਰ ਰਾਹੀਂ ਪੈਂਦੀਆਂ ਸਨ, ਮਸ਼ੀਨਾਂ ਹੁਣ ਸ਼ੁਰੂ ਕੀਤੀਆਂ ਹਨ, ਰੋਲਾ ਪਹਿਲਾਂ ਘੱਟ ਹੁੰਦਾ ਸੀ ਵੋਟਾਂ ਵਿੱਚ ਹੇਰਾ ਫੇਰੀ ਪਹਿਲਾਂ ਭੀ ਹੁੰਦੀ ਸੀ। ਮਿਸਾਲ ਦੇ ਤੌਰ ਸ: ਪ੍ਰਤਾਪ ਸਿੰਘ ਕੈਰੋਂ ਸਾਹਿਬ ਮੋਹਣ ਸਿੰਘ ਤੁੜ ਸਾਹਿਬ ਤੋਂ ਹਰਦੇ ਹਰਦੇ ਕੁਝ ਕੁ ਵੋਟਾਂ 'ਤੇ ਜਿੱਤ ਗਏ ਸਨ, ਖ਼ੈਰ ਕੁਝ ਹੈ ਕੁਝ ਭੀ ਹੋਇਆ ਸੱਚਾਈ ਵਾਹਿਗੁਰੂ ਜਾਣਦਾ ਹੈ ਪਰ ਬਾਹਰ ਜਨਤਾ ਸ਼ੋਸ਼ੇ ਛੱਡਣ ਲਈ ਬਹੁਤ ਤੇਜ, ਵੈਸੇ ਜਿਸ ਸਟੇਸ਼ਨ 'ਤੇ ਵੋਟਾਂ ਪੁਆਉਣ ਵਾਲਾ ਅਫ਼ਸਰ ਇੰਚਾਰਜ ਈਮਾਨਦਾਰ ਹੋਵੇ ਉਥੇ ਨਾ ਤਾਂ ਬੈਲਟ ਪੇਪਰ ਵਿੱਚ ਹੇਰਾ ਫੇਰੀ ਹੋ ਸਕਦੀ ਹੈ, ਨਾ ਮਸ਼ੀਨਾਂ ਰਾਹੀਂ ਵੋਟ ਪਾਉਣ ਵਿੱਚ ਕੋਈ ਹੇਰਾ ਫੇਰੀ ਹੋ ਸਕਦੀ ਹੈ, ਇਹ ਸਿਰਫ਼ ਮੌਕੇ ਦੇ ਅਫ਼ਸਰਾ 'ਤੇ ਨਿਰਭਰ ਹੁੰਦਾ ਹੈ। ਇਹ ਜਰੂਰ ਹੈ ਮੌਕੇ 'ਤੇ ਜਿਸ ਪਾਰਟੀ ਦਾ ਰਾਜ ਹੁੰਦਾ ਹੈ ਉਹ ਬਹੁਤ ਕੁਝ ਕਰਵਾ ਸਕਦਾ ਹੈ, ਅਕਸਰ ਅਫ਼ਸਰ ਭੀ ਕੀ ਕਰਨ ਜੋ ਉਪਰ ਤੋਂ ਹੁਕਮ ਹੁੰਦਾ ਹੈ yes ਕਰਨਾ ਅਫ਼ਸਰ ਨੂੰ ਪੈਂਦਾ ਹੈ। ਹੁਣ ਦੀ ਸਰਕਾਰ ਭੀ ਜਿਸ ਤਰ੍ਹਾਂ ਮਰਜੀ ਕਰੇ। ਫਿਰ ਭੀ ਈਮਾਨਦਾਰੀ ਨਾਲ ਵੋਟਾਂ ਪੈਣੀਆਂ ਅਸੰਭਵ ਹੈ। ਅਕਸਰ ਸਾਡੀਆਂ ਸਾਰੀਆਂ ਪਾਰਟੀਆਂ ਚੰਗੀਆਂ ਹਨ ਮੌਕਾ ਮੁਤਾਬਕ ਜੋ ਕਰਨਾ ਹੋਵੇ ਕਰ ਲੈਂਦੀਆਂ ਹਨ। ਥੋੜ੍ਹਾ ਪਹਿਲਾਂ ਦੇਖਿਆ ਜਾਵੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਰਹੀ ਪਹਿਲਾਂ ਭੀ ਜਵਾਹਰ ਲਾਲ ਵਰਗੇ ਨੇਤਾ ਰਹੇ। ਆਪੋ ਆਪਣੀ ਥਾਂ ਹਰ ਇਕ ਨੇ ਚੰਗੇ ਤੋਂ ਚੰਗਾ ਕੰਮ ਕੀਤਾ, ਪਰ ਜਨਤਾ ਖੁਸ਼ ਨਹੀਂ ਹੋ ਸਕੀ, ਸਾਰੀ ਜਨਤਾ ਨੂੰ ਖ਼ੁਸ਼ ਕਰਨਾ ਸਾਡੇ ਕਿਸੇ ਨੇਤਾ ਦਾ ਕੰਮ ਨਹੀਂ। ਸਾਡਾ ਕੋਈ ਭੀ ਗਰੀਬੀ ਦਾ ਪਾੜਾ ਹਟਾ ਨਹੀਂ ਸਕਿਆ, ਗਰੀਬ ਜ਼ਿਆਦਾ ਗਰੀਬ ਹੁੰਦਾ ਗਿਆ, ਅਮੀਰ ਜ਼ਿਆਦਾ ਅਮੀਰ ਹੁੰਦਾ ਗਿਆ, ਕਾਰਨ ਸਾਡੇ ਲੀਡਰ ਨੂੰ ਪਤਾ ਹੈ ਜਿਸ ਦਾ ਰਾਜ ਹੁੰਦਾ ਹੈ। ਪਹਿਲਾਂ ਆਪਣੀਆਂ ਜੇਬਾਂ ਭਰਨੀਆਂ ਫਿਰ ਆਪਣੇ ਵੋਟਰਾਂ ਦੀਆਂ, ਬਾਕੀ ਰਿਸ਼ਤੇਦਾਰਾਂ ਦੀਆਂ, ਅਸੂਲ ਸਾਰੀਆਂ ਦੇ ਇਕ ਹੈ ਜਦੋਂ ਖਾ ਜਾਂਦੇ ਹਨ ਫਿਰ ਟੋਕਾ ਟਕਾਈ ਜ਼ਿਆਦਾ ਕਰਦੇ ਹਨ। ਮਿਸਾਲ ਦੇ ਤੌਰ 'ਤੇ ਜਦੋਂ ਸਵਰਗੀ ਮਨਮੋਹਨ ਸਿੰਘ ਸਾਹਿਬ ਪ੍ਰਧਾਨ ਮੰਤਰੀ ਸਨ ਤਦ ਰੁਪਏ ਦੀ ਕੀਮਤ 100 ਰੁਪਏ ਤੀਕਰ ਚਲੇ ਗਈ ਸੀ, ਵਿਰੋਧੀ ਪਾਰਟੀ ਉਸ ਵਕਤ ਕਿਤਨੀ ਰੌਲੀ ਪਾਈ ਕਿ ਰੁਪਏ ਕਿਤਨਾ ਡਿੱਗ ਪਿਆ ਹਾਲਾਂਕਿ ਪ੍ਰਧਾਨ ਮੰਤਰੀ ਸਾਹਿਬ ਸਭ ਕੁਝ ਦੱਸ ਰਹੇ ਸਨ ਕੀ-ਕੀ ਕਾਰਨ ਹੈ ਰੁਪਇਆ ਕਿਉਂ ਗਿਰ ਰਿਹਾ, ਉਸ ਦਾ ਹੱਲ ਉਸ ਨੇ ਇਹ ਨਹੀਂ ਦੱਸਿਆ ਸੀ ਕਿ ਭੈਣ-ਭਰਾਵੋ ਕਬੀਲਦਾਰ ਪਰਿਵਾਰ ਨੂੰ ਬੇਨਤੀ ਨਹੀਂ ਕੀਤੀ ਸੀ ਕਿ ਤੁਸੀਂ ਸੋਨਾ ਨਾ ਖਰੀਦੋ। ਵਿਆਹ ਸ਼ਾਦੀਆਂ ਵਿੱਚ ਸੋਨਾ ਕੋਈ ਸ਼ੌਕ ਲਈ ਨਹੀਂ ਖਰੀਦ ਕਰਦਾ ਮਜਬੂਰੀ ਲਈ ਖਰੀਦਨਾ ਪੈਂਦਾ ਹੈ ਆਪਣੇ ਵਿੱਤ ਮੁਤਾਬਕ ਨਹੀਂ ਸਿਰਫ਼ ਆਪਣੇ ਸਮਾਜ ਵਿੱਚ ਆਪਣਾ ਮਾਣ ਸਤਿਕਾਰ ਬਨਾਉਣ ਲਈ, ਮਿਸਾਲ ਦੇ ਤੌਰ 'ਤੇ ਜਦੋਂ ਧੀ-ਭੈਣ ਦਾ ਵਿਆਹ ਹੁੰਦਾ ਹੈ ਪਹਿਲਾਂ ਹੀ ਮੰਗਣਾ ਸ਼ੁਰੂ ਕਰ ਦਿੰਦਾ ਬਈ ਫਲਾਣੇ ਨੂੰ ਮੁੰਦਰੀ ਪਾਉ, ਸਾਡਾ ਇਕੋ ਇਕ ਜਵਾਈ ਹੈ ਉਸ ਦਾ ਇਕ ਚਾਚਾ ਹੈ। ਸੋਨੇ ਦੇ ਕੜੇ ਤੀਕਰ ਗੱਲ ਪਹੁੰਚ ਜਾਂਦੀ ਹੈ, ਫਿਰ ਕਰਜ਼ਾ ਲੈ ਕੇ ਇਹ ਕੰਮ ਕਰਨੇ ਪੈਂਦੇ ਹਨ। ਹੁਣ ਪੈਟਰੋਲ ਜਾਂ ਡੀਜ਼ਲ ਦਾ ਤਰੀਕਾ ਭੀ ਦੱਸੋ, ਕਿਵੇਂ ਘੱਟ ਕਰ ਸਕਦੇ ਹੋ। ਜਿਸ ਨੇ ਨੌਕਰੀ 'ਤੇ ਜਾਣਾ ਹੈ। ਸਕੂਟਰ 'ਤੇ ਜਾ ਰਿਹਾ ਇਕ ਹੋਰ ਨੂੰ ਲੈ ਜਾਵੇਗਾ। ਪਰ ਜ਼ਿਆਦਾ ਘੱਟ ਕਿਤਨਾ ਕਰ ਸਕਦਾ ਹੈ, ਤਰੀਕਾ ਭੀ ਦੱਸੋ। ਸੋਨਾ ਭੀ ਦੱਸੋ 2 ਤੋਲੇ ਜਾਂ ਤਿੰਨ ਤੋਲੇ ਤੋਂ ਜ਼ਿਆਦਾ ਨਾ ਖਰੀਦ ਕਰੋ। ਸੋਨਾ ਸ਼ਾਨ ਲਈ ਨਾ ਖਰੀਦੋ। ਇਸ ਨਾਲ ਰੁਪਏ ਦੀ ਕੀਮਤ ਮੁੜ 70-80 ਰੁਪਏ ਪੌਂਡ ਬਰਾਬਰ ਹੋਵੇਗੀ ਨਹੀਂ। ਉਪਰੋਕਤ ਕਿਸੇ ਦੀ ਸ਼ਾਨ ਖਿਲਾਫ ਲਿਖਿਆ ਹੋਵੇ ਖਿਮਾ ਦਾ ਜਾਚਕ ਹਾਂ।



-ਆਪ ਦਾ-K.Jogi

# * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਅਕਾਲੀ ਦਲ ਪੁਨਰ ਸੁਰਜੀਤ ਪੰਜਾਬ ਦੀਆਂ ਮੰਗਾਂ ਲਈ ਦੇਵੇਗਾ ਮੰਗ ਪੱਤਰ- ਗੁਰਪ੍ਰਤਾਪ ਸਿੰਘ ਵਡਾਲਾ**

-ਮੇਰੀ ਚੱਪਣੀ ਵਗਾਹ ਕੇ ਮਾਰੀ, ਛੜਿਆਂ ਦੇ ਗਈ ਅੱਗ ਨੂੰ।



***ਵਿੱਤ ਮੰਤਰੀ ਨੇ ਮੋਦੀ ਵਲੋਂ ਦਿਤੇ ਬਿਆਨ ਦਾ ਕੀਤਾ ਬਚਾਅ- ਇਕ ਖ਼ਬਰ**

-ਤੇਰੀ ਆਈ ਮੈਂ ਮਰ ਜਾਂ,
ਤੇਰਾ ਵਾਲ਼ ਵੀ ਵਿੰਗਾ ਨਾ ਹੋਵੇ।



***ਸਮੂਹ ਸਿੱਖ ਜਥੇਬੰਦੀਆਂ ਜਗਦੀਸ਼ ਸਿੰਘ ਝੀਂਡਾ ਦੇ ਸਮਰਥਨ 'ਚ ਖੜ੍ਹੀਆਂ ਹੋਣ- ਜਗਤਾਰ ਸਿੰਘ ਜਾਚਕ**

-ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ।



***15 ਸਾਲ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਹੋਣ ਦਾ ਮੁੱਦਾ ਕਿਉਂ ਨਹੀਂ ਚੁੱਕਦੇ ਪਰਮਜੀਤ ਸਿੰਘ ਸਰਨਾ- ਕਾਲਕਾ**

-ਹਿਜ਼ ਮਾਸਟਰਜ਼ ਵਾਇਸ। 'ਮਾਲਕ' ਦੇ ਹੁਕਮ ਮੁਤਾਬਿਕ ਹੀ ਬੋਲਣਗੇ ਭਾਈ।

***ਭਾਰਤ ਸਾਡਾ ਸਭ ਤੋਂ ਵੱਡਾ ਰਣਨੀਤਕ ਸਾਥੀ- ਰੂਬੀਓ**

-ਤੈਨੂੰ ਚੰਦ ਦੇ ਬਹਾਨੇ ਦੇਖਾਂ, ਕੋਠੇ ਉੱਤੇ ਆ ਜਾ ਮਿੱਤਰਾ।



***ਰਵਨੀਤ ਸਿੰਘ ਬਿੱਟੂ ਨੇ ਪੰਜਾਬ ਪੁਲਿਸ ਨਾਲ ਬਦਸਲੂਕੀ ਕੀਤੀ- ਅਮਨ ਅਰੋੜਾ**

-ਚੁੱਕੀ ਹੋਈ ਪੰਚਾਂ ਦੀ, ਗਾਲ਼ ਬਿਨਾਂ ਨਾ ਬੋਲੇ।



***ਸੌਦਾ ਸਾਧ ਦੇ ਮੁੜ 30 ਦਿਨਾਂ ਦੀ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆਉਣ 'ਤੇ ਉਸ ਦੇ ਚੇਲੇ ਬਾਗੋ-ਬਾਗ਼- ਇਕ ਖ਼ਬਰ**

-ਲੌਢੇ ਵੇਲੇ ਮਾਹੀਏ ਆਉਣਾ ਮੰਨ ਪਕਾਵਾਂ ਕਣਕ ਦਾ, ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ।



***ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪੁਲਿਸ ਵਲੋਂ ਸਿੱਖਾਂ ਦੇ ਸ਼ਸਤਰ ਜ਼ਬਤ, ਪਰਚੇ ਦਰਜ- ਇਕ ਖ਼ਬਰ**

-ਭਾਜਪਾ ਦੇ ਚਹੇਤੇ ਸ਼੍ਰੀਮਾਨ ਹਰਨਾਮ ਸਿੰਘ ਧੁੰਮਾ ਜੀ ਕਿੱਥੇ ਹਨ ਬਈ?



***ਮੋਦੀ ਸਰਕਾਰ ਵੱਡੇ ਕਾਰਪੋਰੇਟਾਂ ਨੂੰ ਲਾਭ ਦੇਣ ਲਈ ਆਮ ਲੋਕਾਂ 'ਤੇ ਪਾ ਰਹੀ ਬੋਝ- ਹਰਪਾਲ ਚੀਮਾ**

-ਦੋ ਧੜਿਆਂ ਵਿਚ ਖ਼ਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ।




***ਮੋਦੀ ਸਰਕਾਰ ਨੇ ਦੇਸ਼ ਦੇ ਹਿਤਾਂ ਨੂੰ ਅਮਰੀਕਾ ਕੋਲ ਗਹਿਣੇ ਰੱਖਿਆ- ਕੁਲਦੀਪ ਧਾਲੀਵਾਲ**

-ਘੜਾ ਘਰੋਟੀ ਵੇਚ ਗਿਆ ਨੀਂ ਮਰ ਜਾਣਾ ਅਮਲੀ।



***ਪੰਜਾਬ 'ਚ ਆਗਾਮੀ ਚੋਣਾਂ ਵਿਚ ਕਿਸੇ ਵੀ ਸਿਆਸੀ ਦਲ ਨਾਲ ਨਹੀਂ ਹੋਵੇਗਾ ਸਮਝੌਤਾ- ਨਾਇਬ ਸਿੰਘ ਸੈਣੀ**

-ਘੜਾ ਚੁੱਕ ਲਊਂ ਪੱਟਾਂ 'ਤੇ ਹੱਥ ਧਰ ਕੇ, ਖਸਮਾਂ ਨੂੰ ਖਾਣ ਕੁੜੀਆਂ।



***ਨਾਇਬ ਸਿੰਘ ਸੈਣੀ ਨੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਕੀਤੀ ਮੁਲਾਕਾਤ- ਇਕ ਖ਼ਬਰ**

-ਮੇਰੇ ਭੁੱਖ ਨਾ ਕਲੇਜਿਉਂ ਜਾਵੇ, ਮਿੱਤਰਾਂ ਦੇ ਮਿਲਣੇ ਦੀ।



***ਮੋਦੀ ਸਰਕਾਰ ਨੇ ਸਿੱਖਿਆ ਪ੍ਰਣਾਲੀ ਤਬਾਹ ਕਰਨ ਦੀ ਸਾਜ਼ਿਸ਼ ਰਚੀ- ਖੜਗੇ**

-ਕਿਹੜੇ ਰੱਬ ਦੇ ਕੀਰਨੇ ਪਾਵਾਂ, ਪਿੰਡ ਵਿਚ ਕਾਲ਼ ਪੈ ਗਿਆ।

***ਪਾਕਿਸਤਾਨ 'ਚ ਨਸ਼ਾ ਤਸਕਰੀ 'ਚ ਮਰਦਾਂ ਨਾਲੋਂ ਜ਼ਿਆਦਾ ਔਰਤਾਂ ਸਰਗਰਮ- ਇਕ ਖ਼ਬਰ**

-ਚੰਨ ਬਣ ਗਿਆ ਠਾਣੇਦਾਰ, ਹੁਣ ਮੈਂ ਨਹੀਂ ਡਰਦੀ।



***ਜਦੋਂ ਤੱਕ ਸਾਡੇ ਅਧਿਕਾਰ ਸੁਰੱਖਿਅਤ ਨਹੀਂ, ਕੋਈ ਸਮਝੌਤਾ ਨਹੀਂ ਕਰਾਂਗੇ- ਇਰਾਨ**

-ਇੱਥੋਂ ਉਡ ਜਾ ਫਰੰਗੀਆ ਤੋਤਿਆ, ਕੁੜੀਆਂ ਨੇ ਪੀਂਘ ਝੂਟਣੀ।

* * * * *

## ਸ: ਕੇਵਲ ਸਿੰਘ ਢਿਲੋਂ ਨੂੰ ਪ੍ਰਵਾਸੀਆਂ ਅਤੇ ਕੇਂਦਰ ਵਿਚਕਾਰ ਪੁਲ ਦਾ ਕੰਮ ਕਰਨ ਦੀ ਲੋੜ ਹੋਵੇਗੀ - ਸਹੋਤਾ



ਕੇਵਲ ਸਿੰਘ ਢਿਲੋਂ ਅਤੇ ਦਲਜੀਤ ਸਿੰਘ ਸਹੋਤਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀ ਜੇ ਪੀ ਦੇ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਬਣਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਐਨ ਆਰ ਆਈ ਕਮਿਸ਼ਨ ਦੇ ਸਾਬਕਾ ਮੈਂਬਰ ਸ: ਦਲਜੀਤ ਸਿੰਘ ਸਹੋਤਾ ਨੇ ਕਿਹਾ ਹੈ ਕਿ ਸ: ਕੇਵਲ ਸਿੰਘ ਢਿਲੋਂ ਬੇਦਾਗ ਸਿਆਸਤਦਾਨ ਹਨ ਅਤੇ ਆਸ ਹੈ ਕਿ ਉਹ ਪ੍ਰਵਾਸੀ ਪੰਜਾਬੀਆਂ ਅਤੇ ਕੇਂਦਰ ਵਿਚਕਾਰ ਪੁਲ ਦਾ ਕੰਮ ਕਰਨਗੇ। ਉਹਨਾਂ ਇਹ ਵੀ ਕਿਹਾ ਕਿ ਪ੍ਰਵਾਸੀਆਂ ਦੇ ਬਹੁਤ ਸਾਰੇ ਮਸਲੇ ਹਨ, ਜਿਹਨਾਂ ਨੂੰ ਉਹ ਭਲੀਭਾਤ ਜਾਣਦੇ ਹਨ, ਕਿਉਂਕਿ ਉਹਨਾਂ ਨੇ ਦੀ ਪ੍ਰਵਾਸ ਹੰਡਾਇਆ ਹੈ। ਸ: ਸਹੋਤਾ ਨੇ ਕਿਹਾ ਕਿ ਪੰਜਾਬ ਦੇ ਹਰ ਵਰਗ ਦੀ ਮੁਸ਼ਕਿਲ ਨੂੰ ਸਮਝ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ। ਪੰਜਾਬ ਵਿੱਚ ਕਿਸਾਨੀ ਦੇ ਵੱਡੇ ਮਸਲੇ ਹਨ, ਨੌਜਵਾਨਾਂ ਨੂੰ ਨਸ਼ਾ ਮੁਕਤ ਪੰਜਾਬ ਦੇਣ ਲਈ ਉਦਮ ਕਰਨ ਦੀ ਲੋੜ ਹੈ। ਉਹਨਾਂ ਆਸ ਪ੍ਰਗਟ ਕੀਤੀ ਕਿ ਸ: ਢਿਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਪੂਰੀ ਸ਼ਿਦਤ ਨਾਲ ਕੰਮ ਕਰਨਗੇ।

## ਸਿਆਸੀ ਮੁਫ਼ਾਦਾਂ ਲਈ ਗਲਤ ਬਿਆਨਬਾਜ਼ੀ ਕਰਨਾ ਬੰਦ ਹੋਵੇ- ਸਿੱਧੂ



ਰਘਵਿੰਦਰ ਸਿੰਘ ਸਿੱਧੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਰਿਫੌਰਮ ਪਾਰਟੀ ਅਤੇ ਰੀਸਟੋਰ ਪਾਰਟੀ ਦੇ ਨੇਤਾਵਾਂ ਵੱਲੋਂ ਸਾਊਥਹੈਂਪਟਨ ਵਿੱਚ 18 ਸਾਲਾ ਨੌਜਵਾਨ ਦੇ ਕਤਲ ਮਾਮਲੇ ਵਿੱਚ ਇੱਕ ਸਿੱਖ ਵਿਅਕਤੀ ਅਤੇ ਉਸ ਦੀ ਮਾਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਕ੍ਰਿਪਾਨ ਤੇ ਪਾਬੰਦੀ ਲਗਾਉਣ ਵਾਲੇ ਬਿਆਨਾਂ ਦੀ ਹੰਸਲੋ ਦੇ ਸਾਬਕਾ ਮੇਅਰ ਰਘਵਿੰਦਰ ਸਿੰਘ ਸਿੱਧੂ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਉਹਨਾਂ ਕਿਹਾ ਕਿ ਸਮੁੱਚਾ ਸਿੱਖ ਭਾਈਚਾਰਾ ਪੀੜਤ ਨੌਜਵਾਨ ਹੈਨਰੀ ਨੌਵਾਕ ਦੇ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕਰ ਰਿਹਾ ਹੈ। ਹਰ ਸਿੱਖ ਨੇ ਇਸ ਹੱਤਿਆ ਦੀ ਨਿਖੇਧੀ ਕੀਤੀ ਹੈ। ਪਰ ਇਸ ਘਟਨਾ ਨੂੰ ਲੈ ਕੇ ਸਮੂਹ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਬਰਤਾਨੀਆ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਸਫ਼ ਸਿੱਧੂ ਨੇ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਸਿਆਸੀ ਆਗੂਆਂ ਦੀ ਬਿਆਨਬਾਜ਼ੀ ਨਫ਼ਰਤ ਫੈਲਾ ਰਹੀ ਹੈ। ਜਦ ਕਿ ਅਜੋਕੇ ਸਮੇਂ ਵਿੱਚ ਪਿਆਰ ਅਤੇ ਆਪਸੀ ਰਿਸ਼ਤੇ ਮਜ਼ਬੂਤ ਕਰਨ ਦੀ ਲੋੜ ਹੈ।

**ਪਾਠਕ ਤੇ ਸਿਆਣੇ ਪੰਜਾਬੀ ਉਨ੍ਹਾਂ ਅਖ਼ਬਾਰਾਂ, ਰਸਾਲਿਆਂ ਨੂੰ ਆਪਣੇ ਘਰਾਂ, ਗੁਰੂ ਘਰਾਂ ਅਤੇ ਮੰਦਰਾਂ ਆਦਿ ਵਿਚ ਨਾ ਰੱਖਣ ਜਿਹੜੇ ਅਖ਼ਬਾਰਾਂ ਵਿਚ ਪਾਖੰਡੀ ਬਾਬਿਆਂ ਤੇ ਜਾਦੂ ਟੂਣੇ ਵਾਲਿਆਂ ਦੇ ਇਸ਼ਤਿਹਾਰ ਛਪਦੇ ਹਨ ।**


**ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ (ਸਕੌਟਲੈਂਡ) ਵਿਖੇ 2 ਸੇਵਾਦਾਰਾਂ ਦੀ ਜ਼ਰੂਰਤ**

**2 VACANCIES - Job Title: Minister of Religion at GURU NANAK GURDWARA GLASGOW**

An opportunity has arisen for the posts of minister of religion (x2) at Guru Nanak gurdwara, Glasgow. We need Kirtani Jatha of 2 minister of religion (tier 2) to do the following duties:

***Job Purpose:*** Perform and Understand Gurbani Kirtan hymns, katha and playing the Harmonium and Tabla in accordance with the tenets of the Sikh Faith. Main Duties include: Performing Kirtan, Nitnem, Sukhmani Sahib Path, Ardaas and Sukhasan duties, alongside other general Gurdwara duties. Officiating at weddings, funerals and other ceremonies in accordance with Sikh Maryada.

Recite the daily Sikh prayer from Sri Guru Granth Sahib Ji, singing hymns, conduct weekly Diwan and preach Sikh Religion to congregation. Home visitation. To work collaboratively with all internal teams, departments and external agencies. Any other job as directed by the Gurdwara Committee. The Workers will be responsible for locking and unlocking the Gurdwara premises.

***Personnel Specification:*** Working Hours: 20 hours per week

**Salary:** National Minimum Wage per working hour.

**Benefits:** - accommodation within gurdwara (not free)

**Requirements:** Must be able to read and speak Punjabi and English. Must have sufficient experience. Clean character certificate required from previous employer. Good communicational and interpersonal skills.

**Other details:** Applicants have to be a UK resident or have the right to work in the UK.

**Closing Date:** *Please send your application before 3rd July 2026*

***How to Apply-*** *To apply, please complete the application form at the link below or scan the QR code:*
*https://form.jotform.com/Glasgow_info/application-form*

FOR MORE INFORMATION PLEASE CONTACT :- **Whats App 0141 334 9125**

**GURU NANAK GURDWARA**
**19-27 OTAGO ST., GLASGOW, G12 8JJ, U.K.**

# ਬੇਅਦਬੀ ਮਾਮਲਾ: ਬਹਿਬਲ ਇਨਸਾਫ਼ ਮੋਰਚਾ ਵੱਲੋਂ ਬੁਰਜ ਜਵਾਹਰ ਸਿੰਘ ਵਾਲਾ ਤੋਂ ਬਰਗਾੜੀ ਤੱਕ ਪੈਦਲ ਮਾਰਚ

**✪ 1 ਜੂਨ 2015 ਨੂੰ ਦਿਨ-ਦਿਹਾੜੇ ਚੋਰੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਪਛਚਾਤਾਪ ਵਜੋਂ ਕੱਢਿਆ ਮਾਰਚ ✪ ਮੋਰਚੇ ਦੇ ਆਗੂਆਂ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਦੋਸ਼ੀਆਂ ਲਈ ਮੰਗੀ ਸਖ਼ਤ ਸਜ਼ਾ ✪ ਸੁਖਰਾਜ ਸਿੰਘ ਖ਼ਾਲਸਾ ਦਾ ਤਿੱਖਾ ਹਮਲਾ-"ਅਖੌਤੀ ਪੰਥਕ ਸਰਕਾਰਾਂ ਨੇ ਇਨਸਾਫ਼ ਮੰਗਣ ਵਾਲਿਆਂ 'ਤੇ ਤਸ਼ਦਦ ਕੀਤਾ, ਦੋਸ਼ੀਆਂ ਨੂੰ ਬਚਾਇਆ"**

ਬਰਗਾੜੀ-ਸਾਲ 2015 ਵਿੱਚ ਵਾਪਰੇ ਬਰਗਾੜੀ ਬੇਅਦਬੀ ਕਾਂਡ ਦੇ ਮੁੱਖ ਸਰੋਤ ਯਾਨੀ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਾਵਨ ਸਰੂਪ ਚੋਰੀ ਹੋਣ ਦੀ ਘਟਨਾ ਨੂੰ 11 ਸਾਲ ਪੂਰੇ ਹੋਣ 'ਤੇ ਇਨਸਾਫ਼ ਦੀ ਮੰਗ ਇੱਕ ਵਾਰ ਫਿਰ ਗੂੰਜੀ ਹੈ। ਬਹਿਬਲ ਇਨਸਾਫ਼ ਮੋਰਚਾ ਵੱਲੋਂ ਪਾਵਨ ਸਰੂਪਾਂ ਦੇ ਚੋਰੀ ਹੋਣ ਦੇ ਪਛਚਾਤਾਪ ਵਜੋਂ ਗੁਰਦੁਆਰਾ ਸਾਹਿਬ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰਦੁਆਰਾ ਸਾਹਿਬ ਬਰਗਾੜੀ ਤੱਕ ਇੱਕ ਵਿਸ਼ੇਸ਼ ਪੈਦਲ ਮਾਰਚ ਕੱਢਿਆ ਗਿਆ।



### ਸਤਿਨਾਮ ਵਾਹਿਗੁਰੂ ਦੇ ਜਾਪ ਨਾਲ ਗੂੰਜਿਆ ਰਸਤਾ

ਇਹ ਪੈਦਲ ਮਾਰਚ ਮੋਰਚੇ ਦੇ ਪ੍ਰਮੁੱਖ ਆਗੂਆਂ-ਭਾਈ ਸੁਖਰਾਜ ਸਿੰਘ ਖ਼ਾਲਸਾ, ਸੁਖਜੀਤ ਸਿੰਘ ਖੋਸਾ, ਅਤੇ ਜਸਵਿੰਦਰ ਸਿੰਘ ਸਾਹੋਕੇ ਦੀ ਅਗਵਾਈ ਹੇਠ ਕੱਢਿਆ ਗਿਆ। ਮਾਰਚ ਵਿੱਚ ਸ਼ਾਮਲ ਸੰਗਤਾਂ ਅਤੇ ਆਗੂਆਂ ਨੇ ਸਾਰੇ ਰਸਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਿਆਂ ਵਾਹਿਗੁਰੂ ਅੱਗੇ ਪਛਚਾਤਾਪ ਕੀਤਾ ਅਤੇ ਨਾਲ ਹੀ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਆਵਾਜ਼ ਬੁਲੰਦ ਕੀਤੀ।

### 11 ਸਾਲ ਬਾਅਦ ਵੀ ਪੂਰਨ ਇਨਸਾਫ਼ ਦੀ ਉਡੀਕ

ਮਾਰਚ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਸੁਖਰਾਜ ਸਿੰਘ ਖ਼ਾਲਸਾ ਅਤੇ ਹੋਰਨਾਂ ਆਗੂਆਂ ਨੇ ਦੁੱਖ ਪ੍ਰਗਟਾਇਆ ਕਿ "1 ਜੂਨ 2015 ਨੂੰ ਦਿਨ-ਦਿਹਾੜੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਚੋਰੀ ਕੀਤੇ ਗਏ ਸਨ। ਇਸ ਤੋਂ ਬਾਅਦ ਬਰਗਾੜੀ ਵਿਖੇ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਅਤੇ ਇਨਸਾਫ਼ ਮੰਗ ਰਹੀ ਸ਼ਾਂਤਮਈ ਸੰਗਤ 'ਤੇ ਬਹਿਬਲ ਕਲਾਂ ਤੇ ਕੋਟਕਪੂਰਾ ਵਿਖੇ ਗੋਲੀਕਾਂਡ ਵਾਪਰਿਆ, ਜਿਸ ਦਾ ਅਜੇ ਤੱਕ ਕੌਮ ਨੂੰ ਪੂਰਨ ਇਨਸਾਫ਼ ਨਹੀਂ ਮਿਲ ਸਕਿਆ। ਭਾਈ ਸੁਖਰਾਜ ਸਿੰਘ ਖ਼ਾਲਸਾ ਨੇ ਕਿਹਾ ਕਿ ਇਹ ਉਸ ਸਮੇਂ ਦੀਆਂ ਅਖੌਤੀ ਪੰਥਕ ਸਰਕਾਰਾਂ ਨੇ ਸਿੱਖ ਕੌਮ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਜਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ, ਇਨਸਾਫ਼ ਦੀ ਮੰਗ ਕਰਨ ਵਾਲੇ ਨਿਰਦੋਸ਼ ਲੋਕਾਂ 'ਤੇ ਹੀ ਅੰਨ੍ਹਾ ਤਸ਼ਦਦ ਢਾਹਿਆ। ਤਤਕਾਲੀ ਹੁਕਮਰਾਨਾਂ ਨੇ ਹਮੇਸ਼ਾ ਦੋਸ਼ੀਆਂ ਦੀ ਪੁਛਤਪਨਾਹੀ (ਪਿੱਠ ਪੂਰਨਾ) ਕੀਤੀ ਅਤੇ ਉਨ੍ਹਾਂ ਨੂੰ ਬਚਾਉਣ ਦੇ ਯਤਨ ਕੀਤੇ।"

### ਦੋਸ਼ੀਆਂ ਨੂੰ ਜਲਦ ਕਟਿਹਰੇ ਵਿਚ ਖੜ੍ਹਾ ਕਰਨ ਦੀ ਮੰਗ

ਬਹਿਬਲ ਇਨਸਾਫ਼ ਮੋਰਚਾ ਦੇ ਆਗੂਆਂ ਨੇ ਮੌਜੂਦਾ ਪ੍ਰਸ਼ਾਸਨ ਅਤੇ ਅਦਾਲਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਬੇਅਦਬੀ ਅਤੇ ਗੋਲੀਕਾਂਡ ਦੇ ਅਸਲ ਦੋਸ਼ੀਆਂ ਅਤੇ ਸਾਜ਼ਿਸ਼ਘੜ੍ਹਿਆਂ ਨੂੰ ਬਿਨਾਂ ਕਿਸੇ ਦੇਰੀ ਦੇ ਕਾਨੂੰਨ ਦੇ ਕਟਿਹਰੇ ਵਿੱਚ ਖੜ੍ਹਾ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਗੰਭੀਰ ਮਾਮਲਿਆਂ ਵਿੱਚ ਸ਼ਾਮਲ ਸਾਰੇ ਗੁਨਾਹਗਾਰਾਂ ਨੂੰ ਜਲਦ ਤੋਂ ਜਲਦ ਅਜਿਹੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਜੋ ਭਵਿੱਖ ਵਿੱਚ ਕਿਸੇ ਲਈ ਮਿਸਾਲ ਬਣਨ।

# ਕਿਰਪਾਨ 'ਤੇ ਪਾਬੰਦੀ ਦੀ ਮੰਗ ਗ਼ੈਰ-ਵਾਜਬ : ਸੀਤਲ ਸਿੰਘ ਗਿੱਲ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਾਊਥੈਂਪਟਨ ਵਿੱਚ 18 ਸਾਲਾ ਹੈਨਰੀ ਨੋਵਾਕ ਦੀ ਮੌਤ ਤੋਂ ਬਾਅਦ ਕੁਝ ਸਿਆਸੀ ਆਗੂਆਂ ਵੱਲੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਸ੍ਰੀ ਸਾਹਿਬ (ਕਿਰਪਾਨ) ਧਾਰਨ ਕਰਨ ਲਈ ਮਿਲੀ ਕਾਨੂੰਨੀ ਛੋਟ ਖਤਮ ਕਰਨ ਦੀ ਉਠਾਈ ਜਾ ਰਹੀ ਮੰਗ ਨੂੰ ਗ਼ੈਰ-ਵਾਜਬ ਕਰਾਰ ਦਿੰਦਿਆਂ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਅਤੇ ਉੱਘੇ ਕਮਿਊਨਿਟੀ ਆਗੂ ਸੀਤਲ ਸਿੰਘ ਗਿੱਲ ਨੇ ਕਿਹਾ ਹੈ ਕਿ ਕਿਸੇ ਇੱਕ ਵਿਅਕਤੀ ਦੀ ਕਥਿਤ ਕਾਰਵਾਈ ਦੇ ਆਧਾਰ 'ਤੇ ਪੂਰੇ ਸਿੱਖ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਅਤੇ ਸੰਵਿਧਾਨਕ ਹੱਕਾਂ 'ਤੇ ਸਵਾਲ ਖੜ੍ਹੇ ਕਰਨਾ ਨਿਆਂਸੰਗਤ ਨਹੀਂ ਹੈ।

ਇੱਕ ਬਿਆਨ ਜਾਰੀ ਕਰਦਿਆਂ ਸ੍ਰੀ ਗਿੱਲ ਨੇ ਕਿਹਾ ਕਿ ਸਭ ਤੋਂ ਪਹਿਲਾਂ ਉਨ੍ਹਾਂ ਦੀਆਂ ਸੰਵੇਦਨਾਵਾਂ ਹੈਨਰੀ ਨੋਵਾਕ ਦੇ ਪਰਿਵਾਰ, ਦੋਸਤਾਂ ਅਤੇ ਪਿਆਰਿਆਂ ਨਾਲ ਹਨ। ਉਨ੍ਹਾਂ ਕਿਹਾ ਕਿ ਇਹ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ ਅਤੇ ਜਿਸ ਕਿਸੇ ਨੇ ਵੀ ਇਹ ਅਪਰਾਧ ਕੀਤਾ ਹੈ, ਉਸ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਹਮੇਸ਼ਾ ਕਾਨੂੰਨ ਦੀ ਪਾਲਣਾ ਕਰਨ ਵਾਲਾ ਅਤੇ ਜਨਤਕ ਸੁਰੱਖਿਆ ਦਾ ਸਮਰਥਕ ਰਿਹਾ ਹੈ। ਸ੍ਰੀ ਸਾਹਿਬ (ਕਿਰਪਾਨ) ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਹੈ ਅਤੇ ਇਹ ਨਿਆਂ, ਜ਼ਿੰਮੇਵਾਰੀ, ਸਵੈ-ਅਨੁਸ਼ਾਸਨ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਦੇ ਫ਼ਰਜ਼ ਦਾ ਪ੍ਰਤੀਕ ਹੈ। ਇਸ ਨੂੰ ਕਿਸੇ ਵੀ ਤਰ੍ਹਾਂ ਹਮਲਾਵਰ ਹਥਿਆਰ ਵਜੋਂ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਬ੍ਰਿਟੇਨ ਵਿੱਚ ਸਿੱਖ ਕਈ ਪੀੜ੍ਹੀਆਂ ਤੋਂ ਸ੍ਰੀ ਸਾਹਿਬ ਨੂੰ ਪੂਰੀ ਜ਼ਿੰਮੇਵਾਰੀ ਨਾਲ ਧਾਰਨ ਕਰਦੇ ਆ ਰਹੇ ਹਨ ਅਤੇ ਦੇਸ਼ ਦੇ ਸਮਾਜਿਕ, ਆਰਥਿਕ ਅਤੇ ਜਨਤਕ ਜੀਵਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।



ਸ੍ਰੀ ਗਿੱਲ ਨੇ ਕਿਹਾ ਕਿ ਸ੍ਰੀ ਸਾਹਿਬ ਨੂੰ ਮਿਲੀ ਕਾਨੂੰਨੀ ਮਾਨਤਾ ਕੋਈ ਵਿਸ਼ੇਸ਼ ਸਹੂਲਤ ਨਹੀਂ, ਸਗੋਂ ਬ੍ਰਿਟੇਨ ਦੀਆਂ ਧਾਰਮਿਕ ਆਜ਼ਾਦੀ, ਸਹਿਣਸ਼ੀਲਤਾ ਅਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ ਦਾ ਪ੍ਰਤੀਕ ਹੈ। ਜੇਕਰ ਕੋਈ ਵਿਅਕਤੀ ਸ੍ਰੀ ਸਾਹਿਬ ਜਾਂ ਕਿਸੇ ਹੋਰ ਵਸਤੂ ਦਾ ਗਲਤ ਇਸਤੇਮਾਲ ਕਰਕੇ ਅਪਰਾਧ ਕਰਦਾ ਹੈ ਤਾਂ ਉਸ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ, ਪਰ ਇਸ ਦੇ ਆਧਾਰ 'ਤੇ ਪੂਰੇ ਭਾਈਚਾਰੇ ਦੇ ਹੱਕਾਂ ਨੂੰ ਸੀਮਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਧਿਆਨ ਦਿਵਾਇਆ ਕਿ ਅਦਾਲਤੀ ਕਾਰਵਾਈ ਬਾਰੇ ਸਾਹਮਣੇ ਆਈਆਂ ਰਿਪੋਰਟਾਂ ਮੁਤਾਬਕ ਸਰਕਾਰੀ ਪੱਖ ਦਾ ਦਾਅਵਾ ਸੀ ਕਿ ਘਟਨਾ ਵਿੱਚ ਧਾਰਮਿਕ ਸ੍ਰੀ ਸਾਹਿਬ ਨਹੀਂ, ਸਗੋਂ ਇੱਕ ਵੱਡਾ ਬਲੇਡ ਵਰਤਿਆ ਗਿਆ ਸੀ। ਇਸ ਲਈ ਇਸ ਮਾਮਲੇ 'ਤੇ ਹੋਣ ਵਾਲੀ ਚਰਚਾ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ, ਨਾ ਕਿ ਭਾਵਨਾਵਾਂ ਜਾਂ ਗਲਤ ਧਾਰਨਾਵਾਂ ਦੇ ਆਧਾਰ 'ਤੇ। ਸੀਤਲ ਸਿੰਘ ਗਿੱਲ ਨੇ ਕਿਹਾ ਕਿ ਚਾਕੂ ਨਾਲ ਜੁੜੇ ਅਪਰਾਧ ਬ੍ਰਿਟੇਨ ਲਈ ਇੱਕ ਗੰਭੀਰ ਚੁਣੌਤੀ ਹਨ, ਪਰ ਅਜਿਹੇ ਬਹੁਤੇ ਮਾਮਲਿਆਂ ਦਾ ਸਿੱਖ ਭਾਈਚਾਰੇ ਜਾਂ ਸ੍ਰੀ ਸਾਹਿਬ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਸਰਕਾਰਾਂ ਅਤੇ ਸਿਆਸੀ ਆਗੂਆਂ ਨੂੰ ਨੀਤੀਆਂ ਬਣਾਉਣ ਸਮੇਂ ਤੱਥਾਂ ਅਤੇ ਸਬੂਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਇਸ ਤਰ੍ਹਾਂ ਦੀ ਬਹਿਸ ਸਿੱਖਾਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਖ਼ਿਲਾਫ਼ ਪੱਖਪਾਤ ਨੂੰ ਵਧਾਵਾ ਦੇ ਸਕਦੀ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਬ੍ਰਿਟੇਨ ਅਪਰਾਧ, ਐਨਐਚਐਸ 'ਤੇ ਵਧਦੇ ਦਬਾਅ, ਮਹਿੰਗਾਈ, ਰਿਹਾਇਸ਼ੀ ਸੰਕਟ ਅਤੇ ਆਰਥਿਕ ਚੁਣੌਤੀਆਂ ਵਰਗੇ ਅਹਿਮ ਮੁੱਦਿਆਂ ਨਾਲ ਜੂਝ ਰਿਹਾ ਹੈ ਤਾਂ ਸਿਆਸੀ ਆਗੂਆਂ ਨੂੰ ਇਨ੍ਹਾਂ ਸਮੱਸਿਆਵਾਂ ਦੇ ਹੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿਰਫ਼ ਸ੍ਰੀ ਸਾਹਿਬ ਜਾਂ ਇੱਕ ਕਾਨੂੰਨੀ ਛੋਟ ਦਾ ਨਹੀਂ, ਸਗੋਂ ਧਾਰਮਿਕ ਆਜ਼ਾਦੀ, ਕਾਨੂੰਨ ਅੱਗੇ ਬਰਾਬਰੀ, ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਬ੍ਰਿਟੇਨ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੀੜਤਾਂ ਨੂੰ ਇਨਸਾਫ਼ ਜ਼ਰੂਰ ਮਿਲਣਾ ਚਾਹੀਦਾ ਹੈ, ਪਰ ਉਸ ਦੇ ਨਾਂ 'ਤੇ ਕਿਸੇ ਪੂਰੇ ਭਾਈਚਾਰੇ ਨਾਲ ਨਾਇਨਸਾਫ਼ੀ ਨਹੀਂ ਹੋਣੀ ਚਾਹੀਦੀ।

## ਬਰੈਪਟਨ ਦੇ ਇੱਕ ਘਰ ਵਿੱਚੋਂ ਨਵਜੰਮੇ ਬੱਚੇ ਦੀ ਮ੍ਰਿਤਕ ਦੇਹ ਪੁਲਿਸ ਵੱਲੋਂ ਬਰਾਮਦ

ਵੈਨਕੂਵਰ-( ਮਲਕੀਤ ਸਿੰਘ)– ਕੈਨੇਡਾ ਦੇ ਬਰੈਂਪਟਨ ਵਿੱਚਲੇ ਇੱਕ ਘਰ ਅੰਦਰੋਂ ਇੱਕ ਨਵਜੰਮੇ ਬੱਚੇ ਦੀ ਮ੍ਰਿਤਕ ਦੇਹ ਬਰਾਮਦ ਹੋਈ ਹੈ। ਇਸ ਮਾਮਲੇ ਵਿੱਚ ਪੀਲ ਪੁਲਸ ਨੇ ਇੱਕ 23 ਸਾਲਾ ਔਰਤ ਨੂੰ ਹਿਰਾਸਤ ਵਿੱਚ ਲਿਆ ਹੈ। ਜਾਣਕਾਰੀ ਅਨੁਸਾਰ, ਪੀਲ ਪੁਲਸ ਨੂੰ ਐਤਵਾਰ ਰਾਤ ਕਰੀਬ 8:30 ਵਜੇ ਬਰੈਂਪਟਨ ਦੇ ਕੈਨੇਡੀ ਰੋਡ ਉੱਤਰੀ ਅਤੇ ਵਿਲੀਅਮਜ਼ ਪਾਰਕਵੇਅ ਇਲਾਕੇ ਵਿੱਚ ਇੱਕ ਘਟਨਾ ਸਬੰਧੀ ਸੂਚਨਾ ਮਿਲੀ ਸੀ। ਜਦੋਂ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਇਲਾਕੇ ਵਿੱਚ ਸਥਿਤ ਇੱਕ ਰਿਹਾਇਸ਼ ਦੇ ਅੰਦਰ ਬੱਚਾ ਮ੍ਰਿਤਕ ਹਾਲਤ ਵਿੱਚ ਮਿਲਿਆ। ਪੁਲਸ ਨੇ ਇਸ ਮਾਮਲੇ ਵਿੱਚ 23 ਸਾਲਾ ਔਰਤ ਨੂੰ ਗ੍ਰਿਫਤਾਰ ਕਰਕੇ ਉਸ 'ਤੇ ਬੱਚੇ ਦੇ ਜਨਮ ਤੋਂ ਬਾਅਦ ਉਸ ਦੀ ਦੇਹ ਨੂੰ ਛੁਪਾਉਣ ਦੇ ਦੋਸ਼ ਤਹਿਤ ਮਾਮਲਾ ਦਰਜ ਕੀਤਾ ਹੈ। ਡਿਟੈਕਟਿਵ ਸਾਰਜੈਂਟ ਮੈਥਿਊ ਮਿਲਰ ਅਨੁਸਾਰ, ਮੁਲਜ਼ਮ ਔਰਤ ਨੂੰ ਹਿਰਾਸਤ ਦੌਰਾਨ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ ਅਤੇ ਫਿਲਹਾਲ ਉਸ ਨੂੰ ਜ਼ਮਾਨਤ ਦੀ ਸੁਣਵਾਈ ਹੋਣ ਤੱਕ ਹਿਰਾਸਤ ਵਿੱਚ ਰੱਖਿਆ ਗਿਆ ਹੈ। ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਜਾ ਰਹੀ ਹੈ।

# ਕਾਵਿ-ਕਿਆਰੀ

## ਧਰਮ-ਕਾਜ

ਕੀ ਕਰੋਗੇ ਪੁੱਛ ਕੇ
ਕਿ
ਬਣੀ ਹਾਂ ਮੈਂ
ਸ਼ਾਮ ਕੌਰ ਤੋਂ ਸ਼ਕੀਨਾ
ਜਾਂ
ਸ਼ਕੀਨਾ ਤੋਂ ਸ਼ਾਮ ਕੌਰ?

ਕੀ ਫਰਕ ਪੈਂਦਾ?

ਬੱਸ ਨਹੀਂ ਭੁੱਲਦਾ ਮੈਨੂੰ
ਕਿ
ਉਹ ਜਿਸ ਦਰਿੰਦੇ ਨੇ
ਮੇਰਾ ਨਾਮਕਰਣ ਕੀਤਾ ਸੀ
ਉਹਦੇ ਇਕ ਹੱਥ ਵਿੱਚ ਸੀ
ਲਹੂ ਨਾਲ
ਲੱਥਪੱਥ ਬਰਛਾ
...ਤੇ
..ਤੇ ਦੂਜੇ ਹੱਥ ਨਾਲ
ਉਸਨੇ ਮੈਨੂੰ
ਲੀਰਾਂ ਦੀ ਗੁੱਡੀ ਵਾਂਗ
ਮੋਢੇ ਚੁੱਕ ਲਿਆ ਸੀ!

ਮੈਨੂੰ ਨਹੀਂ ਪਤਾ
ਉਹ ਕਿਹੜੇ ਧਰਮ ਦਾ
ਰਹਿਨੁਮਾ ਸੀ?
ਮੈਨੂੰ ਤਾਂ
ਉਹਦੀਆਂ ਅੱਖਾਂ ਵਿੱਚ
ਭੁੱਖੇ ਭੇੜੀਏ ਜਿਹਾ
ਖ਼ੌਰੂ ਦਿਸਿਆ ਸੀ ਬੱਸ!

ਨਹੀਂ ਸਮਝ ਸਕੀ ਸੀ ਮੈਂ
ਕਿ
ਕੀ ਵੈਰ ਸੀ
ਤੇ ਕਿਉਂ ਵੈਰ ਸੀ ਉਸਦਾ
ਮੇਰੇ ਮਾਂ-ਬਾਪ ਤੇ
ਭਾਈਆਂ ਦੇ ਧਰਮ ਨਾਲ?!
(ਜਿਨ੍ਹਾਂ ਨੂੰ ਉਸਨੇ ਇਕੋ ਸਾਹ ਵੱਢ ਸੁੱਟਿਆ ਸੀ)
....ਤੇ ਮੈਨੂੰ
ਮੈਨੂੰ
ਸਾਂਭ ਲਿਆ ਸੀ
ਜ਼ਰੂਰੀ ਸਮਾਨ ਦੀ ਤਰ੍ਹਾਂ!

ਬਣਾ ਕੇ ਮੈਨੂੰ
ਸ਼ਕੀਨਾ ਤੋਂ ਸ਼ਾਮ ਕੌਰ
ਜਾਂ
ਸ਼ਾਮ ਕੌਰ ਤੋਂ ਸ਼ਕੀਨਾ
ਕਰ ਲਿਆ ਸੀ ਉਸਨੇ
ਆਪਣੇ ਰੱਬ ਦੀ ਨਜ਼ਰ ਵਿੱਚ
ਕਿਹੜਾ ਧਰਮ-ਕਾਜ ਸੰਪੰਨ?

**ਲੇਖਕ: ਕਰਮਜੀਤ ਕੌਰ ਕਿਸ਼ਾਂਵਲ ਗਗਨ ਦਮਾਮੇ ਦੀ ਤਾਲ ਵਿੱਚੋਂ ਧੰਨਵਾਦ ਸਹਿਤ**



* * * * *

## ਬਦ ਨਾਲੋਂ ਬਦਨਾਮ ਬੁਰਾ



ਡਾ. ਮੁਹਿੰਦਰ ਸਿੰਘ ਰਾਏ

ਆਪ ਹੀ ਕਰ ਕੰਮ ਪੁੱਠੇ, ਘੱਟ ਗਿਣਤੀ ਦਾ ਨਾਂ ਲਾਵਾਂਗੇ।
ਕਰ ਬਦਨਾਮ ਉਹਨਾਂ ਨੂੰ ਆਪਣਾ ਨਾਂ ਚਮਕਾਵਾਂਗੇ।
ਲੜਨਗੇ ਅਜ਼ਾਦੀ ਲਈ, ਸ਼ੇਰ ਬਹਾਦਰ ਪੁੱਤ ਪੰਜਾਬ ਦੇ,
ਪਰ ਚਲਾਕੀ ਅਤੇ ਮੱਕਾਰੀ ਨਾਲ ਅਸੀਂ ਰਾਜ ਹਥਿਆਵਾਂਗੇ।
ਜ਼ਹਿਰ ਫੈਲਾ ਕੇ ਫ਼ਿਰਕੂਪੁਣੇ ਅਤੇ ਨਫ਼ਰਤ ਦਾ,
ਮੰਗੂ ਮੱਠ, ਗਿਆਨ ਗੋਦੜੀ ਅਤੇ ਬਾਬਰੀ ਮਸਜਦ ਢਾਹਵਾਂਗੇ।
ਸਲਾਹ ਮਸ਼ਵਰਾ ਦੇ ਲੈ ਕੇ ਦੇਸ਼ ਵਿਦੇਸ਼ 'ਚੋਂ,
ਹਰਿਮੰਦਰ ਸਾਹਿਬ ਉੱਤੇ ਹਮਲਾ ਕਰਵਾਵਾਂਗੇ।
ਅਸੀਂ ਤਾਂ ਸੱਚੇ ਸੁੱਚੇ ਅਹਿੰਸਾ ਦੇ ਪੁਜਾਰੀ ਹਾਂ,
ਪਰ ਰੰਗ ਕਦੀ ਆਪਣਾ ਮਨੀਪੁਰ ਅਤੇ ਗੁਜਰਾਤ ਵਿੱਚ ਦਿਖਾਵਾਂਗੇ।
ਕਈ ਟੋਪੀ, ਧੋਤੀ ਅਤੇ ਪੱਗਾਂ ਵਾਲੇ ਵੀ ਸਾਡੇ ਮੈਂਬਰ ਨੇ,
ਅਸੀਂ ਤਾਂ ਪਾ ਕੇ ਨਿੱਕਰਾਂ ਡੰਡੇ ਪਬਲਿਕ ਨੂੰ ਡਰਾਵਾਂਗੇ।
ਬਾਡਰਾਂ ਉੱਤੇ ਲੜਨੇ ਲਈ ਅਸੀਂ ਅਗਨੀ ਵੀਰ ਰੱਖੇ,
ਅਸੀਂ ਕਦੀ ਨਾ ਸਰਹੱਦਾਂ ਉੱਤੇ ਜਾ ਕੇ ਗੋਲੀ ਖਾਵਾਂਗੇ।
ਭਾਵੇਂ ਮਾਲਕ ਹਾਂ ਅਸੀਂ ਵੱਡੇ ਵੱਡੇ ਬੁੱਚੜਖ਼ਾਨਿਆਂ ਦੇ,
ਪਰ ਤੁਹਮਤਾਂ ਅਸੀਂ ਘੱਟ ਗਿਣਤੀ ਤੇ ਹੀ ਲਾਵਾਂਗੇ।
ਕਹਾਂਗੇ ਘੱਟ ਗਿਣਤੀ ਨੇ ਗੰਗਾ ਗੰਦੀ ਕਰ ਦਿੱਤੀ,
ਰੁਜ਼ਗਾਰ ਇਹਨਾਂ ਦੇ ਤਬਾਹ ਕਰਨ ਲਈ ਜਨਤਾ ਨੂੰ ਭੜਕਾਵਾਂਗੇ।
ਅਸੀਂ ਕਿਸੇ ਘੱਟ ਗਿਣਤੀ ਜਾਂ ਕੌਮ ਦਾ ਨਹੀਂ ਨਾਂ ਲੈਣਾ,
ਪਰ ਨਾਲ ਇਸ਼ਾਰਿਆਂ ਚੰਗੀ ਤਰ੍ਹਾਂ ਸਮਝਾ ਕੇ ਜਾਵਾਂਗੇ।
ਦੌਲਤ ਸਾਰੇ ਦੇਸ਼ ਦੀ ਕੁੱਝ ਹੱਥਾਂ ਵਿੱਚ ਸੌਂਪਾਂਗੇ,
ਭੁੱਖਿਆਂ ਅਤੇ ਗਰੀਬਾਂ ਨੂੰ ਕਦੀ ਨਹੀਂ ਖ਼ਲਾਵਾਂਗੇ।
ਦੌਰੇ ਉੱਤੇ ਰਹਿੰਦੇ ਹਾਂ ਹਮੇਸ਼ਾ ਵਿੱਚ ਵਿਦੇਸ਼ਾਂ ਦੇ,
'ਰਾਏ' ਕਦੋਂ ਸਿੱਖਾਂਗੇ, ਕਦੋਂ ਬੇਗਮਪੁਰਾ ਵਸਾਵਾਂਗੇ।



## ਬਰਬਾਦ ਕੀਤਾ ਏ

ਖੰਭ ਖਿੱਚਕੇ ਮੇਰੇ ਉਸਨੇ, ਖੋਲ੍ਹ ਦਿੱਤਾ ਏ ਪਿੰਜਰਾ ਹੁਣ
ਮੰਨ ਮੇਰਾ ਅਹਿਸਾਨ ਕਹਿੰਦਾ, ਤੈਨੂੰ ਅੱਜ ਅਜਾਦ ਕੀਤਾ ਏ
ਚੰਗਾ ਮਾੜਾ ਬੋਲਿਆ ਨਹੀਂ, ਪੁੰਨ-ਪਾਪ ਵੀ ਤੋਲਿਆ ਨਹੀਂ
ਵੈਰੀ ਵੀ ਹੈਰਾਨ ਹੋਏ ਸਾਡੇ, ਸੱਜਣਾ ਜੱਦ ਹਿਸਾਬ ਕੀਤਾ ਏ
ਦਿਲ ਬੜਾ ਹੀ ਉਦਾਸ ਰਿਹਾ, ਕਰਦਾ ਅੱਜ ਅਰਦਾਸ ਰਿਹਾ
ਵੱਸਦੇ ਰਹਿਣ ਉਜਾੜਨ ਵਾਲੇ, ਜਿਸ ਨੇ ਵੀ ਯਾਦ ਕੀਤਾ ਏ
ਲੋੜ੍ਹ ਵੇਲੇ ਨਾਲ ਜੇ ਖੜ੍ਹਦੇ, ਦੇ ਕੇ ਹੌਂਸਲਾ ਹੱਥ ਜੇ ਫੜ੍ਹਦੇ
ਕਾਸ਼ ਕਿਤੇ ਕਰ ਲੈਂਦੇ ਜੋ, ਤੁਰ ਜਾਣ ਤੋਂ ਬਾਅਦ ਕੀਤਾ ਏ
ਜੜ੍ਹੋਂ ਅੱਜ ਉਖਾੜਨਾ ਚਾਹਵੇ, ਖੋਰੇ ਕਿਉਂ ਉਜਾੜਨਾ ਚਾਹਵੇ
ਦਿਲ ਦਾ ਟੁੱਕੜਾ ਜਾਣ ਜੋ, ਹੱਥੀਂ ਅਸੀਂ ਆਬਾਦ ਕੀਤਾ ਏ
ਸਾਂਭਣਾ ਘਰ-ਬਾਰ ਦੱਸੇ, ਪਾਲਣਾ ਕਿੰਝ ਪਰਿਵਾਰ ਦੱਸੇ
ਡਰ ਕੇ ਜਿੰਮੇਦਾਰੀਆਂ ਤੋਂ, ਖੁਦ ਨੂੰ ਜੀਹਨੇ ਸਾਧ ਕੀਤਾ ਏ
ਸਾਡੇ ਸਿਰ ਇਲਜ਼ਾਮ ਧਰੇ ਨੇ, ਖਿੜੇ ਮੱਥੇ ਉਹ ਸਭ ਜਰੇ ਨੇ
ਪਰ ਤੂੰ ਜੋ ਵੀ ਕੀਤਾ ਭੰਡਣ ਲਈ, ਬੇ-ਬੁਨਿਆਦ ਕੀਤਾ ਏ
ਉਂਗਲ ਗੈਰਾਂ ਵੱਲ ਨਾ ਕਰ, ਐਵੇਂ ਗਿਲਾ-ਸ਼ਿਕਵਾ ਨਾ ਕਰ
ਤੈਨੂੰ ਤੇਰਿਆਂ ਪਾਪਾਂ ਨੇ, ਪਰਮਿੰਦਰਾ ਬਰਬਾਦ ਕੀਤਾ ਏ

**-ਪਰਮਿੰਦਰ ਸਿੰਘ ਸਿੱਧੂ**

## ਬਾਜ਼ੀ

ਕੀ ਹੋਇਆ ਕਿ ਦਿਲ ਦੀ ਬਾਜ਼ੀ ਹਾਰ ਰਹੇ ਹਾਂ
ਕਾਫੀ ਨਹੀਂ ਕਿ ਬਿਨ ਸ਼ਰਤੋਂ ਹੀ ਪਿਆਰ ਰਹੇ ਹਾਂ

ਕੀ ਦੱਸੀਏ ਕਿ ਸਾਨੂੰ ਦੱਸਣਾ ਆਵੇ ਨਾ
ਪਤਝੜ ਨੂੰ ਕਿੰਝ ਵਾਂਗੂੰ ਮਾਣ ਬਹਾਰ ਰਹੇ ਹਾਂ

ਓਨੀ ਹੀ ਹੁਣ ਜੇਬ੍ਹੀ ਭਰਦੀ ਜਾਂਦੀ ਹੈ
ਖਾਤੇ ਵਿਚੋਂ ਜਿੰਨਾ ਕੱਢ ਸੰਸਾਰ ਰਹੇ ਹਾਂ

ਰੜਕਣ ਲੱਗੀ ਸਾਡੇ ਕਸਰ ਕਸੁੰਭੇ ਦੀ
ਕਹਿੰਦਾ ਰਹੇ ਜਿਸ ਕਹਿਣਾ ਛੱਡ ਸ਼ਿੰਗਾਰ ਰਹੇ ਹਾਂ

ਪਤਾ ਲੱਗਿਆ ਜਦ ਤੋਂ ਘਰ ਦੇ ਵੈਰੀ ਦਾ
ਆਪਣਾ ਈ ਆ ਪਰ ਤਾਂ ਵੀ ਮਨ ਨੂੰ ਮਾਰ ਰਹੇ ਹਾਂ

ਲੱਗਦਾ ਹੈ ਹੁਣ ਮੌਤ ਨੂੰ ਵੀ ਸੰਗ ਆਊਗੀ
ਜ਼ਿੰਦਗੀ ਦਾ ਕੁਝ ਏਦਾਂ ਕਰ ਦੀਦਾਰ ਰਹੇ ਹਾਂ

ਮਰਜ਼ੀ ਨਹੀਂ ਮਹਿਬੂਬ ਦੀ ਕਿ ਉਹ ਨਾ ਆਵੇ
ਕਵਿਤਾ ਦੇ ਵਿਚ ਐਸਾ ਕਰ ਇਜ਼ਹਾਰ ਰਹੇ ਹਾ

ਅਸੀਂ ਨਹੀਂ , ਉਹਨੇ ਹੀ ਗ਼ੈਰਾਂ ਨੂੰ ਕੱਢਿਆ
ਜੀਅ ਜਾਨ ਲਾ ਜਿਹਨੂੰ ਜੀਅ 'ਚ ਧਾਰ ਰਹੇ ਹਾਂ

ਹੁਣ 'ਢੇਸੀ' ਆਧਰਮੀ ਹੋਊ 'ਧਰਮਾਂ' ਲਈ
ਰਾਮ ਅੱਲਾ ਜੋ ਸਾਂਝਾ ਕਰ ਕਰਤਾਰ ਰਹੇ ਹਾਂ



**ਕੁਲਵੰਤ ਸਿੰਘ 'ਢੇਸੀ'**

## ਕੱਟੜਤਾ



ਕੱਟੜਤਾ ਰਹਿੰਦੀ ਹਮੇਸ਼ਾ ਹੀ
ਇਕ ਅਲਗ ਕਿਸਮ ਦੇ ਖ਼ਤਰੇ 'ਚ
ਕੱਟੜਤਾ ਬਚਾ ਨਹੀਂ ਪਾਉਂਦੀ
ਕਦੇ ਵੀ ਆਪਣੀ ਹੋਂਦ ਨੂੰ
ਯਕੀਨ ਨਹੀਂ
ਤੇ ਫਿਰ ਕਿੱਥੇ ਪਾਰਸੀ, ਕਿੰਨੇ ਕੁ ਬਚੇ
ਯਹੂਦੀਆਂ ਨੇ ਵੀ ਆਖਿਰ ਲੱਭਿਆ ਸੀ ਹੱਲ
ਮਾਂ ਨੂੰ ਇਸ ਬਹਾਨੇ ਦੇ ਦਿੱਤਾ ਮਾਣ
ਇਸਲਾਮ ਵੀ ਹਮੇਸ਼ਾ ਖ਼ਤਰੇ 'ਚ ਰਿਹਾ
ਪਤਾ ਨਹੀਂ ਕਿਸ ਤੋਂ
ਇਸਲਾਮ ਤੋਂ ਸਿੱਖਿਆ ਲੈ ਫਿਰ
ਆ ਗਿਆ ਭਾਰਤ ਦਾ ਹਿੰਦੂ ਖ਼ਤਰੇ ਵਿਚਾਲੇ
ਸੁਣਿਆ ਸਿੱਖ ਵੀ ਕੱਟੜਤਾ ਵੱਲ ਕਦਮ ਵਟ
ਆ ਰਿਹਾ ਏ ਖ਼ਤਰੇ 'ਚ
ਪਰ ਇਸ ਸਭ 'ਚ ਕਮਾਲ ਦੀ ਗੱਲ ਇਹ ਏ
ਈਸਾਈ ਧਰਮ ਕਦੇ ਖ਼ਤਰੇ 'ਚ ਨਹੀਂ ਰਿਹਾ
ਕਦੇ ਕੱਟੜਤਾ ਦੀ ਖ਼ਬਰ ਵੀ ਨਹੀਂ ਸੁਣੀ
ਫਿਰ ਵੀ ਜਿਹਨੂੰ ਵੇਖੋ ਆਪਣੇ ਐਸੇ ਪਾਸੇ
ਕ੍ਰਾਸ ਪਾਈ ਦਿਖਣਗੇ ਲੋਕ
ਕਿਸ ਵੇਲੇ ਆਪਣੀ ਕੱਟੜਤਾ ਤੋਂ ਨਿਕਲ
ਵਗ ਪਏ ਹੋਣੇ ਇਸ ਵੱਲ
ਇਸੇ ਲਈ ਦੁਨੀਆ 'ਚ ਖੌਰੇ
ਸਭ ਤੋਂ ਵੱਡੀ ਆਬਾਦੀ ਈਸਾਈਆਂ ਦੀ
ਰੋਟੀ ਦਾ ਮਸਲਾ, ਪੈਸੇ ਦਾ ਮਸਲਾ
ਜਾਂ ਫਿਰ ਉਂਚ ਨੀਚ, ਦਲਿਤ ਦਾ ਮਸਲਾ
ਜਾ ਫਿਰ ਸੱਚੀ ਕੱਟੜਤਾ ਦਾ
ਸੱਚੀ ਕੱਟੜਤਾ ਸ਼ਾਯਦ ਤਬਾਹੀ ਹੀ ਲਿਆਂਦੀ ਹੋਵੇਗੀ
ਇਸੇ ਲਈ ਰਹਿੰਦੀ ਹੈ ਹਰ ਵੇਲੇ ਖ਼ਤਰੇ ਵਿਚ।

ਰੀਤੂ ਕਲਸੀ

# ਰਿਫੌਰਮ ਯੂ ਕੇ ਅਤੇ 'ਰਿਸਟੋਰ ਬ੍ਰਿਟੇਨ' ਪਾਰਟੀ ਵੱਲੋਂ ਜਨਤਕ ਥਾਵਾਂ 'ਤੇ ਕਿਰਪਾਨ ਪਹਿਨਣ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਵਕਾਲਤ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਛੁਰੇਬਾਜ਼ੀ ਅਤੇ ਜਨਤਕ ਸੁਰੱਖਿਆ ਨਾਲ ਜੁੜੇ ਕਾਨੂੰਨਾਂ ਦਰਮਿਆਨ ਸਿੱਖ ਕੌਮ ਦੇ ਧਾਰਮਿਕ ਚਿੰਨ੍ਹ 'ਕਿਰਪਾਨ' ਨੂੰ ਲੈ ਕੇ ਇੱਕ ਨਵੀਂ ਸਿਆਸੀ ਬਹਿਸ ਛਿੜ ਗਈ ਹੈ।**

ਰਿਫੌਰਮ ਯੂ ਕੇ ਦੇ ਆਗੂ ਜ਼ੀਆ ਯੂਸਫ਼ ਨੇ ਸਿੱਖਾਂ ਵੱਲੋਂ ਪਹਿਨੀ ਜਾਂਦੀ ਛੋਟੀ ਕ੍ਰਿਪਾਨ ਦੀ ਤਸਵੀਰ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਹੈ ਕਿ ਟੋਰੀ ਪਾਰਟੀ ਸਮੇਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਦੂਜੇ ਨੂੰ ਨਹੀਂ ਕਿਉਂਕਿ ਉਹਨਾਂ ਦੇ ਧਰਮ ਅਲੱਗ ਅਲੱਗ ਹਨ। ਲੇਕਨ ਰਿਫੌਰਮ ਦੀ ਸਰਕਾਰ ਆਉਣ ਤੇ ਅਜੇਹਾ ਨਹੀਂ ਹੋਵੇਗਾ ਸਭ ਲਈ ਇੱਕੋ ਕਾਨੂੰਨ ਹੋਵੇਗਾ ਭਾਵੇਂ ਉਸ ਦਾ ਧਰਮ ਜੋ ਵੀ ਹੋਵੇ। ਕਿਸੇ ਵੀ ਵਿਅਕਤੀ ਨੂੰ ਹਥਿਆਰ (ਕ੍ਰਿਪਾਨ) ਰੱਖਣ ਦੀ ਇਜ਼ਾਜ਼ਤ ਨਹੀਂ ਹੋਵੇਗੀ।

ਇਸੇ ਤਰ੍ਹਾਂ 'ਰਿਸਟੋਰ ਬ੍ਰਿਟੇਨ' ਪਾਰਟੀ ਦੇ ਸੰਸਦ ਮੈਂਬਰ ਨੇ ਜਨਤਕ ਥਾਵਾਂ 'ਤੇ ਕਿਰਪਾਨ ਪਹਿਨਣ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਵਕਾਲਤ ਕੀਤੀ ਹੈ, ਉਹਨਾਂ ਨੇ ਵੀ "ਸਭ ਲਈ ਇੱਕੋ ਨਿਯਮ" ਦਾ ਤਰਕ ਦਿੱਤਾ ਹੈ।

ਸਾਲ 2026 ਦੇ ਸ਼ੁਰੂ ਵਿੱਚ ਹੋਂਦ ਵਿੱਚ ਆਈ ਅਤੇ ਸੰਸਦ ਮੈਂਬਰ ਰੂਪਰਟ ਲੋਅ ਦੀ ਅਗਵਾਈ ਵਾਲੀ ਇਸ ਸੱਜੇ-ਪੱਖੀ ਪਾਰਟੀ ਦਾ ਮੁੱਖ ਏਜੰਡਾ ਸਖ਼ਤ ਸੱਭਿਆਚਾਰਕ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਲਾਗੂ ਕਰਨਾ ਹੈ। ਹਾਲਾਂਕਿ ਉਨ੍ਹਾਂ ਦੇ ਅਧਿਕਾਰਤ ਮੈਨੀਫੈਸਟੋ ਵਿੱਚ ਬੁਰਕੇ, ਨਿਕਾਬ ਅਤੇ ਹਲਾਲ/ਝਟਕਾ ਮੀਟ ਵਰਗੀਆਂ ਪ੍ਰਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਪਰ ਹੁਣ ਜਨਤਕ ਥਾਵਾਂ 'ਤੇ ਪੂਰਨ ਇਕਸਾਰਤਾ ਲਿਆਉਣ ਦੇ ਨਾਂ ਹੇਠ ਕਿਰਪਾਨ ਨੂੰ ਵੀ ਇਸ ਦੇ ਘੇਰੇ ਵਿੱਚ ਲਿਆਉਣ ਦੀ ਗੱਲ ਕੀਤੀ ਜਾ ਰਹੀ ਹੈ। ਇੱਥੇ ਹੀ ਬੱਸ ਨਹੀਂ ਰੂਪਰਟ ਲੋਅ ਨੇ ਪਾਕਿਸਤਾਨੀ ਅਤੇ ਭਾਰਤੀ ਕਾਮਿਆਂ ਬਾਰੇ ਵੀ ਕਿਹਾ ਹੈ ਕਿ ਸਾਨੂੰ ਲੱਖਾਂ ਪਾਕਿਸਤਾਨੀਆਂ ਅਤੇ ਭਾਰਤੀਆਂ ਨੂੰ ਉਨ੍ਹਾਂ ਨੌਕਰੀਆਂ ਲਈ ਆਯਾਤ ਨਹੀਂ ਕਰਨਾ ਚਾਹੀਦਾ ਜੋ ਬੇਰੁਜ਼ਗਾਰ ਬ੍ਰਿਟਿਸ਼ ਲੋਕਾਂ ਨੂੰ ਕਰਨੀਆਂ ਚਾਹੀਦੀਆਂ ਹਨ। ਜੇ ਇਹ ਮੈਨੂੰ ਨਸਲਵਾਦੀ ਬਣਾਉਂਦਾ ਹੈ, ਤਾਂ ਅਜਿਹਾ ਹੀ ਸਹੀ। ਇਸ ਦੇ ਉਲਟ, ਮੌਜੂਦਾ ਕਾਨੂੰਨੀ ਛੋਟ ਦਾ ਸਮਰਥਨ ਕਰਨ ਵਾਲੇ ਮਾਹਿਰਾਂ ਅਤੇ ਸਿੱਖ ਆਗੂਆਂ ਦਾ ਤਰਕ ਹੈ ਕਿ ਯੂ ਕੇ ਵਿੱਚ ਸਿੱਖ ਭਾਈਚਾਰਾ ਸਦੀਆਂ ਤੋਂ ਪੂਰੀ ਜ਼ਿੰਮੇਵਾਰੀ ਨਾਲ ਕਿਰਪਾਨ ਸਜਾਉਂਦਾ ਆ ਰਿਹਾ ਹੈ ਅਤੇ ਇਸਦੀ ਦੁਰਵਰਤੋਂ ਦੇ ਮਾਮਲੇ ਨਾਮਾਤਰ ਹਨ। ਉਨ੍ਹਾਂ ਮੁਤਾਬਕ ਅਜਿਹੀ ਪਾਬੰਦੀ ਮਨੁੱਖੀ ਅਧਿਕਾਰਾਂ ਦੇ ਖ਼ਿਲਾਫ਼ ਹੈ। ਫਿਲਹਾਲ ਬ੍ਰਿਟੇਨ ਦਾ ਕਾਨੂੰਨੀ ਢਾਂਚਾ ਜਨਤਕ ਸੁਰੱਖਿਆ ਅਤੇ ਧਾਰਮਿਕ ਆਜ਼ਾਦੀ ਦਰਮਿਆਨ ਸੰਤੁਲਨ ਬਣਾਈ ਰੱਖਣ ਦੇ ਪੱਖ ਵਿੱਚ ਹੈ, ਪਰ ਚੋਣਵੀਂ ਸਿਆਸਤ ਦੇ ਚਲਦਿਆਂ ਇਹ ਮੁੱਦਾ ਲਗਾਤਾਰ ਗਰਮਾਇਆ ਹੋਇਆ ਹੈ।



ਰਿਫੌਰਮ ਨੇਤਾ ਜ਼ੀਆ ਯੂਸਫ਼ ਅਤੇ ਸੰਸਦ ਮੈਂਬਰ ਰੂਪਰਟ ਲੋਅ

## ਹੈਨਰੀ ਨੋਵਾਕ ਦੀ ਹੱਤਿਆ ਦੀ ਰਿਫੌਰਮ ਪਾਰਟੀ ਦੇ ਆਗੂ ਪ੍ਰਭਦੀਪ ਸਿੰਘ ਵੱਲੋਂ ਨਿੰਦਾ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਹੈਂਪਟਨ ਯੂਨੀਵਰਸਿਟੀ ਵਿੱਚ ਪੜ੍ਹਦੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੀ ਦੁਖਦਾਈ ਮੌਤ ਦੀ ਨਿੰਦਾ ਕਰਦਿਆਂ ਰਿਫੌਰਮ ਪਾਰਟੀ ਦੇ ਆਗੂ ਪ੍ਰਭਦੀਪ ਸਿੰਘ ਨੇ ਕਿਹਾ ਕਿ ਹੈਨਰੀ ਦੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ। ਉਹਨਾਂ ਕਿਹਾ ਕਿ ਦੋਸ਼ੀ ਸਿੱਖ ਨੌਜਵਾਨ ਹਮਲਾਵਰ ਵੱਲੋਂ ਕ੍ਰਿਪਾਨ ਦੀ ਵਰਤੋਂ ਕਰਕੇ ਕੀਤੇ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਾਂ। ਉਹਨਾਂ ਕਿਹਾ ਕਿ ਅਸੀਂ ਬਿਲਕੁਲ ਸਪੱਸ਼ਟ** ਕਰਦੇ ਹਾਂ ਕਿ ਇਹ ਸਿੱਖੀ ਨਹੀਂ ਸੀ, ਇਹ ਗੁਰੂ ਦੀ ਸਿੱਖਿਆ ਨਹੀਂ ਸੀ ਅਤੇ ਨਾ ਹੀ ਇਹ ਸ਼ਰਧਾ ਜਾਂ ਧਰਮ ਦਾ ਕਾਰਜ ਸੀ। ਇਹ ਸਿਰਫ਼ ਇੱਕ ਕਤਲ ਸੀ। ਜਿਸਨੇ ਮਾਪਿਆਂ ਤੋਂ ਉਹਨਾਂ ਦਾ ਬੱਚਾ ਖੋਹ ਲਿਆ।

ਪ੍ਰਭਦੀਪ ਸਿੰਘ ਨੇ ਸਿੱਖ ਜਥੇਬੰਦੀਆਂ ਦੇ ਬਿਆਨਾਂ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਕਿ ਕਿਰਪਾਨ ਗੁੱਸੇ, ਬਦਲੇ, ਹੰਕਾਰ ਜਾਂ ਨਿੱਜੀ ਝਗੜਿਆਂ ਲਈ ਕੋਈ ਹਥਿਆਰ ਨਹੀਂ ਹੈ। ਇਹ ਅੰਮ੍ਰਿਤਧਾਰੀ ਸਿੱਖਾਂ ਦੁਆਰਾ ਧਾਰਨ ਕੀਤੇ ਜਾਣ ਵਾਲੇ ਪੰਜ ਕਕਾਰਾਂ ਵਿੱਚੋਂ ਇੱਕ ਹੈ ਅਤੇ ਇਹ ਫ਼ਰਜ਼, ਅਨੁਸ਼ਾਸਨ, ਨਿਆਂ ਅਤੇ ਮਜ਼ਲੂਮਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਉਹਨਾਂ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸਾਰ ਦੋਸ਼ੀ ਨੇ ਇੱਕ ਛੋਟੀ ਰਵਾਇਤੀ ਕਿਰਪਾਨ ਪਹਿਨੀ ਹੋਈ ਸੀ, ਪਰ ਹਮਲੇ ਦੌਰਾਨ ਇੱਕ ਵੱਖਰਾ, ਵੱਡਾ ਬਲੇਡ (ਧਾਰਦਾਰ ਹਥਿਆਰ) ਵਰਤਿਆ ਗਿਆ ਸੀ। ਜੇਕਰ ਇਹ ਸਹੀ ਹੈ, ਤਾਂ ਇਹ ਇਸ ਗੱਲ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਇਹ ਧਾਰਮਿਕ ਆਸਥਾ ਦੇ ਪ੍ਰਤੀਕ ਨੂੰ ਧਾਰਨ ਕਰਨ ਦੀ ਇੱਕ ਆਮ ਸਿੱਖ ਮਰਯਾਦਾ ਨਹੀਂ ਸੀ। ਇਹ ਕ੍ਰਿਪਾਨ ਦੀ ਅਪਰਾਧਿਕ ਦੁਰਵਰਤੋਂ ਸੀ। ਇਸ ਦੁਖਦਾਈ ਮਾਮਲੇ ਤੋਂ ਬਾਅਦ ਬਹੁਤ ਸਾਰੇ ਲੋਕ ਕਿਰਪਾਨ ਬਾਰੇ ਸਵਾਲ ਪੁੱਛ ਰਹੇ ਹਨ।

ਇੱਕ ਲੋਕਤੰਤਰੀ ਸਮਾਜ ਵਿੱਚ, ਉਨ੍ਹਾਂ ਸਵਾਲਾਂ ਦਾ ਖੁੱਲ੍ਹ ਕੇ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਰਿਫੌਰਮ ਦੇ ਨੇਤਾ ਵੱਲੋਂ ਕ੍ਰਿਪਾਨ ਤੇ ਪਾਬੰਦੀ ਲਗਾਉਣ ਵਾਲੇ ਬਿਆਨ ਬਾਰੇ ਪੁੱਛੇ ਜਾਣ ਤੇ ਪ੍ਰਭਦੀਪ ਸਿੰਘ ਨੇ ਕਿਹਾ ਕਿ ਅਜੇਹੇ ਬਿਆਨ ਘਟਨਾ ਦਾ ਪ੍ਰਤੀਕ੍ਰਮ ਹੈ ਜੋ ਕਿ ਮੌਕੇ ਦੀ ਨਿਜ਼ਾਕਤ ਮੁਤਾਬਕ ਸੁਭਾਵਿਕ ਹੁੰਦੇ ਹਨ, ਜੋ ਸਾਨੂੰ ਕਕਾਰਾਂ ਦੇ ਸਬੰਧੀ ਹੋਰ ਵਿਚਾਰਾਂ ਕਰਨ, ਬੱਚਿਆਂ ਅਤੇ ਗੈਰ ਸਿੱਖਾਂ ਨੂੰ ਕਕਾਰਾਂ ਪ੍ਰਤੀ ਸਪੱਸ਼ਟਤਾ ਦੇਣ ਦਾ ਮੌਕਾ ਵੀ ਪ੍ਰਦਾਨ ਕਰਦੇ ਹਨ।

ਸਿੱਖ ਪੀੜ੍ਹੀਆਂ ਤੋਂ ਬਰਤਾਨੀਆ ਵਿੱਚ ਰਹਿ ਰਹੇ ਹਨ, ਜਿੱਥੇ ਉਹਨਾਂ ਦਾ ਵੱਡਾ ਯੋਗਦਾਨ ਹੈ। ਵਿਸ਼ਵ ਯੁੱਧਾਂ ਦੌਰਾਨ ਸਿੱਖ ਫ਼ੌਜੀਆਂ ਨੇ ਬੇਮਿਸਾਲ ਬਹਾਦਰੀ ਨਾਲ ਬ੍ਰਿਟੇਨ ਦੇ ਨਾਲ ਮਿਲ ਕੇ ਲੜਾਈਆਂ ਲੜੀਆਂ। ਇਹ ਨਹੀਂ ਭੁੱਲਣਾ ਚਾਹੀਦਾ ਕਿ ਦੋਵਾਂ ਵਿਸ਼ਵ ਯੁੱਧਾਂ ਦੌਰਾਨ ਲਗਭਗ 83,005 ਸਿੱਖਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ 109,045ਜ਼ਖਮੀ ਹੋਏ।

## ਅਕਾਲ ਤਖ਼ਤ ਸਾਹਿਬ ਦੀ ਸਰਕਾਰ ਨੂੰ ਸਿੱਧੀ ਵੰਗਾਰ

3 ਸਫ਼ੇ ਦੀ ਬਾਕੀ

**ਜਥੇਦਾਰ ਬਲਬੀਰ ਸਿੰਘ ਅਕਾਲੀ 96 ਕਰੋੜੀ (ਮੁਖੀ ਬੁੱਢਾ ਦਲ): ਉਨ੍ਹਾਂ ਕਿਹਾ ਕਿ ਨਿਹੰਗ ਸਿੰਘ ਜਥੇਬੰਦੀਆਂ ਹਮੇਸ਼ਾ ਪੰਥ ਦੇ ਨਾਲ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਇੱਕ ਪੰਥਕ ਕਮੇਟੀ ਬਣਾ ਕੇ ਸਰਕਾਰ ਨਾਲ ਗੱਲ ਕਰਕੇ ਇਤਰਾਜ਼ ਦੂਰ ਕਰਵਾਏ ਜਾਣ।**

**ਸੰਮੇਲਨ ਵਿੱਚ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ-ਇਸ ਇਕੱਠ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਜੀ ਤੋਂ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਲ ਖ਼ਾਲਸਾ ਦੇ ਕੰਵਰਪਾਲ ਸਿੰਘ, ਅਕਾਲੀ ਦਲ (ਅ) ਦੇ ਈਮਾਨ ਸਿੰਘ ਮਾਨ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸਮੇਤ ਵੱਡੀ ਗਿਣਤੀ ਵਿੱਚ ਐਸ.ਜੀ.ਪੀ.ਸੀ. ਮੈਂਬਰ ਅਤੇ ਸਿੱਖ ਵਿਦਵਾਨ ਸ਼ਾਮਲ ਹੋਏ।**


**ਨਿਚੋੜ: ਸਿੱਖ ਕੌਮ ਨੇ ਸਾਫ਼ ਕਰ ਦਿੱਤਾ ਹੈ ਕਿ ਬੇਅਦਬੀ ਦੇ ਨਾਂ 'ਤੇ ਗੁਰਦੁਆਰਾ ਪ੍ਰਬੰਧਾਂ ਅਤੇ ਸਿੱਖ ਮਰਯਾਦਾ ਨੂੰ ਸਰਕਾਰੀ ਕਾਨੂੰਨਾਂ ਦੇ ਅਧੀਨ ਕਰਨ ਦੀ ਕਿਸੇ ਵੀ ਕੋਸ਼ਿਸ਼ ਦਾ ਮੂੰਹ-ਤੋੜ ਜਵਾਬ ਦਿੱਤਾ ਜਾਵੇਗਾ। ਹੁਣ ਗੇਂਦ ਪੰਜਾਬ ਸਰਕਾਰ ਦੇ ਪਾਲੇ ਵਿੱਚ ਹੈ ਕਿ ਉਹ ਸਿੱਖਾਂ ਦੇ ਇਸ ਰੋਸ ਨੂੰ ਦੇਖਦਿਆਂ ਕਦਮ ਪਿੱਛੇ ਖਿੱਚਦੀ ਹੈ ਜਾਂ ਟਕਰਾਅ ਦਾ ਰਸਤਾ ਚੁਣਦੀ ਹੈ।**

**ਜਥੇਦਾਰ ਗੜਗਜ ਕੀ ਕਾਰਵਾਈ ਕਰ ਸਕਦੇ ਹਨ-ਜੇਕਰ ਸਰਕਾਰ ਦਾ ਮੁਖੀ ਜਾਂ ਕੋਈ ਆਗੂ ਲਗਾਤਾਰ ਹੱਠਧਰਮੀ ਦਿਖਾਉਂਦਾ ਹੈ, ਅਕਾਲ ਤਖ਼ਤ ਸਾਹਿਬ ਦੇ ਸੰਮਨ ਭੇਜਣ 'ਤੇ ਵੀ ਪੇਸ਼ ਨਹੀਂ ਹੁੰਦਾ, ਜਾਂ ਅਕਾਲ ਤਖ਼ਤ ਸਾਹਿਬ ਦੇ ਸਰਵਉੱਚ ਰੁਤਬੇ ਨੂੰ ਚੁਣੌਤੀ ਦਿੰਦਾ ਹੈ, ਤਾਂ ਪੰਜ ਸਿੰਘ ਸਾਹਿਬਾਨ ਵੱਲੋਂ ਉਸ ਨੂੰ ਪੰਥ ਵਿੱਚੋਂ ਖਾਰਜ (ਛੇਕਣ) ਦਾ ਹੁਕਮਨਾਮਾ ਜਾਰੀ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਕੋਈ ਵੀ ਸਿੱਖ ਉਸ ਆਗੂ ਨਾਲ ਨਾ ਤਾਂ ਕੋਈ ਸਮਾਜਿਕ ਸਾਂਝ ਰੱਖ ਸਕਦਾ ਹੈ ਅਤੇ ਨਾ ਹੀ ਧਾਰਮਿਕ।**

**ਜਥੇਦਾਰ ਸਾਹਿਬ ਸਮੁੱਚੀ ਸਿੱਖ ਕੌਮ ਦੇ ਨਾਮ ਹੁਕਮਨਾਮਾ ਜਾਂ ਸੰਦੇਸ਼ ਜਾਰੀ ਕਰ ਕੇ ਸਰਕਾਰ ਦੇ ਇਸ ਕਾਨੂੰਨ (ਸਤਿਕਾਰ ਸੋਧ ਐਕਟ) ਦਾ ਬਾਈਕਾਟ ਕਰਨ ਦਾ ਆਦੇਸ਼ ਦੇ ਸਕਦੇ ਹਨ। ਉਹ ਸਰਕਾਰ ਵਿੱਚ ਸ਼ਾਮਲ ਸਿੱਖ ਮੰਤਰੀਆਂ ਜਾਂ ਵਿਧਾਇਕਾਂ ਨੂੰ ਚਿਤਾਵਨੀ ਦੇ ਸਕਦੇ ਹਨ ਕਿ ਉਹ ਆਪਣੀ ਸਰਕਾਰ ਨੂੰ ਇਸ ਪੰਥ ਵਿਰੋਧੀ ਫੈਸਲੇ ਤੋਂ ਪਿੱਛੇ ਹਟਣ ਲਈ ਮਜਬੂਰ ਕਰਨ, ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਕਾਰਵਾਈ ਹੋਵੇਗੀ।**


**ਜੇਕਰ ਸਰਕਾਰ 15 ਦਿਨਾਂ ਦੇ ਅਲਟੀਮੇਟਮ (ਜੋ ਕਿ ਲੰਘ ਚੁੱਕਾ ਹੈ) ਤੋਂ ਬਾਅਦ ਵੀ ਇਤਰਾਜ਼ਯੋਗ ਮੱਦਾਂ ਵਾਪਸ ਨਹੀਂ ਲੈਂਦੀ, ਤਾਂ ਜਥੇਦਾਰ ਸਾਹਿਬ ਸ਼੍ਰੋਮਣੀ ਕਮੇਟੀ, ਨਿਹੰਗ ਸਿੰਘ ਜਥੇਬੰਦੀਆਂ, ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਅਤੇ ਸਮੁੱਚੀਆਂ ਸੰਪਰਦਾਵਾਂ ਨੂੰ ਨਾਲ ਲੈ ਕੇ ਸਰਕਾਰ ਵਿਰੁੱਧ ਸ਼ਾਂਤਮਈ ਪੰਥਕ ਰੋਸ਼ ਪ੍ਰਦਰਸ਼ਨ ਜਾਂ ਮੋਰਚੇ ਦਾ ਐਲਾਨ ਕਰ ਸਕਦੇ ਹਨ।**

**ਮੌਜੂਦਾ ਸਥਿਤੀ: ਜਿਵੇਂ ਕਿ ਖ਼ਬਰ ਵਿੱਚ ਦੱਸਿਆ ਗਿਆ ਹੈ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਐਲਾਨ ਕੀਤਾ ਹੈ ਕਿ ਜੂਨ ਦੇ ਘੱਲੂਘਾਰਾ ਹਫ਼ਤੇ ਤੋਂ ਤੁਰੰਤ ਬਾਅਦ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਇਕੱਤਰਤਾ ਸੱਦੀ ਜਾ ਰਹੀ ਹੈ। ਇਸ ਇਕੱਤਰਤਾ ਵਿੱਚ ਮੁੱਖ ਮੰਤਰੀ ਦੇ 'ਹੈਂਕੜ ਭਰੇ ਰਵੱਈਏ' ਅਤੇ ਕਾਨੂੰਨ ਵਿੱਚ ਮਰਯਾਦਾ ਨਾਲ ਕੀਤੀ ਛੇੜਛਾੜ ਦਾ ਸਖ਼ਤ ਨੋਟਿਸ ਲੈਂਦਿਆਂ ਉਪਰੋਕਤ ਕਾਰਵਾਈਆਂ ਵਿੱਚੋਂ ਕੋਈ ਵੱਡਾ ਫ਼ੈਸਲਾ ਲਿਆ ਜਾ ਸਕਦਾ ਹੈ।**



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

**UK-born, well-educated, handsome Jatt Sikh boy (British citizen), age 23, height 5'9", holding a good government job in the UK. Seeking a beautiful, cultured and well-educated Jatt Sikh girl who understands family values. Interested families may share their biodata. Please contact: ✆ 00 91 80549-52346 or email:jatinder.pkg@gmail.com**

ਯੂ ਕੇ ਦੇ ਜੰਮ-ਪਲ ਪੜ੍ਹੇ-ਲਿਖੇ ਸੋਹਣੇ ਜਵਾਨ, ਜੱਟ ਸਿੱਖ ਲੜਕੇ (ਬ੍ਰਿਟਿਸ਼ ਨਾਗਰਿਕ), ਉਮਰ 23 ਸਾਲ, ਕੱਦ 5'9", ਯੂ ਕੇ ਵਿੱਚ ਚੰਗੀ ਸਰਕਾਰੀ ਨੌਕਰੀ ਲਈ ਸੁੰਦਰ, ਸੰਸਕਾਰੀ ਅਤੇ ਪੜ੍ਹੀ-ਲਿਖੀ ਜੱਟ ਸਿੱਖ ਲੜਕੀ ਦੀ ਲੋੜ ਹੈ, ਜੋ ਪਰਿਵਾਰਕ ਮੁੱਲਾਂ ਨੂੰ ਸਮਝਣ ਵਾਲੀ ਹੋਵੇ। ਚਾਹਵਾਨ ਪਰਿਵਾਰ ਲੜਕੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰ ਸਕਦੇ ਹਨ: 00 91 80549-52346 ਜਾਂ ਈਮੇਲ ਕਰੋ ਜੀ: email:jatinder.pkg@gmail.com

**UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.**

## CHANGE OF NAME

I, MRS SARABJEET KAUR W/O MANSIMARDEEP SINGH WHOSE PERMANENT ADDRESS IN INDIA IS VPO: HARIPUR PATTI RORIWALA, VIA: ADAMPUR DOABA, JALANDHAR, PIN: 144102, PUNJAB AND NOW LIVING AT 185 DARLASTON ROAD, WALSALL, WS2 9SD, (UK) HEREBY GIVE NOTICE OF MY INTENTION TO CHANGE MY NAME TO (GIVEN NAME) SARABJEET KAUR (SURNAME) GURAYA. (U)

I, MR MANSIMARDEEP SINGH S/O GURNEK SINGH WHOSE PERMANENT ADDRESS IN INDIA IS VPO: HARIPUR PATTI RORIWALA, VIA: ADAMPUR DOABA, JALANDHAR, PIN: 144102, PUNJAB AND NOW LIVING AT 185 DARLASTON ROAD, WALSALL, WS2 9SD, (UK) HEREBY GIVE NOTICE OF MY INTENTION TO CHANGE MY NAME TO (GIVEN NAME) MANSIMARDEEP SINGH (SURNAME) GURAYA. (U)

## CHANGE OF NAME

Please one tick box

☐ £30 Print in UK only

☐ £60 Print UK & India

☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85

# ਵਿਦੇਸ਼ੀਆਂ ਲਈ ਭਾਰਤ 'ਚ ਰਹਿਣ ਦੇ ਨਿਯਮਾਂ ਵਿਚ ਵੱਡਾ ਬਦਲਾਅ

## ✪ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਨਵੀਂ ਨੋਟੀਫਿਕੇਸ਼ਨ ਜਾਰੀ



ਨਵੀਂ ਦਿੱਲੀ-ਕੇਂਦਰੀ ਗ੍ਰਹਿ ਮੰਤਰਾਲੇ ਨੇ ਭਾਰਤ ਆਉਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ 'ਇਮੀਗ੍ਰੇਸ਼ਨ ਅਤੇ ਵਿਦੇਸ਼ੀ ਨਿਯਮ, 2025' ਦੇ ਤਹਿਤ ਨਿਯਮਾਂ ਵਿੱਚ ਇੱਕ ਮਹੱਤਵਪੂਰਨ ਸੋਧ ਕੀਤੀ ਹੈ। ਸਰਕਾਰ ਵੱਲੋਂ ਜਾਰੀ ਕੀਤੇ ਗਏ ਇਨ੍ਹਾਂ ਨਵੇਂ ਨਿਯਮਾਂ ਨੂੰ ਸੋਮਵਾਰ ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕਰ ਦਿੱਤਾ ਗਿਆ ਹੈ। ਇਸ ਨਵੇਂ ਬਦਲਾਅ ਦੇ ਤਹਿਤ, ਜੇਕਰ ਕੋਈ ਵਿਦੇਸ਼ੀ ਨਾਗਰਿਕ ਭਾਰਤ ਵਿੱਚ 180 ਦਿਨਾਂ (6 ਮਹੀਨੇ) ਤੋਂ ਵੱਧ ਸਮੇਂ ਲਈ ਰਹਿਣਾ ਚਾਹੁੰਦਾ ਹੈ, ਤਾਂ ਉਸ ਲਈ ਰਜਿਸਟ੍ਰੇਸ਼ਨ (ਪੰਜੀਕਰਨ) ਕਰਵਾਉਣ ਦੀ ਸਮਾਂ-ਸੀਮਾ ਦੇ ਨਿਯਮਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ।

### ਕੀ ਹੈ ਰਜਿਸਟ੍ਰੇਸ਼ਨ ਦਾ ਨਵਾਂ ਨਿਯਮ ?

ਨੋਟੀਫਿਕੇਸ਼ਨ ਮੁਤਾਬਕ, ਜਿਹੜੇ ਵਿਦੇਸ਼ੀ ਨਾਗਰਿਕ 180 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਦੇ ਵੈਧ ਵੀਜ਼ੇ 'ਤੇ ਭਾਰਤ ਆ ਰਹੇ ਹਨ, ਉਨ੍ਹਾਂ ਨੂੰ ਹੁਣ ਵਿਸ਼ੇਸ਼ ਸਾਵਧਾਨੀ ਵਰਤਣੀ ਹੋਵੇਗੀ: ਜੇਕਰ ਵਿਦੇਸ਼ੀ ਨਾਗਰਿਕ ਤੈਅ ਕੀਤੇ 180 ਦਿਨਾਂ ਤੋਂ ਜ਼ਿਆਦਾ ਸਮਾਂ ਦੇਸ਼ ਵਿੱਚ ਰਹਿਣ ਦੀ ਯੋਜਨਾ ਬਣਾ ਰਹੇ ਹਨ, ਤਾਂ ਉਨ੍ਹਾਂ ਨੂੰ ਆਪਣੀ ਰਜਿਸਟ੍ਰੇਸ਼ਨ ਪ੍ਰਕਿਰਿਆ 180 ਦਿਨਾਂ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਕਦੇ ਵੀ ਪੂਰੀ ਕਰਨੀ ਪਵੇਗੀ।

ਪੁਰਾਣਾ ਨਿਯਮ ਖ਼ਤਮ: ਇਸ ਤੋਂ ਪਹਿਲਾਂ ਨਿਯਮ ਇਹ ਸੀ ਕਿ ਵਿਦੇਸ਼ੀਆਂ ਨੂੰ ਭਾਰਤ ਆਉਣ ਦੇ 180 ਦਿਨਾਂ ਦੀ ਮਿਆਦ ਖ਼ਤਮ ਹੋਣ ਦੇ 14 ਦਿਨਾਂ ਦੇ ਅੰਦਰ ਰਜਿਸਟ੍ਰੇਸ਼ਨ ਕਰਾਉਣ ਦੀ ਇਜਾਜ਼ਤ ਹੁੰਦੀ ਸੀ, ਜਿਸ ਨੂੰ ਹੁਣ ਸੋਧ ਕੇ ਖ਼ਤਮ ਕਰ ਦਿੱਤਾ ਗਿਆ ਹੈ।

### ਵਿਦੇਸ਼ੀ ਮਾਪਿਆਂ ਦੇ ਬੱਚਿਆਂ ਨੂੰ ਮਿਲੀ ਵੱਡੀ ਛੋਟ

ਇਸ ਨਵੀਂ ਸੋਧ ਵਿੱਚ ਗ੍ਰਹਿ ਮੰਤਰਾਲੇ ਵੱਲੋਂ ਇੱਕ ਮਨੁੱਖੀ ਅਤੇ ਰਾਹਤ ਭਰਿਆ ਕਦਮ ਵੀ ਚੁੱਕਿਆ ਗਿਆ ਹੈ। ਨਵੇਂ ਨਿਯਮਾਂ ਦੇ ਤਹਿਤ, ਭਾਰਤ ਵਿੱਚ ਰਹਿ ਰਹੇ ਵਿਦੇਸ਼ੀ ਮਾਪਿਆਂ ਤੋਂ ਪੈਦਾ ਹੋਏ ਬੱਚਿਆਂ ਨਾਲ ਸਬੰਧਿਤ ਕੁਝ ਖ਼ਾਸ ਮਾਮਲਿਆਂ ਵਿੱਚ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਤੋਂ ਛੋਟ ਪ੍ਰਦਾਨ ਕੀਤੀ ਗਈ ਹੈ।

### ਨਿਯਮਾਂ ਦਾ ਉਦੇਸ਼

ਪ੍ਰਸ਼ਾਸਨਿਕ ਮਾਹਰਾਂ ਅਨੁਸਾਰ, ਇਹ ਬਦਲਾਅ ਦੇਸ਼ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਵਧੇਰੇ ਸੁਚਾਰੂ ਅਤੇ ਸੁਰੱਖਿਅਤ ਬਣਾਉਣ ਲਈ ਕੀਤਾ ਗਿਆ ਹੈ, ਤਾਂ ਜੋ ਦੇਸ਼ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੇ ਡੇਟਾ ਅਤੇ ਉਨ੍ਹਾਂ ਦੇ ਰਹਿਣ ਦੀ ਮਿਆਦ 'ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾ ਸਕੇ। ਇਹ ਨਵੇਂ ਨਿਯਮ ਤੁਰੰਤ ਪ੍ਰਭਾਵ ਨਾਲ ਲਾਗੂ ਮੰਨੇ ਜਾਣਗੇ ਅਤੇ ਹੁਣ ਭਾਰਤ ਆਉਣ ਵਾਲੇ ਹਰ ਵਿਦੇਸ਼ੀ ਨਾਗਰਿਕ ਨੂੰ ਦੇਸ਼ ਵਿੱਚ ਆਪਣੇ ਵੀਜ਼ੇ ਦੀ ਮਿਆਦ ਵਧਾਉਣ ਜਾਂ ਲੰਮਾ ਸਮਾਂ ਰਹਿਣ ਲਈ ਇਸ ਨਵੀਂ ਸਮਾਂ-ਸੀਮਾ ਦਾ ਪਾਲਣ ਕਰਨਾ ਲਾਜ਼ਮੀ ਹੋਵੇਗਾ।

# ਜੰਗ ਦਾ ਬੋਝ ਆਮ ਲੋਕਾਂ 'ਤੇ ਪੈ ਰਿਹਾ, ਸੰਘਰਸ਼ ਖਤਮ ਹੋਣਾ ਚਾਹੀਦਾ : ਨਿਊਯਾਰਕ ਦੇ ਮੇਅਰ

ਵਾਸ਼ਿੰਗਟਨ : ਨਿਊਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਮੱਧ ਪੂਰਬ ਵਿੱਚ ਚੱਲ ਰਹੇ ਸੈਨਿਕ ਟਕਰਾਅ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਇਸ ਸੰਘਰਸ਼ ਦਾ ਸਭ ਤੋਂ ਵੱਧ ਅਸਰ ਆਮ ਨਾਗਰਿਕਾਂ ਉੱਤੇ ਪੈ ਰਿਹਾ ਹੈ ਅਤੇ ਹੁਣ ਇਸ ਨੂੰ ਖਤਮ ਕਰਨ ਵੱਲ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇੱਕ ਸਮਾਜਿਕ ਮਾਧਿਅਮ ਉੱਤੇ ਜਾਰੀ ਕੀਤੇ ਸੰਦੇਸ਼ ਵਿੱਚ ਮਮਦਾਨੀ ਨੇ ਕਿਹਾ ਕਿ ਜੰਗਾਂ ਦੇ ਨਤੀਜੇ ਅਕਸਰ ਉਨ੍ਹਾਂ ਲੋਕਾਂ ਨੂੰ ਭੁਗਤਣੇ ਪੈਂਦੇ ਹਨ, ਜਿਨ੍ਹਾਂ ਦਾ ਫ਼ੈਸਲਾ ਲੈਣ ਦੀ ਪ੍ਰਕਿਰਿਆ ਨਾਲ ਕੋਈ ਸਿੱਧਾ ਸਬੰਧ ਨਹੀਂ ਹੁੰਦਾ। ਉਨ੍ਹਾਂ ਦਾ ਕਹਿਣਾ ਸੀ ਕਿ ਮਿਹਨਤਕਸ਼ ਵਰਗ ਅਤੇ ਆਮ ਪਰਿਵਾਰ ਹਮੇਸ਼ਾ ਅਜਿਹੇ ਟਕਰਾਵਾਂ ਦੀ ਸਭ ਤੋਂ ਵੱਡੀ ਕੀਮਤ ਅਦਾ ਕਰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਲੰਬੇ ਸਮੇਂ ਤੋਂ ਜਾਰੀ ਇਸ ਸੰਘਰਸ਼ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਜਾਨਾਂ ਗਈਆਂ ਹਨ ਅਤੇ ਕਈ ਪਰਿਵਾਰ ਆਪਣੇ ਪਿਆਰਿਆਂ ਤੋਂ ਵਾਂਝੇ ਹੋਏ ਹਨ। ਉਨ੍ਹਾਂ ਨੇ ਜੰਗ ਵਿੱਚ ਮਾਰੇ ਗਏ ਸੈਨਿਕਾਂ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਇਹ ਨੁਕਸਾਨ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।

# ਕੌਂਸਲਰ ਸਰਦੂਲ ਸਿੰਘ ਮਾਰਵਾ ਇੰਗਲੈਂਡ ਦੇ ਸ਼ਹਿਰ ਸੋਲੀਹੁੱਲ ਦੇ ਨਵੇਂ ਮੇਅਰ ਵਜੋਂ ਸੰਭਾਲਿਆ ਅਹੁਦਾ



ਲੰਡਨ -(ਮਨਪ੍ਰੀਤ ਸਿੰਘ ਬੱਧਨੀ ਕਲਾਂ) -ਇੱਕ ਇਤਿਹਾਸਕ ਅਤੇ ਮਾਣਮੱਤੇ ਪਲ ਦੌਰਾਨ, ਸੋਲੀਹੁੱਲ ਦੇ ਨਵੇਂ ਮੇਅਰ ਕੌਂਸਲਰ ਸਰਦੂਲ ਸਿੰਘ ਮਾਰਵਾ ਨੇ ਸਾਲ 2026-2027 ਲਈ ਅਧਿਕਾਰਤ ਤੌਰ 'ਤੇ ਆਪਣਾ ਅਹੁਦਾ ਸੰਭਾਲ ਲਿਆ ਹੈ। ਬਰਤਾਨੀਆ ਦੀ ਮਰਹੂਮ ਮਹਾਰਾਣੀ ਐਲਿਜ਼ਾਬੈਥ ਵਲੋਂ ਐਮ. ਬੀ. ਈ. ਦੇ ਸ਼ਾਹੀ ਸਨਮਾਨ ਨਾਲ ਸਨਮਾਨਿਤ ਹੋ ਚੁੱਕੇ ਮਾਰਵਾ 1982 'ਚ ਪਹਿਲੀ ਵਾਰ ਬਰਮਿੰਘਮ ਤੋਂ ਕੌਂਸਲਰ ਬਣੇ ਸਨ । 1995 ਤੋਂ ਜਸਟਿਸ ਆਫ ਪੀਸ ਦੀਆਂ ਸੇਵਾਵਾਂ ਨਿਭਾਉਣ ਵਾਲੇ ਸਰਦੂਲ ਸਿੰਘ ਮਾਰਵਾ ਕਈ ਸਭਾ ਸੁਸਾਇਟੀਆਂ 'ਚ ਸਰਗਰਮੀ ਨਾਲ ਭਾਗ ਲੈ ਰਹੇ ਹਨ। ਉਹ 1960 'ਚ ਪੰਜਾਬ ਤੋਂ ਯੂ.ਕੇ. ਆਏ।ਪੰਜਾਬੀ ਬੋਲੀ ਦੇ ਹਿਤੈਸ਼ੀ ਸ: ਮਰਵਾਹਾ 1965 ਵਿੱਚ ਯੂ.ਕੇ. ਦੇ ਸਭ ਤੋਂ ਪਹਿਲੇ ਪੰਜਾਬੀ ਭੰਗੜਾ ਸਮੂਹਾਂ ਵਿੱਚੋਂ ਇੱਕ, "ਦ ਮੁਸਾਫ਼ਿਰਸ" ਦੇ ਸਥਾਪਿਕ ਸਨ। ਇਸ ਦੇ ਨਾਲ ਹੀ ਉਹ ਜਨਤਕ ਬੁਲਾਰੇ, ਕਵੀ ਅਤੇ ਲੇਖਕ ਵਜੋਂ ਵੀ ਸਰਗਰਮ ਰਹੇ ਹਨ।


ਯੂ ਕੇ ਵਿੱਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੀ ਸ: ਮਾਰਵਾ ਨੇ ਅਣਥੱਕ ਸੇਵਾਵਾਂ ਨਿਭਾਈਆਂ ਹਨ। ਆਪਣੇ ਸਵਾਗਤੀ ਭਾਸ਼ਣ ਵਿੱਚ ਉਨ੍ਹਾਂ ਨੇ ਕੌਂਸਲ ਮੈਂਬਰਾਂ, ਪਤਵੰਤੇ ਸੱਜਣਾਂ ਅਤੇ ਸਥਾਨਕ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...


ਪਾਠ 31

1 2 3.........Counting

Learn to pronounce the numbers in Punjabi, and also learn to write

| | | | | | | | |
|---|---|---|---|---|---|---|---|
| 1 | One | ੧ | ਇੱਕ | 6 | Six | ੬ | ਛੇ |
| 2 | Two | ੨ | ਦੋ | 7 | Seven | ੭ | ਸੱਤ |
| 3 | Three | ੩ | ਤਿੰਨ | 8 | Eight | ੮ | ਅੱਠ |
| 4 | Four | ੪ | ਚਾਰ | 9 | Nine | ੯ | ਨੌਂ |
| 5 | Five | ੫ | ਪੰਜ | 10 | Ten | ੧੦ | ਦਸ |


Write each number five times

੧ ੬
੨ ੭
੩ ੮
੪ ੯
੫ ੧੦

Write 2 or 3 letter MUKTA words you learnt in the class:

Page 62 Level I

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# MANAK SOLICITORS



**Samir Moftah LL.B (Hons.)**
Deputy Head of Employment & Litigation Department

Samir advises on employment law, criminal defence, fare evasion, and litigation. His clear guidance and practical expertise help clients navigate complex cases with confidence. Known for his approachable style, he is dedicated to achieving the best possible results.

Contact Samir today for trusted legal support on telephone 01689 870769 or by email Samir.Moftah@manaksolicitors.co.uk

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent ★★★★★

Lexcel Legal Practice Quality Mark Law Society Accredited



Rajbir Singh Manak MA (Hons) | Surinder Singh Manak LLB (Hons)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਭਾਰਤੀ ਖੇਡ ਜਗਤ ਦੇ ਇੱਕ ਮਹਾਨ ਯੁੱਗ ਦਾ ਅੰਤ

# ਪੰਜ ਵਾਰ ਦੇ ਓਲੰਪੀਅਨ ਰਣਧੀਰ ਸਿੰਘ ਦਾ 79 ਸਾਲ ਦੀ ਉਮਰ ਵਿੱਚ ਚਲ ਵਸਿਆ

ਖਾਸ ਖਬਰ

ਬੀਤੇ ਦਿਨੀਂ ਪੰਜ ਵਾਰ ਦੇ ਓਲੰਪੀਅਨ, ਉੱਘੇ ਖੇਡ ਪ੍ਰਸ਼ਾਸਕ ਅਤੇ ਅਰਜੁਨ ਐਵਾਰਡੀ ਰਾਜਾ ਰਣਧੀਰ ਸਿੰਘ ਦਾ 79 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਪਟਿਆਲਾ ਦੇ ਸ਼ਾਹੀ ਅਤੇ ਖੇਡ ਪ੍ਰੇਮੀ ਪਰਿਵਾਰ ਵਿੱਚ ਜਨਮੇ ਰਣਧੀਰ ਸਿੰਘ ਦੀ ਪੂਰੀ ਜ਼ਿੰਦਗੀ ਖੇਡਾਂ, ਅਨੁਸ਼ਾਸਨ ਅਤੇ ਪ੍ਰਸ਼ਾਸਨ ਨੂੰ ਸਮਰਪਿਤ ਰਹੀ। ਉਨ੍ਹਾਂ ਨੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੱਕ ਭਾਰਤ ਅਤੇ ਏਸ਼ੀਆ ਦੀਆਂ ਖੇਡ ਨੀਤੀਆਂ ਨੂੰ ਘੜਨ ਵਿੱਚ ਇਤਿਹਾਸਕ ਭੂਮਿਕਾ ਨਿਭਾਈ।

ਰਣਧੀਰ ਸਿੰਘ ਨੇ ਉਸ ਅਮੀਰ ਖੇਡ ਪਰੰਪਰਾ ਨੂੰ ਅੱਗੇ ਵਧਾਇਆ ਜੋ ਉਨ੍ਹਾਂ ਦੇ ਖੂਨ ਵਿੱਚ ਸੀ। ਉਨ੍ਹਾਂ ਦੇ ਦਾਦਾ ਮਹਾਰਾਜਾ ਭੂਪਿੰਦਰ ਸਿੰਘ ਅਤੇ ਮਹਾਰਾਜਾ ਰਾਜਿੰਦਰ ਸਿੰਘ ਭਾਰਤੀ ਕ੍ਰਿਕਟ ਦੇ ਮੁੱਢਲੇ ਸਰਪ੍ਰਸਤਾਂ ਵਿੱਚੋਂ ਸਨ। ਉਨ੍ਹਾਂ ਦੇ ਤਾਇਆ ਮਹਾਰਾਜਾ ਯਾਦਵਿੰਦਰਾ ਸਿੰਘ ਨੇ 1934 ਵਿੱਚ ਭਾਰਤ ਲਈ ਟੈਸਟ ਕ੍ਰਿਕਟ ਖੇਡੀ ਅਤੇ 1951 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਪਹਿਲੀਆਂ ਏਸ਼ੀਆਈ ਖੇਡਾਂ ਦੇ ਗਠਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਉਨ੍ਹਾਂ ਦੇ ਪਿਤਾ ਰਾਜਾ ਭਲਿੰਦਰ ਸਿੰਘ ਵੀ 1982 ਦੀਆਂ ਦਿੱਲੀ ਏਸ਼ੀਆਈ ਖੇਡਾਂ ਦੌਰਾਨ ਓਲੰਪਿਕ ਕੌਂਸਲ ਆਫ਼ ਏਸ਼ੀਆ ਦੇ ਮੁਖੀ ਰਹੇ। ਰਣਧੀਰ ਸਿੰਘ ਇਸ ਪਰਿਵਾਰ ਦੇ ਤੀਜੇ ਮੈਂਬਰ ਸਨ, ਜਿਨ੍ਹਾਂ ਨੇ ਏਸ਼ੀਆਈ ਓਲੰਪਿਕ ਮੂਵਮੈਂਟ ਦੀ ਅਗਵਾਈ ਕੀਤੀ।

### ਨਿਸ਼ਾਨੇਬਾਜ਼ੀ ਵਿੱਚ ਚਮਕਾਇਆ ਦੇਸ਼ ਦਾ ਨਾਮ

ਇੱਕ ਸ਼ਾਨਦਾਰ ਪ੍ਰਸ਼ਾਸਕ ਹੋਣ ਤੋਂ ਪਹਿਲਾਂ ਰਣਧੀਰ ਸਿੰਘ ਦੇਸ਼ ਦੇ ਚੋਟੀ ਦੇ ਨਿਸ਼ਾਨੇਬਾਜ਼ ਸਨ। ਉਨ੍ਹਾਂ ਨੇ 1968 ਤੋਂ 1984 ਤੱਕ ਲਗਾਤਾਰ ਪੰਜ ਓਲੰਪਿਕ ਖੇਡਾਂ ਵਿੱਚ ਟ੍ਰੈਪ ਸ਼ੂਟਿੰਗ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। 1978 ਦੀਆਂ ਬੈਂਕਾਕ ਏਸ਼ੀਆਈ ਖੇਡਾਂ ਵਿੱਚ ਉਹ ਸੋਨ ਤਗਮਾ ਜਿੱਤਣ ਵਾਲੇ ਪਹਿਲੇ ਭਾਰਤੀ ਸ਼ੂਟਰ ਬਣੇ। ਇਸ ਤੋਂ ਬਾਅਦ 1982 ਦੀਆਂ ਦਿੱਲੀ ਏਸ਼ੀਆਈ ਖੇਡਾਂ ਵਿੱਚ ਉਨ੍ਹਾਂ ਨੇ ਭਾਰਤੀ ਟੀਮ ਲਈ ਚਾਂਦੀ ਦਾ ਤਗਮਾ ਜਿੱਤਿਆ। ਖੇਡਾਂ ਵਿੱਚ ਪਾਏ ਇਸ ਬੇਮਿਸਾਲ ਯੋਗਦਾਨ ਲਈ ਉਨ੍ਹਾਂ ਨੂੰ 1979 ਵਿੱਚ ਦੇਸ਼ ਦੇ ਵੱਕਾਰੀ 'ਅਰਜੁਨ ਐਵਾਰਡ' ਨਾਲ ਨਿਵਾਜਿਆ ਗਿਆ।

### ਖੇਡ ਪ੍ਰਸ਼ਾਸਨ ਦੇ 'ਭੀਸ਼ਮ ਪਿਤਾਮਾ'

ਸ਼ੂਟਿੰਗ ਰੇਂਜ ਤੋਂ ਬਾਹਰ ਆ ਕੇ ਰਣਧੀਰ ਸਿੰਘ ਨੇ ਖੇਡ ਸਿਆਸਤ ਅਤੇ ਪ੍ਰਸ਼ਾਸਨ ਵਿੱਚ ਗਲੋਬਲ ਪੱਧਰ 'ਤੇ ਭਾਰਤ ਦਾ ਦਬਦਬਾ ਬਣਾਇਆ। ਉਹ 1987 ਤੋਂ 2012 ਤੱਕ ਲੰਮਾ ਸਮਾਂ ਭਾਰਤੀ ਓਲੰਪਿਕ ਸੰਘ ਦੇ ਸਕੱਤਰ ਜਨਰਲ ਰਹੇ। ਉਹ ਅੰਤਰਰਾਸ਼ਟਰੀ ਓਲੰਪਿਕ



ਕਮੇਟੀ ਦੇ ਮੈਂਬਰ ਅਤੇ ਓਲੰਪਿਕ ਕੌਂਸਲ ਆਫ਼ ਏਸ਼ੀਆ ਦੇ ਕਾਰਜਕਾਰੀ ਪ੍ਰਧਾਨ ਦੇ ਅਹੁਦਿਆਂ 'ਤੇ ਵੀ ਬਿਰਾਜਮਾਨ ਰਹੇ।

ਭਾਰਤ ਵਿੱਚ 2010 ਵਿੱਚ ਹੋਈਆਂ ਕਾਮਨਵੈਲਥ ਖੇਡਾਂ (ਰਾਸ਼ਟਰਮੰਡਲ ਖੇਡਾਂ) ਨੂੰ ਦਿੱਲੀ ਲਿਆਉਣ ਵਿੱਚ ਉਨ੍ਹਾਂ ਦਾ ਸਭ ਤੋਂ ਵੱਡਾ ਅਤੇ ਇਤਿਹਾਸਕ ਯੋਗਦਾਨ ਮੰਨਿਆ ਜਾਂਦਾ ਹੈ। ਰਣਧੀਰ ਸਿੰਘ ਸਿਰਫ਼ ਵੱਡੀਆਂ ਖੇਡਾਂ ਤੱਕ ਹੀ ਸੀਮਿਤ ਨਹੀਂ ਸਨ। ਸਾਲ 2010 ਵਿੱਚ ਜਦੋਂ ਰੋਲਰ ਸਕੇਟਿੰਗ ਨੂੰ ਪਹਿਲੀ ਵਾਰ ਏਸ਼ੀਆਈ ਖੇਡਾਂ ਵਿੱਚ ਸ਼ਾਮਲ ਕੀਤਾ ਗਿਆ, ਤਾਂ ਭਾਰਤੀ ਟੀਮ ਦੀ ਸ਼ਮੂਲੀਅਤ ਨੂੰ ਲੈ ਕੇ ਕਈ ਅੜਚਨਾਂ ਸਨ। ਖੁਦ ਸਕੇਟਿੰਗ ਅਤੇ ਰੋਲਰ ਹਾਕੀ ਦੇ ਸ਼ੌਕੀਨ ਰਹੇ ਰਣਧੀਰ ਸਿੰਘ ਨੇ ਨਿੱਜੀ ਤੌਰ 'ਤੇ ਦਖ਼ਲ ਦੇ ਕੇ ਭਾਰਤੀ ਦਲ ਦਾ ਜਾਣਾ ਯਕੀਨੀ ਬਣਾਇਆ, ਜਿੱਥੇ ਭਾਰਤ ਨੇ ਦੋ ਕਾਂਸੀ ਦੇ ਤਗਮੇ ਜਿੱਤੇ। ਉਹ ਭਾਰਤੀ ਖੇਡਾਂ ਦੇ ਭੁੱਲੇ-ਵਿਸਰੇ ਨਾਇਕਾਂ ਅਤੇ ਇਤਿਹਾਸ ਨੂੰ ਸੰਭਾਲਣ ਲਈ ਹਮੇਸ਼ਾ ਤਤਪਰ ਰਹਿੰਦੇ ਸਨ।

### ਚੌਥੀ ਪੀੜ੍ਹੀ ਤੱਕ ਚੱਲਿਆ ਵਿਰਾਸਤ ਦਾ ਸਫ਼ਰ

ਉਨ੍ਹਾਂ ਦੀ ਖੇਡ ਵਿਰਾਸਤ ਸਿਰਫ਼ ਉਨ੍ਹਾਂ ਤੱਕ ਹੀ ਖ਼ਤਮ ਨਹੀਂ ਹੋਈ। ਉਨ੍ਹਾਂ ਦੀ ਧੀ ਰਾਜੇਸ਼ਵਰੀ ਕੁਮਾਰੀ ਨੇ ਹਾਂਗਜ਼ੂ ਏਸ਼ੀਆਈ ਖੇਡਾਂ (2023) ਵਿੱਚ ਨਿਸ਼ਾਨੇਬਾਜ਼ੀ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਪਰਿਵਾਰ ਦੀ ਚੌਥੀ ਪੀੜ੍ਹੀ ਵਜੋਂ ਦੇਸ਼ ਦਾ ਨਾਂ ਰੌਸ਼ਨ ਕੀਤਾ ਅਤੇ ਪੈਰਿਸ ਓਲੰਪਿਕ ਵਿੱਚ ਵੀ ਦੇਸ਼ ਦੀ ਨੁਮਾਇੰਦਗੀ ਕੀਤੀ। ਪੰਜਾਬ ਓਲੰਪਿਕ ਸੰਘ ਦੇ ਸੀਈਓ ਰਾਜਾ ਕੇ.ਐੱਸ. ਸਿੱਧੂ ਸਮੇਤ ਦੇਸ਼-ਵਿਦੇਸ਼ ਦੀਆਂ ਕਈ ਖੇਡ ਸ਼ਖ਼ਸੀਅਤਾਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਭਾਰਤੀ ਖੇਡ ਇਤਿਹਾਸ ਦੇ ਇੱਕ ਸੁਨਹਿਰੀ ਅਧਿਆਏ ਦਾ ਅੰਤ ਦੱਸਿਆ ਹੈ। 1951 ਵਿੱਚ ਇੱਕ ਬੱਚੇ ਦੇ ਰੂਪ ਵਿੱਚ ਏਸ਼ੀਆਈ ਖੇਡਾਂ ਦਾ ਮੁਢ ਬੱਝਦੇ ਦੇਖਣ ਵਾਲੇ ਰਣਧੀਰ ਸਿੰਘ ਅੱਜ ਖੁਦ ਇਤਿਹਾਸ ਦਾ ਹਿੱਸਾ ਬਣ ਗਏ ਹਨ, ਪਰ ਉਨ੍ਹਾਂ ਦੀਆਂ ਪੈੜਾਂ ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗਦਰਸ਼ਨ ਕਰਦੀਆਂ ਰਹਿਣਗੀਆਂ।

# ਕੀ ਕੈਨੇਡਾ ਬਣ ਚੁਕਾ ਹੈ 'ਗੈਂਗ ਭੂਮੀ'? ਅਮਨ-ਕਾਨੂੰਨ ਦੀ ਹਾਲਤ ਪੇਤਲੀ ਕਿਉਂ?

## >> ਨਿਊਜ਼ ਸਟੋਰੀ << ✪ ਲਾਰੈਂਸ ਬਿਸ਼ਨੋਈ ਗੈਂਗ ਦਾ ਦਾਅਵਾ-ਕੈਨੇਡਾ ਵਿੱਚ 1,000 ਤੋਂ ਵੱਧ ਸ਼ੂਟਰ ਮੌਜੂਦ

ਕੈਨੇਡਾ ਵਿੱਚ ਦੱਖਣੀ ਏਸ਼ੀਆਈ (ਮੁੱਖ ਤੌਰ 'ਤੇ ਪੰਜਾਬੀ) ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਫਿਰੌਤੀ ਅਤੇ ਗੋਲੀਬਾਰੀ ਦੇ ਮਾਮਲਿਆਂ ਦਰਮਿਆਨ ਇੱਕ ਬੇਹੱਦ ਹੈਰਾਨੀਜਨਕ ਖੁਲਾਸਾ ਹੋਇਆ ਹੈ। ਕੈਨੇਡੀਅਨ ਮੀਡੀਆ (ਗਲੋਬਲ ਨਿਊਜ਼ ਅਤੇ ਸੀਬੀਸੀ ਨਿਊਜ਼) ਦੀਆਂ ਤਾਜ਼ਾ ਰਿਪੋਰਟਾਂ ਅਨੁਸਾਰ, ਭਾਰਤ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗੈਂਗ ਨੇ ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਪੁਲੀਸ ਸਟੇਸ਼ਨ ਨੂੰ ਇੱਕ ਸਿੱਧੀ ਚਿੱਠੀ ਲਿਖ ਕੇ ਦਾਅਵਾ ਕੀਤਾ ਸੀ ਕਿ ਕੈਨੇਡਾ ਦੀ ਧਰਤੀ 'ਤੇ ਫਿਰੌਤੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਲਈ ਉਸ ਦੇ 1,000 ਤੋਂ ਵੱਧ ਸ਼ੂਟਰ/ਕਾਰਿੰਦੇ ਹਰ ਵੇਲੇ ਤਿਆਰ ਹਨ। ਇਹ ਖੁਲਾਸਾ ਐਡਮਿੰਟਨ ਪੁਲੀਸ ਦੇ ਫਿਰੌਤੀ ਮਾਮਲਿਆਂ ਦੇ ਜਾਂਚਕਰਤਾ ਕਾਂਸਟੇਬਲ ਕੇਵਿਨ ਸੇਂਟ ਲੁਈਸ ਨੇ ਇੱਕ ਗੈਂਗਸਟਰ ਜਸ਼ਦੀਪ ਸਿੰਘ ਦੇ ਦੇਸ਼ ਨਿਕਾਲੇ (ਡਿਪੋਰਟੇਸ਼ਨ) ਦੀ ਸੁਣਵਾਈ ਦੌਰਾਨ ਅਦਾਲਤ ਵਿੱਚ ਗਵਾਹੀ ਦਿੰਦੇ ਹੋਏ ਕੀਤਾ। ਹਾਲਾਂਕਿ, ਭਾਰਤ ਦੀ ਕੌਮੀ ਜਾਂਚ ਏਜੰਸੀ ਮੁਤਾਬਕ ਲਾਰੈਂਸ ਬਿਸ਼ਨੋਈ ਦੇ ਕੁੱਲ ਗੈਂਗ ਮੈਂਬਰਾਂ ਦੀ ਗਿਣਤੀ ਹੀ 700 ਦੇ ਕਰੀਬ ਹੈ, ਜਿਸ ਕਾਰਨ ਕੈਨੇਡਾ ਵਿੱਚ 1,000 ਸ਼ੂਟਰ ਹੋਣ ਦਾ ਦਾਅਵਾ ਇੱਕ 'ਫ਼ੋਕੀ ਫੜ੍ਹ' ਅਤੇ ਦਹਿਸ਼ਤ ਫੈਲਾਉਣ ਦੀ ਚਾਲ ਜ਼ਿਆਦਾ ਲੱਗਦਾ ਹੈ।

ਕੈਨੇਡਾ ਕਿਉਂ ਬਣਿਆ 'ਗੈਂਗ ਭੂਮੀ' ਅਤੇ ਅਮਨ-ਕਾਨੂੰਨ ਦੀ ਹਾਲਤ ਕਿਉਂ ਹੋਈ ਪੇਤਲੀ?-ਸਿਆਸੀ ਅਤੇ ਸੁਰੱਖਿਆ ਮਾਹਿਰਾਂ ਅਨੁਸਾਰ, ਕੈਨੇਡਾ ਵਿੱਚ ਅਪਰਾਧਿਕ ਨੈੱਟਵਰਕ ਐਨਾ ਮਜ਼ਬੂਤ ਹੋਣ ਅਤੇ ਉੱਥੋਂ ਦੀ ਸਰਕਾਰ ਦੇ ਬੇਵੱਸ ਨਜ਼ਰ ਆਉਣ ਦੇ ਪਿੱਛੇ ਕਈ ਵੱਡੇ ਕਾਰਨ ਹਨ: ਕੈਨੇਡਾ ਵਿੱਚ ਸਟੱਡੀ ਪਰਮਿਟ, ਵਰਕ ਪਰਮਿਟ ਜਾਂ ਅਸਥਾਈ ਵੀਜ਼ੇ 'ਤੇ ਜਾਣ ਵਾਲੇ ਭੋਲੇ-ਭਾਲੇ ਨੌਜਵਾਨਾਂ ਨੂੰ ਇਹ ਗੈਂਗਸਟਰ ਆਸਾਨੀ ਨਾਲ ਆਪਣੇ ਜਾਲ ਵਿੱਚ ਫਸਾ ਲੈਂਦੇ ਹਨ। ਪੁਲੀਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਹਾਲ ਹੀ ਵਿੱਚ ਡਿਪੋਰਟ ਕੀਤੇ ਗਏ ਕਈ ਕਥਿਤ ਸ਼ੂਟਰ (ਜਿਵੇਂ ਅਰਸ਼ਦੀਪ ਸਿੰਘ ਅਤੇ ਸੁਖਨਾਜ਼ ਸਿੰਘ ਸੰਧੂ) ਸਟੱਡੀ ਵੀਜ਼ੇ 'ਤੇ ਹੀ ਕੈਨੇਡਾ ਗਏ ਸਨ।

ਲਾਰੈਂਸ ਬਿਸ਼ਨੋਈ ਭਾਰਤ ਦੀ ਜੇਲ੍ਹ ਵਿੱਚ ਬੈਠਾ ਹੈ, ਪਰ ਉਸ ਦਾ ਗੈਂਗ ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਐਪਸ ਰਾਹੀਂ ਕੈਨੇਡਾ ਵਿੱਚ ਬੈਠੇ ਪੰਜਾਬੀ ਕਾਰੋਬਾਰੀਆਂ ਨੂੰ ਧਮਕੀਆਂ ਦਿੰਦਾ ਹੈ, "ਪ੍ਰੋਟੈਕਸ਼ਨ ਟੈਕਸ" ਮੰਗਦਾ ਹੈ ਅਤੇ ਪੈਸੇ ਨਾ ਮਿਲਣ 'ਤੇ ਹਿੰਸਾ ਕਰਵਾਉਂਦਾ ਹੈ। ਕੈਨੇਡੀਅਨ ਪੁਲੀਸ ਕੋਲ ਇਸ ਡਿਜੀਟਲ ਅਪਰਾਧ ਨਾਲ ਨਜਿੱਠਣ ਲਈ ਪੁਖ਼ਤਾ ਰਣਨੀਤੀ ਦੀ ਘਾਟ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਸਰਕਾਰ ਨੇ ਲੰਮੇ ਸਮੇਂ ਤੱਕ ਇਨ੍ਹਾਂ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਅਪਰਾਧੀਆਂ ਦੇ ਹੌਸਲੇ ਵਧ ਗਏ। ਹਾਲਾਂਕਿ, ਸਤੰਬਰ 2025 ਵਿੱਚ ਕੈਨੇਡਾ ਨੇ ਬਿਸ਼ਨੋਈ ਗੈਂਗ ਨੂੰ ਇੱਕ 'ਅਤਿਵਾਦੀ ਸੰਗਠਨ' ਵਜੋਂ ਘੋਸ਼ਿਤ ਜ਼ਰੂਰ ਕੀਤਾ, ਪਰ ਉਦੋਂ ਤੱਕ ਇਹ ਨੈੱਟਵਰਕ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਰਗੇ ਵੱਡੇ ਸੂਬਿਆਂ ਵਿੱਚ ਬੁਰੀ ਤਰ੍ਹਾਂ ਫੈਲ ਚੁੱਕਾ ਸੀ।

ਕੈਨੇਡਾ ਪੁਲੀਸ ਮੁਤਾਬਕ, ਬਿਸ਼ਨੋਈ ਗੈਂਗ ਦੇ ਅੰਦਰ ਵੀ ਵੱਡੀ ਫੁੱਟ ਪੈ ਚੁੱਕੀ ਹੈ। ਲਾਰੈਂਸ ਬਿਸ਼ਨੋਈ ਅਤੇ ਉਸ ਦਾ ਸਾਬਕਾ ਸਾਥੀ ਗੋਲਡੀ ਬਰਾੜ ਹੁਣ ਇੱਕ-ਦੂਜੇ ਦੇ ਕੱਟੜ ਦੁਸ਼ਮਣ ਬਣ ਚੁੱਕੇ ਹਨ। ਇਸੇ ਗੈਂਗਵਾਰ ਦੇ ਚਲਦਿਆਂ ਬੀਤੇ ਦਸੰਬਰ ਮਹੀਨੇ ਦੁਬਈ ਵਿੱਚ ਇੱਕ ਹੋਰ ਨਾਮੀ ਗੈਂਗਸਟਰ ਜੋਰਾ ਸਿੱਧੂ ਉਰਫ਼ ਸਿੱਪਾ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਗਿਆ ਸੀ। ਕੈਨੇਡਾ ਦੀ ਧਰਤੀ 'ਤੇ ਚੱਲ ਰਹੀ ਇਹ ਆਲਮੀ ਗੈਂਗਵਾਰ ਉੱਥੋਂ ਦੇ ਸ਼ਾਂਤਮਈ ਮਾਹੌਲ ਨੂੰ ਪੂਰੀ ਤਰ੍ਹਾਂ ਲੀਰੋ-ਲੀਰ ਕਰ ਰਹੀ ਹੈ। ਜਿਸ ਤਰ੍ਹਾਂ ਗੈਂਗਸਟਰ ਸਿੱਧੇ ਪੁਲੀਸ ਸਟੇਸ਼ਨਾਂ ਨੂੰ ਚਿੱਠੀਆਂ ਲਿਖ ਕੇ ਧਮਕੀਆਂ ਦੇ ਰਹੇ ਹਨ, ਉਸ ਤੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕੈਨੇਡੀਅਨ ਪ੍ਰਸ਼ਾਸਨ ਬੇਵੱਸ ਹੋ ਚੁੱਕਾ ਹੈ। ਪਰ ਮੌਜੂਦਾ ਸਥਿਤੀ ਇਹ ਹੈ ਕਿ ਹੁਣ ਕੈਨੇਡੀਅਨ ਅਧਿਕਾਰੀ ਜਾਗਦੇ ਨਜ਼ਰ ਆ ਰਹੇ ਹਨ।

ਪੁਲੀਸ ਨੇ ਵਿਸ਼ੇਸ਼ ਟਾਸਕ ਫੋਰਸਾਂ ਬਣਾ ਕੇ ਕਾਰਵਾਈ ਤੇਜ਼ ਕੀਤੀ ਹੈ, ਜਿਸ ਦੇ ਤਹਿਤ ਫਿਰੌਤੀ ਦੇ ਨੈੱਟਵਰਕ ਨਾਲ ਜੁੜੇ ਜਸ਼ਦੀਪ ਸਿੰਘ ਵਰਗੇ ਕਈ ਕਥਿਤ ਅਪਰਾਧੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਪਰ ਸੁਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਕੈਨੇਡਾ ਆਪਣੀ ਇਮੀਗ੍ਰੇਸ਼ਨ ਨੀਤੀ ਅਤੇ ਅੰਦਰੂਨੀ ਸੁਰੱਖਿਆ ਕਾਨੂੰਨਾਂ ਨੂੰ ਸਖ਼ਤ ਨਹੀਂ ਕਰਦਾ, ਉਦੋਂ ਤੱਕ ਗੈਂਗਸਟਰਾਂ ਦੇ ਇਸ ਫੈਲੇ ਹੋਏ ਜਾਲ ਨੂੰ ਜੜ੍ਹੋਂ ਪੁੱਟਣਾ ਲਗਭਗ ਅਸੰਭਵ ਹੋਵੇਗਾ।

# ਯੂਕੇ ਵਿੱਚ ਵਿਦਿਆਰਥੀ ਦੇ ਕਤਲ ਮਾਮਲੇ 'ਤੇ ਸਿਆਸਤ ਗਰਮ

## ✪ ਇੱਕ ਵਿਅਕਤੀ ਦੇ ਗੁਨਾਹ ਲਈ ਪੂਰੇ ਸਿੱਖ ਭਾਈਚਾਰੇ ਨੂੰ 'ਦੈਂਤ' ਬਣਾਉਣਾ ਗ਼ਲਤ-ਸਿੱਖ ਆਗੂ

**ਖਾਸ ਖ਼ਬਰ**

ਬਰਤਾਨੀਆ (ਯੂਕੇ) ਦੇ ਸਾਊਥੈਂਪਟਨ ਸ਼ਹਿਰ ਵਿੱਚ ਇੱਕ ਯੂਨੀਵਰਸਿਟੀ ਵਿਦਿਆਰਥੀ ਦੇ ਕਤਲ ਮਾਮਲੇ ਵਿੱਚ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਤੋਂ ਬਾਅਦ, ਬ੍ਰਿਟਿਸ਼ ਸਿਆਸੀ ਅਤੇ ਪੰਥਕ ਹਲਕਿਆਂ ਵਿੱਚ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਵਿਕਰਮ ਸਿੰਘ ਡਿਗਵਾ ਨੂੰ 21 ਸਾਲ ਦੀ ਸਜ਼ਾ ਸੁਣਾਈ ਹੈ। ਸਜ਼ਾ ਸੁਣਾਉਂਦੇ ਹੋਏ ਜੱਜ ਨੇ ਸਾਫ਼ ਕੀਤਾ ਕਿ ਇਹ ਸਿੱਖ ਧਰਮ ਦਾ ਮਾਮਲਾ ਨਹੀਂ ਹੈ। ਜੱਜ ਨੇ ਵਿਕਰਮ ਨੂੰ ਕਿਹਾ, "ਤੁਸੀਂ ਆਪਣੇ ਪਰਿਵਾਰ ਅਤੇ ਧਰਮ ਨੂੰ ਬਦਨਾਮ ਕੀਤਾ ਹੈ।" ਅਦਾਲਤ ਨੇ ਇਸ ਨੂੰ ਇੱਕ ਨਿੱਜੀ ਅਪਰਾਧ ਮੰਨਿਆ ਹੈ, ਨਾ ਕਿ ਧਾਰਮਿਕ ਮੁੱਦਾ। ਪਰ ਘਟਨਾ ਵਿੱਚ 'ਕਿਰਪਾਨ' (ਧਾਰਦਾਰ ਹਥਿਆਰ) ਦੀ ਵਰਤੋਂ ਹੋਣ ਦੀਆਂ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ, ਯੂਕੇ ਵਿੱਚ ਸਿੱਖ ਕਮਿਊਨਿਟੀ ਨੂੰ ਨਿਸ਼ਾਨਾ ਬਣਾਉਣ ਅਤੇ ਸਿੱਖਾਂ ਦੇ ਪਵਿੱਤਰ ਚਿੰਨ੍ਹ 'ਕਿਰਪਾਨ' 'ਤੇ ਪਾਬੰਦੀ ਲਗਾਉਣ ਦੀਆਂ ਮੰਗਾਂ ਉੱਠਣ ਲੱਗੀਆਂ ਹਨ, ਜਿਸ ਕਾਰਨ ਭਾਈਚਾਰੇ ਅੰਦਰ ਚਿੰਤਾ ਦਾ ਮਾਹੌਲ ਪੈਦਾ ਹੋ ਗਿਆ ਹੈ।

ਸੁਣਵਾਈ ਦੌਰਾਨ ਸਿੱਖ ਜਥੇਬੰਦੀਆਂ ਨੇ ਕਰਾਊਨ ਪ੍ਰੋਸੈਸਕਿਊਸ਼ਨ ਸਰਵਿਸ (ਸਰਕਾਰੀ ਵਕੀਲਾਂ) 'ਤੇ ਸਵਾਲ ਚੁੱਕੇ ਕਿ ਉਨ੍ਹਾਂ ਨੇ ਅਦਾਲਤ ਵਿੱਚ ਇਸ ਹਥਿਆਰ ਨੂੰ 'ਕਿਰਪਾਨ' ਕਿਉਂ ਕਿਹਾ ? ਸਿੱਖ ਆਗੂਆਂ ਮੁਤਾਬਕ ਉਹ ਇੱਕ ਵੱਡਾ ਹਮਲਾਵਰ 'ਖੰਜਰ' ਸੀ, ਜੋ ਕਿਰਪਾਨ ਦੀ ਮਰਿਯਾਦਾ ਦੇ ਬਿਲਕੁਲ ਉਲਟ ਹੈ।

### ਕਿਵੇਂ ਵਾਪਰੀ ਘਟਨਾ

ਇਹ ਦਰਦਨਾਕ ਘਟਨਾ ਸਾਊਥੈਂਪਟਨ ਸ਼ਹਿਰ ਵਿੱਚ ਉਸ ਵੇਲੇ ਵਾਪਰੀ ਸੀ, ਜਦੋਂ 18 ਸਾਲਾ ਯੂਨੀਵਰਸਿਟੀ ਵਿਦਿਆਰਥੀ ਹੈਨਰੀ ਨੋਵਾਕ ਆਪਣੇ ਦੋਸਤਾਂ ਨਾਲ ਰਾਤ ਬਿਤਾ ਕੇ ਘਰ ਪਰਤ ਰਿਹਾ ਸੀ। ਰਸਤੇ ਵਿੱਚ ਵਿਕਰਮ ਸਿੰਘ ਨੇ ਇੱਕ ਵੱਡੇ ਧਾਰਦਾਰ ਹਥਿਆਰ (ਖੰਜਰ) ਨਾਲ ਹੈਨਰੀ 'ਤੇ ਕਈ ਵਾਰ ਕੀਤੇ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸਜ਼ਾ ਸੁਣਾਉਂਦੇ ਹੋਏ ਜੱਜ ਵਿਲੀਅਮ ਮੌਸਲੇ ਕੇਸੀ ਨੇ ਵਿਕਰਮ ਸਿੰਘ ਦੇ ਇਸ ਕਾਰੇ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਦੋਸ਼ੀ ਪੂਰੀ ਤਰ੍ਹਾਂ ਹੋਸ਼-ਓ-ਹਵਾਸ ਵਿੱਚ ਸੀ ਅਤੇ ਉਸ ਦੀਆਂ ਹਰਕਤਾਂ ਨੇ ਸਾਊਥੈਂਪਟਨ ਅਤੇ ਇਸ ਤੋਂ ਬਾਹਰ ਨਸਲੀ ਤਣਾਅ ਨੂੰ ਭੜਕਾਇਆ ਹੈ, ਜਿਸ ਨਾਲ ਉਸ ਨੇ ਆਪਣੇ ਪਰਿਵਾਰ ਅਤੇ ਧਰਮ ਦਾ ਨਾਂ ਬਦਨਾਮ ਕੀਤਾ ਹੈ। ਅਦਾਲਤ ਦੇ ਅੰਦਰ ਵੀ ਫ਼ੈਸਲੇ ਦੌਰਾਨ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ ਜਦੋਂ ਦੋਵਾਂ ਪੱਖਾਂ ਦੇ ਸਮਰਥਕ ਅਤੇ ਰਿਸ਼ਤੇਦਾਰ ਆਹਮੋ-ਸਾਹਮਣੇ ਹੋ ਗਏ।

ਇਸ ਪੂਰੇ ਮਾਮਲੇ ਵਿੱਚ ਬ੍ਰਿਟਿਸ਼ ਪੁਲਿਸ (ਹੈਮਪਸ਼ਾਇਰ ਅਤੇ ਆਇਲ ਆਫ਼ ਵਾਈਟ





ਪੁਲਿਸ) ਦੀ ਕਾਰਜਪ੍ਰਣਾਲੀ 'ਤੇ ਵੀ ਗੰਭੀਰ ਸਵਾਲ ਉੱਠ ਰਹੇ ਹਨ ਅਤੇ ਪੁਲਿਸ ਖ਼ਿਲਾਫ਼ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਦਰਅਸਲ, ਘਟਨਾ ਤੋਂ ਤੁਰੰਤ ਬਾਅਦ ਦੋਸ਼ੀ ਵਿਕਰਮ ਸਿੰਘ ਨੇ ਪੁਲਿਸ ਨੂੰ ਗੁਮਰਾਹ ਕਰਦਿਆਂ ਝੂਠਾ ਦਾਅਵਾ ਕੀਤਾ ਸੀ ਕਿ ਹੈਨਰੀ ਨੇ ਉਸ ਨਾਲ ਨਸਲੀ ਵਿਤਕਰਾ ਕੀਤਾ ਸੀ, ਜਿਸ ਕਾਰਨ ਉਸ ਨੇ ਆਤਮ-ਰੱਖਿਆ ਵਿੱਚ ਇਹ ਕਦਮ ਚੁੱਕਿਆ।

ਇਸ ਝੂਠੇ ਬਿਆਨ ਦੇ ਪ੍ਰਭਾਵ ਵਿੱਚ ਆ ਕੇ, ਪੁਲਿਸ ਨੇ ਜ਼ਖ਼ਮੀ ਹਾਲਤ ਵਿੱਚ ਜ਼ਮੀਨ 'ਤੇ ਪਏ ਮਾਸੂਮ ਹੈਨਰੀ ਨੋਵਾਕ ਨੂੰ ਹੀ ਗ਼ਲਤੀ ਨਾਲ ਹੱਥਕੜੀ ਲਗਾ ਕੇ ਗ੍ਰਿਫ਼ਤਾਰ ਕਰ ਲਿਆ ਸੀ। ਹੱਥਕੜੀਆਂ ਲਗਾਉਣ ਕਾਰਨ ਹੈਨਰੀ ਨੂੰ ਤੁਰੰਤ ਜੋ ਐਮਰਜੈਂਸੀ ਮੈਡੀਕਲ ਸਹਾਇਤਾ ਮਿਲਣੀ ਚਾਹੀਦੀ ਸੀ, ਉਸ ਵਿੱਚ ਦੇਰੀ ਹੋ ਗਈ। ਪੁਲਿਸ ਦੀ ਇਸ ਲਾਪਰਵਾਹੀ 'ਤੇ ਡਿਪਟੀ ਚੀਫ਼ ਕਾਂਸਟੇਬਲ ਰੌਬਰਟ ਫਰਾਂਸ ਨੇ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਹੈ। ਦੂਜੇ ਪਾਸੇ, ਮ੍ਰਿਤਕ ਦੇ ਪਿਤਾ ਮਾਰਕ ਨੋਵਾਕ ਨੇ ਆਪਣੇ ਪੁੱਤ ਨਾਲ ਹੋਏ ਇਸ ਅਣਮਨੁੱਖੀ ਵਤੀਰੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੁਲਿਸ ਖ਼ਿਲਾਫ਼ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ਅਤੇ ਪ੍ਰਦਰਸ਼ਨਕਾਰੀਆਂ ਵੱਲੋਂ ਪੁਲਿਸ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਡਿਪਟੀ ਚੀਫ਼ ਕਾਂਸਟੇਬਲ ਰੌਬਰਟ ਫਰਾਂਸ ਨੇ ਅਦਾਲਤ ਵਿੱਚ ਮੰਨਿਆ ਕਿ ਇਹ ਪੁਲਿਸ ਇਤਿਹਾਸ ਦੀ ਬਹੁਤ ਵੱਡੀ ਅਤੇ ਸ਼ਰਮਨਾਕ ਗ਼ਲਤੀ ਸੀ। ਉਨ੍ਹਾਂ ਨੇ ਲਿਖਤੀ ਅਤੇ ਜਨਤਕ ਤੌਰ 'ਤੇ ਨੋਵਾਕ ਪਰਿਵਾਰ ਤੋਂ ਮਾਫ਼ੀ ਮੰਗੀ ਹੈ ਅਤੇ ਕਿਹਾ ਹੈ ਕਿ ਭਵਿੱਖ ਵਿੱਚ ਅਜਿਹੀ ਹੇਟ-ਕ੍ਰਾਈਮ ਦੀਆਂ ਅਫ਼ਵਾਹਾਂ ਦੇ ਅਧਾਰ 'ਤੇ ਬਿਨਾਂ ਜਾਂਚ ਕੀਤੇ ਕਾਰਵਾਈ ਨਹੀਂ ਕੀਤੀ ਜਾਵੇਗੀ।

ਵਿਕਰਮ ਸਿੰਘ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ, ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਇਲੋਨ ਮਸਕ ਸਮੇਤ ਕਈ ਸੱਜੇ ਪੱਖੀ ਹਸਤੀਆਂ ਨੇ ਯੂਕੇ ਵਿੱਚ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਇਜਾਜ਼ਤ ਦੇਣ ਵਾਲੇ ਕਾਨੂੰਨ ਦੀ ਤਿੱਖੀ ਆਲੋਚਨਾ ਕੀਤੀ ਹੈ। ਇਲੋਨ ਮਸਕ ਨੇ ਸੋਸ਼ਲ ਮੀਡੀਆ ਮੰਚ 'ਯ'



**ਜੱਜ ਵਿਲੀਅਮ ਮੌਸਲੇ ਕੇਸੀ**

'ਤੇ ਇਸ ਘਟਨਾ ਪ੍ਰਤੀ ਪੁਲਿਸ ਦੀ ਢਿੱਲੀ ਪ੍ਰਤੀਕਿਰਿਆ ਦੀ ਵੀ ਵਾਰ-ਵਾਰ ਨਿਖੇਧੀ ਕੀਤੀ। ਇਸ ਦੇ ਨਾਲ ਹੀ, 'ਰੀਫਾਰਮ ਯੂਕੇ' ਦੇ ਸੰਸਦ ਮੈਂਬਰ ਰਾਬਰਟ ਜੈਨਰਿਕ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਜਨਤਕ ਥਾਵਾਂ 'ਤੇ ਕਿਰਪਾਨ ਲੈ ਕੇ ਜਾਣ 'ਤੇ ਮੁਕੰਮਲ ਪਾਬੰਦੀ ਲਗਾਉਣ ਲਈ ਕਾਨੂੰਨੀ ਚਾਰਾਜੋਈ ਕਰੇਗੀ।

### ਸਿੱਖਾਂ ਵਿਰੁਧ ਨਸਲਵਾਦ, ਕੀ ਕਿਰਪਾਨ ਉਪਰ ਪਾਬੰਦੀ ਲਗੇਗੀ ?

ਯੂਕੇ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਅਤੇ ਪੂਰੇ ਭਾਈਚਾਰੇ ਦੇ ਅਕਸ ਨੂੰ ਵਿਗਾੜਨ ਦੀਆਂ ਕੋਸ਼ਿਸ਼ਾਂ 'ਤੇ ਯੂਕੇ ਸਿੱਖ ਫੈਡਰੇਸ਼ਨ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਫੈਡਰੇਸ਼ਨ ਦੇ ਪ੍ਰਮੁੱਖ ਆਗੂ ਭਾਈ ਦਬਿੰਦਰਜੀਤ ਸਿੰਘ ਨੇ ਦਾਅਵਾ ਕੀਤਾ ਕਿ ਇਸ ਮਾਮਲੇ ਦੇ ਆਲੇ-ਦੁਆਲੇ ਹੋਈ ਬਿਆਨਬਾਜ਼ੀ ਕਾਰਨ ਸਿੱਖ ਕਮਿਊਨਿਟੀ ਵਿਰੁੱਧ ਨਫ਼ਰਤੀ ਅਪਰਾਧਾਂ ਵਿੱਚ ਵੱਡਾ ਵਾਧਾ ਦੇਖਣ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਤਲ ਦੀ ਇਸ ਮੰਦਭਾਗੀ ਘਟਨਾ ਤੋਂ ਬਾਅਦ ਪੂਰੀ ਸਿੱਖ ਕੌਮ ਨੂੰ 'ਦੈਂਤ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਜੋ ਕਿ ਸਰਾਸਰ ਧੱਕਾ ਹੈ। ਭਾਈ ਦਬਿੰਦਰਜੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਕੋਈ ਇੱਕ ਵਿਅਕਤੀ ਕਾਨੂੰਨ ਤੋੜ ਕੇ ਕਿਸੇ ਦਾ ਕਤਲ ਕਰ ਸਕਦਾ ਹੈ, ਪਰ ਉਸ ਦੇ ਆਧਾਰ 'ਤੇ ਪੂਰੇ ਭਾਈਚਾਰੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਹ ਸਿੱਖ ਧਰਮ ਦਾ ਮਾਮਲਾ ਨਹੀਂ, ਬਲਕਿ ਇੱਕ ਵਿਅਕਤੀ ਦਾ ਨਿੱਜੀ ਗੁਨਾਹ ਹੈ।

ਉਨ੍ਹਾਂ ਅੱਗੇ ਸਪੱਸ਼ਟ ਕੀਤਾ ਕਿ ਦੋਸ਼ੀ ਕੋਲ ਕੋਈ 'ਆਮ ਕਿਰਪਾਨ' ਨਹੀਂ ਸੀ, ਬਲਕਿ ਉਹ ਇੱਕ ਘਾਤਕ ਹਮਲਾਵਰ ਹਥਿਆਰ ਸੀ। ਯੂਕੇ ਦੇ ਮੌਜੂਦਾ ਕਾਨੂੰਨ (ਫੌਜਦਾਰੀ ਨਿਆਂ ਕਾਨੂੰਨ 1988 ਦੀ ਧਾਰਾ 139) ਤਹਿਤ ਅੰਮ੍ਰਿਤਧਾਰੀ ਸਿੱਖਾਂ ਨੂੰ ਧਾਰਮਿਕ ਕਾਰਨਾਂ ਕਰਕੇ ਜਨਤਕ ਥਾਵਾਂ 'ਤੇ ਛੋਟੀ ਕਿਰਪਾਨ ਧਾਰਨ ਕਰਨ ਦੀ ਕਾਨੂੰਨੀ ਸੁਰੱਖਿਆ ਪ੍ਰਾਪਤ ਹੈ, ਜੋ ਸਕਾਟਲੈਂਡ ਦੇ ਰਵਾਇਤੀ ਪਹਿਰਾਵੇ 'ਸਗੀਅਨ ਡੂ' 'ਤੇ ਵੀ ਲਾਗੂ ਹੁੰਦੀ ਹੈ। ਪਰ ਕਾਨੂੰਨ ਮੁਤਾਬਕ ਹਮਲਾਵਰ ਇਰਾਦੇ ਨਾਲ ਕਿਰਪਾਨ ਨੂੰ ਬਾਹਰ ਕੱਢਣਾ ਸਖ਼ਤ ਗ਼ੈਰ-ਕਾਨੂੰਨੀ ਹੈ ਅਤੇ ਕਿਸੇ ਹਿੰਸਕ ਕਾਰਵਾਈ ਵਿੱਚ ਵਰਤੋਂ ਹੋਣ 'ਤੇ ਇਸ ਨੂੰ 'ਧਾਰਮਿਕ ਪ੍ਰਤੀਕ' ਨਹੀਂ, ਬਲਕਿ 'ਹਮਲਾਵਰ ਹਥਿਆਰ' ਮੰਨਿਆ ਜਾਂਦਾ ਹੈ।

ਫੈਡਰੇਸ਼ਨ ਨੇ ਅੰਮ੍ਰਿਤਧਾਰੀ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਰਪਾਨ ਧਾਰਨ ਕਰਨ ਦੇ ਨਾਲ ਜੁੜੀ ਗੰਭੀਰ ਜ਼ਿੰਮੇਵਾਰੀ ਅਤੇ ਕਾਨੂੰਨੀ ਸੀਮਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਕਿਉਂਕਿ ਜੇਕਰ ਕੋਈ ਇਸ ਦੀ ਗ਼ਲਤ ਵਰਤੋਂ ਕਰਦਾ ਹੈ, ਤਾਂ ਉਹ ਪਵਿੱਤਰ ਕਿਰਪਾਨ ਨਹੀਂ ਰਹਿ ਜਾਂਦੀ। ਇਸ ਦੇ ਨਾਲ ਹੀ, ਫੈਡਰੇਸ਼ਨ ਨੇ ਯੂਕੇ ਦੀ ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਯੂਕੇ ਵਿੱਚ ਸਿੱਖਾਂ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਨ੍ਹਾਂ ਨੂੰ ਉਸੇ ਤਰ੍ਹਾਂ ਅਧਿਕਾਰਤ ਤੌਰ 'ਤੇ ਦਰਜ ਕੀਤਾ ਜਾਵੇ, ਜਿਵੇਂ ਯਹੂਦੀਆਂ ਅਤੇ ਮੁਸਲਮਾਨਾਂ ਵਿਰੁੱਧ ਹੋਣ ਵਾਲੇ ਅਪਰਾਧਾਂ ਨੂੰ ਦਰਜ ਕੀਤਾ ਜਾਂਦਾ ਹੈ।

ਮੌਜੂਦਾ ਸਮੇਂ ਕਿਰਪਾਨ 'ਤੇ ਕੋਈ ਸਰਕਾਰੀ ਪਾਬੰਦੀ ਨਹੀਂ ਲੱਗੀ ਹੈ, ਪਰ ਸੱਜੇ ਪੱਖੀ ਪਾਰਟੀਆਂ ਵੱਲੋਂ ਇਸ ਨੂੰ ਸਿਆਸੀ ਮੁੱਦਾ ਜ਼ਰੂਰ ਬਣਾਇਆ ਜਾ ਰਿਹਾ ਹੈ। ਸਿੱਖ ਭਾਈਚਾਰਾ ਬ੍ਰਿਟਿਸ਼ ਸਰਕਾਰ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇੱਕ ਵਿਅਕਤੀ ਦੇ ਅਪਰਾਧ ਕਾਰਨ ਸਦੀਆਂ ਪੁਰਾਣੇ ਧਾਰਮਿਕ ਅਧਿਕਾਰ 'ਤੇ ਪਾਬੰਦੀ ਲਗਾਉਣਾ ਗ਼ਲਤ ਹੋਵੇਗਾ। ਯੂਕੇ ਦੇ 'Criminal Justice Act 1988' ਦੇ ਤਹਿਤ ਮਿਲੀ ਛੋਟ ਇੰਨੀ ਆਸਾਨੀ ਨਾਲ ਖ਼ਤਮ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਬ੍ਰਿਟੇਨ ਵਿੱਚ ਸਿੱਖਾਂ ਦੇ ਸਦੀਆਂ ਪੁਰਾਣੇ ਇਤਿਹਾਸ ਅਤੇ ਧਾਰਮਿਕ ਆਜ਼ਾਦੀ ਦੇ ਅਧਿਕਾਰ ਨਾਲ ਜੁੜੀ ਹੋਈ ਹੈ। ਮੌਜੂਦਾ ਲੇਬਰ ਪਾਰਟੀ ਦੀ ਸਰਕਾਰ ਨੇ ਅਜਿਹੀ ਕਿਸੇ ਪਾਬੰਦੀ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ।

# ਮੇਜਰ ਜਨਰਲ ਸੁਬੇਗ ਸਿੰਘ - ਜਿਨ੍ਹਾਂ ਸਿੱਖ ਅਣਖ ਦੀ ਰਾਖੀ ਲਈ ਸ਼ਹਾਦਤ ਦਿੱਤੀ

**✪ ਦੂਜੇ ਵਿਸ਼ਵ ਯੁੱਧ ਤੋਂ ਲੈ ਕੇ 1971 ਤੱਕ ਹਰ ਵੱਡੀ ਜੰਗ ਵਿਚ ਨਿਭਾਈ ਸੀ ਅਹਿਮ ਭੂਮਿਕਾ ✪ 'ਮੁਕਤੀ ਬਾਹਿਨੀ' ਨੂੰ ਖੜ੍ਹਾ ਕਰਨ ਵਾਲੇ ਮੁੱਖ ਸੂਤਰਧਾਰ ਸਨ ਮੇਜਰ' ✪ ਪਰਮ ਵਿਸ਼ਿਸ਼ਟ ਸੇਵਾ ਮੈਡਲ ਜੇਤੂ ਜਨਰਲ ਨੂੰ ਰਿਟਾਇਰਮੈਂਟ ਤੋਂ ਇੱਕ ਦਿਨ ਪਹਿਲਾਂ ਸਸਪੈਂਡ ਕਰਨ 'ਤੇ ਸਰਕਾਰ ਵਿਰੋਧੀ ਹੋਈ ਸੋਚ ✪ 'ਘਲੂਘਾਰਾ ਚੌਰਾਸੀ' ਦੌਰਾਨ ਦਰਬਾਰ ਸਾਹਿਬ ਦੀ ਅਜਿਹੀ ਮੋਰਚਾਬੰਦੀ ਕੀਤੀ ਕਿ ਭਾਰਤੀ ਫ਼ੌਜ ਦੇ ਉਖੜ ਗਏ ਸਨ ਪੈਰ**

## ਨਿਊਜ਼ ਸਟੋਰੀ

ਜੂਨ 1984 ਵਿੱਚ ਭਾਰਤੀ ਫ਼ੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਕੀਤੇ ਗਏ ਫੌਜੀ ਹਮਲੇ ਚੌਰਾਸੀ ਦਾ ਮੁਕਾਬਲਾ ਕਰਨ ਵਾਲੇ ਯੋਧਿਆਂ ਦੇ ਇਤਿਹਾਸ ਵਿੱਚ ਮੇਜਰ ਜਨਰਲ ਸੁਬੇਗ ਸਿੰਘ ਦਾ ਨਾਂ ਸਭ ਤੋਂ ਵਿਲੱਖਣ ਅਤੇ ਹੈਰਾਨੀਜਨਕ ਸ਼ਖ਼ਸੀਅਤ ਵਜੋਂ ਦਰਜ ਹੈ। ਸੁਬੇਗ ਸਿੰਘ ਭਾਰਤੀ ਫ਼ੌਜ ਦੇ ਉਹ ਚੋਟੀ ਦੇ ਰਣਨੀਤੀਕਾਰ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਤਿੰਨ ਦਹਾਕੇ ਭਾਰਤ ਦੀ ਰੱਖਿਆ ਲਈ ਲਗਾਏ, ਪਰ ਆਖਰੀ ਦਿਨਾਂ ਵਿੱਚ ਉਨ੍ਹਾਂ ਨੇ ਉਸੇ ਭਾਰਤੀ ਫ਼ੌਜ ਦੇ ਖ਼ਿਲਾਫ਼ ਦਰਬਾਰ ਸਾਹਿਬ ਅੰਦਰ ਇੱਕ ਅਜਿਹੀ ਮੋਰਚਾਬੰਦੀ ਦੀ ਅਗਵਾਈ ਕੀਤੀ, ਜਿਸ ਨੇ ਫ਼ੌਜੀ ਜਰਨੈਲਾਂ ਨੂੰ ਵੀ ਦੰਦਾਂ ਹੇਠ ਉਂਗਲ ਦਬਾਉਣ ਲਈ ਮਜਬੂਰ ਕਰ ਦਿੱਤਾ।

ਭਾਰਤ ਦੀ ਹਰ ਜੰਗ ਦੇ ਨਾਇਕ: 'ਕਿੰਗਜ਼ ਕਮਿਸ਼ਨ' ਤੋਂ 'ਮੁਕਤੀ ਬਾਹਿਨੀ' ਤੱਕ-18 ਸਾਲ ਦੀ ਉਮਰ ਵਿੱਚ 100 ਮੀਟਰ ਦੌੜ ਵਿੱਚ ਭਾਰਤੀ ਰਿਕਾਰਡ ਦੀ ਬਰਾਬਰੀ ਕਰਨ ਵਾਲੇ ਅਤੇ 7 ਭਾਸ਼ਾਵਾਂ ਦੇ ਮਾਹਿਰ ਸੁਬੇਗ ਸਿੰਘ 1942 ਵਿੱਚ ਬ੍ਰਿਟਿਸ਼ ਫ਼ੌਜ ਵਿੱਚ 'ਕਿੰਗਜ਼ ਕਮਿਸ਼ਨ' ਹਾਸਲ ਕਰਕੇ ਭਰਤੀ ਹੋਏ ਸਨ। ਉਨ੍ਹਾਂ ਦੇ ਛੋਟੇ ਬੇਟੇ ਪ੍ਰਿਤਪਾਲ ਸਿੰਘ ਮੁਤਾਬਕ, ਉਨ੍ਹਾਂ ਨੇ ਦੇਸ਼ ਅਤੇ ਵਿਦੇਸ਼ ਵਿੱਚ ਹਰ ਵੱਡੀ ਮੁਹਿੰਮ ਵਿੱਚ ਹਿੱਸਾ ਲਿਆ:

ਦੂਜਾ ਵਿਸ਼ਵ ਯੁੱਧ: ਸਿੰਗਾਪੁਰ ਅਤੇ ਮਲਾਇਆ ਨੂੰ ਆਜ਼ਾਦ ਕਰਵਾਉਣ ਵਾਲੀ ਬ੍ਰਿਟਿਸ਼ ਫੋਰਸ ਦਾ ਹਿੱਸਾ ਰਹੇ।

1947-48 ਕਸ਼ਮੀਰ ਜੰਗ: ਬ੍ਰਿਗੇਡੀਅਰ ਉਸਮਾਨ ਦੇ ਸਟਾਫ਼ ਅਫ਼ਸਰ ਵਜੋਂ ਪਾਕਿਸਤਾਨ ਖ਼ਿਲਾਫ਼ ਲੜੇ।

1962 ਅਤੇ 1965 ਜੰਗ: ਚੀਨ ਦੇ ਖ਼ਿਲਾਫ਼ ਜੰਗ ਵਿੱਚ ਜ਼ਖ਼ਮੀਆਂ ਨੂੰ ਮੋਢਿਆਂ 'ਤੇ ਚੁੱਕਿਆ ਅਤੇ 1965 'ਚ ਹਾਜੀਪੀਰ ਦੇ ਮੋਰਚੇ 'ਤੇ ਬਹਾਦਰੀ ਦਿਖਾ ਕੇ ਲੈਫਟੀਨੈਂਟ ਕਰਨਲ ਤੋਂ ਸਿੱਧਾ ਬ੍ਰਿਗੇਡੀਅਰ ਬਣੇ।

ਸਾਲ 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਫ਼ੌਜ ਮੁਖੀ ਸੈਮ ਮਾਨੇਕਸ਼ਾਅ ਦੇ ਹੁਕਮਾਂ 'ਤੇ ਸੁਬੇਗ ਸਿੰਘ ਨੂੰ ਇੱਕ ਬੇਹੱਦ ਗੁਪਤ ਮਿਸ਼ਨ ਸੌਂਪਿਆ ਗਿਆ। ਉਨ੍ਹਾਂ ਨੇ ਆਪਣੀ ਧਾਰਮਿਕ ਆਸਥਾ ਦੀ ਪ੍ਰਵਾਹ ਨਾ ਕਰਦਿਆਂ ਵਾਲ ਕਟਵਾਏ ਅਤੇ ਆਪਣਾ ਨਾਂ 'ਮਿਸਟਰ ਬੇਗ' ਰੱਖ ਕੇ ਅੰਡਰਗਰਾਊਂਡ ਰਹਿ ਕੇ ਬੰਗਾਲੀ ਖਾੜਕੂਆਂ ਦੀ ਜਥੇਬੰਦੀ 'ਮੁਕਤੀ ਬਾਹਿਨੀ' ਨੂੰ ਗੁਰੀਲਾ ਯੁੱਧ ਦੀ ਸਿਖਲਾਈ ਦਿੱਤੀ।

ਉਨ੍ਹਾਂ ਦੀ ਟ੍ਰੇਨਿੰਗ ਸਦਕਾ ਹੀ ਪਾਕਿਸਤਾਨੀ ਫ਼ੌਜ ਦੇ ਪੈਰ ਉਖੜ ਗਏ। ਪਾਕਿਸਤਾਨ ਦੇ ਜਨਰਲ ਰਾਓ ਫ਼ਰਮਾਨ ਅਲੀ ਨੇ 'ਮਿਸਟਰ ਬੇਗ' ਨੂੰ ਜਿਉਂਦਾ ਜਾਂ ਮੁਰਦਾ ਫੜਨ ਲਈ 10 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਇਸ ਇਤਿਹਾਸਕ ਸੇਵਾ ਲਈ ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਪਰਮ ਵਿਸ਼ਿਸ਼ਟ ਸੇਵਾ ਮੈਡਲ' ਨਾਲ ਨਿਵਾਜਿਆ ਸੀ।

ਦੇਸ਼ ਭਗਤ ਤੋਂ ਸਰਕਾਰ ਵਿਰੋਧੀ ਬਣਨ ਦਾ ਸਫ਼ਰ-ਬਰੇਲੀ ਵਿੱਚ ਤੈਨਾਤੀ ਦੌਰਾਨ ਜਨਰਲ ਸੁਬੇਗ ਸਿੰਘ ਨੇ ਇੱਕ ਆਡਿਟ ਰਿਪੋਰਟ ਵਿੱਚ ਵਿੱਤੀ ਗੜਬੜੀਆਂ ਦੀ ਜਾਂਚ ਸ਼ੁਰੂ ਕੀਤੀ, ਜੋ ਫ਼ੌਜ ਦੇ ਉੱਚ ਅਧਿਕਾਰੀਆਂ ਨੂੰ ਰਾਸ ਨਹੀਂ ਆਈ। ਨਤੀਜੇ ਵਜੋਂ, ਉਨ੍ਹਾਂ ਦੀ ਰਿਟਾਇਰਮੈਂਟ ਤੋਂ ਮਹਿਜ਼ ਇੱਕ ਦਿਨ ਪਹਿਲਾਂ ਉਨ੍ਹਾਂ ਨੂੰ ਬਿਨਾਂ ਕਿਸੇ ਕੋਰਟ ਮਾਰਸ਼ਲ ਦੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਅਤੇ ਪੈਨਸ਼ਨ ਰੋਕ ਕੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ ਗਏ।

ਭਾਵੇਂ ਅਦਾਲਤ ਨੇ ਬਾਅਦ ਵਿੱਚ ਇਨ੍ਹਾਂ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ, ਪਰ ਸਰਕਾਰ ਦੇ ਇਸ ਅਪਮਾਨਜਨਕ ਰਵੱਈਏ ਨੇ ਜਨਰਲ ਸੁਬੇਗ ਸਿੰਘ ਨੂੰ ਅੰਦਰੋਂ ਤੋੜ ਦਿੱਤਾ। ਮਨ ਦੀ ਸ਼ਾਂਤੀ ਲਈ ਉਹ ਧਰਮ ਵੱਲ ਮੁੜੇ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪ੍ਰਭਾਵ ਹੇਠ ਆ ਕੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਰਹਿਣ ਲੱਗੇ। ਪੰਥਕ ਸੂਤਰਾਂ ਦਾ ਇਹ ਵੀ ਮੰਨਣਾ ਹੈ ਕਿ 1982 ਵਿੱਚ ਦਿੱਲੀ ਏਸ਼ੀਆਈ ਖੇਡਾਂ ਦੌਰਾਨ ਹਰਿਆਣਾ ਪੁਲਿਸ ਵੱਲੋਂ ਦਿੱਲੀ ਜਾਣ ਵਾਲੇ ਸਿੱਖਾਂ ਦੀ (ਜਿਨ੍ਹਾਂ ਵਿੱਚ ਕਈ ਸਾਬਕਾ ਫ਼ੌਜੀ ਜਰਨੈਲ ਵੀ ਸਨ) ਤਲਾਸ਼ੀ ਲਈ ਗਈ ਅਤੇ ਅਪਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਅੰਮ੍ਰਿਤਸਰ ਵਿੱਚ ਇੱਕ ਵੱਡੀ 'ਸਾਬਕਾ ਫ਼ੌਜੀ ਰੈਲੀ' ਹੋਈ, ਜਿਸ ਵਿੱਚ 10,000 ਤੋਂ ਵੱਧ ਸਾਬਕਾ ਫ਼ੌਜੀਆਂ ਨੇ ਹਿੱਸਾ ਲਿਆ। ਇਸੇ ਦੌਰਾਨ ਜਨਰਲ ਸੁਬੇਗ ਸਿੰਘ ਚੰਡੀਗੜ੍ਹ ਤੋਂ ਅੰਮ੍ਰਿਤਸਰ ਆਏ ਅਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ।

ਜਨਰਲ ਸੁਬੇਗ ਸਿੰਘ ਨੇ ਸੰਤ ਭਿੰਡਰਾਂਵਾਲਿਆਂ ਦੇ ਭਾਸ਼ਣਾਂ ਵਿੱਚ ਸਿੱਖਾਂ ਨਾਲ ਹੁੰਦੇ ਵਿਤਕਰੇ ਦੀ ਆਵਾਜ਼ ਸੁਣੀ, ਜੋ ਉਨ੍ਹਾਂ ਦੇ ਆਪਣੇ ਨਿੱਜੀ ਦਰਦ ਨਾਲ ਮੇਲ ਖਾਂਦੀ ਸੀ। ਮਈ 1984 ਵਿੱਚ 'ਦਿ ਟੈਲੀਗ੍ਰਾਫ਼' ਨੂੰ ਦਿੱਤੀ ਆਪਣੀ ਆਖਰੀ ਇੰਟਰਵਿਊ ਵਿੱਚ ਜਨਰਲ ਨੇ ਖੁਦ ਮੰਨਿਆ ਸੀ: "ਸੰਤ ਭਿੰਡਰਾਂਵਾਲਿਆਂ ਨਾਲ ਮੇਰੇ ਸਬੰਧਾਂ 'ਤੇ ਸ਼ੱਕ ਕਰਨ ਦੀ ਕੋਈ ਲੋੜ ਨਹੀਂ... ਮੈਂ ਉਨ੍ਹਾਂ ਨੂੰ ਮਿਲਿਆ ਹਾਂ ਅਤੇ ਮੈਨੂੰ ਲੱਗਦਾ ਹੈ ਕਿ ਉਸ ਇਨਸਾਨ ਵਿੱਚ ਇੱਕ ਬਹੁਤ ਗੂੜ੍ਹੀ ਅਧਿਆਤਮਿਕਤਾ ਹੈ।"

ਦਰਬਾਰ ਸਾਹਿਬ ਦੀ ਇਤਿਹਾਸਕ ਮੋਰਚਾਬੰਦੀ-ਸੰਤ ਭਿੰਡਰਾਂਵਾਲੇ ਨੇ ਜਨਰਲ ਸੁਬੇਗ ਸਿੰਘ ਨੂੰ ਕੰਪਲੈਕਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ। ਸੁਬੇਗ ਸਿੰਘ ਨੇ ਆਪਣੀ



ਸਾਰੀ ਉਮਰ ਦੀ ਫ਼ੌਜੀ ਮੁਹਾਰਤ ਦੀ ਵਰਤੋਂ ਕਰਕੇ ਦਰਬਾਰ ਸਾਹਿਬ ਨੂੰ ਇੱਕ ਅਜਿਹੇ ਕਿਲ੍ਹੇ ਵਿੱਚ ਬਦਲ ਦਿੱਤਾ, ਜਿਸ ਨੂੰ ਫ਼ੌਜੀ ਭਾਸ਼ਾ ਵਿੱਚ 'ਕਿਲਿੰਗ ਗਰਾਊਂਡ' ਕਿਹਾ ਜਾਂਦਾ ਹੈ।

ਗੁਪਤ ਰਿਪੋਰਟਾਂ ਮੁਤਾਬਕ, ਜਨਰਲ ਸੁਬੇਗ ਸਿੰਘ ਕੰਪਲੈਕਸ ਦੇ ਅੰਦਰ ਨੌਜਵਾਨਾਂ ਨੂੰ ਆਧੁਨਿਕ ਹਥਿਆਰਾਂ (ਜਿਵੇਂ ਐਲ.ਐਮ.ਜੀ., ਕਾਰਬਾਈਨਾਂ ਅਤੇ ਰਾਈਫ਼ਲਾਂ) ਨੂੰ ਚਲਾਉਣ ਅਤੇ ਛਾਪਾਮਾਰ ਯੁੱਧ ਦੀ ਟ੍ਰੇਨਿੰਗ ਦੇ ਰਹੇ ਸਨ। ਉਹ ਜਾਣਦੇ ਸਨ ਕਿ ਫ਼ੌਜ ਕਿਵੇਂ ਹਮਲਾ ਕਰੇਗੀ, ਕਿਉਂਕਿ ਉਨ੍ਹਾਂ ਨੇ ਖੁਦ ਆਪਣੀ ਜ਼ਿੰਦਗੀ ਵਿੱਚ ਅਜਿਹੇ ਕਈ ਆਪਰੇਸ਼ਨ ਡਿਜ਼ਾਈਨ ਕੀਤੇ ਸਨ।

ਸੂਤਰਾਂ ਅਨੁਸਾਰ ਜਨਰਲ ਕੇ. ਐੱਸ. ਬਰਾੜ ਖੁਦ ਭੇਸ ਬਦਲ ਕੇ (ਸਧਾਰਨ ਕੱਪੜਿਆਂ ਵਿੱਚ) ਕੰਪਲੈਕਸ ਦੇ ਅੰਦਰ ਹਾਲਾਤ ਦਾ ਜਾਇਜ਼ਾ ਲੈਣ ਗਏ ਸਨ। ਗੁਪਤ ਰਿਪੋਰਟਾਂ ਮੁਤਾਬਕ, ਦੂਰਬੀਨ ਲੈ ਕੇ ਬੈਠੇ ਜਨਰਲ ਸੁਬੇਗ ਸਿੰਘ ਨੇ ਬਰਾੜ ਨੂੰ ਪਛਾਣ ਲਿਆ ਸੀ, ਪਰ ਉਨ੍ਹਾਂ ਨੇ ਸਿੰਘਾਂ ਨੂੰ ਗੋਲੀ ਚਲਾਉਣ ਤੋਂ ਰੋਕ ਦਿੱਤਾ ਕਿਉਂਕਿ ਉਹ ਕੰਪਲੈਕਸ ਦੇ ਅੰਦਰ ਬਿਨਾਂ ਭੜਕਾਹਟ ਦੇ ਪਹਿਲਾਂ ਹਮਲਾ ਨਹੀਂ ਕਰਨਾ ਚਾਹੁੰਦੇ ਸਨ।

ਭਾਰਤੀ ਫ਼ੌਜ ਦੇ ਜਰਨੈਲਾਂ (ਜਿਵੇਂ ਜਨਰਲ ਸੁੰਦਰਜੀ ਅਤੇ ਜਨਰਲ ਬਰਾੜ) ਨੂੰ ਇੰਟੈਲੀਜੈਂਸ ਨੇ ਰਿਪੋਰਟ ਦਿੱਤੀ ਸੀ ਕਿ ਅੰਦਰ ਸਿਰਫ਼ "ਕੁਝ ਅਨਾੜੀ ਖਾੜਕੂ" ਹਨ, ਪਰ ਉਹ ਇਹ ਭੁੱਲ ਗਏ ਕਿ ਉਨ੍ਹਾਂ ਦਾ ਸਾਹਮਣਾ ਉਸੇ ਜਨਰਲ ਨਾਲ ਹੈ ਜਿਸ ਨੇ ਭਾਰਤੀ ਫ਼ੌਜ ਦੇ ਕਈ ਅਫ਼ਸਰਾਂ ਨੂੰ ਖੁਦ ਟ੍ਰੇਨਿੰਗ ਦਿੱਤੀ ਸੀ। ਪੱਤਰਕਾਰ ਸ਼ੇਖਰ ਗੁਪਤਾ ਮੁਤਾਬਕ, ਇਹ ਫ਼ੌਜ ਦੀ ਸਭ ਤੋਂ ਵੱਡੀ ਇੰਟੈਲੀਜੈਂਸ ਫੇਲ੍ਹ ਸੀ।

ਮਿਲਟਰੀ ਇੰਟੈਲੀਜੈਂਸ ਦੀ ਸਭ ਤੋਂ ਗੁਪਤ ਰਿਪੋਰਟ ਇਹ ਸੀ ਕਿ ਜਨਰਲ ਸੁਬੇਗ ਸਿੰਘ ਨੇ ਪੂਰੇ ਦਰਬਾਰ ਸਾਹਿਬ ਕੰਪਲੈਕਸ ਨੂੰ ਇੱਕ 'ਕਿਲਿੰਗ ਜ਼ੋਨ' ਵਿੱਚ ਬਦਲ ਦਿੱਤਾ ਹੈ। ਉਨ੍ਹਾਂ ਨੇ ਹਥਿਆਰਾਂ ਦੀ ਪੋਜੀਸ਼ਨ ਜ਼ਮੀਨ ਤੋਂ ਮਹਿਜ਼ ਕੁਝ ਇੰਚ ਉੱਪਰ ਸੈੱਟ ਕੀਤੀ ਸੀ, ਤਾਂ ਜੋ ਫ਼ੌਜ ਦੇ ਜਵਾਨ ਜੇਕਰ ਲੇਟ ਕੇ ਵੀ ਅੱਗੇ ਵਧਣ, ਤਾਂ ਗੋਲੀ ਸਿੱਧੀ ਉਨ੍ਹਾਂ ਦੇ ਸਿਰ ਜਾਂ ਛਾਤੀ 'ਤੇ ਲੱਗੇ। ਇਸ ਰਿਪੋਰਟ ਨੂੰ ਦਿੱਲੀ ਵਿੱਚ ਬੈਠੇ ਕਈ ਸੀਨੀਅਰ ਫ਼ੌਜੀ ਅਧਿਕਾਰੀਆਂ ਨੇ ਸ਼ੁਰੂ ਵਿੱਚ ਹਲਕੇ ਵਿੱਚ ਲਿਆ, ਜਿਸ ਦਾ ਖ਼ਮਿਆਜ਼ਾ ਬਾਅਦ ਵਿੱਚ ਫ਼ੌਜ ਨੂੰ ਭਾਰੀ ਜਾਨੀ ਨੁਕਸਾਨ ਦੇ ਰੂਪ ਵਿੱਚ ਭੁਗਤਣਾ ਪਿਆ।

ਜਨਰਲ ਸੁਬੇਗ ਸਿੰਘ ਅਤੇ ਸੰਤ ਭਿੰਡਰਾਂਵਾਲਿਆਂ ਦਾ ਮੇਲ 'ਭਾਵਨਾਤਮਕ ਅਤੇ ਸਿਸਟਮ ਦੇ ਸਤਾਏ ਤੇ ਕੌਮੀ ਦਰਦ ਰੱਖਣ ਵਾਲੇ' ਦੋ ਇਨਸਾਨਾਂ ਦਾ ਮੇਲ ਸੀ। ਜਿੱਥੇ ਸੰਤਾਂ ਕੋਲ ਜਨਤਕ ਸਮਰਥਨ ਅਤੇ ਧਾਰਮਿਕ ਜਜ਼ਬਾ ਸੀ, ਉੱਥੇ ਜਨਰਲ ਸੁਬੇਗ ਸਿੰਘ ਕੋਲ ਦੁਨੀਆ ਦੀ ਸਭ ਤੋਂ ਖ਼ਤਰਨਾਕ ਗੁਰੀਲਾ ਰਣਨੀਤੀ ਸੀ। ਇਹੀ ਕਾਰਨ ਸੀ ਕਿ ਜਦੋਂ 5 ਜੂਨ 1984 ਨੂੰ ਫ਼ੌਜ ਅੰਦਰ ਦਾਖਲ ਹੋਈ, ਤਾਂ ਜਨਰਲ ਸੁਬੇਗ ਸਿੰਘ ਦੀ ਬਣਾਈ ਯੋਜਨਾ ਕਾਰਨ ਫ਼ੌਜ ਨੂੰ ਅਖੀਰ ਵਿੱਚ ਟੈਂਕ ਮੰਗਵਾਉਣੇ ਪਏ, ਜਿਸ ਦੀ ਯੋਜਨਾ ਪਹਿਲਾਂ ਬਿਲਕੁਲ ਨਹੀਂ ਸੀ।

ਸਾਬਕਾ ਫ਼ੌਜ ਮੁਖੀ ਜਨਰਲ ਵੀ. ਕੇ. ਸਿੰਘ ਅਤੇ ਸੀਨੀਅਰ ਪੱਤਰਕਾਰ ਸ਼ੇਖਰ ਗੁਪਤਾ ਦੇ ਲੇਖਾਂ ਮੁਤਾਬਕ, ਸੁਬੇਗ ਸਿੰਘ ਨੇ ਸਾਰੇ ਹਥਿਆਰਾਂ ਨੂੰ ਜ਼ਮੀਨ ਤੋਂ ਕੁਝ ਹੀ ਇੰਚ ਉੱਚਾ ਤਾਇਨਾਤ ਕੀਤਾ ਸੀ। ਇਸ ਟੈਕਟਿਕਸ ਕਾਰਨ ਕੰਪਲੈਕਸ ਵਿੱਚ ਦਾਖਲ ਹੋਏ ਭਾਰਤੀ ਫ਼ੌਜ ਦੇ ਸਰਵਸ਼੍ਰੇਸ਼ਠ ਕਮਾਂਡੋਆਂ ਦੇ ਸਿੱਧੇ ਪੈਰਾਂ 'ਤੇ ਗੋਲੀਆਂ ਲੱਗੀਆਂ ਅਤੇ ਰੇਂਗ ਕੇ ਅੱਗੇ ਵਧਣ ਵਾਲਿਆਂ ਦੇ ਸਿਰ ਨਿਸ਼ਾਨੇ 'ਤੇ ਆਏ। ਜੇਕਰ ਫ਼ੌਜ ਨੇ ਅਖੀਰ ਵਿੱਚ ਟੈਂਕ ਨਾ ਮੰਗਵਾਏ ਹੁੰਦੇ, ਤਾਂ ਖਾੜਕੂ ਫ਼ੌਜੀ ਕਾਰਵਾਈ ਨੂੰ ਸਵੇਰ ਤੱਕ ਟਾਲਣ ਵਿੱਚ ਸਫ਼ਲ ਹੋ ਜਾਂਦੇ।

ਰਹੱਸਮਈ ਮੌਤ ਅਤੇ ਅੰਤਿਮ ਸਸਕਾਰ ਤੋਂ ਇਨਕਾਰ-ਜਨਰਲ ਕੇ. ਐੱਸ. ਬਰਾੜ ਮੁਤਾਬਕ ਸੁਬੇਗ ਸਿੰਘ ਦੀ ਲਾਸ਼ ਅਕਾਲ ਤਖ਼ਤ ਦੇ ਤਹਿਖਾਨੇ ਵਿੱਚੋਂ ਮਿਲੀ ਸੀ, ਜਿਸ ਦੇ ਹੱਥ ਵਿੱਚ ਕਾਰਬਾਈਨ ਸੀ। ਦੂਜੇ ਪਾਸੇ, ਉਨ੍ਹਾਂ ਦੇ ਬੇਟੇ ਪ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੌਤ ਪਹਿਲੇ ਹੀ ਦਿਨ (5 ਜੂਨ) ਮਸ਼ੀਨਗੰਨ ਦੇ ਬਰਸਟ ਦੀਆਂ 7 ਗੋਲੀਆਂ ਲੱਗਣ ਨਾਲ ਹੋ ਗਈ ਸੀ, ਜਿਸ ਤੋਂ ਬਾਅਦ ਸੰਤ ਭਿੰਡਰਾਂਵਾਲੇ ਨੇ ਖੁਦ ਉਨ੍ਹਾਂ ਦੀ ਅਰਦਾਸ ਕਰਕੇ ਦੇਹ ਨੂੰ ਤਹਿਖਾਨੇ ਵਿੱਚ ਰੱਖਿਆ ਸੀ।

ਮੌਤ ਤੋਂ ਬਾਅਦ ਜਨਰਲ ਵੈਦਿਆ ਅਤੇ ਤਤਕਾਲੀ ਰਾਜਪਾਲ ਬੀ. ਡੀ. ਪਾਂਡੇ ਨੇ ਪਰਿਵਾਰ ਨੂੰ ਜਨਰਲ ਸੁਬੇਗ ਸਿੰਘ ਦੀ ਲਾਸ਼ ਜਾਂ ਅਸਥੀਆਂ ਸੌਂਪਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪਰਿਵਾਰ ਨੂੰ ਅੱਜ ਤੱਕ ਨਹੀਂ ਪਤਾ ਕਿ ਉਨ੍ਹਾਂ ਦੇ ਪਿਤਾ ਦਾ ਅੰਤਿਮ ਸਸਕਾਰ ਕਦੋਂ ਅਤੇ ਕਿੱਥੇ ਕੀਤਾ ਗਿਆ।

# ਡਰੈਗਨ ਦੀ ਨਵੀਂ ਚਾਲ: ਬੰਗਲਾਦੇਸ਼ ਰਾਹੀਂ ਭਾਰਤ ਨੂੰ ਤਿੰਨ ਪਾਸਿਓਂ ਘੇਰਨ ਦੀ ਤਿਆਰੀ !

## ✪ ਬੰਗਲਾਦੇਸ਼ ਵਿਚ ਚੀਨ ਦੀ ਐਂਟਰੀ ਕਰਵਾ ਰਹੇ ਨੇ ਤਾਰਿਕ ਰਹਿਮਾਨ ! ✪ ਪਾਣੀ 'ਤੇ ਸਿਆਸਤ: ਢਾਕਾ ਨੇ ਦਿੱਲੀ 'ਤੇ ਮੜ੍ਹਿਆ ਦੋਸ਼, ਚੀਨ ਨਾਲ ਮਿਲਾਇਆ ਹੱਥ ! ✪ ਸਿਲਿਗੁੜੀ ਕਾਰੀਡੋਰ ਜਾਂ ਚਿਕਨਸ ਨੈੱਕ ਦੇ ਨੇੜੇ ਚੀਨ ਦੀ ਮੌਜੂਦਗੀ ਭਾਰਤ ਲਈ ਵੱਡਾ ਖ਼ਤਰਾ

### >> ਨਿਊਜ਼ ਸਟੋਰੀ <<

ਭਾਰਤ ਦੀ ਵਿਦੇਸ਼ ਨੀਤੀ ਅਤੇ ਸੁਰੱਖਿਆ ਦੇ ਲਿਹਾਜ਼ ਨਾਲ ਗੁਆਂਢੀ ਦੇਸ਼ ਬੰਗਲਾਦੇਸ਼ ਤੋਂ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆ ਰਹੀ ਹੈ। ਪਾਕਿਸਤਾਨ ਅਤੇ ਸ਼੍ਰੀਲੰਕਾ ਵਿੱਚ ਚੀਨ ਦੇ ਵਧਦੇ ਪ੍ਰਭਾਵ ਕਾਰਨ ਭਾਰਤ ਪਹਿਲਾਂ ਹੀ ਚੌਕਸ ਹੈ, ਪਰ ਹੁਣ ਬੰਗਲਾਦੇਸ਼ ਵਿੱਚ ਵੀ ਚੀਨ ਦੀ ਦਖ਼ਲਅੰਦਾਜ਼ੀ ਤੇਜ਼ੀ ਨਾਲ ਵਧਣ ਲੱਗੀ ਹੈ। ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨੇ ਦੇਸ਼ ਵਿੱਚ ਪਾਣੀ ਦੇ ਸੰਕਟ ਨੂੰ ਦੂਰ ਕਰਨ ਦੇ ਬਹਾਨੇ ਚੀਨ ਨੂੰ ਭਾਰਤੀ ਸਰਹੱਦ ਦੇ ਬਿਲਕੁਲ ਨੇੜੇ ਲਿਆਉਣ ਦਾ ਇਸ਼ਾਰਾ ਦਿੱਤਾ ਹੈ, ਜਿਸ ਨਾਲ ਖੇਤਰੀ ਸਿਆਸਤ ਗਰਮਾ ਗਈ ਹੈ।

ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਵਿੱਚ ਪਾਣੀ ਦੀ ਕਿੱਲਤ ਨੂੰ ਖ਼ਤਮ ਕਰਨ ਅਤੇ ਖੇਤੀਬਾੜੀ ਨੂੰ ਮਜ਼ਬੂਤ ? ?ਕਰਨ ਲਈ ਦੋ ਵੱਡੀਆਂ ਨਦੀਆਂ-ਤੀਸਤਾ ਅਤੇ ਪਦਮਾ -'ਤੇ ਵੱਡੇ ਬੈਰਾਜ ਬਣਾਉਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ 'ਪਦਮਾ' ਉਹੀ ਨਦੀ ਹੈ ਜਿਸ ਨੂੰ ਭਾਰਤ ਵਿੱਚ 'ਗੰਗਾ' ਕਿਹਾ ਜਾਂਦਾ ਹੈ। ਇਸ ਮੈਗਾ ਪ੍ਰੋਜੈਕਟ ਵਿੱਚ ਚੀਨ ਦੀ ਭਾਈਵਾਲੀ ਤੈਅ ਮੰਨੀ ਜਾ ਰਹੀ ਹੈ, ਜਿਸ ਕਾਰਨ ਇਹ ਮੁੱਦਾ ਹੁਣ ਸਿਰਫ਼ ਵਿਕਾਸ ਦਾ ਨਹੀਂ ਸਗੋਂ ਇੱਕ ਵੱਡਾ ਰਣਨੀਤਕ ਵਿਵਾਦ ਬਣ ਗਿਆ ਹੈ।

ਗਾਜ਼ੀਪੁਰ ਵਿੱਚ ਇੱਕ ਵੱਡੇ ਪ੍ਰੋਗਰਾਮ ਦੌਰਾਨ ਤਾਰਿਕ ਰਹਿਮਾਨ ਨੇ ਇਨ੍ਹਾਂ ਬੈਰਾਜਾਂ ਨੂੰ ਬੰਗਲਾਦੇਸ਼ ਦੀ 'ਵਾਟਰ ਸਿਕਿਉਰਿਟੀ' (ਪਾਣੀ ਦੀ ਸੁਰੱਖਿਆ) ਲਈ ਜ਼ਰੂਰੀ ਦੱਸਿਆ। ਇਸ ਦੌਰਾਨ ਉਨ੍ਹਾਂ ਭਾਰਤ 'ਤੇ ਸਿੱਧਾ ਦੋਸ਼ ਲਗਾਉਂਦੇ ਹੋਏ ਕਿਹਾ ਕਿ "ਸੋਕੇ ਦੇ ਮੌਸਮ ਵਿੱਚ ਭਾਰਤ ਬੰਗਲਾਦੇਸ਼ ਵੱਲ ਆਉਣ ਵਾਲੇ ਪਾਣੀ ਦੇ ਪ੍ਰਵਾਹ ਨੂੰ ਘਟਾ ਦਿੰਦਾ ਹੈ। ਭਾਰਤ ਆਪਣੀ ਸਰਹੱਦ ਦੇ ਨੇੜੇ ਬਣੇ ਬੈਰਾਜਾਂ ਰਾਹੀਂ ਪਾਣੀ ਨੂੰ ਉੱਪਰਲੇ ਇਲਾਕਿਆਂ ਵੱਲ ਮੋੜ ਦਿੰਦਾ ਹੈ, ਜਿਸ ਕਾਰਨ ਪਦਮਾ ਨਦੀ ਵਿੱਚ ਬੰਗਲਾਦੇਸ਼ ਦੇ ਹਿੱਸੇ ਦਾ ਪਾਣੀ ਘੱਟ ਜਾਂਦਾ ਹੈ।"



ਤਾਰਿਕ ਮੁਤਾਬਕ ਨਵੇਂ ਬੈਰਾਜ ਬਣਨ ਨਾਲ ਰਾਜਸ਼ਾਹੀ ਸਮੇਤ ਬੰਗਲਾਦੇਸ਼ ਦੇ ਉੱਤਰੀ ਅਤੇ ਦੱਖਣੀ ਖੇਤਰਾਂ ਦੇ ਕਿਸਾਨਾਂ ਨੂੰ ਫਾਇਦਾ ਹੋਵੇਗਾ।

ਤੀਸਤਾ ਅਤੇ ਪਦਮਾ ਨਦੀਆਂ ਦੇ ਪਾਣੀ ਦੀ ਵੰਡ ਨੂੰ ਲੈ ਕੇ ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਕਈ ਦਹਾਕਿਆਂ ਤੋਂ ਵਿਵਾਦ ਚੱਲ ਰਿਹਾ ਹੈ।

ਪਹਿਲਾਂ ਪੂਰਵ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਕਾਰਜਕਾਲ ਦੌਰਾਨ ਇਸ 'ਤੀਸਤਾ ਮੈਗਾ ਪ੍ਰੋਜੈਕਟ' 'ਤੇ ਥੋੜ੍ਹਾ ਕੰਮ ਹੋਇਆ ਸੀ। ਜੁਲਾਈ 2024 ਵਿੱਚ ਉਨ੍ਹਾਂ ਦੀ ਸਰਕਾਰ ਨੇ ਭਾਰਤ ਨਾਲ ਮਿਲ ਕੇ ਇਸ ਪ੍ਰੋਜੈਕਟ 'ਤੇ ਕੰਮ ਕਰਨ ਦੀ ਇੱਛਾ ਜਤਾਈ ਸੀ, ਪਰ ਕੁਝ ਸਮੇਂ ਬਾਅਦ ਹੀ ਉਨ੍ਹਾਂ ਦਾ ਤਖਤਾਪਲਟ ਹੋ ਗਿਆ ਸੀ।

ਸ਼ੇਖ ਹਸੀਨਾ ਦੇ ਸੱਤਾ ਤੋਂ ਹਟਣ ਤੋਂ ਬਾਅਦ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਅਤੇ ਹੁਣ ਤਾਰਿਕ ਰਹਿਮਾਨ ਦੀ ਸਰਕਾਰ ਚੀਨ ਦੇ ਬਹੁਤ ਕਰੀਬ ਆ ਗਈ ਹੈ। ਹਾਲ ਹੀ ਵਿੱਚ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਖਲੀਲੁਰ ਰਹਿਮਾਨ ਨੇ ਚੀਨ ਦਾ ਦੌਰਾ ਕਰਕੇ ਇਸ ਪ੍ਰੋਜੈਕਟ ਲਈ ਰਸਮੀ ਮਦਦ ਮੰਗੀ ਸੀ, ਜਿਸ ਨੂੰ ਚੀਨ ਨੇ ਮਨਜ਼ੂਰੀ ਦੇ ਦਿੱਤੀ ਹੈ।

ਭਾਰਤ ਨੇ ਲਗਾਤਾਰ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਹੈ ਕਿ ਇਸ ਰਣਨੀਤਕ ਖੇਤਰ (ਸਿਲਿਗੁੜੀ ਕਾਰੀਡੋਰ ਜਾਂ ਚਿਕਨਸ ਨੈੱਕ ਦੇ ਨੇੜੇ) ਵਿੱਚ ਚੀਨ ਦੀ ਮੌਜੂਦਗੀ ਭਾਰਤ ਦੀ ਰਾਸ਼ਟਰੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਤੀਸਤਾ ਨਦੀ ਦਾ ਇਲਾਕਾ ਭਾਰਤ ਦੇ ਸਿਲਿਗੁੜੀ ਕਾਰੀਡੋਰ ਦੇ ਬਹੁਤ ਨੇੜੇ ਹੈ। ਇਹ ਸਿਰਫ਼ 22 ਕਿਲੋਮੀਟਰ ਚੌੜੀ ਪੱਟੀ ਹੈ ਜੋ ਪੂਰੇ ਨੌਰਥ-ਈਸਟ (ਉੱਤਰ-ਪੂਰਬੀ ਭਾਰਤ) ਨੂੰ ਬਾਕੀ ਦੇਸ਼ ਨਾਲ ਜੋੜਦੀ ਹੈ। ਜੇਕਰ ਚੀਨੀ ਇੰਜੀਨੀਅਰ ਜਾਂ ਫ਼ੌਜੀ ਨਿਰਮਾਣ ਦੇ ਬਹਾਨੇ ਇੱਥੇ ਪੱਕੇ ਤੌਰ 'ਤੇ ਬੈਠ ਗਏ, ਤਾਂ ਇਹ ਭਾਰਤ ਦੀ ਸੁਰੱਖਿਆ ਲਈ ਬਹੁਤ ਵੱਡਾ ਝਟਕਾ ਹੋਵੇਗਾ। ਭਾਰਤ ਪਹਿਲਾਂ ਹੀ ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਚੀਨ ਨਾਲ ਉਲਝਿਆ ਹੋਇਆ ਹੈ। ਬੰਗਲਾਦੇਸ਼ ਸਰਹੱਦ 'ਤੇ ਚੀਨ ਦੀ ਮੌਜੂਦਗੀ ਭਾਰਤੀ ਫ਼ੌਜ 'ਤੇ ਦਬਾਅ ਵਧਾਏਗੀ, ਜਿਸ ਨਾਲ ਸਰਹੱਦੀ ਝੜਪਾਂ ਜਾਂ ਤਣਾਅ ਵਧਣ ਦਾ ਖ਼ਤਰਾ ਹਮੇਸ਼ਾ ਬਣਿਆ ਰਹੇਗਾ।

ਖੇਤੀਬਾੜੀ ਅਤੇ ਕਿਸਾਨਾਂ ਦੇ ਨਾਮ 'ਤੇ ਚੀਨ ਨੂੰ ਭਾਰਤੀ ਸਰਹੱਦ ਦੇ ਇੰਨੇ ਨੇੜੇ ਲਿਆ ਕੇ ਤਾਰਿਕ ਰਹਿਮਾਨ ਇੱਕ ਨਵੇਂ ਤਣਾਅ ਨੂੰ ਜਨਮ ਦੇ ਰਹੇ ਹਨ। ਜੇਕਰ ਇਹ ਪ੍ਰੋਜੈਕਟ ਅੱਗੇ ਵਧਦਾ ਹੈ, ਤਾਂ ਭਾਰਤ ਲਈ ਪਾਕਿਸਤਾਨ ਅਤੇ ਸ਼੍ਰੀਲੰਕਾ ਤੋਂ ਬਾਅਦ ਬੰਗਲਾਦੇਸ਼ ਸਰਹੱਦ 'ਤੇ ਵੀ ਚੀਨ ਦੇ ਰੂਪ ਵਿੱਚ ਇੱਕ ਨਵਾਂ ਮੋਰਚਾ ਖੁੱਲ੍ਹ ਸਕਦਾ ਹੈ। ਸਭ ਤੋਂ ਅਹਿਮ ਸਵਾਲ ਹੈ। ਮਾਲਦੀਵ, ਨੇਪਾਲ, ਸ਼੍ਰੀਲੰਕਾ, ਪਾਕਿਸਤਾਨ ਅਤੇ ਹੁਣ ਬੰਗਲਾਦੇਸ਼-ਸਾਰਿਆਂ ਦਾ ਚੀਨ ਵੱਲ ਝੁਕਾਅ ਵਧ ਰਿਹਾ ਹੈ। ਇਸ ਦੇ ਪਿੱਛੇ 3 ਮੁੱਖ ਕਾਰਨ ਹਨ:

ਚੀਨ ਇਨ੍ਹਾਂ ਛੋਟੇ ਦੇਸ਼ਾਂ ਨੂੰ ਵਿਕਾਸ ਅਤੇ ਇਨਫਰਾਸਟ੍ਰਕਚਰ (ਡੈਮ, ਪੋਰਟ, ਹਾਈਵੇਅ) ਦੇ ਨਾਮ 'ਤੇ ਅੰਨ੍ਹਾ ਕਰਜ਼ਾ ਦਿੰਦਾ ਹੈ। ਜਦੋਂ ਇਹ ਦੇਸ਼ ਕਰਜ਼ਾ ਨਹੀਂ ਮੋੜ ਪਾਉਂਦੇ, ਤਾਂ ਚੀਨ ਉਨ੍ਹਾਂ ਦੀ ਜ਼ਮੀਨ ਅਤੇ ਨੀਤੀਆਂ 'ਤੇ ਕਬਜ਼ਾ ਕਰ ਲੈਂਦਾ ਹੈ (ਜਿਵੇਂ ਸ਼੍ਰੀਲੰਕਾ ਦਾ ਹੰਬਨਟੋਟਾ ਪੋਰਟ)।

ਇਨ੍ਹਾਂ ਦੇਸ਼ਾਂ ਵਿੱਚ ਜਦੋਂ ਵੀ ਚੋਣਾਂ ਹੁੰਦੀਆਂ ਹਨ, ਉੱਥੋਂ ਦੇ ਸਥਾਨਕ ਨੇਤਾ ਆਪਣੀਆਂ ਨਾਕਾਮੀਆਂ ਛੁਪਾਉਣ ਲਈ 'ਇੰਡੀਆ ਆਊਟ' ਜਾਂ ਭਾਰਤ-ਵਿਰੋਧੀ ਸਿਆਸਤ ਚਮਕਾਉਂਦੇ ਹਨ। ਬੰਗਲਾਦੇਸ਼ ਵਿੱਚ ਸ਼ੇਖ ਹਸੀਨਾ ਨੂੰ 'ਭਾਰਤ ਪੱਖੀ' ਮੰਨਿਆ ਜਾਂਦਾ ਸੀ, ਇਸ ਲਈ ਉਨ੍ਹਾਂ ਦੇ ਹਟਣ ਤੋਂ ਬਾਅਦ ਆਈ ਨਵੀਂ ਲੀਡਰਸ਼ਿਪ (ਤਾਰਿਕ ਰਹਿਮਾਨ ਆਦਿ) ਖ਼ੁਦ ਨੂੰ ਦੇਸ਼ਭਗਤ ਦਿਖਾਉਣ ਲਈ ਭਾਰਤ ਵਿਰੋਧੀ ਬਿਆਨਬਾਜ਼ੀ ਕਰ ਰਹੀ ਹੈ। ਛੋਟੇ ਗੁਆਂਢੀ ਦੇਸ਼ਾਂ ਨੂੰ ਅਕਸਰ ਇਹ ਡਰ ਰਹਿੰਦਾ ਹੈ ਕਿ ਭਾਰਤ ਇੱਕ ਬਹੁਤ ਵੱਡਾ ਦੇਸ਼ ਹੈ ਅਤੇ ਉਹ ਉਨ੍ਹਾਂ ਦੀ ਅੰਦਰੂਨੀ ਸਿਆਸਤ ਵਿੱਚ ਦਖ਼ਲ ਦਿੰਦਾ ਹੈ। ਚੀਨ ਇਸੇ ਡਰ ਦਾ ਫਾਇਦਾ ਉਠਾਉਂਦਾ ਹੈ ਅਤੇ ਉਨ੍ਹਾਂ ਨੂੰ 'ਬਰਾਬਰੀ ਦਾ ਹਿੱਸੇਦਾਰ' ਬਣਨ ਦਾ ਡਰਾਮਾ ਕਰਕੇ ਆਪਣੇ ਵੱਲ ਖਿੱਚ ਲੈਂਦਾ ਹੈ।

ਬੰਗਲਾਦੇਸ਼ ਦਾ ਇਹ ਕਦਮ ਭਾਰਤ ਲਈ ਇੱਕ ਵੇਕ-ਅੱਪ ਕਾਲ ਹੈ। ਭਾਰਤ ਨੂੰ ਪਹਿਲਾਂ ਗੁਆਂਢੀ ਦੀ ਨੀਤੀ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਭਾਰਤ ਨੂੰ ਬੰਗਲਾਦੇਸ਼ੀ ਜਨਤਾ ਨਾਲ ਸਿੱਧਾ ਸੰਪਰਕ ਬਣਾਉਣਾ ਚਾਹੀਦਾ ਹੈ ਤਾਂ ਜੋ ਉੱਥੋਂ ਦੀ ਸਰਕਾਰ ਚੀਨ ਦੀ ਗੋਦੀ ਵਿੱਚ ਬੈਠਣ ਤੋਂ ਪਹਿਲਾਂ 10 ਵਾਰ ਸੋਚੇ।

## ਈ-ਰਿਕਸ਼ਾ ਚਾਲਕ ਦਾ ਬੇਰਹਿਮੀ ਨਾਲ ਕਤਲ; ਕੁੜੀ ਨੂੰ ਬੰਧਕ ਮੁਕਤ ਕਰਵਾਉਣ ਦੀ ਰੰਜਿਸ਼ ਬਣੀ ਕਾਰਨ

ਪਟਿਆਲਾ-ਪਟਿਆਲਾ ਦੇ ਹੀਰਾ ਬਾਗ ਇਲਾਕੇ ਵਿੱਚ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇਕ ਈ-ਰਿਕਸ਼ਾ ਚਾਲਕ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਨੇੜਲੇ ਪਿੰਡ ਚੌਰਾ ਦੇ ਰਹਿਣ ਵਾਲੇ ਅਭਿਸ਼ੇਕ ਮਲਿਕ ਵਜੋਂ ਹੋਈ ਹੈ। ਇਹ ਖ਼ੂਨੀ ਵਾਰਦਾਤ ਉੱਥੇ ਲੱਗੇ ਇੱਕ ਸੀਸੀਟੀ ਕੈਮਰੇ ਵਿੱਚ ਵੀ ਕੈਦ ਹੋ ਗਈ ਹੈ, ਜਿਸ ਦੇ ਅਧਾਰ 'ਤੇ ਪੁਲਿਸ ਹਮਲਾਵਰਾਂ ਦੀ ਭਾਲ ਕਰ ਰਹੀ ਹੈ। ਪੁਲਿਸ ਦੀ ਮੁਢਲੀ ਪੜਤਾਲ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਖ਼ੂਨੀ ਖੇਡ ਦੇ ਪਿੱਛੇ ਇੱਕ ਪਰਉਪਕਾਰ ਦਾ ਮਾਮਲਾ ਅਤੇ ਪੁਰਾਣੀ ਰੰਜਿਸ਼ ਸੀ। ਕੁਝ ਸਮਾਂ ਪਹਿਲਾਂ ਮੁੱਖ ਮੁਲਜ਼ਮ ਗੁਰਸੇਵ ਸਿੰਘ ਨੇ ਇੱਕ ਕੁੜੀ ਨੂੰ ਕਥਿਤ ਤੌਰ 'ਤੇ ਅਗਵਾ ਕਰਕੇ ਬੰਧਕ ਬਣਾਇਆ ਹੋਇਆ ਸੀ। ਉਸ ਸਮੇਂ ਅਭਿਸ਼ੇਕ ਮਲਿਕ ਨੇ ਬਹਾਦਰੀ ਦਿਖਾਉਂਦੇ ਹੋਏ ਉਸ ਕੁੜੀ ਨੂੰ ਗੁਰਸੇਵ ਦੇ ਚੰਗੁਲ ਵਿੱਚੋਂ ਸੁਰੱਖਿਅਤ ਛੁਡਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸੇ ਗੱਲ ਤੋਂ ਖ਼ਫ਼ਾ ਹੋ ਕੇ ਗੁਰਸੇਵ ਸਿੰਘ, ਅਭਿਸ਼ੇਕ ਨਾਲ ਅੰਦਰੂਨੀ ਤੌਰ 'ਤੇ ਰੰਜਿਸ਼ ਰੱਖਣ ਲੱਗ ਪਿਆ ਸੀ।

ਬਰਫ਼ ਫੈਕਟਰੀ ਨੇੜੇ ਘੇਰ ਕੇ ਕੀਤੇ ਚਾਕੂਆਂ ਨਾਲ ਤਾਬੜਤੋੜ ਵਾਰ-ਇਸੇ ਰੰਜਿਸ਼ ਦੇ ਤਹਿਤ ਸ਼ੁੱਕਰਵਾਰ ਰਾਤ ਨੂੰ ਜਦੋਂ ਅਭਿਸ਼ੇਕ ਰੋਜ਼ਾਨਾ ਵਾਂਗ ਆਪਣਾ ਈ-ਰਿਕਸ਼ਾ ਲੈ ਕੇ ਹੀਰਾ ਬਾਗ ਸਥਿਤ ਬਰਫ਼ ਫੈਕਟਰੀ ਕੋਲੋਂ ਲੰਘ ਰਿਹਾ ਸੀ, ਤਾਂ ਗੁਰਸੇਵ ਸਿੰਘ ਨੇ ਆਪਣੇ 4-5 ਹਥਿਆਰਬੰਦ ਸਾਥੀਆਂ ਨਾਲ ਮਿਲ ਕੇ ਉਸ ਨੂੰ ਅੱਧ ਵਿਚਕਾਰ ਘੇਰ ਲਿਆ। ਹਮਲਾਵਰਾਂ ਨੇ ਅਭਿਸ਼ੇਕ 'ਤੇ ਚਾਕੂਆਂ ਨਾਲ ਕਈ ਵਾਰ ਕੀਤੇ। ਗੰਭੀਰ ਜ਼ਖਮੀ ਹਾਲਤ ਵਿੱਚ ਅਭਿਸ਼ੇਕ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਸਰੀਰ ਵਿੱਚੋਂ ਜ਼ਿਆਦਾ ਖੂਨ ਵਗਣ ਕਾਰਨ ਉਸ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਮੁੱਖ ਮੁਲਜ਼ਮ ਗੁਰਸੇਵ ਸਿੰਘ (ਵਾਸੀ ਪਿੰਡ ਚੌਰਾ) ਅਤੇ ਉਸ ਦੇ ਹੋਰ ਅਣਪਛਾਤੇ ਸਾਥੀਆਂ ਖ਼ਿਲਾਫ਼ ਕਤਲ ਸਮੇਤ ਕਈ ਗੰਭੀਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲਿਸ ਦੀਆਂ ਵੱਖ-ਵੱਖ ਵਿਸ਼ੇਸ਼ ਟੀਮਾਂ ਮੁਲਜ਼ਮਾਂ ਦੇ ਸੰਭਾਵਿਤ ਟਿਕਾਣਿਆਂ 'ਤੇ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਸੀਸੀਟੀਵੀ ਫੁਟੇਜ ਦੇ ਸਹਾਰੇ ਜਲਦੀ ਹੀ ਸਾਰੇ ਮੁਲਜ਼ਮਾਂ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ।

### >> ਪੱਛਮੀ ਏਸ਼ੀਆ ਦੀ ਅੱਗ ਵਿਚ ਝੁਲਸੇਗੀ ਭਾਰਤੀ ਅਰਥਵਿਵਸਥਾ <<

# ਕੀ ਹੈ ਮੋਦੀ ਸਰਕਾਰ ਕੋਲ 'ਹੱਲ' ?

## ✪ ਤੇਲ ਦਾ ਸੰਕਟ, ਡਾਲਰ ਦੀ ਮਾਰ: ਆਮ ਆਦਮੀ ਦਾ ਲੱਕ ਤੋੜੇਗੀ ਭੂ-ਸਿਆਸੀ ਜੰਗ !

ਪੱਛਮੀ ਏਸ਼ੀਆ ਵਿੱਚ ਅਸ਼ਾਂਤੀ ਦਾ ਲੰਬਾ ਖਿੱਚਣਾ ਵਿਸ਼ਵ ਅਰਥਵਿਵਸਥਾ ਲਈ ਕਦੇ ਵੀ ਚੰਗਾ ਸੰਕੇਤ ਨਹੀਂ ਰਿਹਾ, ਪਰ ਭਾਰਤ ਲਈ ਇਹ ਸਥਿਤੀ 'ਸੰਕਟ ਵਾਲੀ ਸਾਬਤ ਹੋ ਰਹੀ ਹੈ। ਜਦੋਂ ਅਮਰੀਕਾ ਅਤੇ ਈਰਾਨ ਵਿਚਕਾਰ ਸਥਾਈ ਜੰਗਬੰਦੀ ਦੀਆਂ ਸੰਭਾਵਨਾਵਾਂ ਧੁੰਦਲੀਆਂ ਹੁੰਦੀਆਂ ਹਨ, ਤਾਂ ਇਸ ਦਾ ਸਿੱਧਾ ਅਸਰ 'ਹੋਰਮੁਜ਼ ਦੀ ਖਾੜੀ' ਰਾਹੀਂ ਹੋਣ ਵਾਲੀ ਤੇਲ ਦੀ ਸਪਲਾਈ 'ਤੇ ਪੈਂਦਾ ਹੈ। ਭਾਰਤ ਆਪਣੀ ਲੋੜ ਦਾ ਲਗਭਗ 80-85% ਕੱਚਾ ਤੇਲ ਬਾਹਰੋਂ ਮੰਗਵਾਉਂਦਾ ਹੈ, ਇਸ ਲਈ ਜੇਕਰ ਤੇਲ ਦੀ ਇਹ ਮੁੱਖ ਨਾੜੀ ਪ੍ਰਭਾਵਿਤ ਹੁੰਦੀ ਹੈ, ਤਾਂ ਭਾਰਤੀ ਬਾਜ਼ਾਰ ਵਿੱਚ ਆਰਥਿਕ ਭੂਚਾਲ ਆਉਣਾ ਤੈਅ ਹੈ।

ਇਹ ਸੱਚ ਹੈ ਕਿ ਭਾਰਤ ਨੇ ਰੂਸ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਵਰਗੇ ਵਿਕਲਪਾਂ ਤੋਂ ਤੇਲ ਖਰੀਦ ਕੇ ਆਪਣੀ ਊਰਜਾ ਸਪਲਾਈ ਵਿੱਚ 'ਵਿਭਿੰਨਤਾ' ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਇਹ ਰਣਨੀਤੀ ਕਾਗਜ਼ਾਂ 'ਤੇ ਜਿੰਨੀ ਆਸਾਨ ਲੱਗਦੀ ਹੈ, ਜ਼ਮੀਨੀ ਪੱਧਰ 'ਤੇ ਉਨੀ ਹੀ ਮਹਿੰਗੀ ਹੈ। ਲੰਬੀ ਸਮੁੰਦਰੀ ਦੂਰੀ, ਮਹਿੰਗਾ ਭਾੜਾ ਅਤੇ ਬੀਮਾ ਦਰਾਂ ਵਿੱਚ ਵਾਧਾ ਹੋਣ ਕਾਰਨ ਅਫ਼ਰੀਕਾ ਜਾਂ ਵੈਨੇਜ਼ੁਏਲਾ ਤੋਂ ਆਉਣ ਵਾਲਾ ਤੇਲ ਪੱਛਮੀ ਏਸ਼ੀਆ ਦੇ ਮੁਕਾਬਲੇ ਬਹੁਤ ਮਹਿੰਗਾ ਪੈਂਦਾ ਹੈ।



ਨਤੀਜਾ ਇਹ ਹੋਵੇਗਾ ਕਿ ਦੇਸ਼ ਵਿੱਚ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. ਦੀਆਂ ਕੀਮਤਾਂ ਅਸਮਾਨੀ ਚੜ੍ਹਨਗੀਆਂ।

ਭਾਰਤੀ ਸ਼ੇਅਰ ਬਾਜ਼ਾਰ ਵਿੱਚ ਪਿਛਲੇ ਸਮੇਂ ਦੌਰਾਨ ਜੋ ਤੇਜ਼ੀ ਦੇਖੀ ਗਈ, ਮਾਹਿਰ ਹੁਣ ਉਸ ਨੂੰ 'ਕ੍ਰਿਤਰਮ' ਜਾਂ ਬਣਾਵਟੀ ਮੰਨ ਰਹੇ ਹਨ। ਗਲੋਬਲ ਅਨਿਸ਼ਚਿਤਤਾ ਦੇ ਚਲਦਿਆਂ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਅਤੇ ਪੋਰਟਫੋਲੀਓ ਨਿਵੇਸ਼ਕ ਭਾਰਤੀ ਬਾਜ਼ਾਰ ਵਿੱਚੋਂ ਤੇਜ਼ੀ ਨਾਲ ਆਪਣਾ ਪੈਸਾ ਕੱਢ ਰਹੇ ਹਨ। ਚਿੰਤਾਜਨਕ ਤੱਥ ਇਹ ਹੈ ਕਿ ਤਾਇਵਾਨ ਵਰਗੇ ਛੋਟੇ ਦੇਸ਼ ਦੇ ਸ਼ੇਅਰ ਬਾਜ਼ਾਰ ਦੀਆਂ ਕੰਪਨੀਆਂ ਦਾ ਕੁੱਲ ਮੁੱਲ ਹੁਣ ਭਾਰਤ ਨਾਲੋਂ ਵੱਧ ਗਿਆ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਵਿਦੇਸ਼ੀ ਪੂੰਜੀ ਹੁਣ ਭਾਰਤ ਨੂੰ ਸੁਰੱਖਿਅਤ ਪਨਾਹਗਾਹ ਨਹੀਂ ਮੰਨ ਰਹੀ।

ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦਾ ਲਗਾਤਾਰ ਡਿੱਗਣਾ ਇੱਕ ਹੋਰ ਵੱਡੀ ਚੁਣੌਤੀ ਹੈ। ਵਿਸ਼ਵ ਬੈਂਕ ਦੀ ਗੀਤਾ ਗੋਪੀਨਾਥ ਅਤੇ ਵਿੱਤ ਕਮਿਸ਼ਨ ਦੇ ਚੇਅਰਮੈਨ ਅਰਵਿੰਦ ਪਨਗੜ੍ਹੀਆ ਵਰਗੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਰੁਪਏ ਨੂੰ ਨਕਲੀ ਤੌਰ 'ਤੇ ਸੰਭਾਲਣ ਲਈ ਦੇਸ਼ ਦੇ 'ਵਿਦੇਸ਼ੀ ਮੁਦਰਾ ਭੰਡਾਰ' ਵਿੱਚੋਂ ਡਾਲਰ ਕੱਢ ਕੇ ਬਾਜ਼ਾਰ ਵਿੱਚ ਵੇਚਣਾ ਇੱਕ ਆਤਮਘਾਤੀ ਕਦਮ ਹੋ ਸਕਦਾ ਹੈ। ਜੇਕਰ ਤੇਲ ਅਤੇ ਡਾਲਰ ਮਹਿੰਗੇ ਹੁੰਦੇ ਹਨ, ਤਾਂ ਦੇਸ਼ ਵਿੱਚ ਹਰ ਚੀਜ਼-ਖਾਸ ਕਰਕੇ ਕੈਮੀਕਲ, ਖਾਦਾਂ ਅਤੇ ਟਰਾਂਸਪੋਰਟੇਸ਼ਨ-ਮਹਿੰਗੀ ਹੋ ਜਾਵੇਗੀ। ਇਸ ਸਥਿਤੀ ਵਿੱਚ ਆਰ.ਬੀ.ਆਈ. ਦੀ ਮਜਬੂਰੀ: ਮਹਿੰਗਾਈ ਨੂੰ ਕਾਬੂ ਕਰਨ ਲਈ ਰਿਜ਼ਰਵ ਬੈਂਕ ਨੂੰ ਵਿਆਜ ਦਰਾਂ ਵਿੱਚ ਵਾਧਾ ਕਰਨਾ ਪਵੇਗਾ।

ਵਿਕਾਸ ਦਰ 'ਤੇ ਬ੍ਰੇਕ: ਜਦੋਂ ਵਿਆਜ ਦਰਾਂ ਵਧਣਗੀਆਂ, ਤਾਂ ਉਦਯੋਗਾਂ ਲਈ ਕਰਜ਼ਾ ਮਹਿੰਗਾ ਹੋ ਜਾਵੇਗਾ, ਨਵੇਂ ਨਿਵੇਸ਼ ਰੁਕ ਜਾਣਗੇ ਅਤੇ ਦੇਸ਼ ਦੀ ਆਰਥਿਕ ਵਿਕਾਸ ਦਰ ਲਾਜ਼ਮੀ ਤੌਰ 'ਤੇ ਹੇਠਾਂ ਡਿੱਗੇਗੀ। ਇਸ ਆਰਥਿਕ ਤੂਫ਼ਾਨ ਦੇ ਵਿਚਕਾਰ, ਮੌਸਮ ਵਿਗਿਆਨੀਆਂ ਦੁਆਰਾ ਜਤਾਈ ਗਈ 'ਸੁਪਰ ਅਲ ਨੀਨੋ' ਦੀ ਆਸ਼ੰਕਾ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰੇਗੀ। ਜੇਕਰ ਅਲ ਨੀਨੋ ਕਾਰਨ ਭਾਰਤ ਵਿੱਚ ਮਾਨਸੂਨ ਖਰਾਬ ਹੁੰਦਾ ਹੈ ਅਤੇ ਅਨਾਜ ਦੀ ਪੈਦਾਵਾਰ ਘਟਦੀ ਹੈ, ਤਾਂ ਪੇਂਡੂ ਅਰਥਵਿਵਸਥਾ ਤਬਾਹ ਹੋ ਜਾਵੇਗੀ ਅਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਮਹਿੰਗਾਈ ਆਮ ਆਦਮੀ ਦਾ ਲੱਕ ਤੋੜ ਦੇਵੇਗੀ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ "ਚੋਣਾਂ ਜਿੱਤੀਆਂ ਜਾ ਰਹੀਆਂ ਹਨ ਪਰ ਅਰਥਵਿਵਸਥਾ ਬਰਬਾਦ ਹੋ ਰਹੀ ਹੈ", ਇਹ ਦਰਸਾਉਂਦੀਆਂ ਹਨ ਕਿ ਦੇਸ਼ ਦੇ ਬੁਨਿਆਦੀ ਢਾਂਚੇ ਵਿੱਚ ਡੂੰਘੀਆਂ ਸੰਰਚਨਾਤਮਕ ਖਾਮੀਆਂ ਹਨ।

ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਸਰਕਾਰ ਕੋਲ ਇਸ ਸੰਭਾਵਿਤ ਆਰਥਿਕ ਐਮਰਜੈਂਸੀ ਨਾਲ ਨਜਿੱਠਣ ਲਈ ਕੋਈ ਠੋਸ, ਲੰਬੇ ਸਮੇਂ ਦੀ ਨੀਤੀ ਨਜ਼ਰ ਨਹੀਂ ਆ ਰਹੀ। ਕੋਰੋਨਾ ਕਾਲ ਵਾਂਗ 20 ਲੱਖ ਕਰੋੜ ਦੇ "ਕਰਜ਼ੇ ਦੇ ਪੈਕੇਜ" ਵੰਡਣਾ ਕੋਈ ਸਥਾਈ ਹੱਲ ਨਹੀਂ ਹੈ, ਕਿਉਂਕਿ ਕਰਜ਼ਾ ਦੇ ਕੇ ਮਹਿੰਗਾਈ ਅਤੇ ਸਪਲਾਈ ਚੇਨ ਦੇ ਸੰਕਟ ਨੂੰ ਹੱਲ ਨਹੀਂ ਕੀਤਾ ਜਾ ਸਕਦਾ।

ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸਿਆਸੀ ਬਿਆਨਬਾਜ਼ੀ ਅਤੇ ਰੁਪਏ ਦੀ ਕੀਮਤ ਵਿੱਚ 'ਰਾਸ਼ਟਰੀ ਸਨਮਾਨ' ਲੱਭਣ ਦੀ ਬਜਾਏ, ਜ਼ਮੀਨੀ ਹਕੀਕਤ ਨੂੰ ਸਵੀਕਾਰ ਕਰੇ। ਭਾਰਤ ਨੂੰ ਤੁਰੰਤ ਆਪਣੇ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਬਹਾਲ ਕਰਨ, ਖੇਤੀਬਾੜੀ ਖੇਤਰ ਨੂੰ ਮੌਸਮੀ ਮਾਰ ਤੋਂ ਬਚਾਉਣ ਲਈ ਅਗਾਊਂ ਪ੍ਰਬੰਧ ਕਰਨ ਅਤੇ ਪੱਛਮੀ ਏਸ਼ੀਆ ਦੇ ਸੰਕਟ ਦੇ ਲੰਬੇ ਚੱਲਣ ਦੀ ਸੂਰਤ ਵਿੱਚ ਇੱਕ 'ਮਜ਼ਬੂਤ ਐਮਰਜੈਂਸੀ ਪਲਾਨ' ਤਿਆਰ ਕਰਨ ਦੀ ਲੋੜ ਹੈ। ਜੇਕਰ ਅਜਿਹਾ ਨਾ ਕੀਤਾ ਗਿਆ, ਤਾਂ ਇਸ ਦੀ ਕੀਮਤ ਦੇਸ਼ ਦੀ ਜਨਤਾ ਨੂੰ ਭਾਰੀ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਰੂਪ ਵਿੱਚ ਚੁਕਾਉਣੀ ਪਵੇਗੀ।

# ਹਿਮਾਚਲ ਦੇ ਕਸੌਲ ਵਿਚ ਪੰਜਾਬੀ ਸੈਲਾਨੀਆਂ ਦਾ ਸਥਾਨਕ ਨੌਜਵਾਨਾਂ ਨਾਲ ਹੋਇਆ ਝਗੜਾ; ਚੱਲੀ ਗੋਲੀ, 4 ਗ੍ਰਿਫ਼ਤਾਰ

ਕਸੋਲ-ਹਿਮਾਚਲ ਪ੍ਰਦੇਸ਼ ਦੇ ਮਸ਼ਹੂਰ ਟੂਰਿਸਟ ਸਪਾਟ ਕਸੌਲ ਤੋਂ ਇੱਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ। ਇੱਥੇ ਸ਼ਨੀਵਾਰ ਸ਼ਾਮ ਨੂੰ ਪੰਜਾਬ ਤੋਂ ਘੁੰਮਣ ਆਏ ਸੈਲਾਨੀਆਂ ਅਤੇ ਸਥਾਨਕ ਨੌਜਵਾਨਾਂ ਵਿਚਕਾਰ ਗੱਡੀ ਖੜ੍ਹੀ ਕਰਨ ਨੂੰ ਲੈ ਕੇ ਹੋਈ ਮਾਮੂਲੀ ਬਹਿਸ ਖ਼ੂਨੀ ਹਿੰਸਾ ਵਿੱਚ ਬਦਲ ਗਈ। ਹੋਟਲ ਦੀ ਪਾਰਕਿੰਗ ਵਿੱਚ ਹੋਏ ਇਸ ਝਗੜੇ ਦੌਰਾਨ ਪੰਜਾਬ ਦੇ ਇੱਕ ਸੈਲਾਨੀ ਨੇ ਪਿਸਤੌਲ ਕੱਢ ਕੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ ਇੱਕ ਸਥਾਨਕ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਪੰਜਾਬ ਦੇ 4 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਇੱਕ ਫ਼ਰਾਰ ਦੱਸਿਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਸ਼ਨੀਵਾਰ ਸ਼ਾਮ ਦੌਰਾਨ ਕਸੌਲ ਦੇ 'ਹੋਟਲ ਗ੍ਰੀਨ ਵੈਲੀ' ਨੇੜੇ ਵਾਪਰੀ। ਮੈਦਾਨੀ ਇਲਾਕਿਆਂ ਵਿੱਚ ਪੈ ਰਹੀ ਭਿਆਨਕ ਗਰਮੀ ਕਾਰਨ ਇਨ੍ਹੀਂ ਦਿਨੀਂ ਹਿੱਲ ਸਟੇਸ਼ਨਾਂ 'ਤੇ ਸੈਲਾਨੀਆਂ ਦੀ ਭਾਰੀ ਭੀੜ ਹੈ। ਹੋਟਲ ਕੋਲ ਗੱਡੀ ਖੜ੍ਹੀ ਕਰਨ ਦੇ ਮੁੱਦੇ ਨੂੰ ਲੈ ਕੇ ਅੰਮ੍ਰਿਤਸਰ-ਤਰਨਤਾਰਨ ਇਲਾਕੇ ਤੋਂ ਆਏ ਸੈਲਾਨੀਆਂ ਦੀ ਸਥਾਨਕ ਨੌਜਵਾਨਾਂ ਨਾਲ ਤਕਰਾਰ ਹੋ ਗਈ। ਦੇਖਦੇ ਹੀ ਦੇਖਦੇ ਗੱਲ



ਹੱਥੋਪਾਈ ਤੱਕ ਪਹੁੰਚ ਗਈ ਅਤੇ ਗੁੱਸੇ ਵਿੱਚ ਆਏ ਇੱਕ ਸੈਲਾਨੀ ਨੇ ਗੋਲੀ ਚਲਾ ਦਿੱਤੀ, ਜੋ ਸਥਾਨਕ ਨੌਜਵਾਨ ਦੀ ਲੱਤ ਵਿੱਚ ਜਾ ਲੱਗੀ।

### ਸ਼ਰੇਆਮ ਬਾਜ਼ਾਰ 'ਚ ਪਿਸਤੌਲ ਲਹਿਰਾਉਣ ਦੀ ਵੀਡੀਓ ਵਾਇਰਲ

ਇਸ ਖ਼ੂਨੀ ਝੜਪ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵੀਡੀਓ ਵਿੱਚ ਦਿਖਾਈ ਦੇ ਰਿਹਾ ਹੈ ਕਿ ਜਦੋਂ ਇੱਕ ਸਥਾਨਕ ਵਿਅਕਤੀ ਜ਼ਖ਼ਮੀ ਨੌਜਵਾਨ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਹਸਪਤਾਲ ਵੱਲ ਭੱਜ ਰਿਹਾ ਸੀ, ਤਾਂ ਹਮਲਾਵਰ ਹੱਥ ਵਿੱਚ ਪਿਸਤੌਲ ਲਹਿਰਾਉਂਦੇ ਹੋਏ ਸ਼ਰੇਆਮ ਬਜ਼ਾਰ ਵਿੱਚ ਉਨ੍ਹਾਂ ਦੇ ਪਿੱਛੇ ਦੌੜਿਆ। ਉਸ ਨੇ ਦੁਬਾਰਾ ਗੋਲੀ ਚਲਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਸ ਦੇ ਸਾਥੀਆਂ ਨੇ ਉਸ ਨੂੰ ਮੌਕੇ 'ਤੇ ਰੋਕ ਲਿਆ। ਜ਼ਖ਼ਮੀ ਨੌਜਵਾਨ ਨੂੰ ਤੁਰੰਤ ਨੇੜਲੇ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਦੱਸਿਆ ਜਾ ਰਿਹਾ ਹੈ।

ਮਾਮਲੇ ਦੀ ਸੂਚਨਾ ਮਿਲਦੇ ਹੀ ਮਣੀਕਰਨ ਪੁਲਿਸ ਚੌਕੀ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚੀ। ਪੁਲਿਸ ਨੇ ਹਮਲੇ ਵਿੱਚ ਵਰਤੀ ਗਈ ਪਿਸਤੌਲ ਅਤੇ ਗੱਡੀ ਨੂੰ ਜ਼ਬਤ ਕਰਕੇ 4 ਮੁਲਜ਼ਮਾਂ ਮਨਪ੍ਰੀਤ ਸਿੰਘ (29): ਨਿਵਾਸੀ ਤਰਨਤਾਰਨ, ਅਮਨ ਰੰਧਾਵਾ (22): ਨਿਵਾਸੀ ਅੰਮ੍ਰਿਤਸ, ਸੁਖਮਨਦੀਪ ਸਿੰਘ (17): ਨਿਵਾਸੀ ਫ਼ਿਰੋਜ਼ਪੁਰ, ਕਰਨਦੀਪ ਸਿੰਘ (22): ਨਿਵਾਸੀ ਗੁਰਦਾਸਪੁਰ ਨੂੰ ਕਾਬੂ ਕਰ ਲਿਆ ਹੈ।

### 5ਵਾਂ ਮੁਲਜ਼ਮ ਫ਼ਰਾਰ

ਮਾਮਲੇ ਵਿੱਚ ਸ਼ਾਮਲ ਪੰਜਵਾਂ ਮੁਲਜ਼ਮ ਤਾਮਨ (ਨਿਵਾਸੀ ਬਟਾਲਾ, ਗੁਰਦਾਸਪੁਰ) ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਰਿਹਾ, ਜਿਸ ਦੀ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਨੇ ਸਾਰੇ ਮੁਲਜ਼ਮਾਂ ਖ਼ਿਲਾਫ਼ ਭਾਰਤੀ ਨਿਆ ਸੰਹਿਤਾ ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਿਕਾਗੋ ਵਿੱਚ ਸਿੱਖ ਭਾਈਚਾਰੇ ਨੇ ਮੈਮੋਰੀਅਲ ਡੇਅ ਪਰੇਡਾਂ ਵਿੱਚ ਲਿਆ ਹਿੱਸਾ

## ✪ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਦਿੱਤੀ ਸ਼ਰਧਾਂਜਲੀ






ਸ਼ਿਕਾਗੋ (ਸਟਾਫ਼ ਰਿਪੋਰਟਰ)- ਇਲੀਨੋਇਸ (ਅਮਰੀਕਾ) ਦੇ ਸ਼ਿਕਾਗੋ ਅਤੇ ਇਸ ਦੇ ਆਲੇ-ਦੁਆਲੇ ਦੇ ਉਪ-ਨਗਰਾਂ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਇਸ ਸਾਲ ਦੇ 'ਮੈਮੋਰੀਅਲ ਡੇਅ' ਦੇ ਮੌਕੇ 'ਤੇ ਸ਼ਿਕਾਗੋ, ਨੇਪਰਵਿਲ ਅਤੇ ਸ਼ੌਮਬਰਗ ਵਿੱਚ ਆਯੋਜਿਤ ਸ਼ਾਨਦਾਰ ਪਰੇਡਾਂ ਅਤੇ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਦੌਰਾਨ ਸਿੱਖ ਭਾਈਚਾਰੇ ਵੱਲੋਂ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿੱਚ ਆਜ਼ਾਦੀ ਅਤੇ ਮਿੱਤਰ ਦੇਸ਼ਾਂ ਦੀਆਂ ਫ਼ੌਜਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਸਿੱਖ ਫ਼ੌਜੀਆਂ ਦੀ ਯਾਦ ਵਿੱਚ ਵਿਸ਼ੇਸ਼ ਫਲੋਟ (ਝਾਕੀਆਂ) ਕੱਢੇ ਗਏ। ਪਰੇਡ ਮਾਰਗਾਂ 'ਤੇ ਖੜ੍ਹੇ ਹਜ਼ਾਰਾਂ ਦਰਸ਼ਕਾਂ ਨੇ ਤਾੜੀਆਂ ਵਜਾ ਕੇ ਸਿੱਖ ਕਾਂਟਿੰਜੈਂਟ (ਜਥੇ) ਦਾ ਨਿੱਘਾ ਸਵਾਗਤ ਕੀਤਾ।

### 2012 ਤੋਂ ਲਗਾਤਾਰ ਹੋ ਰਹੀ ਹੈ ਸ਼ਮੂਲੀਅਤ

ਸ਼ਿਕਾਗੋ ਦੇ ਭਾਰਤੀ-ਅਮਰੀਕੀ ਸਿੱਖ ਭਾਈਚਾਰੇ ਵੱਲੋਂ ਸਾਲ 2012 ਤੋਂ ਲਗਾਤਾਰ ਮੈਮੋਰੀਅਲ ਡੇਅ ਸਮਾਗਮਾਂ ਵਿੱਚ ਹਿੱਸਾ ਲਿਆ ਜਾ ਰਿਹਾ ਹੈ। ਇਸ ਵਾਰ ਭਾਈਚਾਰੇ ਨੇ ਤਿੰਨ ਵੱਖ-ਵੱਖ ਥਾਵਾਂ-ਡਾਊਨਟਾਊਨ ਸ਼ਿਕਾਗੋ, ਸ਼ੌਮਬਰਗ ਅਤੇ ਨੇਪਰਵਿਲ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਈ। ਨੇਪਰਵਿਲ ਦੇ ਫਲੋਟ ਨੂੰ 'ਇਲੀਨੋਇਸ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਗੁਰਦੁਆਰਾ ਸਾਹਿਬ' ਵੱਲੋਂ ਸਪਾਂਸਰ ਕੀਤਾ ਗਿਆ ਸੀ, ਜਿਸ ਨੇ ਪਰੇਡ ਦੇ ਸਮਾਪਤੀ ਸਥਾਨ 'ਤੇ ਸੰਗਤਾਂ ਲਈ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ। ਪਰੇਡ ਦੀ ਸ਼ੁਰੂਆਤ ਤੋਂ ਪਹਿਲਾਂ ਭਾਈ ਮਹਿੰਦਰ ਸਿੰਘ ਵੱਲੋਂ ਸਿੱਖ ਅਰਦਾਸ ਕੀਤੀ ਗਈ।

### ਲਾਲ ਦਸਤਾਰਾਂ ਵਿੱਚ ਸਜੇ ਸਿੱਖਾਂ ਦਾ ਫ਼ੌਜੀ ਅਧਿਕਾਰੀਆਂ ਨੇ ਕੀਤਾ ਸਵਾਗਤ

ਸ਼ਿਕਾਗੋ ਵਿੱਚ ਇਹ ਪਰੇਡ ਲੇਕ ਅਤੇ ਡੀਅਰਬੋਰਨ ਸਟ੍ਰੀਟ ਤੋਂ ਸ਼ੁਰੂ ਹੋ ਕੇ ਸਟੇਟ ਸਟ੍ਰੀਟ ਰਾਹੀਂ ਹੁੰਦੀ ਹੋਈ ਵੈਨ ਬਿਊਰਨ ਸਟ੍ਰੀਟ 'ਤੇ ਸਮਾਪਤ ਹੋਈ। ਲਾਲ ਰੰਗ ਦੀਆਂ ਦਸਤਾਰਾਂ ਅਤੇ ਮੈਚਿੰਗ ਸ਼ਰਟਾਂ ਵਿੱਚ ਸਜੇ ਸਿੱਖ ਨੌਜਵਾਨ ਅਤੇ ਬਜ਼ੁਰਗ ਖਿੱਚ ਦਾ ਕੇਂਦਰ ਰਹੇ।

ਸਿੱਖ ਜਥੇ ਦੀ ਅਗਵਾਈ ਦੋ ਵੱਡੇ ਅਮਰੀਕੀ ਝੰਡਿਆਂ ਅਤੇ ਸਿੱਖ ਧਰਮ ਦੇ ਪ੍ਰਤੀਕ 'ਨਿਸ਼ਾਨ ਸਾਹਿਬ' ਵੱਲੋਂ ਕੀਤੀ ਜਾ ਰਹੀ ਸੀ। ਜਦੋਂ ਇਹ ਜਥਾ ਮੁੱਖ ਰਿਵਿਊ ਸਟੈਂਡ ਕੋਲ ਪਹੁੰਚਿਆ, ਤਾਂ ਅਮਰੀਕੀ ਹਥਿਆਰਬੰਦ ਬਲਾਂ ਦੇ ਸੀਨੀਅਰ ਅਧਿਕਾਰੀਆਂ ਨੇ ਖੜ੍ਹੇ ਹੋ ਕੇ ਸਿੱਖਾਂ ਨੂੰ ਸਲੂਟ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ।

ਇਸ ਸ਼ਿਕਾਗੋ ਫਲੋਟ ਨੂੰ ਸੇਫਵੇਅ ਟ੍ਰਾਂਸਪੋਰਟੇਸ਼ਨ ਸਰਵਿਸਿਜ਼ ਕਾਰਪੋਰੇਸ਼ਨ, ਪੈਨ ਓਸ਼ੀਅਨਿਕ ਇੰਜੀਨੀਅਰਿੰਗ ਕੰਪਨੀ ਅਤੇ ਨੇਪਰਵਿਲ ਦੇ ਇੰਡੀਅਨ ਹਾਰਵੈਸਟ ਰੈਸਟੋਰੈਂਟ ਵੱਲੋਂ ਸਪਾਂਸਰ ਕੀਤਾ ਗਿਆ ਸੀ।

### ਭਾਰਤੀ ਫ਼ੌਜ ਦੇ ਵੀਰਾਂ ਨੂੰ ਵੀ ਦਿੱਤਾ ਮਾਣ

ਇਸ ਮੌਕੇ ਫਲੋਟ ਰਾਹੀਂ ਸਥਾਨਕ ਸਿੱਖ ਭਾਈਚਾਰੇ ਦੇ ਉਨ੍ਹਾਂ ਦੋ ਮੈਂਬਰਾਂ ਨੂੰ ਵੀ ਵਿਸ਼ੇਸ਼ ਸ਼ਰਧਾਂਜਲੀ ਦਿੱਤੀ ਗਈ, ਜੋ ਪਹਿਲਾਂ ਭਾਰਤੀ ਫ਼ੌਜ ਵਿੱਚ ਸੇਵਾਵਾਂ ਨਿਭਾ ਚੁੱਕੇ ਹਨ। ਇਨ੍ਹਾਂ ਵਿੱਚੋਂ ਇੱਕ ਕਰਨਲ ਨਿਰਮਲ ਸਿੰਘ ਸੰਘਾ ਸਨ, ਜਿਨ੍ਹਾਂ ਦਾ ਜਨਮ 1938 ਵਿੱਚ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੱਥੇ ਵਿੱਚ ਹੋਇਆ ਸੀ। ਉਹ 1957 ਵਿੱਚ ਭਾਰਤੀ ਮਿਲਟਰੀ ਅਕੈਡਮੀ ਵਿੱਚ ਸ਼ਾਮਲ ਹੋਏ ਅਤੇ 1959 ਵਿੱਚ ਅਫ਼ਸਰ ਬਣੇ।

ਆਪਣੇ 30 ਸਾਲਾਂ ਦੇ ਫ਼ੌਜੀ ਕਰੀਅਰ ਦੌਰਾਨ ਉਨ੍ਹਾਂ ਨੇ 1965 ਅਤੇ 1971 ਦੀਆਂ ਜੰਗਾਂ ਵਿੱਚ ਹਿੱਸਾ ਲਿਆ। 1987 ਵਿੱਚ ਸੇਵਾਮੁਕਤ ਹੋਣ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਅਮਰੀਕਾ ਆ ਗਏ ਅਤੇ ਸ਼ਿਕਾਗੋ ਵਿੱਚ ਰਹਿਣ ਲੱਗੇ।

### ਅਮਰੀਕਾ ਵਿੱਚ ਸਿੱਖਾਂ ਦੇ 120 ਸਾਲਾਂ ਦੇ ਇਤਿਹਾਸ ਦਾ ਜ਼ਿਕਰ

ਸ਼ੌਮਬਰਗ ਦੇ ਸੇਂਟ ਪੀਟਰਜ਼ ਚਰਚ ਵਿਖੇ 2011 ਤੋਂ ਚੱਲ ਰਹੇ ਮੈਮੋਰੀਅਲ ਡੇਅ ਸਮਾਗਮਾਂ ਵਿੱਚ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦੇ ਪੋਸਟਰ ਲਗਾਏ ਗਏ ਅਤੇ ਆਏ ਹੋਏ ਲੋਕਾਂ ਨੂੰ ਮੁਫ਼ਤ ਖਾਣਾ ਦਿੱਤਾ ਗਿਆ। ਪਰੇਡ ਦੌਰਾਨ ਸਟੇਜ ਸੰਚਾਲਕ (ਮਾਸਟਰ ਆਫ਼ ਸੈਰੇਮਨੀਜ਼) ਨੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ "ਸਿੱਖ ਪਿਛਲੇ 120 ਤੋਂ ਵੱਧ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ।" 20ਵੀਂ ਸਦੀ ਦੌਰਾਨ ਹਜ਼ਾਰਾਂ ਸਿੱਖਾਂ ਨੇ ਅਮਰੀਕਾ ਦੇ ਖੇਤਾਂ, ਲੱਕੜ ਦੀਆਂ ਮਿੱਲਾਂ, ਖਾਣਾਂ ਅਤੇ ਰੇਲਵੇ ਲਾਈਨਾਂ (ਓਰੇਗਨ, ਪੈਸੀਫਿਕ ਅਤੇ ਈਸਟਰਨ ਰੇਲਰੋਡ) 'ਤੇ ਸਖ਼ਤ ਮਿਹਨਤ ਕਰਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਅੱਜ ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਸ ਦੀ ਵਿਸ਼ਵ ਭਰ ਵਿੱਚ ਲਗਭਗ 3 ਕਰੋੜ ਆਬਾਦੀ ਹੈ ਅਤੇ 5 ਲੱਖ ਤੋਂ ਵੱਧ ਸਿੱਖ ਅਮਰੀਕਾ ਵਿੱਚ ਬੜੀ ਸ਼ਾਨ ਨਾਲ ਰਹਿ ਰਹੇ ਹਨ।

# ਨਸ਼ਾ ਤਸਕਰ ਅਤੇ ਸਾਬਕਾ ਸਰਪੰਚ ਗੁਰਦੀਪ ਰਾਣੋ ਦੀ ਗ਼ੈਰ-ਕਾਨੂੰਨੀ ਕੋਠੀ 'ਤੇ ਚੱਲਿਆ ਗਲਾਡਾ ਦਾ ਬੁਲਡੋਜ਼ਰ

## ✪ ਪਾਇਲ ਨੇੜਲੇ ਪਿੰਡ ਰਾਣੋ ਵਿਖੇ ਭਾਰੀ ਪੁਲੀਸ ਫੋਰਸ ਦੀ ਨਿਗਰਾਨੀ ਹੇਠ ਢਾਹਿਆ ਗਿਆ ਆਲੀਸ਼ਾਨ ਮਕਾਨ ✪ ਮੁਲਜ਼ਮ ਖ਼ਿਲਾਫ਼ ਨਸ਼ਾ ਤਸਕਰੀ ਦੇ 10 ਮੁਕੱਦਮੇ ਹਨ ਦਰਜ, 2020 ਵਿੱਚ 3 ਕਿਲੋ ਹੈਰੋਇਨ ਸਮੇਤ ਹੋਇਆ ਸੀ ਗ੍ਰਿਫ਼ਤਾਰ



ਪਾਇਲ/ਲੁਧਿਆਣਾ-ਪੰਜਾਬ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਅੱਜ ਇੱਕ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਕਰੋੜਾਂ ਰੁਪਏ ਦੀ ਹੈਰੋਇਨ ਤਸਕਰੀ ਦੇ ਮੁੱਖ ਸਰਗਨੇ ਅਤੇ ਪਾਇਲ ਨੇੜਲੇ ਪਿੰਡ ਰਾਣੋ ਦੇ ਸਾਬਕਾ ਸਰਪੰਚ ਗੁਰਦੀਪ ਸਿੰਘ ਰਾਣੋ ਦੀ ਗ਼ੈਰ-ਕਾਨੂੰਨੀ ਕੋਠੀ 'ਤੇ ਗਲਾਡਾ ਵੱਲੋਂ ਪੀਲਾ ਪੰਜਾ (ਬੁਲਡੋਜ਼ਰ) ਚਲਾ ਕੇ ਉਸਨੂੰ ਢਾਹ ਦਿੱਤਾ ਗਿਆ। ਇਸ ਕਾਰਵਾਈ ਦੌਰਾਨ ਪੂਰਾ ਪਿੰਡ ਪੁਲੀਸ ਛਾਉਣੀ ਵਿੱਚ ਤਬਦੀਲ ਨਜ਼ਰ ਆਇਆ।

ਡੀ.ਐੱਸ.ਪੀ. ਪਾਇਲ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਬਹੁ-ਕਰੋੜੀ ਹੈਰੋਇਨ ਨਸ਼ਾ ਤਸਕਰੀ ਦੇ ਸਰਗਨੇ ਗੁਰਦੀਪ ਸਿੰਘ ਰਾਣੋ ਖ਼ਿਲਾਫ਼ ਨਸ਼ਾ ਤਸਕਰੀ ਦੀਆਂ ਵੱਖ-ਵੱਖ ਧਾਰਾਵਾਂ ਹੇਠ 10 ਮੁਕੱਦਮੇ ਦਰਜ ਹਨ। ਸਾਲ 2020 ਵਿੱਚ ਸਰਪੰਚ ਗੁਰਦੀਪ ਰਾਣੋ ਨੂੰ ਐੱਸ.ਟੀ.ਐੱਫ. ਵੱਲੋਂ ਕਰੀਬ 3 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਹੁਣ ਗਲਾਡਾ ਦੀਆਂ ਹਦਾਇਤਾਂ 'ਤੇ ਨਾਜਾਇਜ਼ ਜਗ੍ਹਾ 'ਤੇ ਬਣੇ ਇਸ ਮਕਾਨ ਨੂੰ ਢਾਹੁਣ ਦੀ ਕਾਰਵਾਈ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਜਿਵੇਂ ਹੀ ਪੰਜਾਬ ਪੁਲੀਸ ਅਤੇ ਗਲਾਡਾ ਦੇ ਅਧਿਕਾਰੀ ਜੇ.ਸੀ.ਬੀ. ਮਸ਼ੀਨਾਂ ਲੈ ਕੇ ਸਾਬਕਾ ਸਰਪੰਚ ਦੀ ਕੋਠੀ ਢਾਹੁਣ ਪੁੱਜੇ, ਤਾਂ ਉੱਥੇ ਹਾਜ਼ਰ ਪਰਿਵਾਰਕ ਮੈਂਬਰਾਂ ਅਤੇ ਰਾਣੋ ਦੀ ਪਤਨੀ ਸਰਬਜੀਤ ਕੌਰ ਨੇ ਅਦਾਲਤੀ ਕੇਸ ਅਤੇ ਕੁਝ ਕਾਗਜ਼ਾਤ ਦਿਖਾ ਕੇ ਕਾਰਵਾਈ ਰੋਕਣ ਦੀ ਅਪੀਲ ਕੀਤੀ। ਗਲਾਡਾ ਅਧਿਕਾਰੀ ਨੇ ਕਿਹਾ ਕਿ "ਜੇਕਰ ਪਰਿਵਾਰ ਕੋਲ ਕੋਈ ਸਟੇਅ ਆਰਡਰ ਹੈ ਤਾਂ ਉਹ ਦਿਖਾਉਣ। ਇਸ ਕੋਠੀ ਦੀ ਉਸਾਰੀ ਤੋਂ ਪਹਿਲਾਂ ਗਲਾਡਾ ਕੋਲੋਂ ਕੋਈ ਨਕਸ਼ਾ ਪਾਸ ਨਹੀਂ ਕਰਵਾਇਆ ਗਿਆ ਸੀ। ਇਹ ਆਲੀਸ਼ਾਨ ਕੋਠੀ ਬਿਨਾਂ ਕਿਸੇ ਸਰਕਾਰੀ ਮਨਜ਼ੂਰੀ ਦੇ ਗੈਰ-ਕਾਨੂੰਨੀ ਢੰਗ ਨਾਲ ਬਣਾਈ ਗਈ ਸੀ, ਜਿਸ ਕਾਰਨ ਇਹ ਕਾਰਵਾਈ ਜਾਇਜ਼ ਹੈ।"

ਹਾਲਾਂਕਿ, ਪਰਿਵਾਰਕ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ ਇਹ ਕਾਰਵਾਈ ਸਰਾਸਰ ਧੱਕੇਸ਼ਾਹੀ ਹੈ। ਉਨ੍ਹਾਂ ਦਾ ਤਰਕ ਸੀ ਕਿ ਜਿਹੜੀ ਪ੍ਰਾਪਰਟੀ ਪਹਿਲਾਂ ਹੀ ਟ੍ਰਿਬਿਊਨਲ ਅਤੇ ਈ.ਡੀ.ਵੱਲੋਂ ਫ਼ਰੀਜ਼ (ਜ਼ਬਤ) ਕੀਤੀ ਗਈ ਹੋਵੇ, ਉਸ 'ਤੇ ਕੋਈ ਵੀ ਦੂਜੀ ਅਥਾਰਟੀ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਕਰ ਸਕਦੀ। ਪਰ ਗਲਾਡਾ ਅਧਿਕਾਰੀਆਂ ਨੇ ਪਰਿਵਾਰ ਦੀਆਂ ਦਲੀਲਾਂ ਨੂੰ ਅਣਗੌਲਿਆ ਕਰਦਿਆਂ ਆਪਣੀ ਕਾਰਵਾਈ ਪੂਰੀ ਕੀਤੀ।

# • ਭਾਰਤ ਵਿਚ ਨਾਂਅ ਦੀਆਂ ਅਸੈਂਬਲੀਆਂ !

# ਬਿਨਾਂ ਬਹਿਸ ਅਤੇ ਡੂੰਘੀ ਜਾਂਚ ਦੇ ਕਾਨੂੰਨ ਪਾਸ ਕਰਨ ਦਾ ਵਧ ਰਿਹਾ ਰੁਝਾਨ ਚਿੰਤਾਜਨਕ

**✪ ਸਾਲ 2025 ਵਿੱਚ ਰਿਕਾਰਡ 600 ਤੋਂ ਵੱਧ ਬਿੱਲ ਪਾਸ, ਪਰ ਅਸੈਂਬਲੀਆਂ ਦੀਆਂ ਬੈਠਕਾਂ ਦੀ ਕੌਮੀ ਔਸਤ ਮਹਿਜ਼ 24 ਦਿਨ ਰਹੀ ✪ 30 ਫ਼ੀਸਦੀ ਬਿੱਲ ਪੇਸ਼ ਹੋਣ ਵਾਲੇ ਦਿਨ ਹੀ ਹੋਏ ਪਾਸ; ਬਹੁਮਤ ਦੇ ਜ਼ੋਰ 'ਤੇ ਕਮੇਟੀਆਂ ਕੋਲ ਭੇਜਣ ਦੀ ਪ੍ਰਕਿਰਿਆ ਨੂੰ ਲਗਾਇਆ ਜਾ ਰਿਹਾ ਖ਼ੋਰਾ ✪ ਲੋਕਾਂ ਦੀ ਬਿਹਤਰੀ ਲਈ ਕਾਨੂੰਨ ਬਣਾਉਣ ਵਾਲੇ ਮੰਚ ਹੁਣ ਸੱਤਾਧਾਰੀ ਪਾਰਟੀਆਂ ਦੀ ਮਨਮਰਜ਼ੀ ਦਾ ਅਖਾੜਾ ਬਣੇ**

## ਨਿਊਜ਼ ਵਿਸ਼ਲੇਸ਼ਣ

ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ (ਅਸੈਂਬਲੀਆਂ) ਦੀ ਕਾਰਗੁਜ਼ਾਰੀ ਨੂੰ ਲੈ ਕੇ ਇੱਕ ਬੇਹੱਦ ਚਿੰਤਾਜਨਕ ਤਸਵੀਰ ਸਾਹਮਣੇ ਆਈ ਹੈ। ਗੈਰ-ਲਾਭਕਾਰੀ ਸੰਸਥਾ 'ਪਾਲਿਸੀ ਰਿਸਰਚ ਸਟੱਡੀਜ਼' ਵੱਲੋਂ 27 ਰਾਜਾਂ ਅਤੇ 3 ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਅਸੈਂਬਲੀਆਂ ਦੀ ਕੀਤੀ ਗਈ ਸਮੀਖਿਆ ਮੁਤਾਬਕ, ਸਾਲ 2025 ਵਿੱਚ ਦੇਸ਼ ਭਰ 'ਚ 600 ਤੋਂ ਵੱਧ ਬਿੱਲ ਪਾਸ ਕੀਤੇ ਗਏ, ਜੋ ਕਿ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਵੱਧ ਹਨ। ਪਰ ਵੱਡਾ ਸਵਾਲ ਇਹ ਹੈ ਕਿ ਜਨਤਾ ਨਾਲ ਸਰੋਕਾਰ ਰੱਖਣ ਵਾਲੇ ਇਨ੍ਹਾਂ ਕਾਨੂੰਨਾਂ 'ਤੇ ਸਦਨ ਦੇ ਅੰਦਰ ਚਰਚਾ ਕਿੰਨੀ ਕੁ ਹੋਈ?

ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਦੇਸ਼ ਭਰ ਦੀਆਂ ਅਸੈਂਬਲੀਆਂ ਸਾਲ ਵਿੱਚ ਔਸਤਨ ਸਿਰਫ਼ 24 ਦਿਨ ਹੀ ਜੁੜੀਆਂ। ਹਾਲਾਂਕਿ ਇਹ 2024 (21 ਦਿਨ) ਅਤੇ 2023 (23 ਦਿਨ) ਦੇ ਮੁਕਾਬਲੇ ਥੋੜ੍ਹਾ ਸੁਧਾਰ ਹੈ, ਪਰ ਫਿਰ ਵੀ ਇਹ ਰਾਜਾਂ ਵੱਲੋਂ ਆਪਣੇ ਲਈ ਨਿਰਧਾਰਤ ਕੀਤੇ ਗਏ ਟੀਚਿਆਂ ਤੋਂ ਬਹੁਤ ਘੱਟ ਹੈ।

ਸਿਖਰ 'ਤੇ ਓਡੀਸ਼ਾ: ਓਡੀਸ਼ਾ ਅਸੈਂਬਲੀ 43 ਬੈਠਕਾਂ ਵਾਲੇ ਦਿਨਾਂ ਨਾਲ ਸੂਚੀ ਵਿੱਚ ਸਭ ਤੋਂ ਉੱਪਰ ਰਹੀ।

ਸਭ ਤੋਂ ਹੇਠਾਂ ਨਾਗਾਲੈਂਡ: ਨਾਗਾਲੈਂਡ ਅਸੈਂਬਲੀ ਸਿਰਫ਼ 7 ਬੈਠਕਾਂ ਦੇ ਨਾਲ ਸੂਚੀ ਦੇ ਸਭ ਤੋਂ ਹੇਠਲੇ ਪਾਏਦਾਨ 'ਤੇ ਰਹੀ।

ਇਸ ਤੋਂ ਵੀ ਮਾੜੀ ਸਥਿਤੀ ਇਹ ਰਹੀ ਕਿ ਅਸੈਂਬਲੀਆਂ ਨੇ 20 ਬਿੱਲਾਂ ਵਿੱਚੋਂ ਇੱਕ ਤੋਂ ਵੀ ਘੱਟ ਬਿੱਲ ਨੂੰ ਡੂੰਘੀ ਜਾਂਚ-ਪੜਤਾਲ ਲਈ ਸਦਨ ਦੀਆਂ ਕਮੇਟੀਆਂ ਕੋਲ ਭੇਜਿਆ। ਬਾਕੀ ਸਾਰੇ ਬਿੱਲ ਬਿਨਾਂ ਕਿਸੇ ਡੂੰਘੀ ਬਹਿਸ ਦੇ, ਸਿਰਫ਼ ਬਹੁਮਤ ਦੀ ਤਾਕਤ ਨਾਲ ਪਾਸ ਕਰ ਦਿੱਤੇ ਗਏ।

ਵਿਧਾਨਕ ਪ੍ਰਕਿਰਿਆ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 30 ਪ੍ਰਤੀਸ਼ਤ ਬਿੱਲ ਸਦਨ ਦੇ ਫਲੋਰ 'ਤੇ ਪੇਸ਼ ਕੀਤੇ ਜਾਣ ਵਾਲੇ ਦਿਨ ਹੀ ਪਾਸ ਕਰ ਦਿੱਤੇ ਗਏ।

ਆਂਧਰਾ, ਬਿਹਾਰ, ਗੁਜਰਾਤ, ਝਾਰਖੰਡ, ਮਿਜ਼ੋਰਮ ਤੇ ਪੁੱਡੂਚੇਰੀ ਦੀਆਂ ਅਸੈਂਬਲੀਆਂ ਨੇ ਹਰੇਕ ਬਿੱਲ ਨੂੰ ਉਸੇ ਦਿਨ ਜਾਂ ਅਗਲੇ ਦਿਨ ਪਾਸ ਕਰਨ ਦੀ ਕਾਹਲ ਦਿਖਾਈ।

ਕਰਨਾਟਕ ਨੇ ਤਾਂ ਹੱਦ ਹੀ ਕਰ ਦਿੱਤੀ, ਜਿੱਥੇ ਇੱਕੋ ਬੈਠਕ ਵਿੱਚ 17 ਬਿੱਲਾਂ ਨੂੰ ਹਰੀ ਝੰਡੀ ਦੇ ਦਿੱਤੀ ਗਈ।

ਬਜਟ ਵਰਗੇ ਸੰਵੇਦਨਸ਼ੀਲ ਮੁਦੇ 'ਤੇ ਵੀ ਗੰਭੀਰਤਾ ਦੀ ਕਮੀ ਦਿਖੀ, ਜਿੱਥੇ ਦੇਸ਼ ਭਰ ਦੀਆਂ ਅਸੈਂਬਲੀਆਂ ਨੇ ਔਸਤਨ ਸਿਰਫ਼ 8 ਦਿਨਾਂ ਲਈ ਬਜਟ 'ਤੇ ਬਹਿਸ ਕੀਤੀ। ਗੋਆ, ਹਰਿਆਣਾ ਅਤੇ ਤਾਮਿਲਨਾਡੂ ਵਿੱਚ ਤਾਂ 100 ਪ੍ਰਤੀਸ਼ਤ ਪ੍ਰਸਤਾਵਤ ਖਰਚਾ ਚਰਚਾ ਲਈ ਰੱਖਿਆ ਗਿਆ, ਪਰ ਅਸਾਮ ਵਿੱਚ ਖਰਚੇ ਦੀਆਂ ਯੋਜਨਾਵਾਂ ਦਾ ਸਿਰਫ਼ 23 ਪ੍ਰਤੀਸ਼ਤ ਹਿੱਸਾ ਹੀ ਬਹਿਸ ਦੇ ਯੋਗ ਸਮਝਿਆ ਗਿਆ।



### ਆਰਡੀਨੈਂਸਾਂ ਦਾ ਸਹਾਰਾ ਅਤੇ ਨਵੇਂ ਕਾਨੂੰਨਾਂ ਦੀ ਵਾਛੜ

ਸਾਲ 2024 ਵਿੱਚ ਜਾਰੀ 100 ਆਰਡੀਨੈਂਸਾਂ ਦੇ ਮੁਕਾਬਲੇ 2025 ਵਿੱਚ ਰਾਜਾਂ ਨੇ 127 ਆਰਡੀਨੈਂਸ ਜਾਰੀ ਕੀਤੇ, ਜੋ 27 ਪ੍ਰਤੀਸ਼ਤ ਵਾਧਾ ਦਰਸਾਉਂਦਾ ਹੈ। ਇਨ੍ਹਾਂ ਵਿੱਚ ਸਭ ਤੋਂ ਵੱਧ 31 ਪ੍ਰਤੀਸ਼ਤ ਸਥਾਨਕ ਸ਼ਾਸਨ ਅਤੇ 13 ਪ੍ਰਤੀਸ਼ਤ ਸਿੱਖਿਆ ਨਾਲ ਸਬੰਧਤ ਸਨ। ਕੁਝ ਰਾਜਾਂ ਨੇ ਅਹਿਮ ਕਾਨੂੰਨ ਵੀ ਬਣਾਏ; ਜਿਵੇਂ ਕਰਨਾਟਕ ਨੇ 'ਨਫਰਤੀ ਭਾਸ਼ਣ, ਨਫਰਤੀ ਅਪਰਾਧ ਅਤੇ ਭੀੜ ਕੰਟਰੋਲ ਬਿੱਲ' ਪੇਸ਼ ਕੀਤੇ। ਅਸਾਮ ਨੇ 'ਬਹੁ-ਵਿਆਹ ਵਿਰੋਧੀ ਕਾਨੂੰਨ' ਪਾਸ ਕੀਤਾ। ਕਈ ਰਾਜਾਂ ਨੇ ਅਪਰਾਧਕ ਸਜ਼ਾਵਾਂ ਨੂੰ ਸਿਵਲ ਸਜ਼ਾਵਾਂ ਵਿੱਚ ਬਦਲਣ ਲਈ 'ਜਨ ਵਿਸ਼ਵਾਸ ਸ਼ੈਲੀ' ਦੇ ਕਾਨੂੰਨ ਵੀ ਬਣਾਏ।

### ਸਿੱਟਾ: ਲੋਕਤੰਤਰ ਅਤੇ ਸਦਨ ਦੀ ਪਵਿੱਤਰਤਾ ਨੂੰ ਖ਼ਤਰਾ

"ਇਹ ਨਕਾਰਾਤਮਕ ਰੁਝਾਨ ਸਿਰਫ਼ ਰਾਜਾਂ ਦੀਆਂ ਅਸੈਂਬਲੀਆਂ ਤੱਕ ਹੀ ਸੀਮਤ ਨਹੀਂ ਹੈ, ਬਲਕਿ ਦੇਸ਼ ਦੀ ਸੰਸਦ ਵਿੱਚ ਵੀ ਇਹੀ ਕੁੱਝ ਦੇਖਣ ਨੂੰ ਮਿਲ ਰਿਹਾ ਹੈ। ਸਰਕਾਰਾਂ ਆਪਣੀ ਮਰਜ਼ੀ ਦੇ ਕਾਨੂੰਨ ਬਿਨਾਂ ਕਿਸੇ ਵਿਰੋਧੀ ਸੁਰ ਜਾਂ ਵਿਸਥਾਰਪੂਰਵਕ ਚਰਚਾ ਦੇ ਪਾਸ ਕਰਵਾ ਲੈਂਦੀਆਂ ਹਨ। ਇਸੇ ਦੀ ਮਿਸਾਲ 'ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ' (ਯੂਏਪੀਏ) ਵਰਗੇ ਸਖ਼ਤ ਕਾਨੂੰਨ ਹਨ, ਜਿਸ ਤਹਿਤ ਉਮਰ ਖਾਲਿਦ ਵਰਗੇ ਕਈ ਲੋਕ ਬਿਨਾਂ ਮੁਕੱਦਮਾ ਚੱਲੇ ਅਤੇ ਬਿਨਾਂ ਜ਼ਮਾਨਤ ਦੇ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ।"

ਵਿਧਾਨ ਮੰਡਲਾਂ ਦਾ ਅਸਲ ਮਕਸਦ ਜਨਤਾ ਦੀ ਭਲਾਈ ਲਈ ਸੋਚ-ਸਮਝ ਕੇ ਕਾਨੂੰਨ ਬਣਾਉਣਾ ਹੁੰਦਾ ਹੈ। ਪਰ ਮੌਜੂਦਾ ਸਮੇਂ ਅੰਦਰ, ਭਾਰੀ ਬਹੁਮਤ ਵਾਲੀਆਂ ਸਿਆਸੀ ਪਾਰਟੀਆਂ ਨੇ ਇਨ੍ਹਾਂ ਪਵਿੱਤਰ ਸਦਨਾਂ ਨੂੰ ਮਹਿਜ਼ ਆਪਣੀ ਮਰਜ਼ੀ ਦੇ ਕਾਨੂੰਨ ਥੋਪਣ ਵਾਲਾ ਇੱਕ ਮੰਚ ਬਣਾ ਕੇ ਰੱਖ ਦਿੱਤਾ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਦੇ ਲਿਹਾਜ਼ ਨਾਲ ਬੇਹੱਦ ਮੰਦਭਾਗਾ ਹੈ।

# ਅਕਾਲੀ ਦਲ ਪੁਨਰ ਸੁਰਜੀਤੀ ਨੂੰ ਵੱਡਾ ਝਟਕਾ; ਸੀਨੀਅਰ ਆਗੂ ਅਮਰਿੰਦਰ ਸਿੰਘ ਲਿਬੜਾ ਨੇ ਸਾਥੀਆਂ ਸਮੇਤ ਦਿੱਤਾ ਅਸਤੀਫ਼ਾ

**✪ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ 'ਤੇ ਸਿਧਾਂਤਾਂ ਤੋਂ ਭਟਕਣ ਦੇ ਲਾਏ ਗੰਭੀਰ ਦੋਸ਼**
**✪ ਭਾਜਪਾ ਨਾਲ ਗੱਠਜੋੜ ਦੀਆਂ ਚੱਲ ਰਹੀਆਂ ਕਿਆਸਰਾਈਆਂ ਤੋਂ ਨਾਰਾਜ਼ ਹੋ ਕੇ ਲਿਆ ਫ਼ੈਸਲਾ**



ਫ਼ਤਹਿਗੜ੍ਹ ਸਾਹਿਬ-ਪੰਜਾਬ ਦੀ ਸਿਆਸਤ ਵਿੱਚ ਧੜੇਬੰਦੀਆਂ ਅਤੇ ਅਸਤੀਫ਼ਿਆਂ ਦਾ ਦੌਰ ਲਗਾਤਾਰ ਜਾਰੀ ਹੈ। ਇਸੇ ਤਹਿਤ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ' ਨੂੰ ਉਸ ਵੇਲੇ ਇੱਕ ਬਹੁਤ ਵੱਡਾ ਸਿਆਸੀ ਝਟਕਾ ਲੱਗਾ, ਜਦੋਂ ਫ਼ਤਹਿਗੜ੍ਹ ਸਾਹਿਬ ਤੋਂ ਪਾਰਟੀ ਦੀ ਕੋਰ ਕਮੇਟੀ ਦੇ ਸੀਨੀਅਰ ਮੈਂਬਰ ਅਮਰਿੰਦਰ ਸਿੰਘ ਲਿਬੜਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਲਿਬੜਾ ਦੇ ਨਾਲ ਉਨ੍ਹਾਂ ਦੇ ਕਈ ਸਾਥੀਆਂ ਨੇ ਵੀ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਹੈ।

ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ 'ਤੇ ਭਟਕਣ ਦੇ ਦੋਸ਼, ਭਾਜਪਾ ਗੱਠਜੋੜ ਦੀਆਂ ਚਰਚਾਵਾਂ ਤੋਂ ਸਨ ਨਾਰਾਜ਼-ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਤੁਰੰਤ ਬਾਅਦ ਇੱਕ ਹੰਗਾਮੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਰਿੰਦਰ ਸਿੰਘ ਲਿਬੜਾ ਨੇ ਆਪਣੀ ਹੀ ਪਾਰਟੀ ਦੀ ਲੀਡਰਸ਼ਿਪ ਖ਼ਿਲਾਫ਼ ਤਿੱਖੇ ਤੇਵਰ ਦਿਖਾਏ। ਉਨ੍ਹਾਂ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਿਨ੍ਹਾਂ ਪੰਥਕ ਅਤੇ ਪੰਜਾਬ ਹਿਤੈਸ਼ੀ ਸਿਧਾਂਤਾਂ ਨੂੰ ਮੁੱਖ ਰੱਖ ਕੇ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ' ਦਾ ਗਠਨ ਕੀਤਾ ਗਿਆ ਸੀ, ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਹੁਣ ਉਨ੍ਹਾਂ ਮੂਲ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਭਟਕ ਚੁੱਕੇ ਹਨ।

ਲਿਬੜਾ ਨੇ ਖੁਲਾਸਾ ਕੀਤਾ ਕਿ ਪਿਛਲੇ ਕੁਝ ਸਮੇਂ ਤੋਂ ਅਕਾਲੀ ਦਲ ਪੁਨਰ ਸੁਰਜੀਤੀ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਕੀਤੇ ਜਾਣ ਦੀਆਂ ਕਿਆਸਰਾਈਆਂ ਅਤੇ ਅੰਦਰੂਨੀ ਖਿੱਚੋਤਾਣ ਚੱਲ ਰਹੀ ਸੀ। ਇਨ੍ਹਾਂ ਹੀ ਚਰਚਾਵਾਂ ਅਤੇ ਨੀਤੀਆਂ ਤੋਂ ਅਸੰਤੁਸ਼ਟ ਹੋ ਕੇ ਉਨ੍ਹਾਂ ਨੇ ਪਾਰਟੀ ਛੱਡਣ ਦਾ ਇਹ ਸਖ਼ਤ ਕਦਮ ਚੁੱਕਿਆ ਹੈ।

ਆਪਣੇ ਅਗਲੇ ਸਿਆਸੀ ਕਦਮ ਬਾਰੇ ਬੋਲਦਿਆਂ ਅਮਰਿੰਦਰ ਸਿੰਘ ਲਿਬੜਾ ਨੇ ਸਪੱਸ਼ਟ ਕੀਤਾ ਕਿ ਉਹ ਕੋਈ ਵੀ ਨਵਾਂ ਫ਼ੈਸਲਾ ਜਲਦਬਾਜ਼ੀ ਵਿੱਚ ਨਹੀਂ ਲੈਣਗੇ। ਮੈਂ ਅਗਲਾ ਕੋਈ ਵੀ ਸਿਆਸੀ ਫ਼ੈਸਲਾ ਆਪਣੇ ਹਲਕੇ ਦੇ ਪਾਰਟੀ ਵਰਕਰਾਂ ਅਤੇ ਸਾਥੀਆਂ ਨਾਲ ਵਿਸਥਾਰਪੂਰਵਕ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਹੀ ਕਰਾਂਗਾ। ਪਰ ਮੈਂ ਇੱਕ ਗੱਲ ਬਿਲਕੁਲ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਕਦੇ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲਣ ਵਾਲੀਆਂ ਪਾਰਟੀਆਂ ਦਾ ਹਿੱਸਾ ਨਹੀਂ ਬਣਾਂਗਾ।

# The Unfinished Promises: Sikh Aspirations and the Congress Leadership

Dr. Iqbal Singh Lalpura




The relationship between the Sikh community and the Indian National Congress remains one of the most significant yet least honestly examined chapters of modern Indian history. It began with trust, sacrifice, and shared struggle during the freedom movement, but over time evolved into mistrust, confrontation, and unresolved constitutional questions. Much of the later turmoil in Punjab cannot be understood without revisiting the assurances made to the Sikhs before Independence and the manner in which many of those promises remained incomplete after 1947.

The partnership between the Congress and Sikh leadership was forged during the Gurdwara Reform Movement of the 1920s. Sikhs launched a peaceful agitation to liberate their historic shrines from corrupt mahants enjoying British patronage. Thousands courted arrest, faced brutal repression, and sacrificed their lives in a disciplined non-violent movement. The struggle deeply impressed national leaders. Mahatma Gandhi described the success of the movement and the passage of the Sikh Gurdwaras Act in 1925 as "the first decisive battle for India's freedom."

From that period onward, Sikh political leadership, particularly under Master Tara Singh, aligned itself with the broader national movement. At a time when communal politics was intensifying across India, the Sikh leadership chose to support a united and secular India rather than seek a separate arrangement. Despite being a small minority, Sikhs contributed disproportionately to the freedom struggle, revolutionary movements, and military service.

This support, however, rested upon repeated assurances from Congress leaders that Sikh identity, political rights, and regional aspirations would receive honourable accommodation in free India.

In 1929, the Congress adopted a resolution assuring minorities, including Sikhs, that no constitutional arrangement would be acceptable unless it satisfied them. In 1931, addressing a Sikh gathering at Gurdwara Sis Ganj Sahib in Delhi, Mahatma Gandhi reportedly declared that Congress would do nothing contrary to Sikh interests and that if it ever betrayed them, the Sikhs would be justified in resisting it.



The most frequently quoted assurance came from Jawaharlal Nehru in July 1946, when he stated that the "brave Sikhs of Punjab are entitled to special consideration" and that he saw "nothing wrong in an area and a set-up in the North wherein the Sikhs can also experience the glow of freedom."

These assurances acquired enormous significance because the Sikhs had already suffered heavily during Partition. Punjab was divided, historic shrines were left behind in Pakistan, and hundreds of thousands of Sikhs were displaced. Yet despite immense suffering, Sikh leadership stood firmly with India.

The post-Independence period, however, marked a decisive shift in the attitude of the central leadership towards Sikh political demands. The optimism of partnership gradually gave way to suspicion. The demand for Punjabi Suba — fundamentally a linguistic state like those created for Telugu, Marathi, Kannada, and Gujarati speakers — came to be viewed through a communal lens.

Master Tara Singh himself later remarked that the "honeymoon with Congress" ended when he was arrested at Narela Railway Station on January 19, 1949, while travelling to attend a conference at Gurdwara Rakab Ganj Sahib in Delhi to discuss Sikh aspirations in independent India.

During this period, efforts were also made to weaken Akali leadership through political divisions and inducements. Influential Sikh leaders who had earlier enjoyed positions and privileges under the British administration were encouraged to join the Congress. Social divisions between Jat and non-Jat Sikhs, alien to the egalitarian principles of Sikhism, were increasingly exploited to politically isolate Master Tara Singh, who himself was a non-Jat Sikh leader.

Jawaharlal Nehru increasingly viewed Akali politics as sectarian and destabilising. A revealing glimpse into this mindset appears in Nehru's letter dated December 29, 1953, written to Union Home Minister Kailas Nath Katju after disturbances at Fatehgarh Sahib involving Master Tara Singh and Akali supporters. In that letter, Nehru wrote, "I am inclined to agree that it is about time that Master Tara Singh's pretensions were ended. He has had too long a rope."

The letter reflected growing official hostility towards Sikh political mobilisation. Whatever one's political interpretation, it is difficult to deny that by the early 1950s the Punjabi Suba movement was no longer being treated merely as a linguistic demand. It had become, in the eyes of the central leadership, a question of political control and national security.

This approach had long-term consequences. While other linguistic states were reorganised during the 1950s, Punjab remained unresolved for nearly two decades. The situation became further complicated when many Punjabi-speaking Hindus, influenced by political polarisation, declared Hindi rather than Punjabi as their mother tongue during census operations. A linguistic issue was transformed into a Hindu-Sikh divide.

During Nehru's lifetime, the Punjabi Suba demand was never fully accepted. The complex relationship between Nehru and Master Tara Singh continued throughout this period. Ironically, the Akali Dal merged with the Congress twice — in 1948 and again in 1956 — in the hope that Sikh aspirations promised before Partition would finally be addressed.

The eventual breakthrough came under Prime Minister Lal Bahadur Shastri, who accepted the principle of Punjabi Suba. Shastri had deep respect for Sikh soldiers and the Sikh community. During the 1965 war, Sant Fateh Singh agreed to suspend his agitation for Punjabi Suba on the Prime Minister's appeal, and Shastri honoured his commitment to support the reorganisation. Unfortunately, he passed away before the Hukam Singh Committee report could be implemented.

The reorganisation of Punjab was finally carried out in 1966 under Prime Minister Indira Gandhi through the Punjab Reorganisation Act. Yet even this settlement remained incomplete. Chandigarh was made a Union Territory instead of being transferred fully to Punjab. Several Punjabi-speaking areas were excluded, and river waters were placed under central arrangements which many Punjab leaders considered unjust. These unresolved disputes continue to influence Punjab politics even today.

The Anandpur Sahib Resolution of 1973 must also be viewed within this larger historical context. Though frequently portrayed as separatist, many of its provisions essentially demanded greater federal autonomy within the Indian constitutional framework. Several of its principles later found resonance in broader national debates on Centre-State relations. However, instead of engaging politically with these demands, sections of the establishment increasingly viewed Sikh political assertions through a security lens.

Punjab's tragedy deepened during the late 1970s and early 1980s. Competitive politics, religious mobilisation, and administrative failures created conditions that eventually spiralled into militancy. Several former officials and analysts, including former IPS officer M.K. Dhar in his book Open Secrets and S.S. Sidhu

in Khalistan Conspiracy, argued that certain political elements initially encouraged radical religious forces to weaken the Akali Dal politically. What may have begun as tactical political management ultimately escaped all control.

Punjab paid a devastating price. Militancy, terrorism, police excesses, assassinations, and fear scarred an entire generation. The crisis reached its most painful moment with Operation Blue Star in June 1984, when military action inside Sri Harmandir Sahib deeply wounded Sikh sentiments across the world.

An important and still unresolved question remains: who created, promoted, and fuelled militancy in Punjab? Understanding the roots of that tragedy remains essential if future generations are to avoid repeating the same mistakes. Unfortunately, neither Sikh intellectual circles nor sections of the diaspora have seriously undertaken a collective and objective examination of this painful period.

The assassination of Prime Minister Indira Gandhi was followed by the horrific anti-Sikh massacres of November 1984. Thousands of innocent Sikhs were killed in Delhi and other cities. Homes, businesses, and gurdwaras were destroyed while the state largely failed to protect its own citizens. Rajiv Gandhi's statement — "When a big tree falls, the earth shakes" — further deepened Sikh alienation and pain. Delayed justice, inadequate rehabilitation, and the perception that many perpetrators enjoyed political protection for decades intensified the community's sense of betrayal.

The Rajiv-Longowal Accord of 1985 offered hope for reconciliation. It promised solutions on Chandigarh, territorial disputes, river waters, and compensation. However, major portions of the Accord remained unimplemented. The assassination of Sant Harchand Singh Longowal soon afterward further weakened the prospects of a durable political settlement.

The healing touch expected by the brave and loyal Sikh community remained largely absent under successive Congress-led governments. However, leaders such as Charan Singh, V.P. Singh, Chandra Shekhar, I.K. Gujral, and Atal Bihari Vajpayee attempted, in different ways, to address Sikh grievances and restore confidence. The present national government under Prime Minister Narendra Modi has also undertaken several initiatives aimed at recognising Sikh contributions and promoting Sikh heritage globally.

At the same time, serious introspection is also required within Sikh political leadership itself. For nearly four to five decades, a powerful trio of Sikh leaders and their political establishments dominated Punjab's religious and political landscape. They remained influential both in state politics and at the national level, often sharing power with successive governments in Delhi. Yet many core Sikh and Punjab-related issues — Chandigarh, river waters, Punjabi-speaking areas, justice for 1984 victims, rehabilitation of affected families, and long-term federal concerns — remained unresolved. Religious emotions and regional sentiments were repeatedly invoked during elections and agitations, but united and sustained efforts to secure permanent solutions were often missing. This failure of collective leadership also contributed to frustration within sections of Sikh youth and the diaspora.

The Sikh diaspora nevertheless carries an important responsibility. Sikhs living abroad remain emotionally connected to the trauma of Punjab and the memories of 1984. Their pain and concerns cannot simply be dismissed. However, lasting solutions in democratic societies emerge through dialogue, constitutional engagement, and democratic participation — not through anger, extremism, or the politics of confrontation.

Punjab today requires peace, economic revival, social harmony, and urgent attention to challenges such as drug addiction and youth alienation. The younger generation must be guided with honesty: historical mistakes and broken promises did occur, but the future cannot be built by remaining imprisoned in bitterness. Communities, like nations, progress through constructive engagement rather than perpetual resentment.

The need of the hour is not to reopen wounds for political gain, but to encourage honest dialogue between the Indian state, Sikh leadership, and the global Sikh community. India's strength lies in its ability to accommodate diversity with dignity. Federalism, linguistic identity, and minority rights are not threats to national unity; they are pillars of a confident and plural democracy.

The Sikh community does not seek sympathy. It seeks fairness, dignity, and sincere engagement. A mature democracy must possess the courage to acknowledge difficult chapters of history and address genuine grievances with honesty rather than defensiveness. Serious reflection within the community and the nation can help transform past pain into a roadmap for reconciliation and progress.

Perhaps the time has come to recognise a simple truth: unresolved grievances do not disappear with time; they deepen silently across generations. Reconciliation demands not rhetoric, but moral courage, political honesty, and a shared commitment to national harmony. Only then can the unfinished promises of the past give way to a more trusting and united future.

*Former Chairman, National Commission for Minorities, Government of India*

# ਗਿਆਨ ਗੋਦੜੀ ਗੁਰਦੁਆਰਾ ਤੇ ਹਰਜੀਤ ਸਿੰਘ ਦੂਆ




**ਤਰਲੋਚਨ ਸਿੰਘ**
**ਸਾਬਕਾ ਐਮ.ਪੀ.**

ਸ. ਹਰਜੀਤ ਸਿੰਘ ਦੂਆ, ਜਿਨ੍ਹਾਂ ਨੇ ਹਰਿਦੁਆਰਾ ਵਿੱਚ ਗਿਆਨ ਗੋਦੜੀ ਗੁਰਦੁਆਰਾ ਬਣਾਉਣ ਦੀ ਮੁਹਿਮ ਆਰੰਭ ਕੀਤੀ ਸੀ ਅਕਾਲ ਚਲਾਣਾ ਕਰ ਗਏ ਹਨ। 90 ਸਾਲ ਪਹਿਲਾਂ ਉਹਨਾਂ ਦਾ ਜਨਮ ਪਾਕਿਸਤਾਨ ਦੇ ਸਰਗੋਧਾ ਜਿਲ੍ਹੇ ਵਿੱਚ ਹੋਇਆ ਸੀ। ਪਾਕਿਸਤਾਨ ਤੋ ਸਹਾਰਨਪੁਰ ਆਏ ਤੇ ਫਿਰ 1970 ਵਿੱਚ ਪੱਕੇ ਤੋਰ ਤੇ ਹਰਿਦੁਆਰ ਵਿੱਚ ਰਹਿਣ ਲਗ ਗਏ ਤੇ ਉਚ ਕੋਟੀ ਦੇ ਵਿਉਪਾਰੀ ਬਣੇ। ਇਸ ਸ਼ਹਿਰ ਵਿੱਚ ਸਿੱਖਾਂ ਦੀ ਵਸੋਂ ਕੁਝ ਸੌ ਹੀ ਹੈ। ਸ. ਦੂਆ ਜੀ ਸਿੰਘ ਸਭਾ ਗੁਰਦੁਆਰੇ ਦੇ ਪ੍ਰਧਾਨ ਰਹੇ ਹਨ ਅਤੇ ਇਹ ਸਾਰੀਆਂ ਸਿੱਖ ਸੋਸਾਇਟੀਆਂ ਦੀ ਆਵਾਜ਼ ਬਣੇ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਦੀ ਯਾਦ ਵਿੱਚ ਇਕ ਗੁਰਦੁਆਰਾ ਬਣਾਉਣ ਲਈ ਮੰਦਰ ਅਧਿਕਾਰੀਆਂ ਅਤੇ ਸਰਕਾਰ ਨਾਲ ਗੱਲਬਾਤ ਕਰਦੇ ਰਹੇ ਸਨ। ਉਹਨਾਂ ਨੂੰ ਨਿਸ਼ਚੇ ਹੋ ਗਿਆ ਕਿ ਸਰਕਾਰ ਅਤੇ ਧਾਰਮਿਕ ਆਗੂ ਮੰਦਰ ਦੇ ਸਾਹਮਣੇ ਹਰ ਕੀ ਪੌੜੀ ਤੇ ਗੁਰਦੁਆਰਾ ਬਣਾਉਣ ਲਈ ਤਿਆਰ ਨਹੀ ਹਨ। ਮੈਨੂੰ ਯਾਦ ਹੈ ਜਦੋਂ ਸ. ਸੁਰਜੀਤ ਸਿੰਘ ਬਰਨਾਲਾ ਉੱਤਰਾਖੰਡ ਦੇ ਗਵਰਨਰ




ਬਣੇ ਤਾਂ ਉਨ੍ਹਾਂ ਨੇ ਮੈਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਇਸ ਮੁੱਦੇ ਨੂੰ ਹਲ ਕਰਨ ਲਈ ਕਿਹਾ। ਮੁੱਖ ਸਕੱਤਰ ਉਤਰਾਖੰਡ, ਮੰਦਰ ਅਧਿਕਾਰੀ ਅਤੇ ਸਿੱਖ ਨੁਮਾਇਦਿਆਂ ਦੀ ਕਈ ਸਾਂਝੀਆਂ ਮੀਟਿੰਗਾਂ ਕੀਤੀਆਂ ਗਈਆਂ। ਮੇਰੇ ਦਫ਼ਤ ਦਿੱਲੀ ਵਿੱਚ ਅੰਤਿਮ ਮੀਟਿੰਗ ਹੋਈ ਅਤੇ ਇਹ ਫੈਸਲਾ ਲਿਆ ਗਿਆ ਕਿ ਮੰਦਰ ਦੇ ਨੇੜੇ ਗੰਗਾ ਦਰਿਆ ਤੇ ਕਿਨਾਰੇ ਗੁਰਦੁਆਰਾ ਬਣਾਉਣ ਲਈ ਜ਼ਮੀਨ ਦਿੱਤੀ ਜਾਵੇਗੀ। ਇਸ ਫੈਸਲੇ ਅਨੁਸਾਰ ਜਗ੍ਹਾ ਦੀ ਚੋਣ ਕਰ ਲਈ ਗਈ ਤੇ ਸਰਕਾਰ ਤੇ ਸਿੱਖਾਂ ਵਲੋਂ ਇਸ ਇਹਦਨਾਮੇ ਤੇ ਦਸਤਖਤ ਕਰ ਦਿੱਤੇ ਗਏ। ਇਹ ਪਲਾੱਟ



ਨਹਿਰ ਦੇ ਕਿਨਾਰੇ ਸੀ ਤੇ ਨਹਿਰ ਯੂਪੀ ਸਰਕਾਰ ਦੇ ਅਧਿਕਾਰ ਵਿੱਚ ਸੀ ਇਸਲਈ ਚੀਫ਼ ਸੈਕਟਰੀ ਉਤਰਾਖੰਡ ਨੇ ਚੀਫ਼ ਸੈਕਟਰੀ ਯੂਪੀ ਨੂੰ ਜ਼ਮੀਨ ਦੇ ਉਸ ਟੁਕੜੇ ਨੂੰ ਸਿੱਖਾਂ ਨੂੰ ਪੱਕੇ ਤੋਰ ਤੇ ਦੇਣ ਲਈ ਲਿਖ ਦਿੱਤਾ। ਇਸ ਦੇ ਨਾਲ ਹੀ ਇਸ ਪਲਾੱਟ ਦਾ ਕਬਜ਼ਾ ਸਿੱਖਾਂ ਨੂੰ ਦੇ ਦਿੱਤਾ ਗਿਆ। ਇਥੇ ਸੰਗਤ ਨੇ ਇਕ ਸ਼ੈਡ ਅਤੇ ਨਿਸ਼ਾਨ ਸਾਹਿਬ ਲਗਾ ਦਿੱਤਾ ਜੋ ਕਿ ਅੱਜ ਵੀ ਮੌਜੂਦ ਹੈ। ਗੁਰਦੁਆਰਾ ਉਸ ਦਿਨ ਤੋਂ ਹੀ ਸ਼ਸ਼ੋਭਿਤ ਹੈ ਤੇ ਪ੍ਰੋਗਰਾਮ ਲਗਾਤਾਰ ਕੀਤੇ ਜਾਂਦੇ ਹਨ। ਪਰ ਅੱਜ ਤੱਕ ਯੂਪੀ ਸਰਕਾਰ ਨੇ ਇਸ ਜ਼ਮੀਨ ਨੂੰ ਗੁਰਦੁਆਰੇ ਲਈ ਸਥਾਈ ਤੌਰ ਤੇ ਦੇਣ ਲਈ ਕੋਈ ਪਤੱਰ ਨਹੀ ਭੇਜਿਆ ਹੈ। ਉਤਰਾਖੰਡ ਵਿੱਚ ਪਿਛਲੇ 5 ਸਾਲਾਂ ਤੋਂ ਸਿੱਖ ਗਵਰਨਰ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਜੀ ਹਨ ਪਰ ਉਹ ਵੀ ਇਹ ਪ੍ਰਵਾਨਗੀ ਪ੍ਰਾਪਤ ਨਹੀਂ ਕਰ ਸਕੇ । ਮੈਨੂੰ ਯਾਦ ਹੈ ਕਿ ਪ੍ਰਧਾਨ ਮੰਤਰੀ ਮੋਦੀ ਜੀ ਦੇ ਨਿਵਾਸ ਤੇ ਸਿੱਖਾਂ ਨਾਲ ਹੋਈ ਪਹਿਲੀ ਗੱਲਬਾਤ ਦੌਰਾਨ ਦੂਆ ਜੀ ਨੇ ਉਸ ਮੀਟਿੰਗ ਵਿੱਚ ਉੱਤਰਖੰਡ ਦੇ ਸਿੱਖਾਂ ਦੀ ਨੁਮਾਇੰਦਗੀ ਕੀਤੀ ਸੀ। ਹਰਿਦੁਆਰ ਦੇ ਵਸਦੇ ਸਥਾਨਕ ਸਿੱਖ ਹਮੇਸ਼ਾ ਮਹਿਸੂਸ ਕਰਦੇ ਹਨ ਕਿ ਹਰ ਕੀ ਪੌੜੀ ਤੇ ਗੁਰਦੁਆਰਾ ਬਣਾਉਣਾ ਅਸੰਭਵ ਲਗਦਾ ਹੈ ਪਰ ਨਹਿਰ ਵਾਲੀ ਥਾਂ ਤੇ ਇੱਕ ਸੁੰਦਰ ਗੁਰਦੁਆਰਾ ਬਣਣ ਨਾਲ ਗੁਰੂ ਨਾਨਕ ਦੇਵ ਜੀ ਦੀ ਸਦੀਵੀ ਯਾਦ ਬਣ ਜਾਵੇਗੀ ਚਾਹੀਦਾ ਹੈ। ਮੈਨੂੰ ਚਿੰਤਾ ਹੈ ਕਿ ਦੂਆ ਜੀ ਦੇ ਅਕਾਲ ਚਲਾਣੇ ਪਿਛੋਂ ਅਸੀਂ ਮੌਜੂਦਾ ਗੁਰਦੁਆਰੇ ਦਾ ਕਬਜ਼ਾ ਵੀ ਗੁਆ ਨਾ ਬੈਠੀਏ। ਇਸ ਬਾਰੇ ਸਾਰੇ ਸਿੱਖ ਲੀਡਰਸ਼ਿਪ ਨੂੰ ਚਿੰਤਤ ਹੋਣਾ ਚਾਹੀਦਾ ਹੈ। ਮੈਂ ਉਤੱਰਾਖਡੰ ਦੀ ਸਰਕਾਰ ਅਤੇ ਯੂਪੀ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ 2003 ਵਿੱਚ ਹੋਏ ਸਮਝੋਤੇ ਦਾ ਸਨਮਾਨ ਕੀਤਾ ਜਾਵੇ। ਸ. ਹਰਜੀਤ ਸਿੰਘ ਦੂਆ ਜੀ ਦੀ ਯਾਦ ਵਿੱਚ ਅੰਤਿਮ ਅਰਦਾਸ ਦਾ ਭੋਗ ਗੁਰਦੁਆਰਾ ਸਿੰਘ ਸਭਾ ਸੈਕਟਰ 69, ਮੌਹਾਲੀ ਵਿੱਚ ਦੁਪਿਹਰੇ 12:30 ਤੋਂ 1:30 ਵਜੇ ਤੱਕ ਹੋਵੇਗਾ।

# ਛਾ ਗਿਆ ਟਾਈਗਰ !

ਨਿੰਦਰ ਘੁਗਿਆਣਵੀ
9417421700





ਇਹ ਸ਼ਾਇਦ ਸਦੀਆਂ ਪੁਰਾਣੀ ਵਾਰਤਾ ਹੋਵੇਗੀ। ਸਾਦੇ ਸਮੇਂ ਦੇ ਸਾਦੇ ਲੋਕ ਹੋਣਗੇ। ਸਤਿਯੁਗ ਬੀਤ ਰਿਹਾ ਹੋਵੇਗਾ। ਸ਼ੀਤਲ ਜਲ ਵਰਗੇ ਸੁਭਾਓ ਹੋਣੇ ਨੇ ਲੋਕਾਂ ਦੇ। ਭਗਤੀ ਭਾਵਨਾ ਲੋਕਾਂ ਦੇ ਮਨਾਂ ਅੰਦਰ ਠਾਠਾਂ ਮਾਰ ਰਹੀ ਹੋਵੇਗੀ, ਮੈਂ ਅਜਿਹਾ ਹੀ ਚਿਤਵਿਆ। ਕੋਈ ਸੱਚਾ ਸ਼ਰਧਾਵਾਨ ਹੋਣਾ ਤੰਗਰਾਲੀ ਪਿੰਡ ਤੋਂ, ਉਹ ਪਹੁੰਚੇ ਹੋਏ ਇੱਕ ਸਾਧੂ ਦੀ ਕੁਟੀਆ ਵੱਲ ਆਇਆ। ਸਾਧੂ ਦੇ ਵਚਨ ਸੁਣੇ, ਨਿਹਾਲੋ ਨਿਹਾਲ ਹੋ ਗਿਆ। ਮਨ ਮੰਤਰ ਮੁਗਧ ਕਰ ਲਿਆ। ਬੜੇ ਸੁਰੀਲੇ ਲੱਗੇ ਬੋਲ ਸਾਧੂ ਦੇ। ਮਨ ਦਿਲੋਂ ਮੋਹਿਆ ਗਿਆ। ਸਾਧੂ ਦੇ ਸਾਹਮਣੇ ਖਲੋ ਕੇ ਦੋਵੇਂ ਹੱਥ ਜੋੜੇ ਤੇ ਬੋਲਿਆ, "ਬਾਬਾ ਜੀ, ਆਪਣੇ ਵਚਨਾਂ ਵਰਗਾ ਮਿੱਠਾ ਮਿੱਠਾ ਪ੍ਰਸ਼ਾਦਿ ਤਾਂ ਦੇ ਦਿਓ ਜੀ ?"

ਰਤਾ ਕੁ ਮੁਸਕਰਾਇਆ ਸਾਧੂ, ਤੇ ਉਹਨੇ ਮਿਸ਼ਰੀ ਨਾਲ ਉਹਦੀ ਮੁੱਠੀ ਭਰ ਦਿੱਤੀ। ਉਚਾਰਿਆ ਕਿ

ਆਹ ਲੈ ਭਗਤਾ, ਘਰੇ ਸਾਂਭ ਕੇ ਰੱਖੀਂ ਏਹ ਪ੍ਰਸ਼ਾਦ, ਕੰਮ ਆਇਗਾ ਤੇਰੇ। ਸ਼ਰਧਾਵਾਨ ਆਪਣੇ ਪਿੰਡ ਤੰਗਰਾਲੀ ਆਉਂਦਿਆਂ ਸੋਚਦਾ ਆਇਆ ਕਿ ਸਾਂਭ ਕੇ ਰੱਖੀਂ ਦਾ ਕੀ ਭਾਵ ਹੋਇਆ ਭਲਾ ? ਘਰ ਪੁੱਜਾ। ਘਰ ਵਿੱਚ ਮਿੱਟੀ ਦਾ ਇਕੋ ਇਕ ਪਵਿੱਤਰ ਭਾਂਡਾ ਲੱਭਾ, ਉਹ ਛੋਟੀ ਜਿਹੀ ਕੁੱਜੀ ਸੀ। ਉਸ ਨੇ ਮੁੱਠੀ ਕੁੱਜੀ ਵਿਚ ਮੁਧੀ ਕੀਤੀ ਤੇ ਕੁੱਜੀ ਨਿੱਕੇ ਜਿਹੇ ਢਕਣੇ ਨਾਲ ਢੱਕ ਦਿੱਤੀ। ਸਾਧੂ ਦੇ ਆਦੇਸ਼ਾਂ ਅਨੁਸਾਰ ਪ੍ਰਸ਼ਾਦਿ ਸੰਭਾਲਿਆ ਗਿਆ। ਮਹੀਨੇ ਬੀਤੇ। ਸਾਲ ਬੀਤੇ। ਬਹੁਤ ਸਾਲ ਬੀਤੇ। ਸਮਾਂ ਆਇਆ, ਤੇ ਆਖਿਰ ਉਸ ਕੁੱਜੀ ਵਿਚ ਪਈ 'ਪੁਰਾਣੀ ਮਿਸ਼ਰੀ' ਇਕ ਦਿਨ ਟਾਈਗਰ (ਹਰਜੀਤ ਸਿੰਘ) ਦੀ ਆਵਾਜ ਬਣ ਗਈ, ਮਿਠਾਸ ਭਰੀ, ਮਖਮਲੀ ਤੇ ਦਿਲਕਸ਼ ਆਵਾਜ਼।

ਅੱਜਕਲ੍ਹ ਟਾਈਗਰ ਨੂੰ ਖੂਬ ਸੁਣਿਆ ਜਾ ਰਿਹਾ ਹੈ। ਉਸਦੀ ਆਵਾਜ਼ ਮਨਾਂ ਨੂੰ ਖਿੱਚਾਂ ਪਾਈ ਜਾਂਦੀ ਹੈ। ਅਣਗਿਣਤ ਲੋਕ ਉਹਨੂੰ ਮੋਹ ਦੇ ਰਹੇ ਨੇ। ਉਹਦੀ ਆਵਾਜ਼ ਵਿਚ ਸਕੂਨ ਹੀ ਨਹੀਂ, ਨਿੱਘਾ-ਨਿੱਘਾ ਸੇਕ ਵੀ ਹੈ। ਜੇ ਉਹ ਖੁਦ ਆਪਣੀ ਆਵਾਜ਼ ਨੂੰ ਇਕ-ਮਨ ਹੋ ਕੇ ਸੁਣੇਗਾ, ਤਾਂ ਉਸਨੂੰ ਜਾਪੇਗਾ ਕਿ ਉਹਦੀ ਆਵਾਜ਼ 'ਧੁਰ-ਕੀ ਆਵਾਜ਼' ਹੈ, ਡੂੰਘਿਓ ਬੜੇ ਸਹਿਜੇ ਸਹਿਜੇ ਉਠਦੀ ਹੋਈ ਆਵਾਜ਼ ਪਰ ਫ਼ਨਕਾਰ ਐਸਾ ਕੁਝ ਖੁਦ ਨਹੀਂ ਜਾਣਦੇ ਹੁੰਦੇ ਆਪਣੇ ਬਾਬਤ,ਇਹ ਕਲਾਤਮਿਕ ਭੇਦ ਹੀ ਹੁੰਦਾ ਹੈ। ਉਹ ਤਾਂ ਸਿਰਫ ਗਾਉਂਦੇ ਨੇ। ਲੋਕਾਂ ਨੂੰ ਭਾਉਂਦੇ ਨੇ। ਡੂੰਘ ਵਿਚ ਲੱਥ ਜਾਣ ਦਾ ਵੇਲਾ ਗੁਆ ਬਹਿੰਦੇ ਨੇ ਪਰ ਟਾਈਗਰ ਛੋਟੀ ਆਯੂ ਦਾ 'ਸਿਆਣਾ' ਗਾਇਕ ਬਣ ਚੁੱਕਾ ਹੈ। ਸਿਆਣਪ ਦਾ ਉਮਰ ਨਾਲ ਕੋਈ ਸਬੰਧ ਨਹੀਂ ਹੁੰਦਾ। ਸਿਆਣਪ ਤਾਂ ਰੱਬੀ ਦੇਣ ਹੁੰਦੀ ਹੈ, ਬਿਲਕੁਲ ਉਵੇਂ, ਜਿਵੇਂ ਕਲਾ ਦੀ ਦੇਣ ਰੱਬੀ ਹੈ। ਇਕ ਦਿਨ ਅਚਾਨਕ ਟਾਈਗਰ ਦੀ ਆਵਾਜ਼ ਮੈਨੂੰ ਰਾਹੇ ਡੱਕ ਲੈਂਦੀ ਹੈ। ਉਹ ਪ੍ਰਦੇਸੀਆਂ ਦਾ ਦੁਖਾਂਤ ਗਾ ਰਿਹਾ ਸਭ ਨੂੰ 'ਆਪਣਾ ਆਪਣਾ' ਲੱਗਣ ਲੱਗਿਆ, ਤੇ ਮੈਨੂੰ ਵੀ ਆਪਣਾ ਹੀ ਜਾਪਿਆ, ਜਿਵੇਂ ਕੋਈ ਘਰ ਦਾ ਜੀਅ ਗਾ ਰਿਹਾ ਹੋਵੇ। ਗੀਤ ਦੇ ਬੋਲ ਜੰਗ ਢਿਲੋਂ ਨੇ ਕਿਆ ਖੂਬਸੂਰਤ ਲਿਖੇ:

ਟੋਰਾਂਟੋ ਦੀਆਂ ਸੜਕਾਂ 'ਤੇ<br>
ਰੋਇਆ ਗੱਭਰੂ<br>
ਸਿਰਾਂ ਉਤੇ ਉਡਦੇ ਜਹਾਜ਼ ਵੇਖਕੇ---

ਇਹ ਬੋਲ ਸੁਣਦਿਆਂ ਮੈਂ ਉਦਾਸ ਹੋ ਗਿਆ। ਅੱਖਾਂ ਭਰ ਆਈਆਂ। ਮਨ ਡੁਬ-ਡੁਬਾ ਆਇਆ। ਟੋਰਾਂਟੋ ਦਾ ਏਅਰਪੋਰਟ ਏਰੀਆ ਤੇ ਡੈਰੀ ਰੋਡ ਚੇਤੇ ਆ ਗਏ ਤੇ ਦੁਨੀਆਂ ਤੋਂ ਵਿਛੜੇ ਸੱਜਣ ਵੀ ਹਟਕੋਰੇ ਭਰਦੇ ਜਾਪਣ ਲੱਗੇ। ਇਓਂ ਟਾਈਗਰ ਨੂੰ ਭਾਲਣ ਲੱਗਾ ਮੈਂ!

ਤਲਵੰਡੀ ਸਾਬੋ ਲਾਗੇ ਛੋਟੇ ਜਿਹੇ ਤੰਗਰਾਲੀ ਪਿੰਡ ਦੇ ਆਮ ਸਾਧਾਰਨ ਪਰਿਵਾਰ ਵਿਚ ਜੁਗਰਾਜ ਸਿੰਘ ਤੇ ਹਰਬੰਸ ਕੌਰ ਦੇ ਘਰ ਜਨਮਿਆਂ ਟਾਈਗਰ। ਪਿੰਡ ਦੇ ਪ੍ਰਾਇਮਰੀ ਸਕੂਲੋਂ ਪੜ ਕੇ ਫਿਰ ਤਲਵੰਡੀ ਸਾਬੋ ਆ ਗਿਆ ਤੇ ਗੁਰੂ ਕਾਸ਼ੀ ਕਾਲਜ ਤੀਕ ਅੱਪੜ ਗਿਆ। ਸੰਗੀਤ ਉਹਦੇ ਅੰਦਰ ਬਚਪਨ ਤੋਂ ਅੰਗੜਾਈ ਭੰਨ ਰਿਹਾ ਸੀ। ਸਕੂਲ ਕਾਲਜ ਗਾਉਂਦਾ ਤੇ ਫਿਰ ਉਸਤਾਦ ਪਰਮਜੀਤ ਸਿੰਘ ਪਾਸੋਂ ਸਿੱਖਣ ਲੱਗਿਆ। ਖੁਦ ਵੀ ਰਿਆਜ ਕਰਨ ਦਾ ਨੇਮ ਨਾ ਭੁੱਲਿਆ। ਇਵੇਂ ਹੀ ਉਹ ਵਾਰਿਸ ਭਰਾਵਾਂ ਦੀ ਨਿਗਾ ਪੈ ਗਿਆ ਤੇ ਕਮਲ ਹੀਰ ਉਸ ਨੂੰ ਦਿਲੋਂ ਉਤਸ਼ਾਹਿਤ ਕਰਦਾ ਉਸਦਾ ਹੌਸਲਾ ਵਧਾਈ ਗਿਆ। ਇਲਾਕੇ ਦੇ ਪ੍ਰਸਿੱਧ ਗਾਇਕ ਹਰਦੇਵ ਮਾਹੀਨੰਗਲ ਨੇ ਆਖਿਆ ਕਿ ਟਾਈਗਰ ਦੀ ਆਵਾਜ਼ ਹਜ਼ਾਰਾਂ ਆਵਾਜ਼ਾਂ ਵਿੱਚੋ ਵਿਲੱਖਣ ਆਵਾਜ਼ ਹੈ। ਗੀਤਕਾਰ ਸ਼ੇਖਰ ਤਲਵੰਡੀ ਆਖਣ ਲੱਗਾ ਕਿ ਲਗਦਾ ਹੈ ਕਿ ਜਿਵੇਂ ਟਾਈਗਰ ਨੂੰ ਸੰਗੀਤ ਦੀ ਦੇਵੀ ਨੇ ਕਲੇਜੇ ਨਾਲ ਲਾ ਕੇ ਆਸ਼ੀਰਵਾਦ ਦਿੱਤਾ ਹੈ। ਜੰਗ ਢਿੱਲੋਂ ਦੇ ਲਿਖੇ ਗੀਤਾਂ ਨੇ ਤਾਂ ਅੱਤ ਹੀ ਕਰਵਾ ਦਿੱਤੀ ਸਮਝੋ, ਉਸਦੇ ਲਿਖੇ ਗੀਤ ਕੇਵਲ ਗੀਤ ਹੀ ਨਹੀਂ, ਸੱਚੀ ਸੁੱਚੀ ਸ਼ਾਇਰੀ ਦੀ ਨਿਵੇਕਲੀ ਵੰਨਗੀ ਹਨ। ਸਿੰਘ ਜੀਤ ਚਣਕੋਈਆਂ ਤੇ ਬੱਬੂ ਬਰਾੜ ਦੇ ਲਿਖੇ ਗੀਤਾਂ ਦੇ ਨਾਲ ਨਾਲ ਉਹ ਨਵੇਂ ਗੀਤਕਾਰ ਵੀ ਤਲਾਸ਼ੀ ਜਾ ਰਿਹਾ ਹੈ। 'ਟੋਰਾਂਟੋ' ਗੀਤ ਤੋਂ ਉਹ ਮਸ਼ਹੂਰ ਹੋਇਆ ਤੇ ਫਿਰ 'ਬੀਰਬਲ', 'ਸ਼ੌਕ', 'ਸਾਹ', 'ਪ੍ਰਛਾਵਾਂ', 'ਜ਼ਿੰਦਗੀ', 'ਜੀ ਵੇ ਸੋਹਣਿਆ' ਗੀਤਾਂ ਨਾਲ ਛਾ ਹੀ ਗਿਆ। ਉਸਦੇ ਜੈਸਮੀਨ ਅਖਤਰ ਨਾਲ ਗਾਏ ਦੋਗਾਣੇ ਖੂਬਸੂਰਤ ਦੋਗਾਣਾ ਗਾਇਕੀ ਦਾ ਗੁਲਦਸਤਾ ਹਨ। 'ਸਾਹ' ਗੀਤ ਦਾ ਗਾਇਨ ਤਾਂ ਸੱਚਮੁੱਚ ਸਾਹ ਰੋਕ ਕੇ ਸੁਣਨ ਵਾਲਾ ਹੈ। ਡਾਕੂਸ ਰਿਕਾਰਡ ਵੱਲੋਂ ਹੁਣੇ ਆਈ ਉਸਦੀ ਐਲਬਮ 'ਸ਼ਹਿਜ਼ਾਦਾ' ਚਰਚਾ ਵਿੱਚ ਹੈ, ਇਕ ਗੀਤ ਵਿਚ ਉਹ ਗਦਰੀਆਂ ਦੇ ਨਾਲ ਨਾਲ ਗੋਰਖ ਤੇ ਪੂਰਨ ਨੂੰ ਵੀ ਚੇਤੇ ਕਰਦਾ ਹੈ। ਉਹਦੀ ਆਵਾਜ਼ ਸਰੋਤੇ ਨੂੰ ਆਪਣੇ ਨਾਲ ਨਾਲ ਤੋਰੀ ਤੁਰੀ ਆਉਂਦੀ ਹੈ, ਜੰਗਲ ਜੰਗਲ---ਪਰਬਤ ਪਰਬਤ---ਗਲੀਓ ਗਲੀ--ਮੁਹੱਲਿਓ ਮਹੱਲੀ!

ਟਾਈਗਰ ਦੇ ਸੰਗੀਤਕਾਰ ਬੜੇ ਸਿਆਣੇ ਨੇ, ਇਨਾਂ ਵਿਚ ਜੀ ਗੁਰੀ, ਬੀਟ, ਕੁਲਸ਼ਾਨ ਸੰਧੂ, ਆਈਰਸ, ਡੈਮਨ, ਗੈਵੀ, ਟਰੈਂਡੀ ਦੇ ਨਾਂ ਲਏ ਜਾ ਸਕਦੇ ਹਨ। ਵੀਡੀਓ ਕੀਤੇ ਹਨ ਹਿਤੇਸ਼ ਅਰੋੜਾ,ਭਿੰਡਰ ਬੁਰਜ ਤੇ ਗੈਵੀ ਖਹਿਰਾ ਨੇ। ਟਾਈਗਰ ਦਾ ਗੀਤ ਸੁਣਨ ਬਾਅਦ ਟੋਰਾਂਟੋ ਦੀਆਂ ਸੜਕਾਂ ਉਤੇ ਪਿਛਾਂਹ ਪਰਤਣ ਨੂੰ ਦਿਲ ਕਰ ਰਿਹਾ ਹੈ। ਵਿੰਨੀ ਬੈਂਸ ਨਾਮੀ ਦੋਸਤ ਨੂੰ ਮੈਂ ਆਖਿਆ ਕਿ ਅੱਜ ਮੈਨੂੰ ਇਕੱਲਿਆਂ ਛਡ ਦੇ ਯਾਰ, ਮੈਂ ਸਿਰਾਂ ਉਤੋਂ ਉਡਦੇ ਜਹਾਜ਼ਾਂ ਨਾਲ ਗੱਲਾਂ ਕਰਨੀਆਂ ਨੇ। ਉਹ ਹੈਰਾਨ ਹੋਇਆ ਤੇ ਵਤਨੋਂ ਦੂਰ ਹੋਣ ਦਾ ਮੇਰਾ ਉਦਰੇਵਾਂ ਜਾਣ ਗਿਆ ਸੀ। ਇਕ-ਇਕ ਬੀਅਰ ਪੀਤੀ। ਸਿਖਰ ਦੁਪਹਿਰ ਟੋਰਾਂਟੋ ਦੀ। ਇਕ ਖੇਤ ਦੇ ਕਿਨਾਰੇ ਮੈਨੂੰ ਉਤਾਰਿਆ ਤੇ 'ਬਾਏ ਬਾਏ' ਆਖਦਾ 'ਅਹੁ' ਗਿਆ। ਮੈਨੂੰ ਕੀ ਪਤਾ ਸੀ ਕਿ ਇਹ ਉਸਦੀ ਆਖਰੀ 'ਬਾਏ ਬਾਏ' ਹੈ---ਬਸ।

ਜਹਾਜ਼ ਚੜ ਰਹੇ ਨੇ। ਲੱਥ ਰਹੇ ਨੇ। ਮੈਨੂੰ ਹਰ ਜਹਾਜ਼ ਇੰਡੀਆ ਜਾਣ ਵਾਲਾ ਹੀ ਜਾਪਦਾ ਹੈ, ਜਰਾ ਕੁ ਨੀਵਾਂ ਹੋਵੇ, ਤੇ ਮੈਂ ਨਾਲ ਹੀ ਝੂਟ ਜਾਵਾਂ। ਉੱਡਾਂ ਤੇ ਭੱਜਾਂ, ਪਿੰਡ ਜਾ ਕੇ ਮਾਂ ਦੀ ਬੁੱਕਲ ਵਿੱਚ ਵੜ ਜਾਵਾਂ। ਮੈਂ ਕੀ ਜਾਣਾ ਕਿ ਕਦੇ ਜੰਗ ਢਿਲੋਂ ਇਹ ਵਾਰਤਾ ਇਕ ਗੀਤ ਵਿਚ ਪਰੋ ਛਡੇਗਾ ਤੇ 'ਕਾਕਾ ਟਾਈਗਰ' ਰੂਹ ਨਾਲ ਗਾ ਛੱਡੇਗਾ। ਟਾਈਗਰ ਪਿਆਰੇ, ਤੇਰੇ ਟੋਰਾਂਟੋ ਵਾਲੇ ਗੀਤ ਦੇ ਬੋਲਾਂ ਨੇ ਵਿੱਛੜਿਆ ਵਿੰਨੀ ਵੀਰ ਅੱਖਾਂ ਮੂਹਰੇ ਲਿਆ ਖਲਿਆਰਿਆ ਹੈ। ਤੂੰ ਜੁਗ ਜੁਗ ਜੀਵੇਂ ਫ਼ਨਕਾਰਾ ਤੇ ਲਿਖਣ ਵਾਲੇ ਜੰਗ ਗੀਤਕਾਰਾ। ਇਹੋ ਹੀ ਨਿੱਗਰ ਤੇ ਨਿੱਖਰੀ ਕਲਾ ਦੀ ਕਿਸਮ ਹੁੰਦੀ ਹੈ ਕਿ ਉਹ ਬੀਤੇ ਨੂੰ ਸਾਕਾਰ ਕਰ ਦੇਵੇ। ਨਾਲੇ ਨਾਲ ਤੋਰ ਦੇਵੇ ਤੇ ਤੁਰਦੇ ਨੂੰ ਰੋਕ ਲਵੇ। ਹੁਣ ਜਦੋਂ ਕਦੇ ਟੋਰਾਂਟੋ ਆਵਾਂਗਾ, ਟਾਈਗਰ ਦਾ ਗਾਇਆ ਗੀਤ :

ਟੋਰਾਂਟੋ ਦੀਆਂ ਸੜਕਾਂ 'ਤੇ<br>
ਰੋਇਆ ਗੱਭਰੂ<br>
ਸਿਰਾਂ ਉਤੋਂ ਉਡਦੇ ਜਹਾਜ ਵੇਖਕੇ,

ਉਸੇ ਥਾਵੇਂ ਬਹਿ ਕੇ ਵਾਰ ਵਾਰ ਸੁਣਾਂਗਾ, ਜਿਥੇ ਵਿੰਨੀ ਵੀਰ ਮੈਨੂੰ ਜਹਾਜਾਂ ਨਾਲ ਗੱਲਾਂ ਕਰਨ ਨੂੰ ਛੱਡ ਕੇ ਸਦਾ ਸਦਾ ਲਈ ਚਲਾ ਗਿਆ ਸੀ। ਖੈਰ, ਪਿੰਡ ਹਾਂ। ਵਾਢੀ ਸਮੇਟਣ ਦੇ ਦਿਨ ਚੱਲ ਰਹੇ ਨੇ। ਟਰੈਕਟਰ ਟਰਾਲੀਆਂ ਦੀ ਖੜਕਾਹਟ ਹੈ। ਦੇਰ ਰਾਤ ਤੀਕਰ ਟਰੈਕਟਰਾਂ ਉਤੇ ਗੀਤ ਗੂੰਜ ਰਹੇ ਨੇ। ਕਿਸੇ ਕਿਸਾਨ ਦਾ ਟਰੈਕਟਰ ਟਰਾਲੀ ਮੰਡੀ ਵੱਲ ਨੂੰ ਜਾ ਰਿਹਾ ਜਾਪਦਾ ਹੈ ਕਣਕ ਲੈ ਕੇ। ਸ਼ਾਇਦ ਕਿਰਸਾਨ ਨੂੰ ਆਪਣੇ ਪਰਦੇਸੀ ਪੁੱਤ ਦੀ ਯਾਦ ਆ ਗਈ ਹੋਵੇ, ਤੇ ਉਸਨੇ ਟਾਈਗਰ ਦਾ ਗੀਤ ਵਜਾ ਲਿਆ ਹੈ, ਬੋਲ ਹਨ:

ਲੋੜ ਤਾਂ ਨੀ ਕੋਈ,<br>
ਏਥੇ ਕਿਹੜਾ ਪੁੱਛਦਾ<br>
ਗੋਰਿਆਂ 'ਤੇ ਰੋਹਬ ਕਾਹਦਾ<br>
ਖੜ੍ਹੀ ਮੁੱਛ ਦਾ<br>
ਕਰਜੇ ਦੀ ਪੰਡ ਕੇਰਾਂ ਲਾਹੁੰਣੀ ਧੌਣ ਤੋਂ<br>
ਰੁਕਦਾ ਨੀ ਪੁੱਤ ਫਿਰ ਪਿੰਡ ਆਉਣ ਤੋਂ<br>
ਵੀਡੀਓ ਕਾਲਾਂ 'ਚ<br>
ਬਾਪੂ ਵੇਖ ਹੱਸਦਾ<br>
ਹੌਸਲੇ 'ਚ ਹੋਜੇ ਫੇਰ ਪੁੱਤ ਜੱਟ ਦਾ<br>
ਪਿੰਡ ਆਕੇ ਬਾਪੂ ਮੈਂ ਤਾਂ ਖੇਤੀ ਕਰੂੰਗਾ<br>
ਘੈਂਟ ਜਿਹਾ ਤੂੰ ਰੱਖੀਂ ਸਵਰਾਜ ਵੇਖ ਕੇ<br>
ਟੋਰਾਂਟੋ ਦੀਆਂ ਸੜਕਾਂ 'ਤੇ ਰੋਇਆ ਗੱਭਰੂ ਸਿਰਾਂ ਉਤੇ ਉਡਦੇ ਜਹਾਜ ਵੇਖਕੇ--

ਰਾਤ ਬੀਤ ਚੱਲੀ ਹੈ। ਪਹੁ ਫੁੱਟਣ ਵਿਚ ਕੁਝ ਪਲ ਹੀ ਨੇ। ਬਾਬੇ ਦੇ ਬੋਲਣ ਦਾ ਵੇਲਾ ਹੋ ਚੱਲਿਆ ਏ। ਜਪੁਜੀ ਸਾਹਿਬ ਦੇ ਬੋਲ ਕੰਨੀਂ ਪੈਣਗੇ। ਦੂਰ ਪਰਦੇਸ ਵਿਚ ਗੁਆਚੀ ਇਕ ਹੂਕ ਦਾ ਤਰਲਾ ਹੈ, ਇਕ ਅਣਡਿੱਠਾ ਅਲਾਪ ਹੈ, ਇਕ ਸੁਰ ਦੀ ਸੁਗੰਧ ਹੈ, ਇਕ ਮੰਤਰ ਦਾ ਮੋਹ ਹੈ। ਮੈਂ ਟਾਈਗਰ ਬਾਰੇ ਡਾਇਰੀ ਦਾ ਪੰਨਾ ਲਿਖ ਰਿਹਾ ਹਾਂ। ਗਗਨ ਹਾਲੇ ਗੂੜਾ ਹੈ। ਤਾਰਿਆਂ ਦੀ ਟਿਮਟਿਮਾਹਟ ਹੈ। ਇਕ ਅਲੋਕਾਰਾ ਜਿਹਾ ਪੰਛੀ ਖੰਭ ਫੜਫੜਾਏਗਾ। ਅਲਾਪ ਲਗਾ ਕੇ ਉਡੇਗਾ। ਸੁੱਤਾ ਪਿੰਡ ਜਾਗੇਗਾ। ਮਾਂ ਚੁੱਲੇ ਅੱਗ ਪਾਵੇਗੀ। ਮੈਂ ਅੱਖ ਲਾਉਣ ਦਾ ਯਤਨ ਕਰਾਂਗਾ। ਅਕਾਸ਼ ਅੱਖ ਪੁੱਟ ਲਵੇਗਾ--- ਲੱਗੀ ਵਾਲੇ ਤੇ ਕਦੇ ਨੀ ਅੱਖ ਲਾਉਂਦੇ ਨੀ ਤੇਰੀ ਕਿਵੇ ਅੱਖ ਲੱਗ ਗਈ।

## ਵਿਸ਼ਵ ਦੇ ਮਹਾਨ ਖਿਡਾਰੀ

# ਸ਼ੂਟਿੰਗ ਦੇ ਰਾਜੇ ਰਣਧੀਰ ਸਿੰਘ ਨੂੰ ਸ਼ਰਧਾਂਜਲੀ

ਪ੍ਰਿੰ. ਸਰਵਣ ਸਿੰਘ



ਰਾਜਾ ਰਣਧੀਰ ਸਿੰਘ ਅੱਸੀਵੇਂ ਸਾਲ ਦੀ ਉਮਰੇ ਵਸਦੇ ਰਸਦੇ ਜਹਾਨ ਨੂੰ ਅਲਵਿਦਾ ਆਖ ਗਿਐ। ਉਹ ਭਾਰਤ ਦਾ ਪਹਿਲਾ ਸ਼ੂਟਰ ਸੀ ਜਿਸ ਨੇ ਏਸ਼ਿਆਈ ਖੇਡਾਂ 'ਚੋਂ ਭਾਰਤ ਲਈ ਪਹਿਲਾ ਗੋਲਡ ਮੈਡਲ ਜਿੱਤਿਆ। ਉਹ ਗੋਲਡ ਮੈਡਲ 1978 'ਚ ਹੋਈਆਂ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਵਿੱਚੋਂ ਜਿੱਤਿਆ ਗਿਆ ਸੀ। ਉਸ ਨੇ ਨੈਸ਼ਨਲ, ਇੰਟਰਨੈਸ਼ਨਲ, ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਓਲੰਪਿਕ ਖੇਡਾਂ 'ਚ ਵਾਰ ਵਾਰ ਹਿੱਸਾ ਲਿਆ ਤੇ ਸ਼ੂਟਿੰਗ ਮੁਕਾਬਲਿਆਂ 'ਚੋਂ ਨੈਸ਼ਨਲ ਤੇ ਏਸ਼ੀਆ ਪੱਧਰ 'ਤੇ ਅਨੇਕ ਮੈਡਲ ਜਿੱਤੇ। 1964 ਤੋਂ 1984 ਤਕ ਉਹ ਲਗਾਤਾਰ ਓਲੰਪਿਕ ਖੇਡਾਂ ਵਿੱਚ ਭਾਗ ਲੈਂਦਾ ਰਿਹਾ। ਓਲੰਪਿਕ ਖੇਡਾਂ ਦੀ ਸਰਬਉੱਚ ਸੰਸਥਾ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਰਣਧੀਰ ਸਿੰਘ ਨੂੰ ਉਹਦੀਆਂ ਅੰਤਰਰਾਸ਼ਟਰੀ ਖੇਡ ਸੇਵਾਵਾਂ ਸਦਕਾ ਸਿਲਵਰ ਓਲੰਪਿਕ ਆਰਡਰ ਨਾਲ ਸਨਮਾਨਿਤ ਕੀਤਾ ਸੀ। 1979 'ਚ ਭਾਰਤ ਸਰਕਾਰ ਨੇ ਉਸ ਨੂੰ ਖੇਡਾਂ ਦਾ ਸਰਬਉੱਚ ਸਨਮਾਨ ਅਰਜਨ ਅਵਾਰਡ ਦਿੱਤਾ। ਉਸੇ ਸਾਲ ਉਸ ਨੂੰ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ ਸਨਮਾਨਿਤ ਕੀਤਾ। ਮਹਾਰਾਜਾ ਰਣਜੀਤ ਸਿੰਘ ਅਵਾਰਡ ਦੇਣ ਦਾ ਤੋਰਾ ਹੀ ਰਣਧੀਰ ਸਿੰਘ ਨੂੰ ਅਵਾਰਡ ਦੇਣ ਤੋਂ ਤੁਰਿਆ ਸੀ।

1979 ਦੀਆਂ ਪੰਜਾਬ ਰਾਜ ਖੇਡਾਂ, ਤੱਤਕਾਲੀ ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੇ ਸ਼ਹਿਰ ਸੰਗਰੂਰ ਵਿੱਚ ਹੋਈਆਂ ਸਨ। ਰਣਧੀਰ ਸਿੰਘ ਦਾ ਸਨਮਾਨ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿੱਚ ਕੀਤਾ ਗਿਆ। ਉਥੇ ਮੈਨੂੰ ਉਸ ਨਾਲ ਪਹਿਲੀ ਵਾਰ ਮੁਲਾਕਾਤ ਕਰਨ ਦਾ ਮੌਕਾ ਮਿਲਿਆ ਸੀ। ਮੈਂ ਉਸ ਨਾਲ ਇੰਟਰਵਿਊ ਕਰਨ ਲਈ ਹੀ ਢੁੱਡੀਕੇ ਤੋਂ ਸੰਗਰੂਰ ਗਿਆ। ਉਸ ਤੋਂ ਪਹਿਲਾਂ 1964 ਦੇ ਆਸ ਪਾਸ ਮੈਂ ਉਸ ਨੂੰ ਦਿੱਲੀ ਯੂਨੀਵਰਸਿਟੀ ਵਿੱਚ ਮਿਲਿਆ ਸਾਂ। ਉਦੋਂ ਮੈਂ ਵੀ ਦਿੱਲੀ ਯੂਨੀਵਰਸਿਟੀ ਦਾ ਵਿਦਿਆਰਥੀ ਸਾਂ ਪਰ ਸਾਡੀਆਂ ਆਪਸ ਵਿਚ ਗੱਲਾਂ ਬਾਤਾਂ ਨਹੀਂ ਸਨ ਹੋਈਆਂ। ਫਿਰ ਜਦੋਂ ਮੈਂ ਖੇਡਾਂ ਖਿਡਾਰੀਆਂ ਬਾਰੇ ਲਿਖਣ ਲੱਗਾ ਤਾਂ ਉਸ ਨਾਲ ਪਹਿਲੀ ਮੁਲਾਕਾਤ ਦਾ ਮੌਕਾ ਵਾਰ ਹੀਰੋਜ਼ ਸਟੇਡੀਅਮ ਵਿੱਚ ਨਸੀਬ ਹੋਇਆ। ਉਸ ਦੇ ਪਿਤਾ ਰਾਜਾ ਭਲਿੰਦਰ ਸਿੰਘ ਜੋ ਭਾਰਤੀ ਅਥਲੈਟਿਕਸ ਫੈਡਰੇਸ਼ਨ ਦੇ ਪ੍ਰਧਾਨ ਤੇ ਬਾਅਦ ਵਿੱਚ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਵੀ ਪ੍ਰਧਾਨ ਅਤੇ ਏਸ਼ੀਆ ਓਲੰਪਿਕ ਕੌਂਸਲ ਦੇ ਪ੍ਰਧਾਨ ਰਹੇ ਸਨ, ਉਨ੍ਹਾਂ ਨਾਲ ਮੇਰੀ ਮੁਲਾਕਾਤ ਪਹਿਲਾਂ ਹੀ ਹੋ ਚੁੱਕੀ ਸੀ। ਉਹਨੀਂ ਦਿਨੀਂ ਮੈਂ 'ਸਚਿੱਤਰ ਕੌਮੀ ਏਕਤਾ ਮੈਗਜ਼ੀਨ ਵਿੱਚ 'ਖੇਡ ਮੈਦਾਨ 'ਚੋਂ ਕਾਲਮ ਲਿਖਦਾ ਸਾਂ।

ਰਾਜਾ ਭਲਿੰਦਰ ਸਿੰਘ ਨੇ ਹੀ ਮੈਨੂੰ ਆਪਣੇ ਪੁੱਤਰ ਨਾਲ ਮਿਲਾਇਆ ਸੀ। ਉੱਦਣ ਰਣਧੀਰ ਸਿੰਘ ਨੇ ਚਿੱਟੀ ਫਿਫਟੀ ਨਾਲ ਕੇਸਰੀ ਪੱਗ ਬੰਨ੍ਹੀ ਹੋਈ ਸੀ। ਇੰਡੀਆ ਦੇ ਕੱਲਰ ਵਾਲਾ ਅਸਮਾਨੀ ਕੋਟ ਪਾਇਆ ਹੋਇਆ ਤੇ ਸਫੈਦ ਪਤਲੂਨ ਪਾਈ ਹੋਈ ਸੀ। ਉਹ ਆਪਣੇ ਸ਼ੂਟਰ ਸਾਥੀਆਂ ਗੁਰਬੀਰ ਸਿੰਘ ਸੰਧੂ ਤੇ ਰਾਣਾ ਗੁਰਮੀਤ ਸਿੰਘ ਨਾਲ ਖੇਡ ਮੈਦਾਨ 'ਚ ਟਹਿਲਦਾ ਮਿਲਿਆ ਸੀ। ਉਹਦੀ ਤੋਰ ਵਿੱਚ ਮਸਤਾਨੀ ਲਚਕ ਸੀ। ਉਥੋਂ ਅਸੀਂ ਵਾਲੀਬਾਲ ਦਾ ਮੈਚ ਵੇਖਣ ਚਲੇ ਗਏ ਸਾਂ। ਉਹ ਦਰਸ਼ਕਾਂ ਦੀ ਭੀੜ 'ਚ ਖੜ੍ਹ ਕੇ ਮੈਚ ਵੇਖਦਾ ਰਿਹਾ ਸੀ। ਮੈਂ ਮਹਿਸੂਸ ਕੀਤਾ ਸੀ ਕਿ ਰਾਜੇ ਦਾ ਪੁੱਤ ਅਤੇ ਏਸ਼ੀਆ ਦਾ ਚੈਂਪੀਅਨ ਹੋਣ ਦਾ ਉਹਦੇ ਮਨ 'ਚ ਭੋਰਾ ਭਰ ਵੀ ਗ਼ੁਮਾਨ ਨਹੀਂ ਸੀ।

ਫਿਰ ਅਸੀਂ ਨਿਵੇਕਲੇ ਬਹਿ ਕੇ ਖੁੱਲ੍ਹੀਆਂ ਗੱਲਾਂ ਕੀਤੀਆਂ ਜੋ ਮੈਂ ਡਾਇਰੀ ਵਿਚ ਨੋਟ ਕਰਦਾ ਰਿਹਾ। ਉਦੋਂ ਉਹ ਤੇਤੀ ਕੁ ਸਾਲਾਂ ਦਾ ਦਰਸ਼ਨੀ ਜੁਆਨ ਸੀ। ਉਹਦੀ ਦਾੜ੍ਹੀ ਬੱਧੀ ਹੋਈ ਸੀ ਤੇ ਅੱਖਾਂ 'ਚ ਮਸਤੀ ਸੀ। ਅਸੀਂ ਬੇਸ਼ਕ ਦਿੱਲੀ ਦੇ ਕਾਲਜਾਂ ਵਿੱਚ ਕੋਲੋ ਕੋਲ ਪੜ੍ਹਦੇ ਰਹੇ ਸਾਂ ਪਰ ਕਦੇ ਖੁੱਲ੍ਹ ਕੇ ਨਹੀਂ ਸੀ ਮਿਲੇ॥ ਕਾਰਨ ਇਹੋ ਸੀ ਕਿ ਮੈਂ ਅਥਲੈਟਿਕਸ ਕਰਦਾ ਸਾਂ ਤੇ ਉਹ ਸ਼ੂਟਿੰਗ ਕਰਦਾ ਸੀ। ਅਥਲੈਟਿਕਸ ਸਸਤੀ ਖੇਡ ਹੈ ਜੋ ਕੋਈ ਵੀ ਕਰ ਸਕਦਾ ਸੀ ਜਦ ਕਿ ਸ਼ੂਟਿੰਗ ਖਰਚੀਲੀ ਖੇਡ ਹੈ ਜੋ ਰੱਜੇ ਪੁੱਜੇ ਘਰਾਂ ਦੇ ਧੀਆਂ ਪੁੱਤਰ ਹੀ ਕਰ ਸਕਦੇ ਸਨ। ਇੰਟਰਵਿਊ ਦੌਰਾਨ ਦਿੱਲੀ ਵਿਖੇ ਪੜ੍ਹਨ ਦੀਆਂ ਗੱਲਾਂ ਨਾਲ ਮੈਂ ਪੁਛਿਆ ਸੀ ਕਿ ਆਪਣੇ ਬਚਪਨ, ਚੜ੍ਹਦੀ ਜੁਆਨੀ ਤੇ ਖਿਡਾਰੀ ਬਣਨ ਬਾਰੇ ਕੁਝ ਵਿਸਥਾਰ ਨਾਲ ਦੱਸੋ। ਸਮਾਂ ਖੁੱਲ੍ਹਾ ਸੀ, ਜਿਸ ਕਰਕੇ ਗੱਲਾਂ ਵੀ ਖੁੱਲ੍ਹੀਆਂ ਹੋਈਆਂ। ਉਹਦੀਆਂ ਗੱਲਾਂ ਬਾਤਾਂ ਤੇ ਤੌਰ ਤਰੀਕਿਆਂ ਤੋਂ ਉਹਦੀ ਵਧੀਆ ਤਾਲੀਮ ਤੇ ਸ਼ਿਸ਼ਟਾਚਾਰ ਦਾ ਅਸਰ ਪਰਤੱਖ ਸੀ। ਉਹ ਪੁੱਛੇ ਗਏ ਸਵਾਲਾਂ ਦਾ ਬੜੀ ਹਲੀਮੀ ਨਾਲ ਉੱਤਰ ਦੇ ਰਿਹਾ ਸੀ। ਇਥੋਂ ਕਿ ਜੋ ਸਵਾਲ ਮੈਂ ਪੁੱਛ ਨਹੀਂ ਸੀ ਸਕਿਆ ਉਸ ਨੇ ਉਨ੍ਹਾਂ ਦੇ ਜਵਾਬ ਵੀ ਮੇਰੀ ਡਾਇਰੀ ਵਿਚ ਲਿਖ ਦਿੱਤੇ ਸਨ ਜੋ ਮੇਰੇ ਲਈ ਉਸ ਦੀ ਯਾਦਗਾਰੀ ਨਿਸ਼ਾਨੀ ਹੈ।

ਫਿਰ ਉਹਦੇ ਬਾਰੇ ਮੇਰਾ ਲੇਖ 'ਪਟਿਆਲੇ ਦਾ ਨਿਸ਼ਾਨਚੀ ਦਿੱਲੀ ਦੇ ਤਸਵੀਰੀ ਮੈਗਜ਼ੀਨ 'ਸਚਿੱਤਰ ਕੌਮੀ ਏਕਤਾ ਵਿੱਚ ਛਪਿਆ। ਉਦੋਂ ਕਿਸੇ ਦੇ ਖ਼ਾਬ ਖਿਆਲ 'ਚ ਵੀ ਨਹੀਂ ਸੀ ਕਿ 2024 ਵਿੱਚ ਉਹ ਏਸ਼ੀਆ ਦੇ 45 ਮੁਲਕਾਂ ਦੀਆਂ ਖੇਡਾਂ ਦੀ ਸੁਪਰੀਮ ਕੌਂਸਲ, 'ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਪਰਧਾਨ ਬਣੇਗਾ। ਨਾਮਵਰ ਖਿਡਾਰੀ ਬਣਨ ਦੇ ਨਾਲ ਵਿਸ਼ਵ ਪੱਧਰ ਦਾ ਖੇਡ ਪ੍ਰਮੋਟਰ ਵੀ ਬਣੇਗਾ। ਉਹ ਵਿਸ਼ਵ ਦੇ ਖੇਡ ਪ੍ਰਬੰਧ 'ਚ ਭਾਰਤ ਦਾ ਪਹਿਲਾ ਸਪੋਰਟਸਮੈਨ ਹੈ ਜੋ ਓਲੰਪਿਕ ਅਤੇ ਏਸ਼ਿਆਈ ਖੇਡਾਂ ਦੇ ਉੱਚ ਅਹੁਦਿਆਂ ਉਤੇ ਬਿਰਾਜਮਾਨ ਰਿਹਾ। ਉਹ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਸੀ। ਜਿਥੇ ਉਹ ਓਲੰਪੀਅਨ ਖਿਡਾਰੀ ਰਿਹਾ, ਉਥੇ ਬਤੌਰ ਖੇਡ ਪ੍ਰਬੰਧਕ ਇੰਡੀਅਨ ਓਲੰਪਿਕ ਐਸੋਸੀਏਸ਼ਨ ਦਾ ਅਹੁਦੇਦਾਰ ਵੀ ਰਿਹਾ। ਉਹ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਕੁਝ ਸਾਲ ਪਹਿਲਾਂ ਸਕੱਤਰ ਜਨਰਲ, ਫਿਰ ਕਾਰਜਕਾਰੀ ਪ੍ਰਧਾਨ ਤੇ ਸਤੰਬਰ 2024 ਤੋਂ ਪੂਰਾ ਪ੍ਰਧਾਨ ਬਣਿਆ। ਉਹ ਪਹਿਲਾ ਮੌਕਾ ਸੀ ਕਿ ਏਸ਼ੀਆ ਦੇ 45 ਦੇਸ਼ਾਂ ਦੀ ਸੁਪਰੀਮ ਖੇਡ ਜਥੇਬੰਦੀ ਦਾ ਪ੍ਰਧਾਨ ਇਕ ਭਾਰਤੀ ਨੂੰ ਬਣਾਇਆ ਗਿਆ। ਉਸ ਤੋਂ ਪਹਿਲਾਂ ਇਹ ਅਹੁਦਾ ਸ਼ੇਖ਼ ਅਹਿਮਦ ਅਲ-ਫਾਹਦ ਅਲ-ਅਹਿਮਦ ਅਲ-ਸਬਾਹ ਪਾਸ ਸੀ।

ਸ਼ੇਖ਼ ਅਹਿਮਦ 'ਤੇ ਕੋਈ ਕੇਸ ਬਣ ਗਿਆ ਸੀ ਜਿਸ ਕਰਕੇ ਉਸ ਨੂੰ ਅਹੁਦੇ ਤੋਂ ਵੱਖ ਹੋਣਾ ਪਿਆ ਸੀ ਤੇ ਸਤੰਬਰ 2021 ਵਿੱਚ ਰਾਜਾ ਰਣਧੀਰ ਸਿੰਘ ਨੂੰ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਗਿਆ ਸੀ। ਮਈ 2022 ਦੀਆਂ ਏਸ਼ਿਆਈ ਖੇਡਾਂ ਕੋਵਿਡ ਕਾਰਨ 2023 'ਚ ਕਰਾਉਣ ਦਾ ਫੈਸਲਾ ਉਸ ਦੀ ਪ੍ਰਧਾਨਗੀ ਹੇਠ ਹੀ ਕੀਤਾ ਗਿਆ ਸੀ। ਪਰ 8 ਜੁਲਾਈ 2023 ਨੂੰ ਰਣਧੀਰ ਸਿੰਘ ਦੀ ਥਾਂ ਅਹਿਮਦ ਅਲ-ਫਾਹਦ ਦੇ ਭਰਾ ਸ਼ੇਖ ਤਲਾਲ ਫਾਹਦ ਅਲ ਅਹਿਮਦ ਅਲ-ਸਬਾਹ ਨੂੰ ਓ.ਸੀ.ਏ. ਦੀ ਪ੍ਰਧਾਨਗੀ ਸੌਂਪ ਦਿੱਤੀ ਗਈ ਸੀ। ਉਸ ਦੀ ਚੋਣ 42ਵੀਂ ਓ.ਸੀ.ਏ. ਜਨਰਲ ਅਸੰਬਲੀ ਸੈਸ਼ਨ ਵਿੱਚ ਬੈਂਕਾਕ ਵਿਖੇ ਕੀਤੀ ਗਈ ਸੀ। ਪਰ 30 ਜੁਲਾਈ 2023 ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਰਣਧੀਰ ਸਿੰਘ ਨੂੰ ਪੱਤਰ ਲਿਖਿਆ ਕਿ ਉਹੀ ਕਾਰਜਕਾਰੀ ਪ੍ਰਧਾਨ ਵਜੋਂ ਆਪਣਾ ਕਾਰਜ ਜਾਰੀ ਰੱਖੇ। ਇੰਜ ਰਣਧੀਰ ਸਿੰਘ ਨੇ ਕਾਰਜਕਾਰੀ ਪ੍ਰਧਾਨ ਵਜੋਂ ਕਈ ਵੱਡੇ ਕਾਰਜ ਕਰਨੇ ਜਾਰੀ ਰੱਖੇ ਸਨ। ਮਈ 2024 ਵਿੱਚ ਬੈਂਕਾਕ ਵਿਖੇ ਓਲੰਪਿਕ ਕੌਂਸਲ ਆਫ਼ ਏਸ਼ੀਆ ਦੀ 43ਵੀਂ ਜਨਰਲ ਅਸੰਬਲੀ ਦੀ ਪ੍ਰਧਾਨਗੀ ਰਣਧੀਰ ਸਿੰਘ ਨੇ ਹੀ ਕੀਤੀ ਸੀ। 8 ਸਤੰਬਰ 2024 ਨੂੰ ਉਸ ਨੂੰ ਸਰਬਸੰਮਤੀ ਨਾਲ ਅਗਲੇ ਪੰਜ ਸਾਲਾਂ ਲਈ ਓ.ਸੀ.ਏ. ਦਾ ਪ੍ਰਧਾਨ ਚੁਣ ਲਿਆ ਗਿਆ।



ਰਣਧੀਰ ਸਿੰਘ ਦਾ ਜਨਮ 18 ਅਕਤੂਬਰ 1946 ਨੂੰ ਰਿਆਸਤ ਪਟਿਆਲੇ 'ਚ ਰਾਜਾ ਭਲਿੰਦਰ ਸਿੰਘ ਦੇ ਘਰ ਹੋਇਆ ਸੀ। ਰਾਜਾ ਭਲਿੰਦਰ ਸਿੰਘ ਰਿਆਸਤ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਦਾ ਪੁੱਤਰ ਤੇ ਮਹਾਰਾਜਾ ਯਾਦਵਿੰਦਰ ਸਿੰਘ ਦਾ ਛੋਟਾ ਭਰਾ ਸੀ। ਇਹ ਵਰਣਨਯੋਗ ਹੈ ਕਿ ਮਹਾਰਾਜਾ ਭੁਪਿੰਦਰ ਸਿੰਘ ਤੇ ਉਸ ਦੀ ਔਲਾਦ ਦਾ ਖੇਡਾਂ ਦੀ ਪ੍ਰਮੋਸ਼ਨ ਵਿਚ ਯਾਦਗਾਰੀ ਯੋਗਦਾਨ ਹੈ। ਉਨ੍ਹਾਂ ਨੇ ਆਪਣਾ ਵਿਸ਼ਾਲ ਮਹੱਲ, ਨੈਸ਼ਨਲ ਇੰਸਟਚਿਊਟ ਆਫ਼ ਸਪੋਰਟਸ ਨੂੰ ਸੌਂਪਿਆ ਹੋਇਐ। ਰਾਜਾ ਭਲਿੰਦਰ ਸਿੰਘ 1947 ਤੋਂ 1992 ਤਕ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੇ ਮੈਂਬਰ ਰਹੇ ਅਤੇ 1960 ਤੋਂ 1975 ਤੇ 1980 ਤੋਂ 1984 ਤਕ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਮਹਾਰਾਜਾ ਯਾਦਵਿੰਦਰ ਸਿੰਘ ਨੇ 1951 'ਚ ਨਵੀਂ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵੇਲੇ ਏਸ਼ੀਆ ਗੇਮਜ਼ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਯਾਦਗਾਰੀ ਭੂਮਿਕਾ ਨਿਭਾਈ ਸੀ। ਪਟਿਆਲੇ ਦੇ ਮਹਾਰਾਜੇ ਭੁਪਿੰਦਰ ਸਿੰਘ ਨੇ ਹੀ ਇੰਡੀਆ ਨੂੰ ਓਲੰਪਿਕ ਲਹਿਰ ਨਾਲ ਜੋੜਨ ਵਿੱਚ ਪਹਿਲ ਕੀਤੀ ਸੀ।

ਰਣਧੀਰ ਸਿੰਘ ਦਾ ਬਚਪਨ ਰਾਜ ਮਹਿਲਾਂ 'ਚ ਬੀਤਿਆ। ਉਹਦੀ ਪੜ੍ਹਾਈ ਪਟਿਆਲੇ ਦੇ ਯਾਦਵਿੰਦਰਾ ਪਬਲਿਕ ਸਕੂਲ ਵਿੱਚ ਹੋਈ ਜਿਥੇ ਉਸ ਨੂੰ ਪਹਿਲਾਂ ਪਹਿਲ ਤੈਰਨ, ਸੁਕੈਸ਼ ਤੇ ਕ੍ਰਿਕਟ ਖੇਡਣ ਦੀ ਚੇਟਕ ਲੱਗੀ। ਉਸ ਨੇ ਸੀਨੀਅਰ ਕੈਂਬਰਿਜ ਦਾ ਇਮਤਿਹਾਨ ਪਾਸ ਕੀਤਾ। ਉਸ ਦੇ ਘਰ ਤੇ ਸਕੂਲ, ਦੋਹੀਂ ਥਾਈਂ ਖੇਡਾਂ ਖੇਡਣ ਦਾ ਮਾਹੌਲ ਸੀ। ਉਹ ਨਾਨਕੇ ਦਾਦਕੇ ਹਰ ਥਾਂ ਸ਼ਿਕਾਰ ਖੇਡਣ ਨਿਕਲ ਜਾਂਦਾ। ਉਸ ਨੇ ਦਿੱਲੀ ਦੇ ਸੇਂਟ ਸਟੀਫਨਜ਼ ਕਾਲਜ ਤੋਂ ਇਤਿਹਾਸ ਦੀ ਬੀਏ ਆਨਰਜ਼ ਕੀਤੀ। ਕਾਲਜ ਵਿੱਚ ਕ੍ਰਿਕਟ ਉਸ ਦੀ ਮੁਖ ਖੇਡ ਸੀ ਪਰ ਨਾਲ ਮਹਿੰਗੀ ਖੇਡ ਸ਼ੂਟਿੰਗ ਦਾ ਸ਼ੌਕ ਵੀ ਪਾਲਦਾ ਰਿਹਾ। ਇਹ ਸ਼ੌਕ ਉਸ ਨੂੰ ਬੀਕਾਨੇਰ ਦੇ ਮਹਾਰਾਜਾ ਕਰਨੀ ਸਿੰਘ ਤੋਂ ਲੱਗਾ ਸੀ ਜਿਸ ਨੂੰ ਉਹ ਆਪਣਾ ਗੁਰੂ ਸਮਝਦਾ ਰਿਹਾ।

ਉਹ ਕਾਲਜ ਵਿੱਚ ਇਤਿਹਾਸ ਦੀ ਆਨਰਜ਼ ਕਰਦਾ ਸੀ ਕਿ 1963 ਦੀਆਂ ਪ੍ਰੀ ਓਲੰਪਿਕ ਖੇਡਾਂ ਲਈ ਭਾਰਤੀ ਸ਼ੂਟਿੰਗ ਟੀਮ 'ਚ ਚੁਣਿਆ ਗਿਆ। 17 ਸਾਲ ਦੀ ਉਮਰੇ ਟੋਕੀਓ ਦੀਆਂ ਪ੍ਰੀ ਓਲੰਪਿਕ ਖੇਡਾਂ 'ਚੋਂ ਸਿਲਵਰ ਬੈਜ ਜਿੱਤਿਆ। 1964 ਦੀਆਂ ਓਲੰਪਿਕ ਖੇਡਾਂ 'ਚ ਉਹ ਰਿਜ਼ਰਵ ਖਿਡਾਰੀ ਵਜੋਂ ਟੋਕੀਓ ਗਿਆ। 1968 ਦੀਆਂ ਓਲੰਪਿਕ ਖੇਡਾਂ 'ਚ ਉਹ 200 'ਚੋਂ 192 ਨਿਸ਼ਾਨੇ ਸਹੀ ਲਾ ਕੇ 14ਵੇਂ ਸਥਾਨ 'ਤੇ ਰਿਹਾ। 1969 'ਚ ਸਿੰਘਾਪੁਰ ਸ਼ੂਟਿੰਗ ਦੇ 4 ਗੋਲਡ ਮੈਡਲ ਜਿੱਤੇ। 1972 'ਚ ਮਿਊਨਿਖ, 1976 'ਚ ਮੌਂਟਰੀਅਲ, 1980 ਵਿੱਚ ਮਾਸਕੋ ਤੇ 1984 'ਚ ਲਾਸਏਂਜਲਸ ਓਲੰਪਿਕ ਖੇਡਾਂ ਵਿੱਚ ਭਾਗ ਲਿਆ। 1978 ਵਿੱਚ ਬਾਵੇਰੀਅਨ ਦੀ ਅੰਤਰਰਾਸ਼ਟਰੀ ਸ਼ੂਟਿੰਗ ਚੈਂਪੀਅਨਸ਼ਿਪ 'ਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਉਸੇ ਸਾਲ ਐਡਮਿੰਟਨ ਦੀਆਂ ਕਾਮਨਵੈਲਥ ਖੇਡਾਂ 'ਚੋਂ ਬ੍ਰੌਂਜ਼ ਬੈਜ ਹਾਸਲ ਕੀਤਾ। ਦਸੰਬਰ 1978 'ਚ ਉਹ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚ ਗਿਆ ਤਾਂ ਮੁਕਾਬਲੇ ਤੋਂ ਪਹਿਲਾਂ ਜਪਾਨੀ ਸ਼ੂਟਰਾਂ ਨਾਲ 75-75 ਨਿਸ਼ਾਨੇ ਲਾਉਣ ਦਾ ਅਭਿਆਸ ਕੀਤਾ। ਅਭਿਆਸ 'ਚ ਉਸ ਦੇ ਸਾਰੇ ਨਿਸ਼ਾਨੇ ਸਹੀ ਲੱਗ ਗਏ ਜਿਨ੍ਹਾਂ ਨਾਲ ਜਪਾਨੀਆਂ ਦੀ ਨੀਂਦ ਉਚਾਟ ਹੋ ਗਈ ਤੇ ਉਹ ਫਾਈਨਲ ਮੁਕਾਬਲੇ 'ਚ ਹਾਰ ਗਏ। ਸ਼ੂਟਰ ਨੂੰ ਬਹੁਤ ਚੁਸਤ ਦਰੁਸਤ ਰਹਿ ਕੇ ਆਪਣੀਆਂ ਨਰਵਜ਼ 'ਤੇ ਕਾਬੂ ਰੱਖਣਾ ਪੈਂਦੈ। ਸਕਿੰਟ ਦੇ ਸੌਵੇਂ ਹਿੱਸੇ ਦੀ ਅਗੇਤ ਪਿਛੇਤ ਨਿਸ਼ਾਨਾ ਖੁੰਝਾਅ ਸਕਦੀ ਹੈ। ਨਿਸ਼ਾਨੇਬਾਜ਼ੀ 'ਚ ਜੇਕਰ ਸ਼ੂਟਰ ਦੇ ਕੰਨ, ਅੱਖਾਂ, ਬੰਦੂਕ ਦੀ ਸੇਧ ਤੇ ਘੋੜਾ ਦੱਬਣ ਵਾਲੀ ਉਂਗਲ ਮਸ਼ੀਨੀ ਢੰਗ ਨਾਲ ਚੱਲਣ ਤਦ ਹੀ ਸ਼ੂਟਰ ਦਾ ਨਿਸ਼ਾਨਾ ਸਫਲ ਹੋ ਸਕਦੈ। ਜਿੰਨੀ ਇਕਾਗਰਤਾ ਇਕ ਸ਼ੂਟਰ 'ਚ ਹੋਣੀ ਚਾਹੀਦੀ ਹੈ ਸ਼ਾਇਦ ਹੀ ਕਿਸੇ ਹੋਰ ਖੇਡ ਵਿੱਚ ਏਨੀ ਇਕਾਗਰਤਾ ਦੀ ਲੋੜ ਪੈਂਦੀ ਹੋਵੇ। ਇਸ ਪਿਛੋਕੜ ਵਿੱਚ ਰਣਧੀਰ ਸਿੰਘ ਪਹਿਲਾਂ ਖਿਡਾਰੀ ਤੇ ਫਿਰ ਖੇਡ ਪ੍ਰਬੰਧਕ ਬਣਿਆ ਸੀ। ਉਸ ਨੇ ਖੇਡ ਪ੍ਰਬੰਧਕ ਦੀ ਪਹਿਲੀ ਜਿੰ 1984 'ਚ ਸੰਭਾਲੀ ਸੀ। ਫਿਰ 1987 ਤੋਂ 2010 ਤਕ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਗਵਰਨਿੰਗ ਬੋਰਡ ਦਾ ਮੈਂਬਰ ਰਿਹਾ ਤੇ 2001 ਤੋਂ 14 ਤਕ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦਾ ਮੈਂਬਰ ਰਿਹਾ। ਉਸ ਪਿੱਛੋਂ ਉਹ ਆਈ.ਓ.ਸੀ ਦਾ ਆਨਰੇਰੀ ਮੈਂਬਰ ਬਣਿਆ ਆ ਰਿਹਾ ਸੀ। ਸਤੰਬਰ 2021 ਤੋਂ ਉਸ ਨੂੰ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਸੀ ਜੋ ਸਤੰਬਰ 2024 ਤੋਂ ਪੂਰਾ ਪ੍ਰਧਾਨ ਬਣਾ ਦਿੱਤਾ ਗਿਆ ਸੀ।

ਬਾਕੀ ਹਿਸਾ ਸਫ਼ਾ 60 ਤੇ ਪੜ੍ਹੋ

### 59 ਸਫ਼ੇ ਦੀ ਬਾਕੀ

ਸ਼ੂਟਿੰਗ ਦੀ ਚੇਟਕ ਉਸ ਨੂੰ ਉਹਦੀ ਆਂਟੀ ਨੇ ਲਾਈ ਸੀ ਜੋ ਨੈਸ਼ਨਲ ਪੱਧਰ ਦੀ ਸ਼ੂਟਰ ਸੀ। ਉਹ 17 ਸਾਲਾਂ ਦਾ ਸੀ ਜਦੋਂ ਨੈਸ਼ਨਲ ਪੱਧਰ ਤੇ ਜੂਨੀਅਰ ਸ਼ੂਟਿੰਗ ਮੁਕਾਬਲਿਆਂ 'ਚ ਭਾਗ ਲੈਣ ਲੱਗਾ। 1965 ਵਿਚ ਉਸ ਦੀ ਟੀਮ ਨੇ ਕੌਮੀ ਪੱਧਰ 'ਤੇ ਪਹਿਲਾ ਗੋਲਡ ਮੈਟਰ ਜਿੱਤਿਆ ਸੀ। 1967 'ਚ ਸਕੀਟ ਸ਼ੂਟਿੰਗ 'ਚੋਂ ਵੀ ਉਹ ਵਿਅਕਤੀਗਤ ਤੌਰ 'ਤੇ ਪਹਿਲਾ ਗੋਲਡ ਮੈਡਲ ਜਿੱਤ ਗਿਆ। ਉਸ ਪਿਛੋਂ ਉਸ ਨੇ ਟ੍ਰੈਪ ਤੇ ਸਕੀਟ ਸ਼ੂਟਿੰਗ ਮੁਕਾਬਲਿਆਂ ਵਿਚ ਹੀ ਭਾਗ ਲੈਣਾ ਸ਼ੁਰੂ ਕਰ ਲਿਆ ਤੇ ਕੌਮੀ ਪੱਧਰ ਮੈਡਲ ਜਿੱਤਣੇ ਸ਼ੁਰੂ ਕਰ ਲਏ ਸਨ।

ਉਹ ਪਹਿਲੀ ਵਾਰ ਮਾਸਕੋ ਵਿਖੇ ਆਈ.ਓ.ਸੀ. ਦੇ 112ਵੇਂ ਸੈਸ਼ਨ 'ਚ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦਾ ਮੈਂਬਰ ਚੁਣਿਆ ਗਿਆ ਸੀ। ਉਥੇ ਉਸ ਨੂੰ 101 ਵੋਟਾਂ ਪਈਆਂ ਸਨ ਜੋ ਸਭ ਤੋਂ ਵੱਧ ਸਨ। 2003 ਤੋਂ 2005 ਤਕ ਉਹ ਵਿਸ਼ਵ ਆਂਟੀ-ਡੋਪਿੰਗ ਏਜੰਸੀ ਫਾਊਂਡੇਸ਼ਨ ਬੋਰਡ ਦਾ ਮੈਂਬਰ ਤੇ ਐਸੋਸੀਏਸ਼ਨ ਆਫ਼ ਨੈਸ਼ਨਲ ਓਲੰਪਿਕ ਕਮੇਟੀਆਂ ਦੀ ਕਾਰਜਕਾਰੀ ਦਾ ਮੈਂਬਰ ਰਿਹਾ ਸੀ। 1998 ਤੋਂ 2007 ਤਕ ਐਫਰੋ-ਏਸ਼ੀਅਨ ਗੇਮਜ਼ ਕੌਂਸਲ ਦਾ ਬਾਨੀ ਸੈਕਟਰੀ ਜਨਰਲ ਰਿਹਾ ਤੇ 2003 'ਚ ਹੈਦਰਾਬਾਦ ਪਹਿਲੀ ਵਾਰ ਐਫਰੋ-ਏਸ਼ੀਅਨ ਖੇਡਾਂ ਕਰਵਾਈਆਂ।

2003-05 ਤਕ ਉਹ ਵਿਸ਼ਵ ਆਂਟੀ-ਡੋਪਿੰਗ ਏਜੰਸੀ ਫਾਊਂਡੇਸ਼ਨ ਬੋਰਡ ਦਾ ਮੈਂਬਰ ਰਿਹਾ। 2002-03 ਵਿੱਚ ਓਲੰਪਿਕ ਗੇਮਜ਼ ਸਟੱਡੀ ਕਮਿਸ਼ਨ, 2004-13 ਤਕ ਸਪੋਰਟਸ ਫਾਰ ਆਲ ਕਮਿਸ਼ਨ ਅਤੇ 2006-13 ਤਕ ਔਰਤਾਂ ਤੇ ਖੇਡਾਂ ਕਮਿਸ਼ਨ ਦਾ ਮੈਂਬਰ ਰਿਹਾ। 2008-11 ਤਕ ਕੁਆਰਡੀਨੇਟਰ ਫਸਟ ਯੂਥ ਓਲੰਪਿਕ ਗੇਮਜ਼ ਸਿੰਘਾਪੁਰ-2010 ਤੇ 2007-14 ਤਕ ਓਲੰਪਿਕ ਟ੍ਰਸ ਫਾਊਂਡੇਸ਼ਨ ਦਾ ਥੰਮ੍ਹ ਰਿਹਾ। ਉਹ 2010 ਵਿਚ ਦਿੱਲੀ ਵਿਖੇ ਹੋਈਆਂ ਕਾਮਨਵੈਲਥ ਖੇਡਾਂ ਦੀ ਸੰਚਾਲਨ ਕਮੇਟੀ ਦਾ ਵਾਈਸ ਪ੍ਰੈਜ਼ੀਡੈਂਟ ਸੀ। ਉਸ ਨੂੰ ਲਕਸ਼ਮੀਬਾਈ ਨੈਸ਼ਨਲ ਇੰਸਟੀਚਿਊਟ ਆਫ਼ ਫਿਜ਼ੀਕਲ ਐਜੂਕੇਸ਼ਨ ਵੱਲੋਂ ਡਾਕਟਰ ਆਫ਼ ਲਿਟਰੇਚਰ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

ਰਣਧੀਰ ਸਿੰਘ ਦਾ ਪਹਿਲਾ ਵਿਆਹ ਉਮਾ ਕੁਮਾਰੀ ਨਾਲ ਹੋਇਆ ਸੀ ਜਿਸ ਦੀ ਕੁੱਖੋਂ ਦੋ ਧੀਆਂ ਮਹਿਮਾ ਤੇ ਸੁਨੈਣਾ ਪੈਦਾ ਹੋਈਆਂ। ਦੂਜਾ ਵਿਆਹ ਵਪਾਰੀ ਵਿਪਨ ਖੰਨਾ ਦੀ ਪੁੱਤਰੀ ਵਿਨੀਤਾ ਸਿੰਘ ਨਾਲ ਹੋਇਆ ਜਿਸ ਦੀ ਕੁੱਖੋਂ ਧੀ ਰਾਜੇਸ਼ਵਰੀ ਨੇ ਜਨਮ ਲਿਆ। ਰਾਜੇਸ਼ਵਰੀ ਓਲੰਪਿਕ ਪੱਧਰ ਦੀ ਸ਼ੂਟਰ ਹੈ। ਭਾਰਤ ਵਾਸੀਆਂ ਨੂੰ ਰਾਜਾ ਰਣਧੀਰ ਸਿੰਘ ਤੋਂ ਬੜੀਆਂ ਆਸਾਂ ਸਨ ਕਿ ਉਹ ਭਾਰਤ ਲਈ ਐਫਰੋ-ਏਸ਼ੀਅਨ ਤੇ ਕਾਮਨਵੈਲਥ ਖੇਡਾਂ ਵਾਂਗ ਨੇੜ ਭਵਿੱਖ ਵਿੱਚ ਓਲੰਪਿਕ ਖੇਡਾਂ ਵੀ ਅਲਾਟ ਕਰਵਾ ਲਵੇਗਾ। ਸ਼ੂਟਿੰਗ ਦੇ ਰਾਜੇ ਰਣਧੀਰ ਸਿੰਘ ਦੀ ਮ੍ਰਿਤੂ ਨਾਲ ਨਾ ਸਿਰਫ਼ ਰਾਜਾ ਪਰਿਵਾਰ, ਪੰਜਾਬ ਦਾ ਖੇਡ ਪਰਿਵਾਰ ਅਤੇ ਭਾਰਤ ਦੇ ਖੇਡ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ ਉਥੇ ਏਸ਼ੀਆ ਤੇ ਵਿਸ਼ਵ ਦੇ ਖੇਡ ਪਰਿਵਾਰਾਂ ਨੂੰ ਵੀ ਵੱਡੀ ਸੱਟ ਵੱਜੀ ਹੈ। ਵਾਹਿਗੁਰੂ ਸਾਕ ਸੰਬੰਧੀਆਂ, ਸੱਜਣਾਂ ਮਿੱਤਰਾਂ ਤੇ ਉਨ੍ਹਾਂ ਨੂੰ ਚਾਹੁਣ ਵਾਲਿਆਂ ਸਭਨਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ ਅਤੇ ਉਨ੍ਹਾਂ ਦੇ ਦਿਖਾਏ ਮਾਰਗ 'ਤੇ ਚੱਲਣ ਦੀ ਸਮਰੱਥਾ ਦੇਵੇ।

*principalsarwansingh@gmail.com*

# ਰਾਮ ਸਿੰਘ ਜੇ.ਈ. ਮੋਹਲਗਵਾਰਾ ਦਾ ਵਿਛੋੜਾ



ਲੋਕਾਂ ਦੇ ਘਰਾਂ ਵਿੱਚ ਚਾਨਣ ਦੇਣ, ਇੰਡਸਟਰੀ ਨੂੰ, ਕਿਸਾਨਾਂ ਦੇ ਖੇਤਾਂ ਵਿੱਚ ਮੋਟਰਾਂ ਨੂੰ ਨਿਰਵਿਘਨ ਸਪਲਾਈ ਦੇਣ ਦੀਆਂ ਸੇਵਾਵਾਂ ਪ੍ਰਤੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸ਼੍ਰ. ਰਾਮ ਸਿੰਘ ਜੇ.ਈ. (ਬਿਜਲੀ ਬੋਰਡ) 31 ਅਕਤੂਬਰ 2023 ਨੂੰ ਨਾਭਾ (ਦਿਹਾਤੀ) ਤੋਂ ਸੇਵਾ ਮੁਕਤ ਹੋ ਗਏ ਸੀ। ਉਨ੍ਹਾਂ ਦਾ ਜਨਮ ਪਿੰਡ ਮੋਹਲਗਵਾਰਾ ਜ਼ਿਲ੍ਹਾ ਪਟਿਆਲਾ ਵਿਖੇ 1 ਨਵੰਬਰ 1965 ਨੂੰ ਮਾਤਾ ਸਵ: ਸ੍ਰੀਮਤੀ ਗੁਰਦੇਵ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸਵ: ਸ੍ਰੀ ਭਜਨ ਸਿੰਘ ਇੱਕ ਕਿਰਤੀ ਇਨਸਾਨ ਸਨ। ਰਾਮ ਸਿੰਘ ਨੇ ਆਪਣੀ ਪੰਜਵੀਂ ਤੱਕ ਦੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ । ਉਸ ਨੇ ਛੇਵੀਂ ਤੋਂ ਦਸਵੀਂ ਤੱਕ ਦੀ ਪੜ੍ਹਾਈ ਸ.ਹ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਪ੍ਰਾਪਤ ਕਰ ਲਈ ਸੀ। ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਵੀ ਉਸ ਦੇ ਪਿਤਾ ਦੀ ਸਾਕਾਰਾਤਮਕ ਸੋਚ ਨੇ ਬੱਚਿਆ ਨੂੰ ਸਰਕਾਰੀ ਨੌਕਰੀ ਲਈ ਯੋਗ ਬਣਾਉਣ ਦਾ ਨਿਸਚਾ ਕਰ ਰੱਖਿਆ ਸੀ । ਰਾਮ ਸਿੰਘ ਨੇ ਵੀ ਸਰਕਾਰੀ ਮੁਲਾਜ਼ਮ ਬਣਨ ਲਈ ਆਈ.ਟੀ.ਆਈ. ਤੋਂ ਇਲੈਕਟ੍ਰੀਸ਼ਅਨ ਦਾ ਡਿਪਲੋਮਾ ਕਰ ਲਿਆ। ਬਿਜਲੀ ਬੋਰਡ ਵਿੱਚ ਬਤੌਰ ਲਾਈਨਮੈਨ ਭਰਤੀ ਹੋ ਕੇ ਉਨ੍ਹਾਂ ਨੇ ਜ਼ਿਆਦਾ ਡਿਊਟੀ ਜਰਗ, ਖੰਨਾ ਵਿਖੇ ਨਿਭਾਈ । ਉਹ 5 ਅਕਤੂਬਰ 2018 ਨੂੰ ਤਰੱਕੀ ਹੋਣ ਤੇ ਜੂਨੀਅਰ ਇੰਜਨੀਅਰ ਦੀ ਡਿਊਟੀ ਨਾਭਾ ਵਿਖੇ ਨਿਭਾਈ ।

ਉਸ ਦਾ ਵਿਆਹ ਪਿੰਡ ਲਾਂਗੜੀਆਂ ਵਿਖੇ ਹਰਜਿੰਦਰ ਕੌਰ ਨਾਲ ਹੋ ਗਿਆ। ਉਹ ਮਿੱਠ-ਬੋਲੜੇ ਅਤੇ ਮਿਲਨਸਾਰ ਸੁਭਾਅ ਵਾਲਾ ਇਨਸਾਨ ਸੀ। ਉਸ ਦੇ ਵੱਡੇ ਭਰਾ ਸ਼੍ਰ. ਸੁਰਜੀਤ ਸਿੰਘ ਬਤੌਰ ਖੇਤੀਬਾੜੀ ਮਾਸਟਰ ਰਿਟਾਇਰ, ਵੈਦ ਰਾਮ ਚੰਦ (ਰਿਟਾ:), ਮਾਸਟਰ ਦਰਸ਼ਨ ਸਿੰਘ (ਰਿਟਾ:), ਛੋਟੇ ਭਰਾ ਸ੍ਰ. ਬਹਾਦਰ ਸਿੰਘ (ਐਕਸੀਅਨ ਬਿਜਲੀ ਬੋਰਡ ਰਿਟਾ:) ਅਤੇ ਹੰਸ ਰਾਜ (ਸਾਬਕਾ ਫੌਜੀ) ਹੁਣ ਈ.ਟੀ.ਟੀ. ਅਧਿਆਪਕ ਨੇ ਆਪਣੇ ਆਪਣੇ ਮਹਿਕਮੇ 'ਚ ਵਧੀਆ ਸੇਵਾਵਾਂ ਨਿਭਾ ਕੇ ਪਰਿਵਾਰ ਦਾ ਨਾਂ ਉੱਚਾ ਕੀਤਾ ਹੈ । ਸਾਰੇ ਭਰਾਵਾਂ ਦਾ ਆਪਸੀ ਪਿਆਰ ਅਤੇ ਥਪਾਕ ਸਲਾਹੁਣਯੋਗ ਹੈ। ਉਸ ਦਾ ਵੱਡਾ ਬੇਟਾ ਅਮਰਿੰਦਰ ਸਿੰਘ ਅਤੇ ਛੋਟਾ ਜਸਵਿੰਦਰ ਸਿੰਘ ਬਿਜਨਿਸ ਕਰਦੇ ਹਨ , ਨੂੰਹ ਪ੍ਰੀਤੀ ਡਾਈਟ ਨਾਭਾ 'ਚ ਸੇਵਾ ਨਿਭਾ ਰਹੀ ਹੈ । ਬੇਟੀ ਜਸਵੀਰ ਕੌਰ ਦਿੱਤੂਪੁਰ ਵਿਖੇ ਨਰਿੰਦਰ ਸਿੰਘ ਨਾਲ ਵਿਆਹੀ ਹੋਈ ਹੈ । ਪੋਤਰੀ ਨਿਮਰਤ ਕੌਰ ਅਤੇ ਦੋਹਤਾ ਲਕਸ਼ਦੀਪ ਸਿੰਘ ਘਰ ਦੀ ਰੌਣਕ ਹਨ। ਉਹ ਪਿਛਲੇ ਲੰਬੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਲਛਮਣ ਨਗਰ ,ਨਾਭਾ ਵਿਖੇ ਰਹਿ ਰਹੇ ਸਨ । ਪਿਛਲੇ ਦਿਨੀਂ ਸੰਖੇਪ ਬਿਮਾਰੀ ਉਪਰੰਤ ਸ੍ਰ. ਰਾਮ ਸਿੰਘ ਅਚਾਨਕ ਪਰਿਵਾਰ ਨੂੰ ਵਿਛੋੜਾ ਦੇ ਗਏ । ਉਨ੍ਹਾਂ ਦੀ ਨਮਿੱਤ ਅੰਤਿਮ ਅਰਦਾਸ 9 ਜੂਨ 2026 ਦਿਨ ਮੰਗਲਵਾਰ ਨੂੰ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ (ਘੋੜਿਆਂ ਵਾਲਾ) ਨਾਭਾ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ ।

# ਸੋਸ਼ਲ ਮੀਡੀਆ ਨੇ 'ਸੁਰਭੀ' ਦੀ ਯਾਦ ਤਾਜ਼ਾ ਕੀਤੀ

**ਪ੍ਰੋ. ਕੁਲਬੀਰ ਸਿੰਘ**



'ਸੁਰਭੀ ਡੀ.ਡੀ. ਨੈਸ਼ਨਲ ਚੈਨਲ 'ਤੇ 1990 ਤੋਂ 2001 ਤੱਕ ਪ੍ਰਸਾਰਿਤ ਹੋਇਆ ਬੇਹੱਦ ਪ੍ਰਸਿੱਧ ਅਤੇ ਚਰਚਿਤ ਭਾਰਤੀ ਸੱਭਿਆਚਾਰਕ ਟੈਲੀਵਿਜ਼ਨ ਲੜੀਵਾਰ ਸੀ। ਰੇਣੂਕਾ ਸ਼ਹਾਨੇ ਅਤੇ ਸਿਧਾਰਥ ਕਾਕ ਦੁਆਰਾ ਪੇਸ਼ ਕੀਤਾ ਗਿਆ ਇਹ ਟੀ.ਵੀ. ਸ਼ੋਅ ਭਾਰਤ ਦੀ ਵੰਨਸਵੰਨੀ ਕਲਾ, ਸ਼ਿਲਪ ਅਤੇ ਪਰੰਪਰਾਵਾਂ 'ਤੇ ਅਧਾਰਿਤ ਸੀ ਜਿਸਨੂੰ ਭਾਰਤੀ ਦਰਸ਼ਕਾਂ ਦਾ ਬੇਹਿਸਾਬ ਪਿਆਰ ਸਤਿਕਾਰ ਮਿਲਿਆ।

ਪਿਆਰ ਸਤਿਕਾਰ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਦਰਸ਼ਕ ਪ੍ਰਤੀਕਰਮ ਦੇ ਰੂਪ ਵਿਚ ਇੱਕ ਹਫ਼ਤੇ ਵਿਚ 14 ਲੱਖ ਤੱਕ ਚਿੱਠੀਆਂ ਲਿਖਦੇ ਸਨ ਜਿਹੜਾ ਆਪਣੇ ਆਪ ਵਿਚ ਇਕ ਰਿਕਾਰਡ ਹੈ। ਇਕ ਵਾਰ ਉਨ੍ਹਾਂ ਚਿੱਠੀਆਂ ਦੇ ਢੇਰ ਕੋਲ ਬੈਠ ਕੇ ਦੋਵਾਂ ਐਂਕਰਾਂ ਨੇ ਪ੍ਰੋਗਰਾਮ ਪੇਸ਼ ਕੀਤਾ ਸੀ। ਡਾਕਖਾਨੇ ਵਿਚ ਚਿੱਠੀਆਂ ਰੱਖ ਲਈ ਥਾਂ ਨਹੀਂ ਮਿਲਦੀ ਸੀ।

ਇਹ ਇਕ 'ਕਲਚਰਲ ਮੈਗਜ਼ੀਨ' ਸ਼ੋਅ ਸੀ ਜਿਹੜਾ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਰੀਤੀ-ਰਿਵਾਜ਼ਾਂ, ਕਲਾ- ਰੂਪਾਂ, ਇਤਿਹਾਸਕ ਸਥਾਨਾਂ ਅਤੇ ਵਿਰਾਸਤ ਨੂੰ ਉਜਾਗਰ ਕਰਦਾ ਸੀ। ਇਸ ਨੇ ਟੈਲੀਵਿਜ਼ਨ ਦੇ ਕਈ ਰਿਕਾਰਡ ਤੋੜੇ ਸਨ। ਇਹ ਸਭ ਤੋਂ ਲੰਮਾਂ ਸਮਾਂ ਚੱਲਣ ਵਾਲਾ ਸੀਰੀਅਲ ਸੀ। ਇਸਨੂੰ ਵੇਖਣ ਵਾਲੇ ਦਰਸ਼ਕਾਂ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਸਟਾਰ ਟੀ.ਵੀ. ਨੇ ਇਸਨੂੰ ਆਪਣੇ ਚੈਨਲ 'ਤੇ ਪ੍ਰਸਾਰਿਤ ਕਰਨ ਲਈ ਅਧਿਕਾਰ ਖਰੀਦ ਲਏ ਸਨ। ਸਭ ਤੋਂ ਲੰਮਾ ਸਮਾਂ ਚੱਲਣ ਵਾਲੇ ਸੀਰੀਅਲ ਵਜੋਂ 'ਲਿਮਕਾ ਬੁੱਕਮ ਆਫ਼ ਰਿਕਾਰਡਜ਼' ਨੇ ਇਸਦਾ ਨਾਂ ਦਰਜ ਕੀਤਾ ਸੀ। ਸੋਸ਼ਲ ਮੀਡੀਆ ਨੇ ਇਸ ਦੀਆਂ ਯਾਦਾਂ ਮੁੜ ਤਾਜ਼ਾ ਕਰ ਦਿੱਤੀਆਂ ਹਨ। ਇਸਦੇ ਨਿਰਮਾਤਾ ਸਧਾਰਥਕ ਕਾਕ ਅਤੇ ਨਿਰਦੇਸ਼ਕ ਅਭਿਲਾਸ਼ ਭੱਟਾਚਾਰੀਆ ਸਨ। ਇਹ 415 ਕੜੀਆਂ ਵਿਚ ਵਿਖਾਇਆ ਗਿਆ ਸੀ।

ਸੁਰਭੀ ਸ਼ੋਅ ਆਪਣੇ ਅਨੋਖੇ ਤੇ ਆਕਰਸ਼ਕ ਪੈਟਰਨ ਕਾਰਨ ਵੀ ਪ੍ਰਸਿੱਧ ਸੀ। ਇਸ ਸ਼ੋਅ ਨੇ ਆਪਣੀ ਪ੍ਰਸਿੱਧੀ ਨਾਲ, ਰੇਣੂਕਾ ਸਹਾਨੇ ਅਤੇ ਸਿਧਾਰਥ ਕਾਕ ਨੂੰ ਵੀ ਚਰਚਿਤ ਚਿਹਰੇ ਬਣਾ ਦਿੱਤਾ। ਇਸਨੇ ਭਾਰਤ ਦੀ ਵਿਰਾਸਤ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾ ਦਿੱਤਾ। ਦੋਵੇਂ ਐਂਕਰ ਜ਼ਮੀਨ 'ਤੇ ਬੈਠ ਕੇ ਪ੍ਰੋਗਰਾਮ ਪੇਸ਼ ਕਰਦੇ ਸਨ। ਇਸ ਸ਼ੋਅ ਕਾਰਨ ਰੇਣੂਕਾ ਸਹਾਨੇ ਫ਼ਿਲਮ ਕਲਾਕਾਰਾਂ ਨਾਲੋਂ ਵੀ ਪ੍ਰਸਿੱਧ ਹੋ ਗਈ ਸੀ। ਲੋਕ ਉਸਦੇ ਵਾਲਾਂ ਅਤੇ ਕੱਪੜਿਆਂ ਦੀ ਨਕਲ ਕਰਦੇ ਸਨ। ਲੋਕ ਆਪਣੇ ਬੱਚਿਆਂ ਦਾ ਨਾਂ ਸੁਰਭੀ ਰੱਖਣ ਲੱਗ ਗਏ ਸਨ। ਇਹ ਖੋਜ-ਅਧਾਰਿਤ ਸ਼ੋਅ ਸੀ ਜਿਹੜਾ ਦੇਸ਼ ਭਗਤੀ ਦੀ ਭਾਵਨਾ ਵੀ ਜਗਾਉਂਦਾ ਸੀ। ਦਰਸ਼ਕਾਂ ਲਈ ਖੋਲ੍ਹੇ ਗਏ ਹਫ਼ਤਾਵਾਰ ਕੁਇੱਜ਼ ਨੇ ਸ਼ੋਅ ਨੂੰ ਹੋਰ ਚਰਚਿਤ ਕਰ ਦਿੱਤਾ। ਜਿਨ੍ਹਾਂ ਰਾਜਾਂ ਵਿਚ ਹਿੰਦੀ ਭਾਸ਼ਾ ਪ੍ਰਚਲਿਤ ਨਹੀਂ ਉਨ੍ਹਾਂ ਵਿਚ ਇਸਨੂੰ ਸਥਾਨਕ ਭਾਸ਼ਾਵਾਂ ਵਿਚ ਪ੍ਰਸਾਰਿਤ ਕੀਤਾ ਗਿਆ। ਸ਼ੋਅ




ਦੀ ਮਕਬੂਲੀਅਤ ਉਪਰੰਤ ਸਿਧਾਰਥ ਕਾਕ ਨੇ 'ਸੁਰਭੀ ਫਾਊਂਡੇਸ਼ਨ' ਦੀ ਸਥਾਪਨਾ ਕੀਤੀ ਸੀ। ਇਸਦਾ ਉਦੇਸ਼ ਕਲਾ-ਕਿਰਤਾਂ ਦੀ ਸਾਂਭ-ਸੰਭਾਲ ਕਰਨਾ ਸੀ।

ਦਰਅਸਲ ਰੇਣੂਕਾ ਸਹਾਨੇ ਅਤੇ ਸਿਧਾਰਥ ਕਾਕ ਦੇ ਬਿਹਤਰੀਨ ਅੰਦਾਜ਼ ਨੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ ਸੀ ਅਤੇ ਇਸ ਸ਼ੋਅ ਕੇਵਲ ਮਨੋਰੰਜਨ ਤੱਕ ਸੀਮਤ ਨਹੀਂ ਸੀ ਸਗੋਂ ਅਨੂਠੇ ਸੱਭਿਆਚਾਰਾਂ ਦਾ ਸੁਮੇਲ ਸੀ। ਸਿਹਤ ਅਤੇ ਮੀਡੀਆ : ਸਰੀਰ ਅਤੇ ਸਿਹਤ, ਸਿਹਤ ਅਤੇ ਖੁਰਾਕ ਵਿਸ਼ਵ-ਵਿਆਪੀ ਵਿਸ਼ੇ ਹਨ। ਸਮੇਂ ਨਾਲ ਇਸ ਹੋਰ ਮਹੱਤਵ ਗ੍ਰਹਿਣ ਕਰਦੇ ਜਾ ਰਹੇ ਹਨ। ਜਿੰਨੇ ਇਹ ਵਿਸ਼ੇ ਮਹੱਤਵਪੂਰਨ ਹਨ, ਉਨਾ ਮਹੱਤਵ ਅਸੀਂ ਇਨ੍ਹਾਂ ਨੂੰ ਦਿੰਦੇ ਨਹੀਂ।


ਭਾਰਤੀ ਲੋਕਾਂ ਵਿਚ ਨਾ ਸਿਹਤ ਪ੍ਰਤੀ ਸਮਝ ਹੈ, ਨਾ ਚੇਤੰਨਤਾ। ਇਸੇ ਲਈ ਹਸਪਤਾਲ ਭਰੇ ਹੋਏ ਹਨ ਅਤੇ ਛੋਟੀ ਜਿਹੀ ਸਰੀਰਕ ਮਾਨਸਿਕ ਸਮੱਸਿਆ ਆਉਣ 'ਤੇ ਹਰ ਕੋਈ ਹਸਪਤਾਲ ਨੂੰ ਭੱਜਾ ਜਾਂਦਾ ਹੈ।

ਇਸਦੇ ਪੰਜ ਪ੍ਰਮੁੱਖ ਕਾਰਨ ਹਨ। ਗੈਰ-ਸਿਹਤਮੰਦ ਜੀਵਨ-ਸ਼ੈਲੀ, ਕੁਦਰਤ ਤੋਂ ਦੂਰੀ, ਬੇਤਹਾਸ਼ਾ ਕੈਮੀਕਲਾਂ ਦੀ ਵਰਤੋਂ, ਚੰਗੀ ਖੁਰਾਕ ਦੀਆਂ ਸਹੂਲਤਾਂ ਅਤੇ ਜਾਗ੍ਰਿਤੀ ਦੀ ਘਾਟ। ਇਸ ਦਿਸ਼ਾ ਵਿਚ ਭਾਰਤੀ ਮੀਡੀਆ ਅਹਿਮ ਭੂਮਿਕਾ ਨਿਭਾ ਸਕਦਾ ਹੈ। ਰੇਡੀਓ, ਟੈਲੀਵਿਜ਼ਨ ਵਧੇਰੇ ਸਮਾਂ ਦੇ ਕੇ ਅਤੇ ਅਖ਼ਬਾਰਾਂ ਵਧੇਰੇ ਸਪੇਸ ਦੇ ਕੇ। ਮੀਡੀਆ ਵੱਲੋਂ ਸਮਾਂ ਤੇ ਸਪੇਸ ਪਹਿਲਾਂ ਹੀ ਦਿੱਤੇ ਜਾ ਰਹੇ ਹਨ ਪਰ ਉਹ ਨਿਗੂਣੇ ਅਤੇ ਨਾਮਾਤਰ ਹਨ। ਸਾਡਾ ਸਰੀਰ ਨਰੋਆ, ਤੰਦਰੁਸਤ ਅਤੇ ਚੁਸਤ-ਦਰੁਸਤ ਰਹੇ, ਅਸੀਂ ਪ੍ਰਸੰਨ ਲੰਮੀ ਉਮਰ ਬਤੀਤ ਕਰ ਸਕੀਏ, ਇਹਦੇ ਲਈ ਸਖ਼ਤ ਅਨੁਸ਼ਾਸਨ ਦੀ ਲੋੜ ਹੈ, ਸਿਹਤਮੰਦ ਜੀਵਨ-ਸ਼ੈਲੀ ਦੀ ਜ਼ਰੂਰਤ ਹੈ, ਸਵੈ-ਜ਼ਾਬਤੇ ਵਿਚ ਰਹਿ ਕੇ ਚੰਗੀ ਖੁਰਾਕ ਦੀ ਚੋਣ ਕਰਨ ਅਤੇ ਤਣਾਅ ਤੋਂ ਬਚਣ ਦੀ ਅਵੈਸ਼ਕਤਾ ਹੈ। ਕੁਦਰਤ ਨਾਲ ਜੁੜਨ ਦੀ ਲੋੜ ਹੈ।

ਮੀਡੀਆ ਲੋਕਾਂ ਨੂੰ ਬਿਮਾਰੀਆਂ, ਚੰਗੀ ਸਿਹਤ, ਚੰਗੀ ਖੁਰਾਕ ਅਤੇ ਸਿਹਤ-ਸਹੂਲਤਾਂ ਪ੍ਰਤੀ ਜਾਗਰੂਕ ਕਰ ਸਕਦਾ ਹੈ। ਢੁੱਕਵੀਂ ਜਾਣਕਾਰੀ ਦੇ ਕੇ ਸਾਕਾਰਾਤਮਕ ਜੀਵਨ ਸ਼ੈਲੀ ਅਪਨਾਉਣ ਲਈ ਪ੍ਰੇਰਿਤ ਕਰ ਸਕਦਾ ਹੈ। ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜਨਤਕ ਸਿਹਤ ਸੰਭਾਲ ਦੇ ਕਮਜ਼ੋਰ ਬੁਨਿਆਦੀ ਢਾਂਚੇ 'ਤੇ ਚਿੰਤਾ ਪ੍ਰਗਟਾਉਂਦਿਆਂ ਦੋਵਾਂ ਰਾਜਾਂ ਨੂੰ ਯਕੀਨੀ ਬਨਾਉਣ ਦੇ ਹੁਕਮ ਦਿੱਤੇ ਹਨ ਕਿ ਹਰੇਕ ਜ਼ਿਲ੍ਹਾ ਹਸਪਤਾਲ ਕੋਲ ਮੁੱਢਲੀਆਂ ਸਿਹਤ-ਸਹੂਲਤਾਂ ਜ਼ਰੂਰ ਹੋਣ।

# ਜੂਨ 1984-ਸਾਕਾ ਦਰਬਾਰ ਸਾਹਿਬ : ਕਿਤਾਬਾਂ ਦੀ ਰੌਸ਼ਨੀ ਵਿੱਚ


ਇਕਵਾਕ ਸਿੰਘ ਪੱਟੀ
ਮੋ. 947 876 7620




ਦੋਸਤੋ ! ਪੜ੍ਹਨਾ ਬਹੁਤ ਜ਼ਰੂਰੀ ਹੈ। ਅਸੀਂ ਜੋ ਇਤਿਹਾਸ ਸਿਰਜਿਆ, ਉਸ ਨੂੰ ਕਿਸ ਢੰਗ ਨਾਲ ਲਿਖਿਆ ਜਾਂ ਸਾਂਭਿਆ ਗਿਆ, ਇਹ ਪੜ੍ਹਿਆਂ ਹੀ ਪਤਾ ਲੱਗਦਾ ਹੈ। ਜੋ ਕੌਮਾਂ ਪੜ੍ਹਦੀਆਂ ਹਨ, ਉਹੀ ਅੱਗੇ ਵੱਧਦੀਆਂ ਹਨ। ਜੂਨ 1984ੲ ਇੱਕ ਐਸੀ ਘਟਨਾ ਜਿਸ ਨੇ ਪੰਜਾਬ, ਸਿੱਖ ਮਨੋਵਿਗਿਆਨ ਅਤੇ ਭਾਰਤੀ ਇਤਿਹਾਸ 'ਤੇ ਡੂੰਘਾ ਅਸਰ ਛੱਡਿਆ। ਪਰ ਅੱਜ ਸਭ ਤੋਂ ਵੱਡਾ ਸਵਾਲ ਇਹ ਹੈੲ ਕੀ ਅਸੀਂ 1984 ਨੂੰ ਸੱਚਮੁੱਚ ਪੜ੍ਹਿਆ ਹੈ ? ਜਾਂ ਸਿਰਫ਼ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ 'ਤੇ ਆਪਣੀ ਰਾਇ ਬਣਾਈ ਹੈ ? ਦੋਸਤੋ ! ਇਸ ਲਿਖਤ ਵਿੱਚ ਕਰਾਂਗੇ ਉਹਨਾਂ 7 ਕਿਤਾਬਾਂ ਬਾਰੇ, ਜੋ ਜੂਨ 1984 ਅਤੇ ਉਸ ਤੋਂ ਪਹਿਲਾਂ ਦੇ ਪੰਜਾਬ ਨੂੰ ਸਮਝਣ ਲਈ ਬਹੁਤ ਜ਼ਰੂਰੀ ਮੰਨੀਆਂ ਜਾਂਦੀਆਂ ਹਨ। ਚਲੋ ਸ਼ੁਰੂ ਕਰਦੇ ਹਾਂ ਪਹਿਲੀ ਕਿਤਾਬ ਨਾਲ...

## ਨੀਲੀ ਦਸਤਾਰ ਦੀ ਦਾਸਤਾਨ

ਜੂਨ 1984 ਨੂੰ ਸਮਝਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਪੰਜਾਬ ਉਸ ਮੋੜ ਤੱਕ ਪਹੁੰਚਿਆ ਕਿਵੇਂ ਸੀੲ ਤਾਂ ਇਸ ਸੰਬੰਧੀ ਇਹ ਇੱਕ ਸਵੈ-ਜੀਵਨੀ ਕਿਤਾਬ ਹੈ। ਇਸ ਕਿਤਾਬ ਦੀ ਖ਼ਾਸ ਗੱਲ ਇਹ ਹੈ ਕਿ ਲੇਖਕ ਘਟਨਾਵਾਂ ਨੂੰ ਨਜ਼ਦੀਕੋਂ ਵੇਖਣ ਵਾਲੇ ਵਿਅਕਤੀ ਸਨ। ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ 1984 ਤੋਂ ਪਹਿਲਾਂ ਹੌਲੀ-ਹੌਲੀ ਮਾਹੌਲ ਕਿਵੇਂ ਤਣਾਅਪੂਰਨ ਬਣਿਆ, ਤਾਂ ਇਹ ਕਿਤਾਬ ਜ਼ਰੂਰ ਪੜ੍ਹੋ। ਇਸ ਕਿਤਾਬ ਦੇ 256 ਪੰਨੇ ਅਤੇ 10 ਅਧਿਆਏ ਹਨ। ਇਹ ਤੀਜੀ ਵਾਰ ਛੱਪ ਚੁੱਕੀ ਹੈ ਅਤੇ ਇਸ ਨੂੰ ਸਿੰਘ ਬ੍ਰਦਰਜ਼ ਵੱਲੋਂ ਛਾਪਿਆ ਗਿਆ ਹੈ। ਸਾਕਾ ਨਨਕਾਣਾ ਸਾਹਿਬ ਵੇਲ਼ੇ ਸਿੱਖਾਂ 'ਤੇ ਹੋਏ ਜ਼ੁਲਮਾਂ ਤੋਂ ਸ਼ੁਰੂ ਹੋ ਕੇ ਪੰਜਾਬੀ ਸੂਬੇ ਦਾ ਸੰਘਰਸ਼ ਅਤੇ ਧਰਮ ਯੁੱਧ ਮੋਰਚੇ ਤੋਂ ਲੈ ਜੂਨ 1984 ਦਾ ਸਾਕਾ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਸਮੇਤ 1992 ਦੇ ਗਵਰਨਰੀ ਰਾਜ ਤੱਕ ਦਾ ਹਾਲ ਇਸ ਕਿਤਾਬ ਵਿੱਚ ਲਿਖਿਆ ਪਿਆ ਹੈ। ਇਸ ਕਿਤਾਬ ਵਿੱਚ ਲਿਖੀ ਇੱਕ ਗੱਲ ਹੀ ਤੁਹਾਨੂੰ ਖਿੱਚ ਪਾਵੇਗੀ ਕਿ ਕਿਉਂ ਨਾ ਕਿਤਾਬ ਪੂਰੀ ਪੜ੍ਹੀ ਜਾਵੇ ? ਲਿਖਤ ਇੰਝ ਹੈ ਕਿ, 'ਕੌਣ ਕਹਿੰਦਾ ਹੈ ਕਿ ਪੰਜਾਬੀ ਸੂਬਾ ਬਣਿਆ ਹੈ, ਬਣਿਆ ਹਰਿਆਣਾ ਹੈ, ਸੰਵਰਿਆ ਹਿਮਾਚਲ ਹੈ, ਖੋਹਿਆ ਚੰਡੀਗੜ੍ਹ ਹੈ ਤੇ ਕਬਜ਼ਾ ਕੀਤਾ ਹੈ ਪੰਜਾਬ ਦੇ ਪਾਣੀਆਂ ਤੇ, ਬਿਜਲੀ 'ਤੇ, ਪੰਜਾਬ ਤਾਂ ਦਿੱਲੀ ਦੀ ਕਲੋਨੀ ਹੈ। ਸਦੀਵੀ ਅਮਨ ਤਾਂ ਪੰਜਾਬ ਦੀਆਂ ਸੰਵਿਧਾਨਕ ਮੰਗਾਂ ਮੰਨਣ ਨਾਲ ਹੀ ਹੋ ਸਕਦਾ ਹੈ।' ਇਸ ਕਿਤਾਬ ਦਾ ਨਾਂ ਹੈ 'ਨੀਲੀ ਦਸਤਾਰ ਦੀ ਦਾਸਤਾਨ', ਅਤੇ ਇਹ ਗਿਆਨੀ ਲਾਲ ਸਿੰਘ ਗੁਜਰਾਂਵਾਲੀਆ ਦੀ ਸਵੈਜੀਵਨੀ ਮੂਲਕ ਕਿਤਾਬ ਹੈ। ਚੇਤੇ ਰਹੇ ਕਿ ਇਤਿਹਾਸ ਨੂੰ ਸਮਝਣ ਲਈ ਪੜ੍ਹਨਾ ਜ਼ਰੂਰੀ ਹੈ।









## ਭਿੰਡਰਾਂ ਵਾਲੇ

ਕੀ ਤੁਸੀਂ ਜਾਣਦੇ ਹੋ ਕਿ ਇਹ ਸੰਤ ਭਿੰਡਰਾਂਵਾਲਿਆਂ 'ਤੇ ਇੱਕ ਕਿਤਾਬ ਉਹਨਾਂ ਦੇ ਜਿਉਂਦੇ ਜੀਅ ਹੀ ਛਪ ਚੁੱਕੀ ਸੀ ? ਇਹ ਕਿਤਾਬ ਸੰਨ 1983 ਵਿੱਚ ਇਹ ਕਿਤਾਬ ਦੋ ਵਾਰ ਛਪੀ ਸੀ। ਇੱਥੇ ਇਸੇ ਬਾਰੇ ਗੱਲ ਕਰਾਂਗੇ, ਇਸ ਕਿਤਾਬ ਨੂੰ ਉਸ ਵੇਲ਼ੇ ਦਾ ਮਹੱਤਵਪੂਰਨ ਦਸਤਾਵੇਜ਼ ਮੰਨਿਆ ਜਾ ਸਕਦਾ ਹੈ। ਇਸ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਵਿਚਾਰ, ਪੰਜਾਬ ਦੇ ਹਾਲਾਤ ਅਤੇ ਉਸ ਸਮੇਂ ਦੀ ਰਾਜਨੀਤਿਕ ਹਕੀਕਤ ਨੂੰ ਦਰਸਾਇਆ ਗਿਆ ਹੈ। 5 ਹਿੱਸਿਆਂ ਵਿੱਚ ਵੰਡੀ ਇਸ ਕਿਤਾਬ ਦੇ 20 ਅਧਿਆਏ ਹਨ ਅਤੇ 280 ਪੰਨੇ ਹਨ। ਇਹ ਕਿਤਾਬ ਸਮਰਪਤ ਹੈ 'ਉਹਨਾਂ ਸਿੰਘਾਂ ਨੂੰ ਜਿਨ੍ਹਾਂ ਨੇ ਧਰਮ ਹਿੱਤ ਸੀਸ ਦਿੱਤੇ' ਸਤੰਬਰ 2024 ਵਿੱਚ ਇਸ ਤੀਜਾ, ਸੋਧਿਆ ਅਤੇ ਵਾਧੇ ਵਾਲਾ ਅਡੀਸ਼ਨ ਸਿੰਘ ਬ੍ਰਦਰਜ਼ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਕੇਵਲ ਇਸ਼ਾਰਾ ਮਾਤਰ ਇਸ ਕਿਤਾਬ ਵਿੱਚ ਦੋ ਅੱਖਰ ਸਾਂਝੇ ਕਰਾਂ ਤਾਂ ਕਿਤਾਬ ਦੇ ਅਰੰਭ ਵਿੱਚ ਦਰਜ ਹੈ, 'ਭਿੰਡਰਾਂ ਵਾਲਾ ਦਰਬਾਰਾ ਸਿੰਘ ਦਾ ਏਜੰਟ ਹੈ ? ਜਾਂ ਗਿਆਨੀ ਜ਼ੈਲ ਸਿੰਘ ਦਾ ਏਜੰਟ ਹੈ ? ਜਾਂ ਫਿਰ ਉਹ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਏਜੰਟ ਹੈ ? ਕੀ ਭਿੰਡਰਾਂਵਾਲਾ ਅੱਤਵਾਦੀ ਹੈ, ਜਾਂ ਫਿਰ ਨਿਰੰਕਾਰੀ ਬਾਬੇ, ਲਾਲਾ ਜਗਤ ਨਰਾਇਣ ਅਤੇ ਪੰਜਾਬ ਵਿੱਚ ਹੋਰ ਕਤਲਾਂ ਲਈ ਜ਼ਿੰਮੇਵਾਰ ਹੈ ?' ਇਹਨਾਂ ਸਭ ਸਵਾਲਾਂ ਦੇ ਜਵਾਬ ਨਿਰਪੱਖਤਾ ਨਾਲ ਪ੍ਰਸਿੱਧ ਪੱਤਰਕਾਰ ਸਤਿੰਦਰਪਾਲ ਸਿੰਘ ਕਪੂਰ ਨੇ ਇਸ ਕਿਤਾਬ ਵਿੱਚ ਦਿੱਤੇ ਹਨ। ਕਿਤਾਬ ਦਾ ਨਾਂ ਹੈ 'ਭਿੰਡਰਾਂ ਵਾਲ਼ੇ' ੲ ਇਸ ਕਿਤਾਬ ਨੂੰ ਪੜ੍ਹਦੇ ਸਮੇਂ ਇੱਕ ਗਲ ਬਹੁਤ ਸਪਸ਼ਟ ਹੁੰਦੀ ਹੈ - ਇਤਿਹਾਸ ਨੂੰ ਇਕ ਪੱਖ ਤੋਂ ਨਹੀਂ ਸਮਝਿਆ ਜਾ ਸਕਦਾ।"

ਖ਼ੈਰ ! ਤੁਹਾਡੇ ਅਨੁਸਾਰ ਇਤਿਹਾਸ ਨੂੰ ਸਮਝਣ ਲਈ ਸਭ ਤੋਂ ਜ਼ਰੂਰੀ ਚੀਜ਼ ਕੀ ਹੈ - ਕਿਤਾਬਾਂ ਜਾਂ ਮੀਡੀਆ ?





## ਡਾਇਰੀ ਦੇ ਪੰਨੇ

ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਜੂਨ 1984 ਵਿੱਚ ਦਿਨ-ਬ-ਦਿਨ ਕੀ ਵਾਪਰਿਆ, ਤਾਂ ਇਹ ਕਿਤਾਬ ਬੇਹੱਦ ਜ਼ਰੂਰੀ ਹੈ। ਹੁਣ ਚਰਚਾ ਕਰਦੇ ਹਾਂ ਤੀਜੀ ਕਿਤਾਬ ਬਾਰੇ ! 'ਇਹ ਕਿਤਾਬ ਸਮਰਪਤ ਹੈ 'ਉਹਨਾਂ ਸਮੂਹ ਸ਼ਹੀਦਾਂ ਨੂੰ ਜੋ ਫ਼ੌਜੀ ਹਮਲੇ ਦਾ ਸੂਰਬੀਰਤਾ ਨਾਲ ਮੁਕਾਬਲਾ ਕਰਦੇ ਅਤੇ ਵਹਿਸ਼ੀਆਨਾ ਫ਼ੌਜੀ ਜ਼ੁਲਮ ਤੇ ਤਸ਼ੱਦਦ ਸਹਾਰਦੇ ਹੋਏ ਅਦੁੱਤੀ ਸ਼ਹੀਦੀਆਂ ਪ੍ਰਾਪਤ ਕਰ ਗਏ'ੲ ਇਹ ਦੋ ਹਿੱਸਿਆਂ ਵਿੱਚ ਵੰਡੀ ਹੋਈ ਕਿਤਾਬ ਹੈ, ਜਿਸਦੇ ਪਹਿਲੇ ਹਿੱਸੇ ਵਿੱਚ 1 ਜੂਨ ਤੋਂ 30 ਜੂਨ 1984 ਤੱਕ ਦਾ ਰੋਜ਼ਾਨਾ ਦਾ ਹਾਲ ਲਿਖਿਆ ਗਿਆ ਅਤੇ ਦੂਜੇ ਹਿੱਸੇ ਵਿੱਚ ਹੈੱਡ ਗ੍ਰੰਥੀ ਗਿ. ਸਾਹਿਬ ਸਿੰਘ ਅਤੇ ਗਿ. ਪ੍ਰੀਤਮ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ, ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਰਾਸ਼ਟਰਪਤੀ ਗਿ. ਜ਼ੈਲ ਨਾਲ ਕੀਤੀ ਮੁਲਾਕਾਤ ਦੇ ਅੰਸ਼ ਹਨ। ਇਸ ਤੋਂ ਇਲਾਵਾ ਫ਼ੌਜ ਵੱਲੋਂ ਕੀਤੀ ਗਈ ਲੁੱਟ ਬਾਰੇ ਦਸਤਾਵੇਜ਼ ਅਤੇ ਅੰਤਿਕਾ ਵਿੱਚ ਟੌਹੜਾ ਵੱਲੋਂ ਇੰਦਰਾ ਗਾਂਧੀ ਨੂੰ ਲਿਖਿਆ ਪੱਤਰ ਸ਼ਾਮਲ ਹੈ।

ਇਸ ਕਿਤਾਬ ਦੇ 176 ਪੰਨੇ ਹਨ ਅਤੇ ਦੋ ਅਡੀਸ਼ਨ ਛੱਪ ਚੁੱਕੇ ਹਨ, ਜਿਸ ਨੂੰ ਨਾਨਕ ਸਿੰਘ ਪੁਸਤਕਮਾਲਾ ਵਲੋਂ ਛਾਪਿਆ ਗਿਆ ਹੈ। ਇਹ ਕਿਤਾਬ ਇੱਕ ਟਾਈਮਲਾਈਨ ਵਾਂਗ ਕੰਮ ਕਰਦੀ ਹੈ। ਇਸ ਕਿਤਾਬ ਦਾ ਨਾਂ ਹੈ 'ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਬਾਰੇ ਡਾਇਰੀ ਦੇ ਪੰਨੇ, ਅਤੇ ਇਸ ਦੇ ਲੇਖਕ ਹਨ ਹਰਬੀਰ ਸਿੰਘ ਭੰਵਰੲ ਇਸ ਕਿਤਾਬ ਨੂੰ ਪੜ੍ਹਦੇ ਸਮੇਂ ਅਹਿਸਾਸ ਹੁੰਦਾ ਹੈ ਕਿ ਉਸ ਵੇਲੇ ਪੰਜਾਬ ਅਤੇ ਸਿੱਖ ਮਨੋਵਿਗਿਆਨ ਤੇ ਕੀ ਬੀਤ ਰਹੀ ਸੀ ?




## ਨੇੜਿਉਂ ਡਿੱਠੇ ਸੰਤ ਭਿੰਡਰਾਂਵਲੇ

ਜਦੋਂ ਕੋਈ ਵਿਅਕਤੀ ਇਤਿਹਾਸ ਨੂੰ ਦੂਰੋਂ ਨਹੀਂ, ਨੇੜਿਓਂ ਵੇਖਦਾ ਹੈੲ ਤਾਂ ਲਿਖਤ ਦਾ ਰੰਗ ਹੀ ਵੱਖਰਾ ਹੁੰਦਾ ਹੈ। ਇਹ ਕਿਤਾਬ 'ਮੇਰੀ ਹੱਡ-ਬੀਤੀ ਅਤੇ ਜਗ-ਬੀਤੀ' ਦੇ ਅੰਦਾਜ਼ ਵਿੱਚ ਲਿਖੀ ਗਈ ਹੈ। ਲੇਖਕ ਨੇ ਇਹ ਕਿਤਾਬ ਅਣਪਛਾਤੀਆਂ ਲਾਸ਼ਾਂ ਨੂੰ ਸਮਰਪਤ ਕੀਤੀ ਹੈ। ਪਹਿਲੀ ਵਾਰ 2000 ਸੰਨ ਵਿੱਚ ਪ੍ਰਕਾਸ਼ਿਤ ਹੋਈ ਸੀ, ਜੋ ਮਈ 2024 ਤੱਕ ਗਿਆਰਾਂ ਅਡੀਸ਼ਨ ਛੱਪ ਚੁੱਕੇ ਹਨ। ਇਹ 480 ਪੰਨਿਆਂ ਦੀ ਕਿਤਾਬ ਹੈ, ਇਸ ਕਿਤਾਬ ਵਿੱਚ ਕਈ ਗੁਪਤ ਚਿੱਠੀਆਂ ਵੀ ਛਪੀਆਂ ਹੋਈਆਂ ਹਨ। ਇਸ ਤੋਂ ਇਲਾਵਾ ਜੂਨ 1984 ਤੋਂ ਬਾਅਦ ਸਾਲ 1999 ਤੱਕ ਦਾ ਅਹਿਮ ਘਟਨਾਕ੍ਰਮ ਇਸ ਕਿਤਾਬ ਵਿੱਚ ਸ਼ਾਮਲ ਹੈ। ਇਸ ਵਿੱਚ ਸਿਰਫ਼ ਰਾਜਨੀਤੀ ਨਹੀਂ, ਸਗੋਂ ਸੰਤ ਜੀ ਦੇ ਸੁਭਾਅ, ਰੋਜ਼ਨਾਮਚਾ, ਅਤੇ ਲੋਕਾਂ ਨਾਲ ਸਬੰਧਾਂ ਦੀ ਵੀ ਚਰਚਾ ਮਿਲਦੀ ਹੈ। ਇਸਦੇ ਅਰੰਭਲੇ ਲੇਖ ਲੰਮੇਰੇ ਹਨ, ਪਰ ਫਿਰ ਛੋਟੇ ਲੇਖ ਵੱਖ-ਵੱਖ ਵਿਸ਼ਿਆਂ ਨਾਲ ਜੁੜੇ ਹੋਏ ਹਨ। ਬਹੁਤ ਸਾਰੀਆਂ ਹੱਡੀਂ ਹੰਢਾਈਆਂ ਗੱਲਾਂ ਅਤੇ ਜੱਗ-ਬੀਤੀਆਂ ਪਾਠਕ ਨੂੰ ਝੰਜੋਤ ਦਿੰਦੀਆਂ ਹਨ। ਉਸ ਵੇਲੇ ਦੇ ਵਰਤਾਰੇ ਦੇ ਦ੍ਰਿਸ਼ ਅੱਖਾਂ ਸਾਹਵੇਂ ਸਾਕਾਰ ਹੋ ਜਾਂਦੇ ਹਨ। ਇਸ ਕਿਤਾਬ ਦਾ ਨਾਂ ਹੈ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਲੇ' ਅਤੇ ਲੇਖਕ ਹਨ ਦਲਬੀਰ ਸਿੰਘ ਪੱਤਰਕਾਰ।

ਚੇਤੇ ਰਹੇ ਕਿ ਕਈ ਵਾਰ ਇਤਿਹਾਸ ਨੂੰ ਸਮਝਣ ਲਈ ਸਰਕਾਰੀ ਦਸਤਾਵੇਜ਼ਾਂ ਨਾਲੋਂ ਚਸ਼ਮਦੀਦ ਗਵਾਹ ਜ਼ਿਆਦਾ ਪ੍ਰਭਾਵਸ਼ਾਲੀ ਸਾਤਬਤ ਹੁੰਦੇ ਹਨ ਅਤੇ ਹਰ ਇਤਿਹਾਸਕ ਵਿਅਕਤੀ ਨੂੰ ਸਮਝਣ ਲਈ ਉਸ ਦੇ ਨੇੜਲੇ ਲੋਕਾਂ ਦੀ ਗਵਾਹੀ ਵੀ ਮਹੱਤਵ ਰੱਖਦੀ ਹੈੲ

ਬਾਕੀ ਹਿਸਾ ਸਫਾ 62 ਤੇ ਪੜ੍ਹੋ

61 ਸਫ਼ੇ ਦੀ ਬਾਕੀ

## ਸੰਤ ਭਿੰਡਰਾਂਵਾਲੇ ਦੇ ਰੂ-ਬਰੂ ਜੂਨ 84 ਦੀ ਪੱਤਰਕਾਰੀ

ਸਭ ਤੋਂ ਪਹਿਲਾ ਸਵਾਲ ਤਾਂ ਇਹ ਹੈ ਕਿ, ਕੀ 1984 ਦੇ ਦੌਰਾਨ ਮੀਡਿਆ ਨੇ ਸਭ ਕੁਝ ਉਹੀ ਦਿਖਾਇਆ ਜੋ ਅਸਲ ਵਿੱਚ ਹੋ ਰਿਹਾ ਸੀ? ਇਹ ਬਹੁਤ ਹੀ ਦਿਲਚਸਪ ਅਤ ਮਹੱਤਵਪੂਰਨ ਕਿਤਾਬ ਹੈ। ਇਹ ਚੌਥੀ ਵਾਰ ਫਰਵਰੀ 2025 ਵਿੱਚ ਪ੍ਰਕਾਸ਼ਿਤ ਹੋ ਚੁੱਕੀ ਹੈ, ਜਿਸ ਨੂੰ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲਿਆਂ ਨੇ ਛਾਪਿਆ ਹੈ। ਇਹ ਕਿਤਾਬ 'ਜੂਨ 1984 ਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਬੱਚੇ, ਸਿੰਘ-ਸਿੰਘਣੀਆਂ ਨੂੰ ਸਮਰਪਤ ਹੈ।' ਇਸ ਕਿਤਾਬ ਦਾ ਲੇਖਕ ਉਸ ਸਮੇਂ ਦੌਰਾਨ ਯੂ.ਐੱਨ.ਆਈ ਦਾ ਪੱਤਰਕਾਰ ਸੀ ਅਤੇ ਅੰਮ੍ਰਿਤਸਰ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਵੀ। ਉਸਨੇ ਜੋ ਦੇਖਿਆ, ਹੰਡਾਇਆ ਅਤੇ ਮਹਿਸੂਸ ਕੀਤਾ, ਉਸ ਦੀ ਹੂਬਹੂ ਪੇਸ਼ਕਾਰੀ ਕੀਤੀ ਹੈ। ਕਰੀਬ 408 ਪੰਨਿਆਂ ਦੀ ਇਸ ਕਿਤਾਬ ਦੇ ਕੁੱਲ 5 ਕਾਂਡ ਹਨ ਅਤੇ 6 ਦੇ ਕਰੀਬ ਅੰਤਿਕਾਵਾਂ ਰਾਹੀਂ ਇਸ ਨੂੰ ਘੱਲੂਘਾਰੇ ਦਾ ਇੱਕ ਅਹਿਮ ਦਸਤਾਵੇਜ਼ ਬਣਾ ਦਿੱਤਾ ਹੈ, ਉਥੇ ਮੀਡੀਆ/ਅਖ਼ਬਾਰਾਂ ਵੱਲੋਂ ਘੜੇ ਗਏ ਜਾਂ ਘੜੇ ਰਹੇ ਬ੍ਰਿਤਾਂਤ ਨੂੰ ਹੂ-ਬਹੂ ਪੇਸ਼ ਕੀਤਾ ਹੈ।

ਦੋਸਤੋ! ਇਸ ਕਿਤਾਬ ਦਾ ਨਾਂ ਹੈ 'ਸੰਤ ਭਿੰਡਰਾਂਵਾਲੇ ਦੇ ਰੂ-ਬਰੂ ਜੂਨ 84 ਦੀ ਪੱਤਰਕਾਰੀ' ਅਤੇ ਲੇਖਕ ਹੈ ਸ੍ਰ. ਜਸਪਾਲ ਸਿੰਘ ਸਿੱਧੂ'। ਜੂਨ 84 ਦੀ ਪੱਤਰਕਾਰੀ ਇੱਕ ਬਹੁਤ ਦਿਲਚਸਪ ਅਤੇ ਮਹੱਤਵਪੂਰਨ ਕਿਤਾਬ ਹੈ। ਇਸ ਕਿਤਾਬ ਰਾਹੀਂ ਉਸ ਸਮੇਂ ਦੀ ਪੱਤਰਕਾਰੀ, ਖ਼ਬਰਾਂ ਦੇ ਸਿਰਲੇਖਾਂ ਅਤੇ ਮੀਡੀਆਂ ਦੇ ਬ੍ਰਿਤਾਂਤ ਬਾਰੇ ਸਮਝ ਆਉਂਦੀ ਹੈ। ਇਸ ਨੂੰ ਪੜ੍ਹ ਕੇ ਸਮਝ ਆਉਂਦੀ ਹੈ ਕਿ ਇੱਕੋ ਘਟਨਾ ਨੂੰ ਵੱਖ-ਵੱਖ ਅਖ਼ਬਾਰਾਂ ਅਤੇ ਪੱਤਰਕਾਰਾਂ ਨੇ ਕਿਵੇਂ ਪੇਸ਼ ਕੀਤਾ। ਚੇਤੇ ਰਹੇ ਕਿ ਸਿਰਫ਼ ਇਤਿਹਾਸ ਨਹੀਂ...ਇਤਿਹਾਸ ਨੂੰ ਦਿਖਾਉਣ ਵਾਲਾ ਲੈਂਸ ਵੀ ਸਮਝਣਾ ਪੈਂਦਾ ਹੈ।

### 1984 ਅਣਚਿਤਵਿਆ ਕਹਿਰ-ਨਾ ਮੰਨਣਯੋਗ, ਨਾ ਭੁੱਲਣਯੋਗ ਅਤੇ ਨਾ ਬਖ਼ਸ਼ਣਯੋਗ

ਕਈ ਵਾਰ ਇਤਿਹਾਸ ਸਿਰਫ਼ ਇੱਕ ਘਟਨਾ ਨਹੀਂ ਹੁੰਦਾ, ਬਲਕਿ ਇੱਕ ਪੂਰਾ ਜਜ਼ਬਾਤੀ ਅਤੇ ਰਾਜਨੀਤਿਕ ਜ਼ਖ਼ਮ ਹੁੰਦਾ ਹੈ। ਅੱਗੇ 6ਵੇਂ ਨੰਬਰ 'ਤੇ ਮੈਂ ਗੱਲ ਕਰਨ ਲੱਗਾ ਹੈ ਇੱਕ ਅਜਿਹੀ ਕਿਤਾਬ ਦੀ, ਜਿਸ ਵਿੱਚ ਬਹੁਤ ਵਿਸਥਾਰ ਨਾਲ ਉਸ ਸਮੇਂ ਦੇ ਸਿਆਸੀ, ਧਾਰਮਿਕ ਅਤੇ ਸਮਾਜਿਕ ਪ੍ਰਸੰਗਾਂ ਉੱਤੇ ਚਰਚਾ ਕੀਤੀ ਗਈ ਹੈ। ਇਸ ਵਿੱਚ ਸਰਕਾਰੀ ਨੀਤੀਆਂ, ਸਿੱਖ ਮਨੋਵਿਗਆਨ ਅਤੇ ਸ਼ਹੀਦੀ ਪ੍ਰੰਪਰਾ ਉੱਤੇ ਡੂੰਘੀ ਵਿਚਾਰ ਕੀਤੀ ਹੋਈ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਸੰਨ 1984 ਸਿਰਫ਼ ਇੱਕ ਤਰੀਖ ਨਹੀਂ ਹੈ।

432 ਸਫ਼ਿਆਂ ਦੇ ਇਸ ਕਿਤਾਬ ਵਿੱਚ ਕੁੱਲ 12 ਅਧਿਆਏ ਅਤੇ ਅੱਗੋਂ ਉਹਨਾਂ ਦੇ ਮਿਲਾ ਕੇ ਕੁੱਲ 77 ਛੋਟੇ-ਵੱਡੇ ਅਧਿਆਏ ਹਨ, ਜੋ ਬੜੀ ਬਾਰੀਕਬੀਨੀ ਨਾਲ ਉਸ ਵੇਲ਼ੇ ਦੇ ਅਤੇ ਉਸ ਤੋਂ ਬਾਅਦ ਦੇ ਘਟਨਾਕ੍ਰਮ ਨੂੰ ਵੀ ਪੇਸ਼ ਕਰਦੇ ਹਨ। ਜੂਨ 1984 ਤੋਂ ਨਵੰਬਰ 1984 ਤੱਕ ਦੀਆਂ ਘਟਨਾਵਾਂ ਅਤੇ ਉਸ ਨਾਲ ਸਬੰਧਿਤ ਧਾਰਮਿਕ ਅਤੇ ਸਿਆਸੀ ਸਮੀਕਰਨਾਂ 'ਤੇ ਬੜੀ ਬੇਬਾਕੀ ਨਾਲ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਕਿਤਾਬ ਦਾ ਨਾਮ ਹੈ- 1984 ਅਣਚਿਤਵਿਆ ਕਹਿਰ-ਨਾ ਮੰਨਣਯੋਗ, ਨਾ ਭੁੱਲਣਯੋਗ ਅਤੇ ਨਾ ਬਖ਼ਸ਼ਣਯੋਗ ਅਤੇ ਲੇਖਕ ਹੈ ਸ੍ਰ.ਅਜਮੇਰ ਸਿੰਘ ਜੀ...ਕਿਤਾਬ ਦੇ ਪ੍ਰਕਾਸ਼ਕ ਹਨ, ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲੇ। ਇਸ ਕਿਤਾਬ ਨੂੰ ਪੜ੍ਹਦੇ ਸਮੇਂ ਆਪਣਾ ਪਰਸਪੈਕਟਿਵ ਬਣਾਉਣਾ ਬਹੁਤ ਜ਼ਰੂਰੀ ਹੈ।

### ਕਿਉਂ ਕੀਤੋ ਵੇਸਾਹੁ ?
ਛੋਟੀ ਕਿਤਾਬ...ਪਰ ਵੱਡੇ ਖੜੇ ਕਰਦੀ ਹੈ ਸਵਾਲ।

ਜਿਸ ਕਿਤਾਬ ਦੀ ਮੈਂ ਅੱਜ ਗੱਲ ਕਰਨ ਲੱਗਾ ਹਾਂ ਭਾਵੇਂ ਇਹ ਕਿਤਾਬ ਆਕਾਰ ਵਿੱਚ ਛੋਟੀ ਹੈ, ਪਰ ਇਸ ਵਿੱਚ ਪੰਜਾਬ, ਸਿੱਖ ਮੰਗਾਂ ਅਤੇ ਇਤਿਹਾਸਕ ਘਟਨਾਵਾਂ ਬਾਰੇ ਬਹੁਤ ਡੂੰਘੀ ਸੋਚ ਮਿਲਦੀ ਹੈ। ਲੇਖਕ ਨੇ 1947 ਦਾ ਬਟਵਾਰਾ ਵੀ ਆਪਣੀਆਂ ਅੱਖਾਂ ਨਾਲ ਵੇਖਿਆ ਸੀ, ਜਿਸ ਕਰਕੇ ਉਹਨਾਂ ਦੀ ਲਿਖਤ ਵਿੱਚ ਤਜਰਬੇ ਦੀ ਗਹਿਰਾਈ ਮਹਿਸੂਸ ਹੁੰਦੀ ਹੈ। 192 ਸਫ਼ਿਆਂ ਦੀ ਇਸ ਕਿਤਾਬ ਦੇ ਕੇਵਲ ਚਾਰ ਅਧਿਆਏ ਹਨ ਜਿਨ੍ਹਾਂ ਰਾਹੀਂ ਪਤਾ ਲੱਗਦਾ ਹੈ ਕਿ:

ਸਿੱਖਾਂ ਨਾਲ ਜੋ ਬੀਤੀ 1947 ਤੋਂ ਪਹਿਲਾਂ ਅਤੇ ਪਿੱਛੋਂ, ਸਿੱਖਾਂ ਨਾਲ ਜੋ ਬੀਤੀ ਜੂਨ 1984 ਅੰਮ੍ਰਿਤਸਰ ਦੇ ਘੱਲੂਘਾਰੇ ਸਮੇਂ, ਸਿੱਖਾਂ ਨਾਲ ਜੋ ਬੀਤੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ, ਪੰਜਾਬ ਅਤੇ ਭਾਰਤ ਵਿੱਚ ਸਿੱਖਾਂ ਦੀ ਮੌਜੂਦਾ ਸਥਿਤੀ, ਕਈ ਵਾਰੀ ਛੋਟੀਆਂ ਕਿਤਾਬਾਂ ਸਭ ਤੋਂ ਵੱਡਾ ਅਸਰ ਛੱਡ ਜਾਂਦੀਆਂ ਹਨ...

ਇਸ ਕਿਤਾਬ ਦਾ ਨਾਂ ਹੈ, 'ਕਿਉਂ ਕੀਤੋ ਵੇਸਾਹੁ ? ਜੋ ਨਰੈਣ ਸਿੰਘ ਵੱਲੋਂ ਲਿਖੀ ਗਈ ਹੈ ਅਤੇ ਦਸੰਬਰ 2022 ਤੱਕ 11 ਵਾਰ ਛੱਪ ਚੁੱਕੀ ਹੈ੩ ਇਸ ਦੇ ਪ੍ਰਕਾਸ਼ਕ ਹਨ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲੇ...

ਉਪਰੋਕਤ ਜਾਣਕਾਰੀ ਸਾਂਝੀ ਕਰਨ ਦਾ ਮਕਸਦ ਸਿਰਫ਼ ਇਹ ਸੀ ਕਿ ਅਸੀਂ ਇਤਿਹਾਸ ਨੂੰ ਪੜ੍ਹੀਏ, ਸਮਝੀਏ ਅਤੇ ਫਿਰ ਆਪਣੀ ਸੋਚ ਬਣਾਈਏ। ਕਿਉਂਕਿ ਇਤਿਹਾਸ ਨੂੰ ਸਮਝਣ ਲਈ ਸਿਰਫ਼ ਮੀਡੀਆ ਜਾਂ ਸੋਸ਼ਲ ਮੀਡੀਆਂ ਪੋਸਟਾਂ ਹੀ ਕਾਫ਼ੀ ਨਹੀਂ ਹੁੰਦੀਆਂ, ਕਿਤਾਬਾਂ ਪੜ੍ਹਨੀਆਂ ਪੈਂਦੀਆਂ ਹਨ। ਵੱਖ-ਵੱਖ ਨਜ਼ਰੀਏ ਤੋਂ ਹਾਲਾਤ ਨੂੰ ਸਮਝਣਾ ਪੈਂਦਾ ਹੈ੩ ਇਹ 7 ਕਿਤਾਬਾਂ ਤੁਹਾਨੂੰ ਜੂਨ 1984 ਸੰਬੰਧੀ ਇੱਕ ਡੂੰਘੇ ਅਤੇ ਵਿਸ਼ਲੇਸ਼ਣਾਤਮਕ ਢੰਗ ਨਾਲ ਸਮਝਣ ਵਿੱਚ ਮਦਦ ਕਰ ਸਕਦੀਆਂ ਹਨ। ਹੋਰ ਪੜ੍ਹਨਯੋਗ ਕਿਤਾਬਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਮਾਝਾ ਵਰਲਡਵਾਈਡ ਦੇ ਯੂਟਿਊਬ ਚੈਨਲ 'ਤੇ ਜਾ ਕੇ ਚੈਨਲ ਨੂੰ ਸਬਸਕ੍ਰਾਈਬ ਕਰੋ ਜੀ।

# "ਰਕਤ ਨਾਲ ਲਿਖਿਆ ਸੱਚ, ਅਮਰ ਰੂਹਾਂ ਦੀ ਜਿੱਤੀ ਜੰਗ"

## ਜੂਨ 84 ਦੇ ਖ਼ੂਨੀ ਘੱਲੂਘਾਰੇ ਦੇ ਸ਼ਹੀਦਾਂ ਨੂੰ ਕੋਟਿਨ ਕੋਟਿ ਪ੍ਰਣਾਮ !-ਗੁਰਚਰਨ ਸਿੰਘ ਗੁਰਾਇਆ

ਰਕਤ ਦੀ ਰਾਹ ਕਦੇ ਵੀ ਆਸਾਨ ਨਹੀਂ ਹੁੰਦੀ। ਇਹ ਕੋਈ ਐਸਾ ਮਾਰਗ ਨਹੀਂ ਜਿਸ ਉੱਤੇ ਹਰ ਕੋਈ ਸੌਖਿਆਂ ਚੱਲ ਸਕੇ। ਇਹ ਰਾਹ ਤਿਆਗ, ਸਬਰ, ਅਡੋਲ ਵਿਸ਼ਵਾਸ ਅਤੇ ਆਤਮਿਕ ਉਚਾਈ ਦੀ ਮੰਗ ਕਰਦੀ ਹੈ। ਇਸ ਰਾਹ 'ਤੇ ਕਦਮ ਰੱਖਣ ਵਾਲੇ ਨੂੰ ਆਪਣੇ ਸੁਖ ਅਰਾਮ, ਆਪਣੇ ਪਰਿਵਾਰ ਅਤੇ ਇੱਥੋਂ ਤੱਕ ਕਿ ਆਪਣੀ ਜ਼ਿੰਦਗੀ ਤੱਕ ਨੂੰ ਵੀ ਧਰਮ, ਸੱਚ ਅਤੇ ਮਨੁੱਖਤਾ ਦੇ ਚਰਨਾਂ ਵਿੱਚ ਸਮਰਪਿਤ ਕਰਨ ਲਈ ਤਿਆਰ ਹੋਣਾ ਪੈਂਦਾ ਹੈ। ਇਸੇ ਲਈ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਇਸ ਮਾਰਗ 'ਤੇ ਚੱਲਣ ਲਈ "ਸੀਸ ਤਲੀ ਤੇ ਧਰ ਕੇ ਆਉਣ" ਦਾ ਉਪਦੇਸ਼ ਦਿੱਤਾ ਸੀ। ਇਹ ਕੇਵਲ ਸ਼ਬਦ ਨਹੀਂ ਸਨ, ਸਗੋਂ ਇੱਕ ਐਸੀ ਜੀਵਨ-ਰਹਿਣੀ ਦਾ ਐਲਾਨ ਸੀ ਜਿਸ ਵਿੱਚ ਸੱਚ ਲਈ ਸਭ ਕੁਝ ਵਾਰ ਦੇਣਾ ਹੀ ਅਸਲ ਜਿੱਤ ਮੰਨੀ ਜਾਂਦੀ ਹੈ।

ਇਸ ਰਾਹ ਨੂੰ ਅੱਗੇ ਵਧਾਉਂਦਿਆਂ ਗੁਰੂ ਅਰਜਨ ਸਾਹਿਬ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਸ਼ਹਾਦਤ ਦਿੱਤੀ। ਉਹਨਾਂ ਦਾ ਸਰੀਰ ਤਪਦਾ ਰਿਹਾ, ਪਰ ਉਹਨਾਂ ਦੀ ਰੂਹ ਅਡੋਲ ਰਹੀ। ਇਹ ਸ਼ਹਾਦਤ ਸਿਰਫ਼ ਇੱਕ ਵਿਅਕਤੀ ਦੀ ਮੌਤ ਨਹੀਂ ਸੀ, ਸਗੋਂ ਇਹ ਜ਼ੁਲਮ ਦੇ ਖ਼ਿਲਾਫ਼ ਸੱਚ ਦੀ ਅਮਰ ਘੋਸ਼ਣਾ ਸੀ। ਇਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਧਾਰਮਿਕ ਅਜ਼ਾਦੀ ਦੀ ਰੱਖਿਆ ਲਈ ਦਿੱਲੀ ਵਿੱਚ ਆਪਣਾ ਸੀਸ ਕੁਰਬਾਨ ਕਰ ਦਿੱਤਾ। ਉਹਨਾਂ ਨੇ ਆਪਣੇ ਲਈ ਨਹੀਂ, ਸਗੋਂ ਉਸ ਮਨੁੱਖਤਾ ਲਈ ਸ਼ਹਾਦਤ ਦਿੱਤੀ ਜਿਸਦਾ ਧਰਮ ਅਤੇ ਵਿਸ਼ਵਾਸ ਜ਼ਬਰਦਸਤੀ ਖੋਹਿਆ ਜਾ ਰਿਹਾ ਸੀ। ਇਤਿਹਾਸ ਵਿੱਚ ਇਹ ਉਦਾਹਰਨ ਵਿਰਲੀ ਹੈ ਕਿ ਕੋਈ ਆਪਣਾ ਧਰਮ ਨਹੀਂ, ਦੂਸਰੇ ਦੇ ਧਰਮ ਦੀ ਅਜ਼ਾਦੀ ਬਚਾਉਣ ਲਈ ਆਪਣਾ ਸੀਸ ਦੇ ਦੇਵੇ।



ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਵੇਲੇ ਆਪਣੇ ਸਿੱਖਾਂ ਅੱਗੇ ਪੰਜ ਸੀਸ ਮੰਗੇ। ਉਹ ਪਲ ਸਿਰਫ਼ ਇਕ ਇਮਤਿਹਾਨ ਨਹੀਂ ਸੀ; ਉਹ ਮਨੁੱਖੀ ਰੂਹ ਦੀ ਸਭ ਤੋਂ ਵੱਡੀ ਪਰਖ ਸੀ। ਉਸ ਪਰਚੇ ਵਿਚੋਂ ਪੰਜ ਪਿਆਰੇ ਪਾਸ ਹੋ ਕੇ ਨਿਕਲੇ, ਕਿਉਂਕਿ ਉਹਨਾਂ ਨੇ ਪਹਿਲਾਂ ਆਪਣੀ ਰੂਹ ਦੀ ਜੰਗ ਜਿੱਤੀ ਹੋਈ ਸੀ। ਉਹ ਡਰ, ਮੋਹ, ਅਹੰਕਾਰ ਅਤੇ ਮੌਤ ਤੋਂ ਉੱਪਰ ਉੱਠ ਚੁੱਕੇ ਸਨ। ਉਹਨਾਂ ਨੇ ਭਗਤੀ ਅਤੇ ਸ਼ਕਤੀ, ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਵਸਾ ਲਿਆ ਸੀ। ਉਹ ਜਾਣਦੇ ਸਨ ਕਿ ਜਿਹੜਾ ਮਨੁੱਖ ਰੱਬ ਨਾਲ ਜੁੜ ਜਾਂਦਾ ਹੈ, ਉਹ ਮੌਤ ਤੋਂ ਵੀ ਨਹੀਂ ਡਰਦਾ।

ਇਹ ਲੜੀ ਸਿਰਫ਼ ਇਤਿਹਾਸ ਤੱਕ ਸੀਮਿਤ ਨਹੀਂ ਰਹੀ; ਇਹ ਅੱਜ ਤੱਕ ਜਾਰੀ ਹੈ। ਸਿੱਖ ਇਤਿਹਾਸ ਦਾ ਹਰ ਪੰਨਾ ਇਸ ਗੱਲ ਦਾ ਗਵਾਹ ਹੈ ਕਿ ਰਕਤ ਦੀ ਇਸ ਰਾਹ ਵਿੱਚੋਂ ਉਹੀ ਪਾਸ ਹੋ ਕੇ ਨਿਕਲੇ ਹਨ ਜਿਨ੍ਹਾਂ ਦੀ ਰੂਹ ਜਾਗਦੀ ਸੀ। ਜਿਨ੍ਹਾਂ ਦੇ ਅੰਦਰ ਧਰਮ ਲਈ ਜੀਉਣ ਅਤੇ ਮਰਣ ਦਾ ਹੌਸਲਾ ਸੀ। ਇਹ ਰਾਹ ਸਿਰਫ਼ ਤਲਵਾਰ ਚੁੱਕਣ ਦੀ ਨਹੀਂ, ਸਗੋਂ ਆਪਣੇ ਅੰਦਰਲੇ ਡਰ, ਲਾਲਚ ਅਤੇ ਕਮਜ਼ੋਰੀਆਂ ਨੂੰ ਮਾਰਣ ਦੀ ਰਾਹ ਹੈ। ਮਨੁੱਖਤਾ ਲਈ ਦਿੱਤੇ ਗਏ ਇਹ ਰਕਤ ਦੇ ਬਲੀਦਾਨ ਉਹ ਬਲੀਦਾਨ ਹਨ ਜਿੱਥੇ ਧਰਤੀ ਲਾਲ ਹੋ ਕੇ ਵੀ ਸ਼ਰਮਾਂਦੀ ਨਹੀਂ, ਸਗੋਂ ਮਾਣ ਕਰਦੀ ਹੈ। ਕਿਉਂਕਿ ਇਹ ਖ਼ੂਨ ਕਿਸੇ ਜ਼ੁਲਮ, ਲਾਲਚ ਜਾਂ ਫਤਹਿ ਲਈ ਨਹੀਂ ਵਗਿਆ ਹੁੰਦਾ; ਇਹ ਸੱਚ, ਇਨਸਾਫ਼ ਅਤੇ ਮਨੁੱਖੀ ਮਰਯਾਦਾ ਦੀ ਰੱਖਿਆ ਲਈ ਵਗਦਾ ਹੈ। ਇਹ ਰਕਤ ਇਤਿਹਾਸ ਦੇ ਪੰਨਿਆਂ 'ਤੇ ਨਹੀਂ, ਕੌਮਾਂ ਦੀਆਂ ਰੂਹਾਂ 'ਤੇ ਲਿਖਿਆ ਜਾਂਦਾ ਹੈ।

ਪਰ ਇਸ ਰਾਹ ਦੇ ਨਾਲ-ਨਾਲ ਇੱਕ ਹੋਰ ਜੰਗ ਵੀ ਚਲਦੀ ਹੈ—ਰੂਹਾਂ ਦੀ ਜੰਗ। ਇਹ ਜੰਗ ਸਿਰਫ਼ ਤਲਵਾਰਾਂ, ਬੰਦੂਕਾਂ ਜਾਂ ਜੰਗ ਦੇ ਮੈਦਾਨਾਂ ਵਿੱਚ ਨਹੀਂ ਲੜੀ ਜਾਂਦੀ। ਇਹ ਮਨੁੱਖ ਦੇ ਅੰਦਰ ਲੜੀ ਜਾਂਦੀ ਹੈ। ਇਹ ਸੱਚ ਅਤੇ ਝੂਠ, ਧਰਮ ਅਤੇ ਅਧਰਮ, ਨਿਡਰਤਾ ਅਤੇ ਡਰ, ਅਸੂਲ ਅਤੇ ਸਮਝੌਤੇ ਦੇ ਵਿਚਕਾਰ ਦੀ ਜੰਗ ਹੈ। ਇਹ ਉਹ ਜੰਗ ਹੈ ਜਿਸ ਵਿੱਚ ਮਨੁੱਖ ਨੂੰ ਆਪਣੇ ਆਪ ਉੱਤੇ ਜਿੱਤ ਹਾਸਲ ਕਰਨੀ ਪੈਂਦੀ ਹੈ।

ਰਕਤ ਦੀ ਰਾਹ ਸਰੀਰਾਂ ਨੂੰ ਸ਼ਹੀਦ ਕਰਦੀ ਹੈ, ਪਰ ਰੂਹਾਂ ਦੀ ਜੰਗ ਉਹਨਾਂ ਸ਼ਹੀਦਾਂ ਨੂੰ ਅਮਰ ਕਰ ਦਿੰਦੀ ਹੈ। ਕਿਉਂਕਿ ਸਰੀਰ ਤਾਂ ਮਿੱਟੀ ਵਿੱਚ ਮਿਲ ਜਾਂਦੇ ਹਨ, ਪਰ ਉਹ ਰੂਹਾਂ ਜਿਨ੍ਹਾਂ ਨੇ ਸੱਚ ਲਈ ਲੜਨਾ ਸਿੱਖ ਲਿਆ ਹੋਵੇ, ਉਹ ਕਦੇ ਨਹੀਂ ਮਰਦੀਆਂ। ਉਹ ਪੀੜੀਆਂ ਨੂੰ ਜਗਾਉਂਦੀਆਂ ਹਨ, ਕੌਮਾਂ ਨੂੰ ਹੌਸਲਾ ਦਿੰਦੀਆਂ ਹਨ ਅਤੇ ਮਨੁੱਖਤਾ ਨੂੰ ਇਹ ਯਾਦ ਦਿਵਾਉਂਦੀਆਂ ਹਨ ਕਿ ਸੱਚ ਦੀ ਰਾਹ ਭਾਵੇਂ ਰਕਤ ਮੰਗਦੀ ਹੋਵੇ, ਪਰ ਅਖ਼ੀਰਕਾਰ ਉਹੀ ਰਾਹ ਇਨਸਾਨ ਨੂੰ ਅਮਰਤਾ ਵੱਲ ਲੈ ਜਾਂਦੀ ਹੈ। ਅੱਜ ਵੀ ਜਦੋਂ ਜੂਨ 1984 ਦਾ ਖ਼ੂਨੀ ਘੱਲੂਘਾਰੇ ਦੀ 42 ਵਰ੍ਹੇਗੰਢ ਤੇ ਯਾਦ ਕਰਦਿਆ ਹੋਇਆ ਸਿੱਖ ਕੌਮ ਦਾ ਹਿਰਦਾ ਵੇਦਨਾ, ਵਿਛੋੜੇ ਅਤੇ ਮਾਣ ਦੀਆਂ ਭਾਵਨਾਵਾਂ ਨਾਲ ਭਰ ਜਾਂਦਾ ਹੈ।

ਉਸ ਸਮੇਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਹਮਲੇ ਨੇ ਕੇਵਲ ਇਮਾਰਤਾਂ ਨੂੰ ਹੀ ਨਿਸ਼ਾਨਾ ਨਹੀਂ ਬਣਾਇਆ, ਸਗੋਂ ਕਰੋੜਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਵੈਮਾਣ ਨੂੰ ਵੀ ਗਹਿਰੀ ਸੱਟ ਮਾਰੀ। ਅਨੇਕਾਂ ਨਿਰਦੋਸ਼ ਸੰਗਤਾਂ, ਜੋ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਨਤਮਸਤਕ ਹੋਣ ਪਹੁੰਚੀਆਂ ਸਨ, ਇਸ ਖ਼ੂਨੀ ਸਾਕੇ ਵਿੱਚ ਸ਼ਹੀਦ ਹੋਈਆਂ।

ਉਸ ਔਖੇ ਅਤੇ ਇਤਿਹਾਸਕ ਸਮੇਂ ਵਿੱਚ ਅਨੇਕਾਂ ਸਿੰਘਾਂ ਨੇ ਖਾਲਸਾਈ ਰਵਾਇਤਾਂ ਨੂੰ ਦੁਹਰਾਉਂਦਿਆਂ ਹੋਇਆ ਅਦੁੱਤੀ ਹਿੰਮਤ, ਅਡੋਲ ਵਿਸ਼ਵਾਸ ਅਤੇ ਦ੍ਰਿੜਤਾ ਦਾ ਭਾਰਤੀ ਫੌਜਾਂ ਨੂੰ ਮੂੰਹ ਤੋੜ ਜੁਵਾਬ ਦਿੱਤਾ। ਉਹਨਾਂ ਨੇ ਆਪਣੇ ਵਿਸ਼ਵਾਸ, ਆਪਣੀ ਪਛਾਣ ਅਤੇ ਆਪਣੇ ਅਸੂਲਾਂ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਕੁਰਬਾਨੀ ਸਵੀਕਾਰ ਕੀਤੀ। ਉਹਨਾਂ ਦੇ ਵਗਾਏ ਰਕਤ ਨੇ ਇਹ ਸਾਬਤ ਕੀਤਾ ਕਿ ਸਰੀਰਾਂ ਨੂੰ ਮਾਰਿਆ ਜਾ ਸਕਦਾ ਹੈ, ਪਰ ਸੱਚ, ਸਿਦਕ ਅਤੇ ਆਤਮਿਕ ਅਡੋਲਤਾ ਨੂੰ ਨਹੀਂ।

ਜੂਨ 1984 ਦੇ ਸਮੂਹ ਸ਼ਹੀਦ ਸਿੰਘਾਂ, ਸਿੰਘਣੀਆਂ ਅਤੇ ਨਿਰਦੋਸ਼ ਸ਼ਰਧਾਲੂਆਂ ਦੀ ਯਾਦਸਿੱਖ ਇਤਿਹਾਸ ਦਾ ਅਮਿੱਟ ਅਧਿਆਇ ਹੈ। ਉਹ ਮਹਾਨ ਰੂਹਾਂ, ਜਿਨ੍ਹਾਂ ਨੇ ਆਪਣੇ ਲਹੂ ਨਾਲ ਸੱਚ, ਅਣਖ ਅਤੇ ਆਜ਼ਾਦੀ ਦੀ ਇਬਾਰਤ ਲਿਖੀ, ਅੱਜ ਵੀ ਕੌਮ ਦੀ ਚੇਤਨਾ ਵਿੱਚ ਜੀਵੰਤ ਹਨ। ਉਹਨਾਂ ਦੀ ਕੁਰਬਾਨੀ ਸਿਰਫ਼ ਇਤਿਹਾਸ ਦਾ ਹਿੱਸਾ ਨਹੀਂ, ਸਗੋਂ ਆਉਣ ਵਾਲੀਆਂ ਪੀੜੀਆਂ ਲਈ ਹੌਸਲੇ, ਸਿਦਕ ਅਤੇ ਸੱਚ ਪ੍ਰਤੀ ਅਡੋਲਤਾ ਦਾ ਸਦੀਵੀ ਸੰਦੇਸ਼ ਹੈ। ਜੂਨ 1984 ਦੇ ਘੱਲੂਘਾਰੇ ਦੇ ਸਮੂਹ ਮਹਾਨ ਸ਼ਹੀਦ ਰੂਹਾਂ ਨੂੰ ਕੋਟਿਨ-ਕੋਟਿ ਪ੍ਰਣਾਮ।

# • ਪੰਜਾਬੀ ਫ਼ਿਲਮ ਦਰਪਣ •

## ਉਸਤਾਦ ਨੈਸ਼ਨਲ ਸ਼ਗਿਰਦ ਇੰਟਰਨੈਸ਼ਨਲ ਅਮਨਦੀਪ ਤੇ ਹਰਜਿੰਦਰ ਕੌਰ



ਪੰਜਾਬੀ ਫ਼ਿਲਮ ਇੰਡਸਟਰੀ ਦੇ ਓ ਟੀ ਪਲੇਟਫਾਰਮ ਤੇ ਅਮਨਦੀਪ ਕੌਰ ਬਣ ਅਮਨ ਪੂਨੀਆ ਛਾਈ ਹੋਈ ਹੈ ਤੇ ਫਿਲਮ "ਸਾਂਝੀ ਵੱਟ" ਦੀ ਸ਼ੂਟਿੰਗ ਤੇ ਗਰਮੀ ਦੌਰਾਨ ਤੂਤ ਦੀ ਛਾਵੇਂ ਬੈਠ ਪੱਖੀ ਝਲਦੀ ਅਮਨਦੀਪ ਕੌਰ ਐਕਟ੍ਰੈਸ ਨੂੰ ਡਾਇਰੈਕਟਰ ਹਰਬੀਰ ਸਿੰਘ ਢੀਂਡਸਾ ਨੇ ਕਿਹਾ ਕਿ ਕਮਾਲ ਹੈ ਮੈਡਮ ਅਸੀਂ ਤੇ ਸੋਚਿਆ ਸੀ ਕਿ ਤੁਸੀਂ ਨਿਆਣੇ ਪੜ੍ਹ ਜਾਣ ਇਸ ਯਤਨ ਵਿੱਚ ਤੇ ਖੇਡ ਵੱਲ ਕੇਂਦਰਿਤ ਹੋ ਪਰ ਤੁਸੀ ਐਕਟਿੰਗ ਐਨੀ ਵਧੀਆ ਕਰਦੇ ਜਿਵੇਂ ਕੋਰਸ ਕੀਤਾ ਹੋਏ ਅਚਾਨਕ ਓਥੇ ਆਬਕਾਰੀ ਵਿਭਾਗ ਦੀ ਅਫ਼ਸਰ ਹਰਜਿੰਦਰ ਕੌਰ ਆ ਗਈ ਸੋਚਿਆ ਓਸ ਦਾ ਕੋਈ ਦ੍ਰਿਸ਼ ਹੋਊ ਪਰ ਓਸ ਨੇ ਕਿਹਾ ਕਿ ਉਹ ਸ਼ੂਟ ਮੈਡਮ ਦਾ ਦੇਖਣ ਆਈ ਹੈ ਤੇ ਧੰਨਵਾਦ ਕਰਨ ਕਿ ਰਾਸ਼ਟਰ ਦੀ ਖਿਡਾਰਨ ਰਹੀ ਅਮਨ ਮੈਡਮ ਦੀ ਅਗਵਾਈ ਵਿੱਚ ਓਸ ਹਰਜਿੰਦਰ ਕੌਰ ਨੇ ਕਿਹਾ ਕਿ ਉਹ ਕਾਮਨ ਵੈਲਥ ਖੇਡਾਂ ਚ ਸਿਲਵਰ ਮੈਡਲ ਜਿੱਤ ਲਿਆਈ ਹੈ। ਅਮਨਦੀਪ ਕੌਰ ਨੇ ਆਪਣੇ ਦ੍ਰਿਸ਼ ਦੇਣ ਬਾਅਦ ਕਿਹਾ ਕਿ ਹਰਜਿੰਦਰ ਕੌਰ ਮਿਹਨਤ ਤੇ ਅੱਛੀ ਟਰੇਨਿੰਗ ਓਹਨਾ ਤੋਂ ਲੈਣ ਬਾਅਦ ਇਸ ਥਾਂ ਪਹੁੰਚੀ ਹੈ। ਹਰਜਿੰਦਰ ਕੌਰ ਤੇ ਅਮਨ ਦੀ ਬੇਨਤੀ ਨਾਰੀ ਵਰਗ ਦੀਆਂ ਕੁੜੀਆਂ ਨੂੰ ਮਸਤੀ ਨਹੀਂ ਖੇਡ, ਕਲਾ ਤੇ ਕੈਰੀਅਰ ਜ਼ਰੂਰੀ ਹੈ।

## ਸੋਨੇ ਦੇ ਦੋ ਅਨਮੋਲ ਗਹਿਣੇ ਹੀਰੋ ਹੀਰੋਇਨ ਅਨਮੋਲ ਸਿੰਗਾ/ਜਸਮੀਤ



ਦਲਜੀਤ ਸਿੰਘ ਸੋਨਾ ਥੀਏਟਰ ਦੇ ਸਟਾਰ ਡਾਇਰੈਕਟਰ ਤੇ ਸ਼ੋਰਟ ਫ਼ਿਲਮ ਇੰਡਸਟਰੀ ਲਈ ਸਰਗਰਮ ਹੁਣ ਪਾਲੀਵੁੱਡ ਆ ਗਏ ਹਨ ਤੇ ਓਹਨਾਂ ਦੇ ਨਿਰਦੇਸ਼ਨ ਨਾਲ ਨਵੀਂ ਫ਼ਿਲਮ "ਉਡੀਕ ਤੇਰੇ ਆਉਣ ਦੀ" ਬਣਨ ਜਾ ਰਹੀ ਹੈ। ਰੰਗਮੰਚ ਅੰਮ੍ਰਿਤਸਰ ਦੇ ਕਿੰਗ ਕਰ ਜਾਣੇ ਜਾਂਦੇ ਨੇ ਸੋਨਾ ਤੇ ਓਹਨਾਂ ਨੇ ਇੱਕ ਕਹਾਣੀ ਲਿਖੀ ਤੇ ਓਸ ਨੂੰ ਓਹ ਆਪ ਡਾਇਰੈਕਟ ਕਰ ਰਹੇ ਹਨ। ਫਿਲਮ ਦਾ ਨਾਮ ਹੈ "ਉਡੀਕ ਤੇਰੇ ਆਉਣ ਦੀ" ਅਤੇ ਇਸ ਦੇ ਫਸਟ ਪੋਸਟਰ ਤੇ ਬਹੁਤ ਪਿਆਰੀ ਟੈਗ ਲਾਈਨ ਪਾਈ ਗਈ ਹੈ ਕਿ ਪਿਆਰ, ਵਿਸ਼ਵਾਸ ਤੇ ਇੰਤਜ਼ਾਰ ਤੇ ਇਹ ਵੱਡੀ ਫਿਲਮ ਹੋਊ ਤੇ ਇਸ ਤਰਾਂ ਅਧਿਕਾਰਤ ਤੌਰ ਤੇ ਦਲਜੀਤ ਸਿੰਘ ਸੋਨਾ ਦੀ ਪਾਲੀਵੁੱਡ ਚ ਸ਼ੁਰੂਆਤ ਸ਼ਾਨ ਨਾਲ। ਵਧਾਈ ਤੇ ਬਣਦੀ ਹੈ ਤੇ ਦਲਜੀਤ ਸਿੰਘ ਸੋਨਾ ਦੇਖਣਾ ਇੱਕ ਦਿਨ ਪਾਲੀਵੁੱਡ ਦੇ ਅਨੁਰਾਗ ਕਸ਼ਯਪ, ਮਧੁਰ ਭੰਡਾਰਕਰ ਹੋਣਗੇ। ਸੁੰਦਰ ਗੱਭਰੂ ਜਸਮੀਤ ਸਿੰਘ ਨੂੰ ਓਹਨਾ ਨੇ ਨਾਇਕ ਲਿਆ ਹੈ ਤੇ ਨਾਇਕਾ ਮਸੂਮ ਚਿਹਰੇ ਵਾਲੀ ਅੱਤੀ ਉੱਤਮ ਸੁੰਦਰ ਅਨਮੋਲ ਸਿੰਗਾ ਹੋਏਗੀ। ਮਨਿੰਦਰ ਸਿੰਘ ਤੇ ਹਰਮਨਪ੍ਰੀਤ ਸਿੰਘ ਵੀ ਫਿਲਮ ਲਈ ਕਾਸਟ ਹੋ ਚੁੱਕੇ ਨੇ ਤੇ ਬਾਕੀ ਸਟਾਰ ਲੋਕਾਂ ਦੀ ਚੋਣ ਜ਼ਾਰੀ ਹੈ। ਫ਼ਿਲਮ ਜਲਦੀ ਸੈੱਟ ਤੇ ਜਾ ਰਹੀ ਹੈ।

## ਬਚ ਕਿ ਰੇਸ਼ਮ ਸਿੰਘ ਦਾ ਆ ਗਿਆ ਨੈੱਟ ਤੇ ਡਾਂਗ ਵਾਲਾ ਫੁੱਫੜ

ਸਾਬੀ ਅਟਵਾਲ ਲੇਖਕ ਨੰਬਰ ਇੱਕ ਚਾਹੇ ਹੈ ਮਨਮਰਜ਼ੀ ਦਾ ਮਾਲਿਕ ਦੀ ਐਂਟਰੀ




ਰੇਸ਼ਮ ਛੀਨਾ ਗਰੁੱਪ ਵਿੱਚ ਹੋਈ ਹੈ ਤੇ ਇਧਰ ਨਹੀਓਂ ਰੀਸਾਂ ਪੰਜਾਬੀ ਸ਼ੋਰਟ ਹਾਸਰਸ ਫ਼ਿਲਮਾਂ ਵਿੱਚ ਰੇਸ਼ਮ ਛੀਨਾ ਦੀਆਂ ਜਿਹੜੇ ਐਸੀ ਫਿਲਮ ਬਣਾ ਦਿੰਦੇ ਨੇ ਜਿਹਨੂੰ ਦੇਖ ਸਰੂਰ ਆ ਜਾਂਦਾ ਹੈ। ਕਲਾਕਾਰਾਂ ਤੇ ਤਕਨੀਕ ਪੱਖੋਂ ਰੇਸ਼ਮ ਛੀਨਾ ਦੀਆਂ ਫਿਲਮਾਂ ਜ਼ਬਰਦਸਤ ਹੁੰਦੀਆਂ ਹਨ। ਹੁਣ ਰੇਸ਼ਮ ਛੀਨਾ ਲਿਆ ਰਹੇ ਨੇ ਐਸੀ ਮਨੋਰੰਜਕ ਫਿਲਮ ਜਿਸ ਨੂੰ ਯੁਵਾ ਵਰਗ ਵੀ ਖੂਬ ਪਸੰਦ ਕਰੇਗਾ ਰੇਸ਼ਮ ਛੀਨਾ ਨੇ ਫਿਲਮ ਬਣਾ ਕਿ "ਡਾਂਗ ਵਾਲਾ ਫੁੱਫੜ" ਓਸ ਦਾ ਫ਼ਸਟ ਪੋਸਟਰ ਜਾਰੀ ਕਰ ਦਿੱਤਾ ਹੈ। ਇਹ ਸਾਰਾ ਫਿਲਮ ਦਾ ਪ੍ਰੋਜੈਕਟ ਸੁਰਜੀਤ ਸਿੰਘ ਦੀ ਦੇਖ ਰੇਖ ਹੇਠ ਮੁਕੰਮਲ ਹੋਇਆ ਹੈ। ਰੇਸ਼ਮ ਛੀਨਾ ਨੇ ਦੱਸਿਆ ਕਿ "ਡਾਂਗ ਵਾਲਾ ਫੁੱਫੜ" ਨੂੰ ਵੀ ਐਸ ਕਲਸੀ ਦਾ ਨਿਰਦੇਸ਼ਨ ਮਿਲਿਆ ਹੈ। ਪਰਮਜੀਤ ਸਿੰਘ ਤੇ ਸ਼ਰਨਜੀਤ ਸਿੰਘ ਰਟੌਲ ਦੀ ਐਕਟਿੰਗ ਦਰਸ਼ਕਾਂ ਨੂੰ ਖ਼ੁਸ਼ ਕਰੇਗੀ ਓਥੇ ਹੀ ਮੋਹਿਤ ਸਾਨਿਆਲ ਵੀ ਇਸ ਵਾਰ ਲੋਕਾਂ ਦੀਆਂ ਨਜ਼ਰਾਂ ਵਿੱਚ ਬੱਲੇ ਬੱਲੇ ਲੁੱਟਣਗੇ। ਕ੍ਰਾਂਤੀ ਵੀ ਕਲਾਕਾਰ ਨੇ ਨਾਮ ਬਹੁਤ ਸੁਣਿਆ ਪਰ ਓਹ ਕ੍ਰਾਂਤੀ ਮੁੰਡਾ ਕਿ ਕੁੜੀ ਰੇਸ਼ਮ ਛੀਨਾ ਹੀ ਦੱਸ ਸਕਦੇ ਹਨ। ਆਫ਼ਰੀਨ ਵਾਹ ਕਿਆ ਵਧੀਆ ਨਾਮ ਵੀ ਫਿਲਮ ਦਾ ਹਿੱਸਾ ਹੈ। ਫਿਲਮ ਰੇਸ਼ਮ ਸਿੰਘ ਛੀਨਾ ਦੀ ਹੋਏ ਤਾਂ ਸੁਭਾਵਿਕ ਹੈ ਰਣਜੀਤ ਸਿੰਘ ਦਾ ਕੰਮ ਵੀ ਅੱਛਾ ਹੋਊ ਤੇ ਹਾਂ "ਡਾਂਗ ਵਾਲਾ ਫੁੱਫੜ" ਵਿੱਚ ਗੁਰਵਿੰਦਰ ਕੌਰ ਵੀ ਹੈ ਖੁਸ਼ਬੂ ਲਾ ਕਿ ਕਿਉਂ ਸਟਾਰ ਵੱਲੋਂ ਤੇ ਹੋਈ ਨਾ ਲੱਖ ਦੀ ਗੱਲ ਕਰੋੜ ਦੀ ਗੱਲ ਤੇ ਰੇਸ਼ਮ ਛੀਨਾ ਦੀ ਸਾਈਨ ਮੋਸ਼ਨ ਪਿਕਚਰਜ਼ ਇਸ ਸਾਲ ਸ਼ੁਰੂ ਚ ਹੀ ਆਪਾਂ ਕਿਹਾ ਸੀ ਕਿ 2026 ਵਿੱਚ ਟੋਪ ਤੇ ਹੋਏਗੀ। "ਡਾਂਗ ਵਾਲਾ ਫੁੱਫੜ" ਕਮਾਈ ਕਰੇਗਾ ਤੇ ਰੇਸ਼ਮ ਛੀਨਾ ਦੇ ਬੈਨਰ ਤੇ ਨਾਮ ਨੂੰ ਚਮਕਾਏਗਾ।

## ਯਾਰਾਂ ਦਾ ਯਾਰ ਗਾਇਕੀ ਸਟਾਰ ਮੱਖਣ ਭਵਿੱਖ ਵਧੀਆ ਬੰਨੀ ਸ਼ਰਮਾ



ਜਲੰਧਰ ਤੋਂ ਕਨੇਡਾ ਤੱਕ ਪੰਜਾਬੀ ਮਿਊਜ਼ਿਕ ਪ੍ਰਮੋਟਰ ਤੇ ਪੇਸ਼ਕਾਰ ਬੰਨੀ ਸ਼ਰਮਾ ਦੀਆਂ ਧੁੰਮਾਂ ਇੰਡਸਟਰੀ ਵਿੱਚ ਜੱਗ ਜ਼ਾਹਿਰ ਹਨ। ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਓਹ ਸਟਾਰ ਹਨ ਜਿਹਨਾਂ ਨੂੰ ਪੰਜਾਬ ਦਾ ਹਰ ਸਟਾਰ ਗਾਇਕ ,ਪੁਰਾਣਾ ਗਾਇਕ, ਨਵੇਂ ਗਾਇਕ ਤੇ ਕਲਾਕਾਰ ਸਾਰੇ ਹੀ ਸਤਿਕਾਰ ਨਾਲ ਮਿਲਦੇ ਨੇ ਜਾਣਦੇ ਹਨ। ਦੂਰਦਰਸ਼ਨ ਜਲੰਧਰ ਦੇ ਸਟਾਰ ਨਿੱਜੀ ਨਿਰਮਾਤਾ ਨਿਰਦੇਸ਼ਕ ਬੰਨੀ ਸ਼ਰਮਾ ਦਾ ਬਹੁਤ ਸਾਰੇ ਕਲਾਕਾਰਾਂ ਨਾਲ ਪਿਆਰ ਹੈ। ਇਹਨਾਂ ਵਿੱਚ ਸੁਪ੍ਰਸਿੱਧ ਕਲਾਕਾਰ ਕੇ ਐਸ ਮੱਖਣ ਵੀ ਸ਼ਾਮਿਲ ਹਨ, ਮੱਖਣ ਤੇ ਬੰਨੀ ਇੱਕ ਜ਼ਿੰਦ ਇੱਕ ਜਾਨ ਹਨ। ਮੱਖਣ ਨੂੰ ਵੀ ਯਾਦ ਹੈ ਕਿ ਬੰਨੀ ਸ਼ਰਮਾ ਨੇ ਆਪਣੇ ਤਿੰਨ ਟੀਵੀ ਪ੍ਰੋਗਰਾਮਾਂ ਦੀ ਕਈ ਵਾਰ ਸ਼ਾਨ ਉਹਨਾਂ ਨੂੰ ਬਣਾਇਆ। ਕੇ ਐਸ ਮੱਖਣ ਦੱਸਦੇ ਨੇ ਕਿ ਬੰਨੀ ਸ਼ਰਮਾ ਨੇ ਜਿਥੇ ਆਪਣੇ ਪ੍ਰੋਗਰਾਮਾਂ ਵਿੱਚ ਓਹਨਾਂ ਨੂੰ ਵਧੀਆ ਮੌਕੇ ਦਿੱਤੇ ਓਥੇ ਦੋਸਤ ਨਾਤੇ ਬੰਨੀ ਸ਼ਰਮਾ ਅੱਧੀ ਆਵਾਜ਼ ਆਉਣ ਤੇ ਹਾਜ਼ਿਰ ਹੁੰਦੇ ਰਹੇ ਹਨ। ਉਧਰ ਬੰਨੀ ਸ਼ਰਮਾ ਨੇ ਕਿਹਾ ਕਿ ਮੱਖਣ ਜੀ ਦੀ ਯਾਰੀ ਬਲਿਹਾਰੇ ਜਾਈਏ ਹਰ ਪੱਖ ਤੋਂ ਹਾਜ਼ਿਰ ਤੇ ਗਾਇਕੀ ਵਿੱਚ ਓਹਨਾਂ ਦੇ ਬੈਸਟ ਬੀਟ ਗੀਤ ਚਲਦੇ ਨੇ ਤੇ ਬਿਰਹਾ ਰੰਗ ਦੇ ਗੀਤਾਂ ਨਾਲ ਓਹ ਜਵਾਨੀ ਮਸਤਾਨੀ ਵਾਲੇ ਗੀਤ ਕਿਸ ਕਦਰ ਖੂਬ ਗਾਉਂਦੇ ਨੇ ਕਿ ਲੁਤਫ਼ ਆ ਜਾਂਦਾ ਹੈ। ਬੰਨੀ ਸ਼ਰਮਾ ਇਸ ਟਾਈਮ ਗੁੰਮਨਾਮ ਗੀਤਕਾਰ ਲੋਕਾਂ ਦੇ ਗੀਤ ਰਿਕਾਰਡ ਕਰ ਓਹਨਾਂ ਨੂੰ ਸੰਤੁਸ਼ਟੀ ਦੇ ਰਹੇ ਨੇ ਨਾਮ ਦੇ ਰਹੇ ਨੇ ਕਾਫੀ ਗੀਤਾਂ ਦੇ ਓਹ ਪ੍ਰੋਜੈਕਟ ਡਾਇਰੈਕਟਰ ਹਨ। ਕਨੇਡਾ ਵਿੱਚ ਮਹਾਰਾਜਾ ਰਣਜੀਤ ਸਿੰਘ ਤੇ ਡਰਾਮਾ ਪੇਸ਼ ਕਰ ਕਿ ਬੰਨੀ ਸ਼ਰਮਾ ਕਨੇਡਾ ਵਿੱਚ ਪੰਜਾਬੀ ਜਨਤਾ ਦਾ ਖੂਬ ਪਿਆਰ ਕਬੂਲ ਚੁੱਕੇ ਹਨ ਕੇ ਐਸ ਮੱਖਣ ਸਾਈਂ ਕਰੇ ਆ ਰਹੇ ਟਾਈਮ ਦੌਰਾਨ ਵਧੀਆ ਤੇ ਕਾਬਿਲ ਨੇਤਾ ਵੀ ਬਣ ਜਾਣ ਇਹ ਦੁਆ ਬੰਨੀ ਸ਼ਰਮਾ ਕਰਦੇ ਹਨ। ਕੁਲ ਮਿਲਾ ਕਿ ਬੰਨੀ ਸ਼ਰਮਾ ਤੇ ਕੇ ਐਸ ਮੱਖਣ ਦੀ ਮਿੱਤਰਤਾ ਤੇ ਪੰਜਾਬੀ ਟੀਵੀ ਤੇ ਮਿਊਜ਼ਿਕ ਇੰਡਸਟਰੀ ਨੂੰ ਫਖਰ ਹੈ ਬੰਨੀ ਸ਼ਰਮਾ ਇੱਕ ਬ੍ਰਾਂਡ ਨੇ ਤੇ ਕੇ ਐਸ ਮੱਖਣ ਇਸ ਬ੍ਰਾਂਡ ਦੀ ਚਮਕ ਵਧਾਉਂਦਾ ਸੁੱਚਾ ਹੀਰਾ ਹੈ।

## ਰਾਣੀ ਬਣ ਪਾਲੀਵੁੱਡ ਤੇ ਰਾਜ ਹੁਣ ਸੋਸ਼ਲ ਮੀਡੀਆ ਤੇ ਰਵਿੰਦਰ ਮਾਨ

ਇੱਕ ਦਿਨ ਕਿਸੇ ਨੇ ਕਿਹਾ ਕੁੱਝ ਸਾਲ ਪਹਿਲਾਂ ਕਿ ਪ੍ਰਸਿੱਧ ਨਾਵਲ ਲੇਖਕ ਸਵਰਗੀ ਬੂਟਾ ਸਿੰਘ ਸ਼ਾਦ ਆਖਦੇ ਨੇ ਜਿਹੜਾ ਨਾਵਲ "ਲਾਲੀ" ਓਹਨਾਂ ਲਿਖਿਆ ਓਹ ਲਾਲੀ ਆਰ ਐਸ ਰੰਗੀਲਾ ਨੇ ਲੱਭ ਦਿੱਤੀ ਹੈ। ਫਿਰ ਸਮਝ ਆਇਆ ਕਿ ਉਹ ਤਦ ਹਿੱਟ ਹੀਰੋਇਨ ਰਹੀ ਰਵਿੰਦਰ ਮਾਨ ਦੀ ਗੱਲ ਕਰ ਰਹੇ ਸਨ ਤੇ ਓਹ ਰਵਿੰਦਰ ਮਾਨ ਨੂੰ ਲਾਲੀ ਹੀ ਆਖਦੇ ਸਨ।



ਰਵਿੰਦਰ ਮਾਨ ਅੱਜ ਕਲ ਸੋਸ਼ਲ ਮੀਡੀਆ ਤੇ ਆਪਣੇ ਫੈਨਜ ਲਈ ਆਈ ਹੈ ਤੇ ਆਖਦੀ ਹੈ ਕਿ ਉਹ ਫੈਨ ਨਾਲ ਆਪਣੇ ਫ਼ਿਲਮੀ ਕੰਮ ਸਾਂਝੇ ਕਰ ਸਾਂਝ ਵਧਾਉਣ ਜਾ ਰਹੀ ਹੈ। ਫਗਵਾੜਾ ਦੀ ਰਵਿੰਦਰ ਮਾਨ ਦੀ ਮੁਸਕਾਨ ਹੀ ਐਨੀ ਪਿਆਰੀ ਸੀ ਕਿ ਨਿਰਮਾਤਾ ਲੁੱਟ ਪੁੱਟ ਜਾਂਦੇ ਸਨ। ਫ਼ਿਲਮਾਂ ਰਵਿੰਦਰ ਮਾਨ ਨੇ ਬਹੁਤ ਕੀਤੀਆਂ ਪਰ "ਬਾਗੀ ਸੂਰਮੇ" ਚ ਓਸ ਦਾ ਕੰਮ ਸਦਾ ਯਾਦ ਰਹੇਗਾ ਤੇ ਰਵਿੰਦਰ ਮਾਨ ਜਿਹੜੀ ਫਿਲਮ ਵਿੱਚ ਜਦ ਸੰਵਾਦ ਬੋਲਦੀ ਕਿ "ਤੇਰੀ ਨਜ਼ਰ ਸਰਕਾਰ ਵੱਲ ਤੇ ਸਾਡੀ ਨਜ਼ਰ ਦਰਬਾਰ ਸਾਹਿਬ ਵੱਲ ਓਹ ਬਹੁਤ ਤਾੜੀਆਂ ਲੈਂਦਾ ਰਿਹਾ। ਵਿਆਹ ਕਰਵਾ ਸਮੇਂ ਸਿਰ ਸੈਟ ਹੋਣ ਦਾ ਓਸ ਦਾ ਸੁਫ਼ਨਾ ਸੰਪੂਰਨ ਹੋਇਆ ਹੈ ਤੇ ਰਵਿੰਦਰ ਮਾਨ ਜਿਸ ਦੀ ਆਖਰੀ ਫਿਲਮ "ਅਮਰੀਕਾ" ਕੁੱਝ ਸਾਲ ਪਹਿਲੇ ਆਈ ਪਰਿਵਾਰ ਸਮੇਤ ਸਦਾ ਖੁਸ਼ ਆਬਾਦ ਰਹੇ ਓਸ ਲਈ ਦੁਆ ਕਰਦੇ ਹਾਂ ਤੇ ਆਸ ਹੈ ਕਦੇ ਓਹ ਕਿਸੇ ਫਿਲਮ ਵਿੱਚ ਮਹਿਮਾਨ ਭੂਮਿਕਾ ਵੀ ਨਿਭਾਏ।

## ਜਿਵੇਂ ਦਾ ਦਸ ਸਾਲ ਪਹਿਲੇ ਓਹੋ ਜਿਹਾ ਅੱਜ ਵਾਹ ਅਸ਼ੋਕ ਪੁਰੀ




ਅੱਠ ਸਾਲ ਪਹਿਲੇ ਕੀਤੇ ਵੀਡੀਓ ਤੇ ਅੱਜ ਕੀਤੀ ਫਿਲਮ "ਗੋਲਡ ਮੈਡਲ ਦਾ ਦਹੇਜ" ਦੇਖ ਲਓ ਤਕਨੀਕ ਬਦਲੀ,ਐਕਟਰ ਤੇ ਤਕਨੀਕੀ ਲੋਕ ਬਦਲ ਗਏ ਪਰ "ਦੁੱਖ" ਗੀਤ ਅਮਰ ਅਰਸ਼ੀ ਦਾ ਓਹ ਐਲਬਮ ਗੀਤ ਜਿਸ ਵਿੱਚ ਅਦਾਕਾਰ ਅਸ਼ੋਕ ਪੁਰੀ ਉਂਜ ਹੀ ਅੱਜ ਨੇ ਦਿਖਾਈ ਦਿੰਦੇ ਜਿਵੇਂ 8 ਸਾਲ ਪਹਿਲੇ ਸੀ। ਇਹ ਓਹਨਾ ਦੀ ਫਿੱਟਨੈੱਸ ਹੈ ਤੇ ਓਹ ਆਖਦੇ ਨੇ ਕਿ ਕੁਦਰਤੀ ਵੀ ਹੈ। ਬਾਕੀ ਓਹਨਾ ਦਾ ਰੁਦਰਾ ਮੂਵੀਜ਼ ਨਾਲ ਪਿਆਰ ਤਦ ਵੀ ਸੀ ਅੱਜ ਵੀ ਹੈ। ਇਸ ਤਰਾਂ ਨਰੇਸ਼ ਗਰਗ ਨਾਲ ਓਹਨਾਂ ਕੰਮ ਕੀਤਾ ਅੱਜ ਗਰਗ ਓਹਨਾ ਦੀ ਮੂਵੀ ਦੇ ਸੰਪਾਦਕ ਹਨ। ਅਸ਼ੋਕ ਪੁਰੀ ਅਨੁਸਾਰ ਫਿਲਮ ਖੇਤਰ ਫੂਕ ਫੂਕ ਪੱਬ ਧਰਦੀ ਵਾਲੀ ਗੱਲ ਹੈ। ਹਿਸਾਬ ਨਾਲ ਚਲੋ ਪੁਰੀ ਦੀ ਸਲਾਹ ਹੈ। ਵਰਨਾ ਕਾਫੀ ਮਾਡਲ ਆਏ ਗਏ ਹੋਏ ਪਰ ਅਸ਼ੋਕ ਪੁਰੀ ਹਿੱਟ ਫਿੱਟ ਹਨ। ਅਸ਼ੋਕ ਪੁਰੀ ਅੱਜ ਕਲ "ਨੋ ਚਲਾਨ" ਕਰ ਰਹੇ ਹਨ। ਨਾਲ ਹੀ ਉਹ ਨੁੱਕੜ ਨਾਟਕ ਵੀ ਜੀਵਤ ਰੱਖ ਰਹੇ ਹਨ ਓਹਨਾ ਕਿਹਾ ਮਨੋਰੰਜਨ ਜਰੂਰੀ ਪਰ ਨਾਲ ਸਮਾਜ ਨੂੰ ਹਿਲੂੰਣ ਦਿਓ ਜਿਆਦਾ ਵਧੀਆ ਹੈ ਤੇ ਐਕਟਰ ਪੀ ਐਚ ਡੀ ਅਮਰੀਕਨ ਕੈਂਬਰਿਜ ਯੂਨੀਵਰਸਿਟੀ ਤੋਂ ਅਸ਼ੋਕ ਪੁਰੀ ਇਹ ਤਾਂ ਫਿਰ ਸਿਰਾ ਹੀ ਹੈ। ਅਸ਼ੋਕ ਪੁਰੀ ਦੇ ਭਵਿੱਖ ਲਈ ਸਾਡੀਆਂ ਸ਼ੁੱਭ ਸ਼ੁੱਭ ਕਾਮਨਾਵਾਂ ਭੇਟ ਹਨ।

-ਅੰਮ੍ਰਿਤ ਪਵਾਰ

# ਬਹੁ-ਭਾਸ਼ੀ ਸਿੱਖਿਆ ਨੂੰ ਲਾਗੂ ਕਰਨ ਦੀਆਂ ਚੁਣੌਤੀਆਂ

**ਰਮੇਸ਼ ਬੱਗਾ ਚੋਹਲਾ**
ਪੰਜਾਬੀ ਲੈਕਚਰਾਰ ਡਾਇਟ ਵੇਰਕਾ
(ਅੰਮ੍ਰਿਤਸਰ) ਮੋਬ:9463132719



ਭਾਸ਼ਾ:-ਆਮ ਅਰਥਾਂ ਵਿਚ ਮਨੁੱਖ ਵੱਲੋਂ ਜੋ ਵੀ ਕੁੱਝ ਬੋਲਿਆ ਜਾਂ ਸੁਣਿਆ ਜਾਂਦਾ ਹੈ, ਉਸ ਨੂੰ ਭਾਸ਼ਾ ਕਿਹਾ ਜਾਂਦਾ ਹੈ। ਇਹ ਉਹ ਬਾਤਚੀਤ ਹੁੰਦੀ ਹੈ ਜਿਹੜੀ ਉਹ ਆਪਣੇ ਸੱਜਣਾਂ-ਮਿੱਤਰਾਂ, ਟੱਬਰ-ਟੀਰ ਅਤੇ ਸਕੇ-ਸੋਧਰਿਆਂ ਨਾਲ ਕਰਦਾ ਰਹਿੰਦਾ ਹੈ। ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਇੱਕ ਉਹ ਸਾਧਨ ਹੈ ਜਿਸ ਰਾਹੀਂ ਇੱਕ ਵਿਅਕਤੀ ਵੱਲੋਂ ਦੂਜੇ ਵਿਅਕਤੀ ਨਾਲ ਤਬਾਦਲਾ-ਏ-ਖ਼ਿਆਲ ਕੀਤਾ ਜਾਂਦਾ ਹੈ।


ਜੇਕਰ ਵਿਸ਼ਾਲ ਅਰਥਾਂ ਵਿਚ ਦੇਖਿਆ ਜਾਵੇ ਤਾਂ ਭਾਸ਼ਾ ਸਿਰਫ਼ ਖ਼ਿਆਲਾਤ ਦਾ ਵਟਾਂਦਰਾ ਹੀ ਨਹੀਂ ਕਰਦੀ ਸਗੋਂ ਇਹ ਇੱਕ ਇਤਿਹਾਸਕ ਅਤੇ ਸਭਿਆਚਾਰਕ ਵਿਰਾਸਤ ਦੀ ਅੱਡਰੀ ਪਹਿਚਾਣ ਵੀ ਕਰਵਾਉਂਦੀ ਹੈ। ਸਾਡਾ ਦੇਸ਼ ਭਾਰਤ ਜਿਸ ਵਿਚ ਭਾਸ਼ਾਈ ਵਿਭਿੰਨਤਾ ਭਰਪੂਰ ਹੈ,ਇਸ ਵਿਚ ਬਹੁਭਾਸ਼ੀ ਸਿੱਖਿਆ ਹੋਰ ਵੀ ਅਹਿਮੀਅਤ ਰੱਖਦੀ ਹੈ। ਸਿੱਖਿਆ ਵਿਚ ਬਹੁਭਾਸ਼ਾਈਵਾਦ ਸਿੱਖਿਆ ਅਤੇ ਇਸ ਦੀ ਪ੍ਰਕਿਰਿਆਵਾਂ ਵਿਚ ਵਧੇਰੇ ਭਾਸ਼ਾਵਾਂ ਦੀ ਹਾਜ਼ਰੀ ਹੈ। ਇਹ ਹਾਜ਼ਰੀ ਸਭਿਆਚਾਰਕ ਵਿਥ ਨੂੰ ਦੂਰ ਕਰਨ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਭਾਸ਼ਾਈ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ ਸਮਰੱਥ ਹੈ। ਕੌਮੀ ਸਿੱਖਿਆ ਨੀਤੀ 2020 ਇਸ ਗੱਲ ਦੀ ਹਾਮੀ ਭਰਦੀ ਹੈ ਕਿ ਬੱਚੇ ਦੀ ਆਰੰਭਲੀ ਤਲੀਮ ਉਸ ਦੀ ਮਾਤ-ਭਾਸ਼ਾ ਜਾਂ ਉਸ ਦੀ ਖੇਤਰੀ ਭਾਸ਼ਾ ਵਿਚ ਦਿੱਤੀ ਜਾਣੀ ਚਾਹੀਦੀ ਹੈ ਪਰ ਉਸ ਨੂੰ ਹੋਰ ਭਾਰਤੀ ਭਾਸ਼ਾਵਾਂ ਅਤੇ ਕੌਮਾਂਤਰੀ ਭਾਸ਼ਾਵਾਂ ਤੋਂ ਜਾਣੂੰ ਵੀ ਕਰਵਾਇਆ ਜਾਣਾ ਚਾਹੀਦਾ ਹੈ।

ਮਾਨਵੀ ਵਿਕਾਸ ਵੀ ਭਾਸ਼ਾਈ ਵਿਕਾਸ ਨਾਲ ਹੀ ਜੁੜਿਆ ਹੁੰਦਾ ਹੈ। ਸਮਾਜਿਕ-ਸਭਿਆਚਰਕ ਵੱਖਰੇਵੇਂ ਕਾਰਨ ਜਿਥੇ ਮਨੁੱਖੀ ਜੀਵਨ ਵਿਚ ਅੱਡਰਤਾ ਦਿਖਾਈ ਦਿੰਦੀ ਹੈ,ਉੱਥੇ ਭਾਸ਼ਾ ਦਾ ਸਰੂਪ ਵੀ ਇੱਕੋ ਜਿਹਾ ਨਹੀਂ ਰਹਿੰਦਾ। ਭਾਸ਼ਾ ਵਿਚ ਬਹੁ-ਭਾਸ਼ਾਈ ਪ੍ਰਕ੍ਰਿਤੀ ਕਾਰਨ ਹੀ ਬਹੁ-ਭਾਸ਼ਾਵਾਦ ਦਾ ਜਨਮ ਹੋਇਆ। ਜਿਸਨੂੰ ਜਾਣਨਾ,ਸਮਝਣਾ ਅਤੇ ਲਾਗੂ ਕਰਨ ਵਿਚ ਆਉਣ ਵਾਲੀਆਂ ਵਿਲੱਖਣ ਚੁਣੌਤੀਆਂ ਬਾਬਤ ਗਿਆਤ ਹੋਣਾ ਸਮੇਂ ਦੀ ਮੁੱਖ ਲੋੜ ਹੈ। ਬਹੁ-ਭਾਸ਼ਾਈ ਸਿੱਖਿਆ ਵਿਚ ਡੂੰਘੇ ਸਭਿਆਚਾਰਕ ਸੰਬੰਧਾਂ ਨੂੰ ਉਤਸ਼ਾਹਿਤ ਕਰਦੇ ਹੋਏ ਸਿੱਖਣ-ਸਿੱਟਿਆਂ ਨੂੰ ਤਸੱਲੀਬਖ਼ਸ਼ ਬਣਾਉਣ ਦੀ ਸਮਰੱਥਾ ਹੈ।

ਉਦੇਸ਼:-ਸਿੱਖਿਆ ਵਿਚ ਬਹੁਭਾਸ਼ੀ ਸਿੱਖਿਆ ਨੂੰ ਲਾਗੂ ਕਰਨ ਆਉਣ ਵਾਲੀਆਂ ਪਛਾਣ ਅਤੇ ਪੜਚੋਲ ਕਰਨੀ ਅਤੇ ਹਾਂ ਪੱਖੀ ਚਰਚਾ ਕਰਨੀ।

ਸਿਧਾਂਤਕ ਆਧਾਰ:-ਇਸ ਬਾਬਤ ਕਮਿੰਸ ਦੀ ਰਾਇ ਹੈ ਕਿ ਸਿੱਖਣ ਵਾਲੇ ਦੀ ਮੁੱਢਲੀ ਭਾਸ਼ਾ ਵਿਚ ਮੁਹਾਰਤ ਵਾਧੂ ਭਾਸ਼ਾਵਾਂ ਦੇ ਹਾਸਲ ਵਿਚ ਸਹਾਈ ਸਾਬਤ ਹੁੰਦੀ ਹੈ।

ਬਹੁਭਾਸ਼ਾਵਾਦ ਦਾ ਭਾਵ:-ਬਹੁਭਾਸ਼ਾਵਾਦ ਕਿਸੇ ਬੁਲਾਰੇ ਜਾਂ ਭਾਈਚਾਰੇ ਦੁਆਰੇ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਦੀ ਵਰਤੋਂ ਕਰਨ ਨੂੰ ਕਿਹਾ ਜਾਂਦਾ ਹੈ। ਅਜੋਕੇ ਸਮੇਂ ਸੰਸਾਰ ਵਿਚ ਬੁਹਭਾਸ਼ਾਵਾਦ ਦਾ ਬੋਲਬਾਲਾ ਹੈ। ਇਹ ਇੱਕ ਸਮਾਜਿਕ ਵਤੀਰਾ ਹੈ ਜਿਸ ਦਾ ਕਾਰਨ ਵਿਸ਼ਵੀਕਰਨ ਅਤੇ ਸਭਿਅਤਾ ਦਾ ਫ਼ੈਲਾਅ ਹੈ। ਜੇਕਰ ਵਿਸ਼ਵਕੋਸ਼ ਦੇ ਹਵਾਲੇ ਨਾਲ ਗੱਲ ਕਰੀਏ ਤਾਂ, 'ਬਹੁਭਾਸ਼ਾਵਾਦ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੁਆਰਾ ਦੋ ਜਾਂ ਦੋ ਤੋਂ ਵੱਧ ਭਾਸ਼ਵਾਂ ਦੀ ਵਰਤੋਂ ਹੈ।'



ਭਾਰਤ ਵਿਚ ਬਹੁਭਾਸ਼ਾਈ ਸਿੱਖਿਆ:-ਭਾਰਤ ਵਿਚ ਕਈ ਜਾਤਾਂ ਦੇ ਲੋਕ ਰਹਿੰਦੇ ਹਨ ਜਿਸ ਕਾਰਨ ਉਨ੍ਹਾਂ ਦਾ ਆਪੋ ਆਪਣਾ ਸਭਿਆਚਾਰ ਅਤੇ ਭਾਸ਼ਾਵਾਂ ਹਨ। ਇਸ ਵੱਖਰੇਵੇਂ ਕਾਰਣ ਹੀ ਬਹੁਭਾਸ਼ਾਈ ਸਿੱਖਿਆ ਦੀ ਵਧੇਰੇ ਲੋੜ ਭਾਸਦੀ ਹੈ।

ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਥੋਂ ਦੀ ਭਾਸ਼ਾਈ ਤਸਵੀਰ ਵੀ ਵਿਲੱਖਣਤਾ ਭਰਪੂਰ ਹੈ ਜਿਹੜੀ ਬਹੁਭਾਸ਼ਾਈ ਸਿੱਖਿਆ ਦੇ ਅਵਸਰਾਂ ਅਤੇ ਚੁਣੌਤੀਆਂ ਮਿਸਾਲ ਕਾਇਮ ਕਰਦੀ ਹੈ। ਪੰਜਾਬੀ ਰਾਜ ਦੀ ਸਰਕਾਰੀ ਭਾਸ਼ਾ ਹੈ,ਜਿਹੜੀ ਆਪਣੀ ਇਤਿਹਾਸਕ ਅਤੇ ਸਭਿਆਚਾਰਕ ਪਛਾਣ ਕਰਵਾਉਣ ਲਈ ਸਮਰੱਥ ਹੈ। ਇਸ ਦੇ ਨਾਲ ਹੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵੀ ਸਿੱਖਿਆ ਅਤੇ ਪ੍ਰਬੰਧਕੀ ਕਾਰਜਾਂ ਵਿਚ ਆਪੋ-ਆਪਣਾ ਬਣਦਾ ਯੋਗਦਾਨ ਪਾਉਂਦੀਆਂ ਹਨ। ਇਸ ਤੋਂ ਇਲਾਵਾ ਘੱਟ ਗਿਣਤੀ ਤਬਕਿਆਂ ਵੱਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਅਤੇ ਉਪ ਭਾਸ਼ਾਵਾਂ ਵੀ ਪੰਜਾਬ ਨੂੰ ਬਹੁਭਾਸ਼ਾਈ ਸਿੱਖਿਆ ਹਿੱਤ ਪਹਿਲਕਦਮੀਆਂ ਲਈ ਜੀਵੰਤ ਮਾਹੌਲ ਪ੍ਰਦਾਨ ਕਰਦੀਆਂ ਹਨ।

ਬਹੁਭਾਸ਼ਾਈ ਸਿੱਖਿਆ:-ਇਹ ਇੱਕ ਅਜਿਹੀ ਕਲਾ ਹੈ ਜਿਸ ਵਿਚ ਮਨੁੱਖ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਜਾਂ ਉਪ-ਭਾਸ਼ਾਵਾਂ ਦੀ ਵਰਤੋਂ ਕਰਦਾ ਹੈ। ਦੁਨੀਆ ਵਿਚ ਇੱਕ ਭਾਸ਼ਾ ਬੋਲਣ ਵਲਿਆਂ ਨਾਲੋਂ ਬਹੁਭਾਸ਼ਾਈ ਬੋਲਣ ਵਾਲਿਆਂ ਦੀ ਤਦਾਦ ਵਧੇਰੇ ਹੈ। ਇੱਕ ਭਾਸ਼ਾਈ ਮਨੁੱਖਾਂ ਦੀ ਗਿਣਤੀ ਬਹੁਤ ਹੀ ਸੀਮਤ ਹੈ। ਇਹ ਸਿਰਫ਼ ਉਥੇ ਹੀ ਦੇਖਣ ਨੂੰ ਮਿਲਦੀ ਹੈ ਜਿਥੇ ਸਮਾਜਿਕ ਜਾਂ ਭੂਗੋਲਿਕ ਸੁੰਗੜੇਵਾਂ ਭਾਵ ਤਾਲਮੇਲ ਦੀ ਘਾਟ ਹੁੰਦੀ ਹੈ। ਬਹੁਭਾਸ਼ਾਈ ਸਿੱਖਿਆ ਦਾ ਉਭਾਰ ਉਸ ਸਮੇਂ ਹੁੰਦਾ ਹੈ ਜਦੋਂ ਬਾਹਰੀ ਮੁਲਕਾਂ, ਕੌਮਾਂ ਅਤੇ ਜਾਤਾਂ ਦੇ ਲੋਕ ਸਥਾਨਕ ਲੋਕਾਈ ਨਾਲ ਸੰਪਰਕ ਸਾਧਦੇ ਹਨ।

ਸੰਸਾਰ ਵਿਚ ਸੰਵਿਧਾਨਕ ਤੌਰ 'ਤੇ ਭਾਸ਼ਾ ਨੀਤੀ ਦੀ ਖੁੱਲ੍ਹ ਕੇ ਚਰਚਾ ਨਹੀਂ ਹੋਈ ਕਿਉਂਕਿ ਬਹੁਤ ਸਾਰੇ ਦੇਸ਼ਾਂ ਵਿਚ ਸੰਚਾਰ ਦੀ ਕੇਵਲ ਇੱਕ ਭਾਸ਼ਾ ਹੁੰਦੀ ਹੈ। ਪਰ ਕੁੱਝ ਦੇਸ਼ ਅਜਿਹੇ ਵੀ ਹਨ ਜਿਨ੍ਹਾਂ ਵਿਚ ਭਾਸ਼ਾ-ਨੀਤੀ ਨੂੰ ਭਾਸ਼ਾ ਦੇ ਵਿਸ਼ੇਸ਼ ਉਪਬੰਧਾਂ ਦਾ ਹਿੱਸਾ ਬਣਾਇਆ ਗਿਆ ਹੈ। ਜਿਵੇਂ ਸਾਡੇ ਆਪਣੇ ਦੇਸ਼ (ਭਾਰਤ) ਦੇ ਸੰਵਿਧਾਨ ਵਿਚ ਬਹੁਭਾਸ਼ਾਵਾਦ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਰੂਸ ਵਿਚ ਵੀ ਦੋ ਸੈਂਕੜੇ ਤੋਂ ਵਧੇਰੇ ਭਾਸ਼ਾਵਾਂ ਬੋਲੀਆਂ-ਸੁਣੀਆਂ ਜਾਂਦੀਆਂ ਹਨ।

ਮਹੱਤਤਾ:-ਸੰਸਾਰਕ ਪੱਧਰ 'ਤੇ ਬੋਧਾਤਮਿਕ ਵਿਕਾਸ ਅਤੇ ਸਭਿਆਚਾਰਕ ਸੰਭਾਲ ਵਿਚ ਬਹੁਭਾਸ਼ੀ ਸਿੱਖਿਆ ਦਾ ਵਿਸ਼ੇਸ਼ ਮਹੱਤਵ ਹੈ। ਇਹ ਸਿੱਖਿਆ ਖ਼ਤਰੇ ਵਿਚ ਪਈਆਂ ਭਾਸ਼ਾਵਾਂ ਨੂੰ ਮਹਿਫ਼ੂਜ਼ ਰੱਖਣ ਵਿਚ ਮਦਦਗਾਰ ਸਾਬਤ ਹੁੰਦੀ ਹੈ।

ਬਹੁਭਾਸ਼ਾਈ ਸਿੱਖਿਆ ਦੀਆਂ ਚੁਣੌਤੀਆਂ-ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਹੁਭਾਸ਼ਾਈ ਸਿੱਖਿਆ ਬੁਹ-ਅਵਸਰ ਪ੍ਰਾਪਤੀ ਦਾ ਰਾਹ ਖੋਲ੍ਹਣ ਦੇ ਨਾਲ-ਨਾਲ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚਲੀਆਂ ਭਾਸ਼ਾਈ ਵਿੱਥਾਂ ਨੂੰ ਮਿਟਾਉਣ ਦੇ ਸਮਰੱਥ ਹੈ ਪਰ ਇਸ ਦੇ ਬਾਵਜੂਦ ਵੀ ਇਸ ਨੂੰ ਕਈਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਜੋ ਹੇਠ ਲਿਖੇ ਅਨੁਸਾਰ ਹਨ:-

ਨੀਤੀ ਲਾਗੂ ਕਰਨ ਦੀ ਚੁਣੌਤੀ:-ਜਦੋਂ ਕੋਈ ਭਾਸ਼ਾਗਤ ਨੀਤੀ ਬਣਾਈ ਜਾਂਦੀ ਹੈ ਤਾਂ ਉਸ ਨੂੰ ਅਮਲੀ ਜਾਮਾ ਪਹਿਨਾਉਣਾ (ਪੂਰੀ ਤਰ੍ਹਾਂ ਲਾਗੂ ਕਰਨ) ਇੱਕ ਚੁਣੌਤੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਸੂਬਾਈ ਸਰਕਾਰਾਂ ਕੌਮੀ ਨਿਰਦੇਸ਼ਾਂ ਨੂੰ ਸਥਾਨਕ ਭਾਸ਼ਾਈ ਲੋੜਾਂ ਅਨੁਸਾਰ ਢਾਲਣ ਹਿੱਤ ਯਤਨਸ਼ੀਲ ਰਹਿੰਦੀਆਂ ਹਨੀ। ਜਿਸ ਨੂੰ ਲੈ ਕੇ ਕਈ ਤਰ੍ਹਾਂ ਦੇ ਵਿਵਾਦ ਪੈਦਾ ਹੁੰਦੇ ਰਹਿੰਦੇ ਹਨ।

ਮਾਇਆ(ਫੰਡ) ਦੀ ਘਾਟ:-ਮਾਇਆ ਦੀ ਘਾਟ ਵੀ ਬਹੁ-ਭਾਸ਼ੀ ਸਿੱਖਿਆ ਲਈ ਇੱਕ ਚੁਣੌਤੀ ਸਾਬਤ ਹੋ ਰਹੀ ਹੈ। ਕਿਉਂਕਿ ਇਸ ਦੀ ਅਣਹੋਂਦ ਵਿਚ ਪਾਠਕ੍ਰਮ,ਅਧਿਆਪਨ-ਸਮੱਗਰੀ ਅਤੇ ਅਧਿਆਪਨ ਸਿਖਲਾਈ ਪ੍ਰੋਗਰਾਮ ਅਵਿਕਸਤ ਹੀ ਰਹਿ ਜਾਂਦੇ ਹਨ।

ਉਚਾਰਣ ਦੀ ਚੁਣੌਤੀ:-ਇੱਕ ਤੋਂ ਵੱਧ ਭਾਸ਼ਾ ਬੋਲਣ ਵਾਲੇ ਬੱਚਿਆਂ ਨੂੰ ਅਕਸਰ ਭਾਸ਼ਾ ਨੂੰ ਉਚਾਰਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਖਣ ਵਿਚ ਆਇਆ ਹੈ ਪੰਜਾਬ ਵਿਚ ਰਹਿਣ ਵਾਲੇ ਪ੍ਰਵਾਸੀਆਂ ਦੇ ਬੱਚੇ ਪੰਜਾਬ ਵਿਚ ਆਪਣੀ ਚਿਰੋਕੀ ਠਹਿਰ ਕਾਰਨ ਭਾਵੇਂ ਪੰਜਾਬੀ ਤਾਂ ਬੋਲਣ ਲੱਗ ਜਾਂਦੇ ਹਨ ਪਰ ਉਨ੍ਹਾਂ ਦੇ ਪੱਲੇ ਉਚਾਰਣ ਦੀ ਸ਼ੁੱਧਤਾ ਬਹੁਤ ਘੱਟ ਹੁੰਦੀ ਹੈ ਭਾਵ ਉਨ੍ਹਾਂ ਦੀ ਸ਼ੈਲੀ ਪੰਜਾਬੀਅਤ ਤੋਂ ਸੱਖਣੀ ਹੀ ਰਹਿੰਦੀ ਹੈ।

ਯੋਗ ਅਧਿਆਪਕਾਂ ਦੀ ਕਮੀ:-ਬਹੁ-ਭਾਸ਼ਾਵਾਂ ਨੂੰ ਪੜ੍ਹਾਉਣ ਲਈ ਯੋਗ ਅਧਿਆਪਕਾਂ ਦੀ ਕਮੀ ਹਮੇਸ਼ਾਂ ਹੀ ਰੜਕਦੀ ਰਹੀ ਹੈ ਕਿਉਂਕਿ ਇਸ ਵਿਸ਼ੇਸ਼ ਯੋਗਤਾ ਲਈ ਸਮੇਂ ਅਤੇ ਸਾਧਨਾਂ ਦੀ ਘਾਟ ਬਣੀ ਰਹੀ ਹੈ। ਇਸ ਘਾਟ ਕਾਰਣ ਅਧਿਆਪਕ ਬਹੁ-ਭਾਸ਼ਾਈ ਜਮਾਤ ਦੇ ਕਮਰੇ ਪੜ੍ਹਾਉਣ ਦੇ ਯੋਗ ਨਹੀਂ ਹੁੰਦੇ। ਪੇਂਡੂ ਖਿੱਤੇ ਵਿਚ ਇਹ ਚੁਣੌਤੀ ਹੋਰ ਵੀ ਉੱਭਰਵੇ ਰੂਪ ਵਿਚ ਦੇਖਣ ਨੂੰ ਮਿਲਦੀ ਹੈ ਜਿਥੇ ਅਧਿਆਪਕ ਅਕਸਰ ਇੱਕ ਭਾਸ਼ਾਈ ਹੀ ਹੁੰਦੇ ਹਨ। ਇਨ੍ਹਾਂ ਅਧਿਆਪਕਾਂ ਕੋਲ ਪ੍ਰਭਾਵਸ਼ਾਲੀ ਰਣਨੀਤੀ ਦੀ ਘਾਟ ਹੁੰਦੀ ਹੈ।

ਸਿੱਖਣ ਸੰਬੰਧੀ ਚੁਣੌਤੀ:-ਬਹੁਭਾਸ਼ਾਈ ਸਿੱਖਿਆ ਵਿਦਿਆਰਥੀ ਵਰਗ ਦੇ ਬੌਧਾਤਮਕ ਬੋਝ ਨੂੰ ਵਧਾਉਂਦੀ ਹੈ। ਇੱਕੋ ਸਮੇਂ ਕਈ ਭਾਸ਼ਾਵਾਂ ਦੀ ਸਿੱਖਿਆ ਉਨ੍ਹਾਂ ਦੀ ਅਕਾਦਮਿਕ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਮੁੱਖ ਵਿਸ਼ਿਆਂ ਵੱਲ ਵਧੇਰੇ ਧਿਆਨ:-ਸਾਡੇ ਵਿਦਿਅਕ ਅਦਾਰਿਆਂ ਵਿਚ ਵਧੇਰੇ ਧਿਆਨ ਮੁੱਖ ਵਿਸ਼ਿਆਂ (ਗਣਿਤ, ਵਿਗਿਆਨ, ਮਨੋਵਿਗਿਆਨ,ਅਰਥ-ਵਿਗਿਆਨ ਅਤੇ ਸਮਾਜ-ਵਿਗਿਆਨ) ਵੱਲ ਦਿੱਤਾ ਜਾਂਦਾ ਹੈ ਪਰ ਬਹੁ-ਭਾਸ਼ਾਈ ਸਿੱਖਿਆ ਲਈ ਜਤਨ ਬਹੁਤ ਮੱਧਮ ਹਨ। ਇਸ ਤਰ੍ਹਾਂ ਦਾ ਰੁਝਾਨ ਵੀ ਇੱਕ ਵੱਡੀ ਚੁਣੌਤੀ ਸਾਬਤ ਹੋ ਰਹੀ ਹੈ।

ਸਮਾਜਿਕ ਵਤੀਰਾ:-ਬਹੁ ਭਾਸ਼ਾਈ ਸਿਖਿਆ ਦੇ ਰਾਹ ਵਿਚ ਸਮਾਜਿਕ ਵਤੀਰਾ ਵੀ ਇੱਕ ਚੁਣੌਤੀ ਹੈ। ਬਹੁਤ ਸਾਰੇ ਮਾਤਾ-ਪਿਤਾ (ਵਿਸ਼ੇਸ਼ ਕਰਕੇ ਸ਼ਹਿਰੀ ਖੇਤਰਾਂ ਵਾਲੇ) ਆਪਣੇ ਬੱਚਿਆਂ ਲਈ ਅੰਗਰੇਜ਼ੀ ਭਾਸ਼ਾ ਨੂੰ ਤਰਜ਼ੀਹ ਦਿੰਦੇ ਹਨ। ਇਸ ਭਾਸ਼ਾ ਰਾਹੀਂ ਪੜ੍ਹਾਈ ਨੂੰ ਉਹ ਆਪਣੇ ਬੱਚਿਆਂ ਲਈ ਇੱਕ ਰੋਸ਼ਨ -ਭਵਿੱਖ ਵਜੋਂ ਦੇਖਦੇ ਹਨ।

ਬਹੁਭਾਸ਼ੀ ਸਿੱਖਿਆ ਦੇ ਸਨਮੁੱਖ ਹੋਈਆਂ ਉਪਰੋਕਤ ਚੁਣੌਤੀਆਂ ਦਾ ਸਾਹਮਣਾ ਵਿਸ਼ੇਸ਼ ਅਤੇ ਸਮੇਂ ਦੀ ਹਾਣੀ ਰਣਨੀਤੀ ਬਣਾ ਕੇ ਕੀਤਾ ਜਾ ਸਕਦਾ ਹੈ। ਇਸ ਲਈ ਬਹੁ-ਭਾਸ਼ਾਈ ਨੀਤੀਆਂ ਵਿਚ ਸੁਧਾਰਤਾ ਅਤੇ ਇੱਕਸਾਰਤਾ ਕਾਇਮ ਰਹਿਣੀ ਚਾਹੀਦੀ ਹੈ। ਇਸ ਤੋਂ ਇਲਾਵਾ ਅਧਿਆਪਨ ਸਿਖਲਾਈ ਦੇ ਠੋਸ ਪ੍ਰੋਗਰਮ ਉਲੀਕੇ ਜਾਣੇ ਚਾਹੀਦੇ ਹਨ। ਅਧਿਆਪਕਾਂ ਨੂੰ ਬਹੁਭਾਸ਼ੀ ਜਮਾਤ-ਕਮਰਿਆਂ ਦਾ ਪ੍ਰਬੰਧਨ ਕਰਨ ਲਈ ਹੁਨਰਮੰਦਤਾ ਪ੍ਰਦਾਨ ਕੀਤੀ ਜਾਵੇ। ਭਹੁ-ਭਾਸ਼ਾਈ ਸਿੱਖਿਆ ਸਮੱਗਰੀ ਨੂੰ ਬਣਾਉਣਾ ਅਤੇ ਸਹੀ ਢੰਗ ਨਾਲ ਅਪਨਾਉਣਾ ਵੀ ਸਮੇਂ ਦੀ ਪ੍ਰਮੁੱਖ ਲੋੜ ਹੈ ਜਿਸ ਨੂੰ ਪੂਰਾ ਕਰਨ ਲਈ ਵਿਸ਼ੇਸ਼ ਧਿਆਨ ਦੀ ਲੋੜ ਹੈ। ਕਈ ਭਾਸ਼ਾਵਾਂ ਦੀਆਂ ਪਾਠ-ਪੁਸਤਕਾਂ, ਡਿਜੀਟਲ ਸਾਧਨਾਂ ਅਤੇ ਹੋਰ ਸਹਾਇਕ ਸ੍ਰੋਤਾਂ ਲਈ ਖੁੱਲ੍ਹੇ ਖਰਚੇ ਦੀ ਲੋੜ ਹੈ।

ਸਾਰੰਸ਼ ਦੇ ਰੂਪ ਵਿਚ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਵਿਗਿਆਨ ਤੇ ਤਕਨੀਕ ਦੇ ਇਸ ਯੁੱਗ ਵਿਚ ਬਹੁ-ਭਾਸ਼ਾਈ ਸਿੱਖਿਆ ਵਿਦਿਆਰਥੀ/ਸਿਖਆਰਥੀ ਵਰਗ ਲਈ ਬਹੁਤ ਹੀ ਲਾਹੇਵੰਦ ਹੋ ਸਕਦੀ ਹੈ। ਲੋੜ ਸਿਰਫ ਇਸ ਦੇ ਰਾਹ ਵਿਚ ਆਉਣ ਵਾਲੀਆਂ ਚੁਣੌਤੀਆਂ ਦੇ ਸਨਮੁੱਖ ਹੋਣ ਅਤੇ ਉਨ੍ਹਾਂ ਤੋਂ ਰਾਹਤ ਪਾਉਣ ਦੀ ਹੈ। ਇਸ ਰਾਹਤ ਲਈ ਵਿਦਿਅਕ ਮਾਹਰਾਂ ਅਤੇ ਸਮੇਂ ਦੀਆਂ ਸਰਕਾਰਾਂ ਨੂੰ ਵਿਸ਼ੇਸ਼ ਹੰਭਲਾ ਮਾਰਨ ਦੀ ਲੋੜ ਹੈ।